


One Stop Solutions: CPA Office
*Income Tax Returns Preparation *Business and Personal *Income Tax Preparation.
*Setting up New Corporation or LLC, Domestic & Foreign Corps, Non-Profit Organizations.
*Accounting & Book-Keeping Services *Payroll Services.
KESHAV LAL, *Certified Public Accountant*
300 Kimball St., Ste. 204, Woodbridge, NJ 07095
Ph: 732-602-1120 KLALCPA@GMAIL.COM


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419

Eighteenth Year of Publication ਨਿਊ ਯਾਰਕ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Email:punjabtimes1@gmail.com
www.punjabtimesusa.com

Punjab Times, Vol 18, Issue 15, April 15, 2017 20451 N Plum Grove Rd., Palatine, IL 60074 Ph:847-359-0746, Fax:847-705-9388

## ਸਿੱਖ ਕਤਲੇਆਮ ਮੁਦੇ 'ਤੇ ਮੁੜ ਘਿਰਿਆ ਭਾਰਤ

### ਕੈਨੇਡਾ ਦੇ ਸੂਬੇ ਓਂਟਾਰੀਓ ਵੱਲੋਂ ਮਤਾ ਪਾਸ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਕੈਨੇਡਾ ਦੇ ਓਂਟਾਰੀਓ ਸੂਬੇ ਦੀ ਵਿਧਾਨ ਸਭਾ ਵੱਲੋਂ 1984 ਦੀ ਸਿੱਖ ਨਸਲਕੁਸ਼ੀ ਬਾਰੇ ਪਾਸ ਕੀਤੇ ਮਤੇ ਅਤੇ ਭਾਰਤ ਸਰਕਾਰ ਵੱਲੋਂ ਇਸ ਦੀ ਨਿੰਦਾ ਕਰਨ ਪਿੱਛੋਂ ਇਹ ਮਾਮਲਾ ਮੁੜ ਭਖ ਗਿਆ ਹੈ। ਭਾਰਤੀ ਸੰਸਦ ਵਿਚ 1984 ਨਸਲਕੁਸ਼ੀ ਸਬੰਧੀ ਮੁਆਫੀ ਮੰਗਣ ਦੀ ਮੰਗ ਵੀ ਉਠ ਰਹੀ ਹੈ। ਦੱਸ ਦਈਏ ਕਿ ਓਂਟਾਰੀਓ ਅਸੈਂਬਲੀ ਨੇ 1984 ਵਿਚ ਮਨੁੱਖਤਾ ਦੇ ਘਾਣ ਨੂੰ ਨਸਲਕੁਸ਼ੀ ਕਰਾਰ ਦਿੰਦਿਆਂ ਮਤਾ ਪਾਸ ਕੀਤਾ ਹੈ। ਅਜਿਹਾ ਮਤਾ ਪਿਛਲੇ ਸਾਲ ਜੂਨ ਵਿਚ ਵਿਰੋਧੀ ਧਿਰ ਐਨ.ਡੀ.ਪੀ. ਦੇ ਡਿਪਟੀ ਲੀਡਰ ਜਗਮੀਤ ਸਿੰਘ ਨੇ ਵੀ ਪੇਸ਼ ਕੀਤਾ ਸੀ, ਪਰ ਉਦੋਂ ਉਸ ਦੀ ਪਾਰਟੀ ਅਤੇ ਕੰਜ਼ਰਵੇਟਿਵ ਪਾਰਟੀ ਵੱਲੋਂ ਹਮਾਇਤ ਕਰਨ ਦੇ ਬਾਵਜੂਦ ਇਹ ਮਤਾ ਪਾਸ ਨਾ ਹੋ ਸਕਿਆ। ਉਦੋਂ ਇਹੋ ਲਿਬਰਲ ਪਾਰਟੀ ਇਸ ਦੇ ਹੱਕ ਵਿਚ ਨਹੀਂ ਸੀ ਭੁਗਤੀ। ਕੈਨੇਡਾ ਸਰਕਾਰ ਇਸ ਤੋਂ ਪਹਿਲਾਂ ਕਾਮਾਗਾਟਾਮਾਰੂ ਘਟਨਾ ਉਤੇ ਮੁਆਫੀ ਮੰਗ ਕੇ ਸ਼ਲਾਘਾ ਦੀ ਪਾਤਰ ਬਣੀ ਸੀ। ਹੁਣ ਕੈਨੇਡਾ ਵਿਚ ਅਪਰੈਲ ਨੂੰ 'ਸਿੱਖ ਵਿਰਾਸਤੀ ਮਹੀਨਾ' ਤੇ ਦੇਸ਼ ਦੀ 150ਵੀਂ ਵਰ੍ਹੇਗੰਢ ਦੇ ਜਸ਼ਨ ਇਕੋ ਸਮੇਂ ਮਨਾਏ ਜਾ ਰਹੇ ਹਨ। ਇਸ ਬਾਰੇ ਇਤਿਹਾਸਕ ਪੋਸਟਰ ਜਾਰੀ ਕੀਤਾ ਗਿਆ ਹੈ। ਇਸ ਵਿਚ ਇਕ ਪਾਸੇ ਕੈਨੇਡਾ ਦੇ ਪਹਿਲੇ ਪ੍ਰਧਾਨ

(ਬਾਕੀ ਸਫਾ 6 'ਤੇ)



### ਬਾਦਲ ਪਰਿਵਾਰ ਕਿਸ ਦੇ ਹੱਕ ਵਿਚ?

**ਚੰਡੀਗੜ੍ਹ:** ਭਾਜਪਾ ਸਰਕਾਰ ਵੱਲੋਂ ਓਂਟਾਰੀਓ ਮਤੇ ਦੀ ਨਿੰਦਾ ਕਰਨ ਪਿੱਛੋਂ ਬਾਦਲ ਪਰਿਵਾਰ ਬੁਰੀ ਤਰ੍ਹਾਂ ਘਿਰ ਗਿਆ ਹੈ। ਬਾਦਲ ਪਰਿਵਾਰ ਦੀ ਨੂੰਹ ਹਰਸਿਮਰਤ ਕੌਰ ਬਾਦਲ ਕੇਂਦਰ ਵਿਚ ਮੰਤਰੀ ਹਨ। ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਐਚ.ਐਸ. ਫੂਲਕਾ ਨੇ ਸਵਾਲ ਕੀਤਾ ਹੈ ਕਿ ਬਾਦਲ ਪਰਿਵਾਰ ਸਪਸ਼ਟ ਕਰੇ ਕਿ ਉਹ ਭਾਰਤ ਸਰਕਾਰ ਦੇ ਫੈਸਲੇ ਨਾਲ ਸਹਿਮਤ ਹਨ, ਜੇ ਨਹੀਂ ਤਾਂ ਬੀਬੀ ਬਾਦਲ ਕੇਂਦਰ ਦੇ ਇਸ ਫੈਸਲੇ ਦਾ ਵਿਰੋਧ ਕਰੇ। ਸ. ਫੂਲਕਾ ਨੇ ਲੋਕ ਸਭਾ ਵਿਚ ਅਕਾਲੀ ਮੈਂਬਰ ਪਾਰਲੀਮੈਂਟ ਪ੍ਰੇਮ ਸਿੰਘ ਚੰਦੂਮਾਜਰਾ ਵੱਲੋਂ ਸਿੱਖ ਕਤਲੇਆਮ ਦਾ ਮੁੱਦਾ ਚੁੱਕਣ ਨੂੰ ਲੋਕ ਦਿਖਾਵਾ ਤੇ ਅਕਾਲੀ-ਭਾਜਪਾ ਸਰਕਾਰ ਦੀ ਦੋਗਲੀ ਨੀਤੀ ਕਰਾਰ ਦਿੱਤਾ। ਸ. ਫੂਲਕਾ ਨੇ ਕਿਹਾ ਕਿ ਕੇਂਦਰ ਵਿਚ ਅਕਾਲੀ-ਭਾਜਪਾ ਭਾਈਵਾਲ ਸਰਕਾਰ ਹੋਣ ਦੇ ਬਾਵਜੂਦ 1984 ਦੇ ਸਿੱਖ ਕਤਲੇਆਮ ਪੀੜਤਾਂ ਨੂੰ ਕੋਈ ਰਾਹਤ ਨਹੀਂ ਮਿਲੀ ਹੈ। ਅਜਿਹੇ ਸਮੇਂ 'ਤੇ ਚੰਦੂਮਾਜਰਾ ਵੱਲੋਂ ਆਪਣੀ ਹੀ ਸਰਕਾਰ ਕੋਲੋਂ ਇਸ ਬਾਰੇ ਮੰਗ ਕਰਨਾ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡਣ ਵਰਗਾ ਹੈ।

## ਕਸ਼ਮੀਰ 'ਚ ਮੋਦੀ ਸਰਕਾਰ ਪ੍ਰਤੀ ਬੇਵਸਾਹੀ ਦਾ ਆਲਮ

**ਸ੍ਰੀਨਗਰ:** ਭਾਰਤ ਦੇ ਕਬਜ਼ੇ ਵਾਲੇ ਕਸ਼ਮੀਰ ਵਿਚ ਹੋਈ ਜ਼ਿਮਨੀ ਚੋਣ ਵਿਚ ਹਿੰਸਾ ਦੌਰਾਨ ਅੱਠ ਮੌਤਾਂ ਅਤੇ ਮਹਿਜ਼ 7 ਫੀਸਦੀ ਵੋਟਿੰਗ ਨੇ ਸਰਕਾਰ ਪ੍ਰਤੀ ਲੋਕਾਂ ਦੇ ਗੁੱਸੇ ਬਾਰੇ ਵੱਡੇ ਸੰਕੇਤ ਦਿੱਤੇ ਹਨ। ਇਸ ਪਿੱਛੋਂ ਚੋਣ ਕਮਿਸ਼ਨ ਨੇ ਅਨੰਤਨਾਗ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਮੁਲਤਵੀ ਕਰ ਦਿੱਤੀ। ਘਾਟੀ ਵਿਚ ਵੱਖਵਾਦੀ ਆਗੂ ਸ਼ੁਰੂ ਤੋਂ ਹੀ ਚੋਣਾਂ ਦੇ ਬਾਈਕਾਟ ਦਾ ਸੱਦਾ ਦਿੰਦੇ ਆਏ ਹਨ, ਪਰ ਇਸ ਵਾਰ ਉਹ ਆਪਣੇ 'ਮਿਸ਼ਨ' ਵਿਚ ਜਿੰਨਾ ਸਫਲ ਰਹੇ, ਉਹ ਪੀ.ਡੀ.ਪੀ. ਤੇ ਭਾਜਪਾ ਸਰਕਾਰ ਦੀ ਕਾਰਗੁਜ਼ਾਰੀ ਨੂੰ ਹੀ ਦਰਸਾਉਂਦਾ ਹੈ। ਘਾਟੀ ਵਿਚ ਪੀ.ਡੀ.ਪੀ. ਅਤੇ ਭਾਜਪਾ ਸਰਕਾਰ ਦੌਰਾਨ 2016 ਵਿਚ ਇਕ ਮਹੀਨਾ ਚੱਲੇ ਪ੍ਰਦਰਸ਼ਨ ਦੌਰਾਨ 90 ਤੋਂ ਵੱਧ ਲੋਕ ਮਾਰੇ ਗਏ। ਸਰਕਾਰ ਨੇ ਮਾਮਲੇ ਦਾ ਢੁਕਵੇਂ ਹੱਲ ਦੀ ਥਾਂ 'ਬਲ' ਦਾ ਇਸਤੇਮਾਲ ਹੀ ਕੀਤਾ। ਭਾਜਪਾ ਸਰਕਾਰ ਦੀਆਂ ਕਾਰਵਾਈ ਤੋਂ ਲੋਕਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਨੂੰ ਨਜ਼ਰਅੰਦਾਜ ਕੀਤਾ ਜਾ ਰਿਹਾ ਹੈ। ਇਸ ਲਈ ਖਾਸ ਕਰ ਕਸ਼ਮੀਰ ਦੇ ਨੌਜਵਾਨਾਂ ਵਿਚ ਰੋਹ ਵੱਧ ਹੈ। ਲੋਕਾਂ ਵਿਚ ਇਸ ਗੱਲ ਦਾ ਵੀ ਗੁੱਸਾ ਹੈ ਕਿ ਕਿਸੇ ਵੀ ਮੁੱਦੇ ਨੂੰ ਲੈ ਕੇ ਕੋਈ ਪਹਿਲ ਨਹੀਂ ਕੀਤੀ ਜਾ ਰਹੀ। ਸੜਕਾਂ ਉਤੇ ਜੋ ਨੌਜਵਾਨ ਪ੍ਰਦਰਸ਼ਨ ਕਰ ਰਹੇ ਹਨ, ਉਹ 17-18 ਸਾਲ ਦੇ ਹਨ। ਉਨ੍ਹਾਂ ਕੋਲ ਹਥਿਆਰ ਨਹੀਂ ਹਨ, ਪਰ ਉਹ ਮਰਨ ਲਈ ਤਿਆਰ-ਬਰ-ਤਿਆਰ ਹਨ।

ਸ੍ਰੀਨਗਰ ਸੰਸਦੀ ਹਲਕੇ ਵਿਚ ਪੈਂਦੇ ਤਿੰਨ ਜ਼ਿਲ੍ਹਿਆਂ ਸ੍ਰੀਨਗਰ, ਬਡਗਾਮ ਤੇ ਗੰਦਰਬਲ ਵਿਚ ਦੋ ਦਰਜਨ ਥਾਂਵਾਂ ਉਤੇ ਪਥਰਾਅ ਦੀਆਂ ਘਟਨਾਵਾਂ ਵਾਪਰੀਆਂ। ਇਥੋਂ ਨੈਸ਼ਨਲ ਕਾਨਫਰੰਸ ਤੇ ਕਾਂਗਰਸ ਦੇ ਸਾਂਝੇ ਉਮੀਦਵਾਰ ਵਜੋਂ ਫਾਰੂਕ ਅਬਦੁੱਲਾ ਅਤੇ ਸੱਤਾਧਾਰੀ ਪੀ.ਡੀ.ਪੀ. ਵੱਲੋਂ ਨਜ਼ੀਰ ਅਹਿਮਦ ਖਾਨ ਚੋਣ



ਲੜ ਰਹੇ ਹਨ। ਗੰਦਰਬਲ ਵਿਚ ਇਕ ਚੋਣ ਬੂਥ ਨੂੰ ਫੂਕਣ ਲਈ ਪੈਟਰੋਲ ਬੰਬ ਸੁੱਟ ਰਹੀ ਭੀੜ ਉਤੇ ਕਾਬੂ ਪਾਉਣ ਲਈ ਸੁਰੱਖਿਆ ਦਸਤਿਆਂ ਦੇ ਸਹਿਯੋਗ ਵਾਸਤੇ ਫੌਜ ਸੱਦਣੀ ਪਈ। ਅਧਿਕਾਰੀਆਂ ਨੇ ਕਿਹਾ ਕਿ ਇਸ ਹਿੰਸਾ ਵਿਚ 100 ਤੋਂ ਵੱਧ ਸੁਰੱਖਿਆ ਜਵਾਨ ਜ਼ਖ਼ਮੀ ਹੋਏ, ਜਦੋਂ ਕਿ ਪੁਲਿਸ ਗੋਲੀਬਾਰੀ ਵਿਚ ਕਈ ਨਾਗਰਿਕ ਵੀ ਫੱਟੜ ਹੋਏ।

ਲੋਕ ਸਭਾ ਦੀ ਸੀਟ ਲਈ ਇਹ ਉਪ ਚੋਣ ਜਿਸ ਵਿਚ ਸ੍ਰੀਨਗਰ ਤੋਂ ਇਲਾਵਾ ਬਡਗਾਮ ਅਤੇ ਗੰਦਰਬਲ ਦੇ ਜ਼ਿਲ੍ਹੇ ਪੈਂਦੇ ਹਨ, ਕਰਵਾਉਣੀ ਬੇਹੱਦ ਚੁਣੌਤੀ ਭਰਪੂਰ ਸੀ, ਕਿਉਂਕਿ ਇਹ ਪ੍ਰਸ਼ਾਸਨ ਚਲਾ ਰਹੀ ਪਾਰਟੀ ਪੀ.ਡੀ.ਪੀ. ਦੇ ਚੁਣੇ ਹੋਏ ਮੈਂਬਰ ਤਾਰਿਕ ਕਾਰਾ ਵੱਲੋਂ ਅਸਤੀਫਾ ਦਿੱਤੇ ਜਾਣ ਕਾਰਨ ਖਾਲੀ ਹੋਈ ਸੀ।

(ਬਾਕੀ ਸਫਾ 6 'ਤੇ)




Ghot Pokar Enterprises Inc
120-19 101 Ave. S. Richmond Hill, NY 11419




We rent black@green CARS at very low rate. All new model cars-Honda, Acura, Toyota Camry, Hybrid, Chrysler and Chevy Sub.
Please Contact: 718-578-2880
Ph: 718-223-3174 or 718-846-0800
Fax: 718-846-0811


IT'S CRICKET TIME!
vivo IPL
ON WILLOW HD
PUNJABI MEGA PACK
$19.99 /mo
FOR 24 MONTHS
Save $120 over 2 years
1-800-898-2681 Dish.com/Punjabi
dish
YOUR CULTURE AT HOME
WILLOW
PTC PUNJABI
PTC NEWS
jus punjabi
JUS one
+5 CHANNELS
All offers require credit qualification, 2-Year commitment with early termination fee and eAutoPay. Requires subscription to a qualifying American or DishLATINO package starting at $29.99/mo.Offer for new and qualifying former customers only. Important Terms and Conditions: Qualification: Advertised price requires credit qualification and eAutoPay. Upfront activation and/or receiver upgrade fees may apply based on credit qualification. Offer ends 6/21/17. 2-Year Commitment: Early termination fee of $20/mo. remaininga applies if you cancel early. $120 Savings Offer: Receive a monthly credit of $5 for the first 24 months. Requires subscription to International package and qualifying American or DishLATINO package (starting at $29.99/mo). NOT included in advertised price (and subject to change): Taxes & surcharges, add-on programming (including premium channels), Protection Plan, and transactional fees. Other: All packages, programming, features, and functionality are subject to change without notice. After 6 mos., you will be billed $8.99/mo. for Protection Plan unless you call to cancel. After 2 years, then-current everyday prices for all services apply. For business customers, additional monthly fees may apply. Free standard professional installation only. © 2017 DISH Network L.L.C. All rights reserved.

## ਰਾਜੋਆਣਾ ਨੇ ਚੀਫ਼ ਜਸਟਿਸ ਨੂੰ ਲਿਖਿਆ ਪੱਤਰ

**ਪਟਿਆਲਾ:** ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਬਲਵੰਤ ਸਿੰਘ ਰਾਜੋਆਣਾ ਵੱਲੋਂ ਫਾਂਸੀ ਦੀ ਸਜ਼ਾ ਨਾਲ ਸਬੰਧਤ ਕੇਂਦਰੀ ਗ੍ਰਹਿ ਮੰਤਰਾਲੇ ਕੋਲ ਪਿਛਲੇ ਲੰਮੇ ਸਮੇਂ ਤੋਂ ਵਿਚਾਰ ਅਧੀਨ ਪਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਾਇਰ ਕੀਤੀ ਅਪੀਲ 'ਤੇ ਫ਼ੈਸਲਾ ਲੈਣ ਸਬੰਧੀ ਹਾਈਕੋਰਟ ਦੇ ਚੀਫ਼ ਜਸਟਿਸ ਨੂੰ ਪੱਤਰ ਲਿਖਿਆ ਗਿਆ। ਇਸ ਵਿਚ ਫਾਂਸੀ ਦੀ ਸਜ਼ਾ ਬਾਰੇ ਫ਼ੈਸਲਾ ਲੈਣ ਸਬੰਧੀ ਸਬੰਧਤ ਧਿਰਾਂ ਨੂੰ ਯੋਗ ਹਦਾਇਤਾਂ ਦੇਣ ਦੀ ਅਪੀਲ ਕੀਤੀ ਗਈ ਹੈ।

ਚਿੱਠੀ ਵਿਚ ਲਿਖਿਆ ਹੈ ਕਿ ਉਸ ਨੂੰ ਬੇਅੰਤ ਸਿੰਘ ਹੱਤਿਆ ਕਾਂਡ ਵਿਚ ਸ਼ਾਮਲ ਹੋਣ ਕਰ ਕੇ 22 ਦਸੰਬਰ 1995 ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਨੂੰ ਜੇਲ੍ਹ ਅੰਦਰ 21 ਸਾਲ ਹੋ ਚੁੱਕੇ ਹਨ। ਚੰਡੀਗੜ੍ਹ ਦੀ ਅਦਾਲਤ ਨੇ ਉਸ ਨੂੰ 31 ਜੁਲਾਈ 2007 ਨੂੰ ਫਾਂਸੀ ਦੀ ਸਜ਼ਾ ਸੁਣਾਈ ਸੀ ਜਿਸ ਲਈ 31 ਮਾਰਚ 2012 ਨੂੰ ਫਾਂਸੀ 'ਤੇ ਲਟਕਾਉਣ ਦੇ ਆਦੇਸ਼ ਦੇ ਦਿੱਤੇ ਗਏ ਸੀ ਜਿਸ ਖਿਲਾਫ ਉਸ ਨੇ ਕੋਈ ਅਪੀਲ ਨਹੀਂ ਕੀਤੀ, ਪਰ ਸ਼੍ਰੋਮਣੀ ਕਮੇਟੀ ਵੱਲੋਂ ਦਾਇਰ ਅਪੀਲ 'ਤੇ ਰਾਸ਼ਟਰਪਤੀ ਨੇ 28 ਮਾਰਚ 2012 ਨੂੰ ਫਾਂਸੀ 'ਤੇ ਅਣਮਿਥੇ ਸਮੇਂ ਲਈ ਰੋਕ ਲਗਾ ਦਿੱਤੀ ਸੀ। ਉਹ ਚਾਹੁੰਦਾ ਹੈ ਕਿ ਸ਼੍ਰੋਮਣੀ ਕਮੇਟੀ ਦੀ ਇਸ ਅਪੀਲ 'ਤੇ ਫ਼ੈਸਲਾ ਜਲਦੀ ਕੀਤਾ ਜਾਵੇ।

## ਨਹਿਰ ਦੇ ਮਾਮਲੇ 'ਤੇ ਪੰਜਾਬ-ਹਰਿਆਣਾ ਨੂੰ ਗੱਲਬਾਤ ਦਾ ਸੱਦਾ

**ਨਵੀਂ ਦਿੱਲੀ:** ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਸਬੰਧੀ ਪੰਜਾਬ-ਹਰਿਆਣਾ ਦਰਮਿਆਨ ਜਾਰੀ ਅੜਿੱਕੇ ਦੌਰਾਨ ਕੇਂਦਰ ਸਰਕਾਰ ਨੇ ਦੋਵਾਂ ਸੂਬਿਆਂ ਨੂੰ ਗੱਲਬਾਤ ਲਈ ਸੱਦਿਆ ਹੈ। ਕੇਂਦਰ ਸਰਕਾਰ ਨੇ ਇਹ ਜਾਣਕਾਰੀ ਇਥੇ ਸੁਪਰੀਮ ਕੋਰਟ ਵਿਚ ਦਿੰਦਿਆਂ ਕਿਹਾ ਕਿ ਇਹ ਮੀਟਿੰਗ 20 ਅਪਰੈਲ ਨੂੰ ਹੋਵੇਗੀ। ਸੁਪਰੀਮ ਕੋਰਟ ਦੇ ਜਸਟਿਸ ਪੀ.ਸੀ. ਘੋਸ਼ ਦੀ ਅਗਵਾਈ ਵਾਲੇ ਬੈਂਚ ਅੱਗੇ ਅਟਾਰਨੀ ਜਨਰਲ ਮੁਕੁਲ ਰੋਹਤਗੀ ਨੇ ਕਿਹਾ ਕਿ ਕੇਂਦਰ ਨੇ ਦੋਵਾਂ ਸੂਬਿਆਂ ਨੂੰ 20 ਅਪਰੈਲ ਨੂੰ ਮੀਟਿੰਗ ਲਈ ਸੱਦਿਆ ਹੈ ਤਾਂ ਕਿ ਮਸਲੇ ਦਾ ਹੱਲ ਤਲਾਸ਼ਿਆ ਜਾ ਸਕੇ।

ਸ੍ਰੀ ਰੋਹਤਗੀ ਨੇ ਇਹ ਗੱਲ ਉਦੋਂ ਆਖੀ ਜਦੋਂ ਸੀਨੀਅਰ ਵਕੀਲ ਰਾਮ ਜੇਠਮਲਾਨੀ ਅਤੇ ਆਰ.ਐਸ. ਸੂਰੀ ਨੇ ਪੰਜਾਬ ਵੱਲੋਂ ਬੇਨਤੀ ਕੀਤੀ ਕਿ ਮਾਮਲੇ ਦੀ 12 ਅਪਰੈਲ ਨੂੰ ਹੋਣ ਵਾਲੀ ਸੁਣਵਾਈ ਘੱਟੋ-ਘੱਟ ਤਿੰਨ ਹਫ਼ਤਿਆਂ ਲਈ ਟਾਲੀ ਜਾਵੇ, ਕਿਉਂਕਿ ਇਸ ਨੇ ਮਾਮਲੇ ਦੇ ਅਦਾਲਤ ਤੋਂ ਬਾਹਰ ਨਿਬੇੜੇ ਦਾ ਸੱਦਾ ਦਿੱਤਾ ਹੈ। ਪੰਜਾਬ ਦੇ ਐਡਵੋਕੇਟ ਜਨਰਲ ਅਤੁਲ ਨੰਦਾ ਨੇ ਕਿਹਾ ਕਿ ਸੂਬੇ ਦੀ ਪਿਛਲੀ ਸਰਕਾਰ ਵੱਲੋਂ ਨਿਯੁਕਤ ਕਾਨੂੰਨੀ ਅਧਿਕਾਰੀਆਂ ਨੇ ਅਸਤੀਫ਼ੇ ਦੇ ਦਿੱਤੇ ਹਨ ਤੇ ਸੁਪਰੀਮ ਕੋਰਟ ਦੇ ਫ਼ੈਸਲੇ ਦੇ ਮੱਦੇਨਜ਼ਰ ਇਸ ਨੂੰ ਇਨ੍ਹਾਂ ਨਿਯੁਕਤੀਆਂ ਲਈ ਕੁਝ ਸਮਾਂ ਚਾਹੀਦਾ ਹੈ। ਉਨ੍ਹਾਂ ਵੀ ਸੁਣਵਾਈ ਮੁਲਤਵੀ ਕਰਨ ਦੀ ਮੰਗ ਕੀਤੀ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਲੋਂ ਸਤਲੁਜ-ਯਮੁਨਾ ਲਿੰਕ ਨਹਿਰ ਬਾਰੇ 20 ਅਪਰੈਲ ਨੂੰ ਦੋਵਾਂ ਸੂਬਿਆਂ ਦੀ ਮੀਟਿੰਗ ਸੱਦਣ ਦਾ ਸੁਆਗਤ ਕੀਤਾ ਹੈ।

## ਸਾਬਕਾ ਐਸ.ਐਸ.ਪੀ. ਖਿਲਾਫ ਹੋਵੇਗੀ ਵਿਜੀਲੈਂਸ ਜਾਂਚ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੰਗਰੂਰ ਜ਼ਿਲ੍ਹੇ ਦੇ ਦੋ ਕਿਸਾਨਾਂ ਕੋਲੋਂ ਜਬਰੀ ਵਸੂਲੀ ਦੇ ਦੋਸ਼ਾਂ ਵਿਚ ਘਿਰੇ ਸੰਗਰੂਰ ਦੇ ਤਤਕਾਲੀ ਐਸ.ਐਸ.ਪੀ. ਇੰਦਰਬੀਰ ਸਿੰਘ, ਸੁਨਾਮ ਦੇ ਡੀ.ਐਸ.ਪੀ. ਜਸ਼ਨਦੀਪ ਸਿੰਘ ਗਿੱਲ, ਲੌਂਗੋਵਾਲ ਥਾਣੇ ਦੇ ਐਸ.ਐਚ.ਓ. ਇੰਸਪੈਕਟਰ ਸਿਕੰਦਰ ਸਿੰਘ ਅਤੇ ਦੋ ਹੋਰ ਥਾਣੇਦਾਰਾਂ ਖਿਲਾਫ਼ ਵਿਜੀਲੈਂਸ ਜਾਂਚ ਕਰਵਾਉਣ ਦੇ ਹੁਕਮ ਜਾਰੀ ਕੀਤੇ ਹਨ। ਵਿਜੀਲੈਂਸ ਬਿਊਰੋ ਵੱਲੋਂ ਜਾਂਚ ਦੀ ਜ਼ਿੰਮੇਵਾਰੀ ਪੰਜਾਬ ਵਿਜੀਲੈਂਸ ਦੇ ਆਈ.ਜੀ. ਸ਼ਿਵ ਕੁਮਾਰ ਵਰਮਾ ਨੂੰ ਸੌਂਪੀ ਗਈ ਹੈ। ਇਸ ਦੌਰਾਨ ਸਰਕਾਰ ਨੇ ਇੰਦਰਬੀਰ ਸਿੰਘ (ਅੱਜ ਕੱਲ੍ਹ ਏ.ਆਈ.ਜੀ. ਪਰਸੋਨਲ) ਨੂੰ ਚੰਡੀਗੜ੍ਹ ਪੁਲਿਸ ਦਾ ਐਸ.ਐਸ.ਪੀ. ਲਾਉਣ ਲਈ ਯੂਟੀ ਪ੍ਰਸ਼ਾਸਨ ਨੂੰ ਭੇਜੇ ਤਿੰਨ ਆਈ.ਪੀ.ਐਸ. ਅਧਿਕਾਰੀਆਂ ਦੇ ਪੈਨਲ ਵਿਚੋਂ ਉਨ੍ਹਾਂ ਦਾ ਨਾਂ ਵਾਪਸ ਲੈ ਲਿਆ ਹੈ।

ਸਰਕਾਰ ਨੇ ਵਿਜੀਲੈਂਸ ਜਾਂਚ ਮੁਕੰਮਲ ਹੋਣ ਤੱਕ ਪੰਜਾਂ ਅਧਿਕਾਰੀਆਂ ਜਿਨ੍ਹਾਂ ਵਿਚ ਸੰਗਰੂਰ ਜ਼ਿਲ੍ਹੇ ਦੀ ਸਿਟੀ ਪੁਲਿਸ ਚੌਕੀ ਦੇ ਇੰਚਾਰਜ ਏ.ਐਸ.ਆਈ. ਬਲਜਿੰਦਰ ਸਿੰਘ ਅਤੇ ਬਡਰੁਖਾਂ ਚੌਕੀ ਦੇ ਇੰਚਾਰਜ ਏ.ਐਸ.ਆਈ. ਗੁਰਮੇਲ ਸਿੰਘ ਵੀ ਸ਼ਾਮਲ ਹਨ, ਨੂੰ ਲਾਈਨ ਹਾਜ਼ਰ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਹਨ। ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਰਵੀਨ ਠੁਕਰਾਲ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਨੇ ਸੀਨੀਅਰ ਅਫਸਰਾਂ ਨੂੰ ਕਿਹਾ ਹੈ ਕਿ ਇਸ ਮਸਲੇ ਦੀ ਅਸਲੀਅਤ ਤੱਕ ਪਹੁੰਚਿਆ ਜਾਵੇ।

## ਡਾ. ਮਨਮੋਹਨ ਸਿੰਘ ਨੂੰ ਕਲੀਨ ਚਿੱਟ

ਨਵੀਂ ਦਿੱਲੀ: ਸੰਸਦ ਦੀ ਲੋਕ ਲੇਖਾ ਕਮੇਟੀ (ਪੀ.ਏ.ਸੀ.) ਨੇ ਦਿੱਲੀ ਵਿਚ ਹੋਈਆਂ 2010 ਦੀਆਂ ਰਾਸ਼ਟਰਮੰਡਲ ਖੇਡਾਂ ਸਬੰਧੀ ਘਪਲੇ ਸਬੰਧੀ ਮੌਕੇ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਪ੍ਰਧਾਨ ਮੰਤਰੀ ਦਫ਼ਤਰ (ਪੀ.ਐਮ.ਓ.) ਨੂੰ ਕਲੀਨ ਚਿੱਟ ਦੇ ਦਿੱਤੀ ਹੈ। ਕਮੇਟੀ ਦੇ ਚੇਅਰਮੈਨ ਤੇ ਕਾਂਗਰਸ ਆਗੂ ਕੇ.ਵੀ. ਥੋਮਸ ਨੇ ਇਸ ਦੀ ਪੁਸ਼ਟੀ ਕੀਤੀ ਹੈ।

## ਸਕੂਲ ਵਿਚ ਗੋਲੀ ਚੱਲੀ; 2 ਹਲਾਕ

**ਸੈਨ ਬਰਨਾਰਡੀਓ:** ਸੈਨ ਬਰਨਾਰਡੀਓ ਵਿਚ ਐਲੀਮੈਂਟਰੀ ਸਕੂਲ ਦੇ ਕਲਾਸ ਰੂਮ ਵਿਚ ਕੀਤੇ ਹਮਲੇ ਵਿਚ ਇਕ ਅਧਿਆਪਕ ਸਮੇਤ ਦੋ ਜਣਿਆਂ ਦੀ ਮੌਤ ਹੋ ਗਈ ਅਤੇ ਦੋ ਵਿਦਿਆਰਥੀ ਜ਼ਖ਼ਮੀ ਹੋ ਗਏ। ਜ਼ਖ਼ਮੀ ਵਿਦਿਆਰਥੀਆਂ ਨੂੰ ਹਸਪਤਾਲ ਭਰਤੀ ਕਰਵਾਇਆ ਗਿਆ ਹੈ। ਇਕ ਅਧਿਕਾਰੀ ਮੁਤਾਬਕ, ਉਨ੍ਹਾਂ ਨੂੰ ਸ਼ੱਕ ਹੈ ਕਿ ਅਧਿਆਪਕ ਹਮਲਾਵਰ ਨੂੰ ਜਾਣਦਾ ਸੀ।


# ਵਰਕਰਾਂ ਦੀ ਲੋੜ ਹੈ

ਅਰਕਨਸਾਸ ਵਿਚ ਗੈਸ ਸਟੇਸ਼ਨ 'ਤੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ

ਚੰਗੀ ਤਨਖਾਹ

# Need workers

Need workers for Gas station store. Good Salary.

ਸੰਪਰਕ ਕਰੋ:

ਫੋਨ: 917-348-0050

14-15



## Matrimonial

### ਵਰ ਦੀ ਲੋੜ

US citizen or Green Card holder well settled educated match wanted for Amritdhari Saini Sikh girl, 28 yrs, 5'-3", B.Com, MBA, from an educated family. The girl is in India. Caste no bar. Contact, Ph: 216-513-5887 (USA) or +91-98786-21898 (India) 11-18

Wanted suitable US citizen, green card or H1-B visa holder handsome match for Jatt Sikh B.Sc Nursing citizen girl 27, 5'-5". Please e-mail details & photo at: gsingh9113@gmail.com or call, Ph: 224-410-5658 15-

### ਕੰਨਿਆ ਦੀ ਲੋੜ

Wanted suitable US citizen girl for Jatt Sikh Boy, 30, 5'-11", Canadian Citizen & USA Green Card Holder, well Settled in the USA. Contact: Ph.317-603-1000 or 317-979-4740, Email-jagbirsandhu86@yahoo.com 13+

### ਕੰਨਿਆ ਦੀ ਲੋੜ

28 year old Dentist from India clean shaven Arora Sikh, finishing health management course in Australia by the end of April 2017, looking for a suitable educated US citizen girl to marry and settle in US. Contact: Jaytg@aol.com, Ph: 847-830-5361 15-18

30 year old handsome Gursikh priest from Jammu and Kashmir looking to marry US citizen Gursikh girl to settle down in US, presently in the Midwest (USA). Also has a 28 year old priest brother in Australia interested in marrying Gursikh US citizen girl to settle in US. Both fluent in English. Contact: jaytg@aol.com, Ph: 847-830-5361 15-18

*To Advertise with Punjab Times*

*Call: 847-359-0746*


## ਕੇਜਰੀਵਾਲ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ

**ਨਵੀਂ ਦਿੱਲੀ:** ਅਸਾਮ ਵਿਚ ਦੀਫੂ ਦੇ ਜੁਡੀਸ਼ੀਅਲ ਮੈਜਿਸਟਰੇਟ ਨੇ ਮਾਣਹਾਨੀ ਕੇਸ ਵਿਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਖਿਲਾਫ਼ ਜ਼ਮਾਨਤੀ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਹਨ। ਇਹ ਕੇਸ ਉਨ੍ਹਾਂ ਵੱਲੋਂ ਪ੍ਰਧਾਨ ਮੰਤਰੀ ਦੀ ਵਿੱਦਿਅਕ ਯੋਗਤਾ ਸਬੰਧੀ ਜਾਰੀ ਟਵੀਟ ਉਤੇ ਆਧਾਰਤ ਹੈ। ਉਨ੍ਹਾਂ ਨੂੰ 8 ਮਈ ਨੂੰ ਪੇਸ਼ ਹੋਣ ਲਈ ਕਿਹਾ ਗਿਆ ਹੈ।


# ਫਲੈਟ ਉਪਲਬਧ ਹਨ

ਐਨ.ਆਰ.ਆਈ. ਕਾਲੋਨੀ, ਜਲੰਧਰ ਵਿਚ ਬਹੁਤ ਹੀ ਵਾਜਬ ਭਾਅ 'ਤੇ ਫਲੈਟ ਉਪਲਬਧ ਹਨ

ਬੀ.ਐਮ.ਸੀ. ਦੇ ਨੇੜੇ

ਸੰਪਰਕ ਕਰੋ, ਫੋਨ: 91-79001-90251

# Flats! Flats!! Flats!!!

NRI colony reasonably priced flats.
Your own home in paush locality of Jalandhar.

*Cool road near BMC chownk.*

Call, Singh: 91-79001-90251

15-16



BJ Digital Video & Photos

BROADCAST HD FILM QUALITY

Ph.718-441-6516 Cell No.646-403-7334

Blu-ray DVD




All Work In Digitsl

Wedding, Birthday, Ring Ceremony, Sweet Sixteen & All Others Function

Experience 25 Year

Ph. 718-441-6516 Cell No. 646-403-7334



# ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

## ਫੋਨ (408) 687-1899

**Gurdip Singh Sandhu**

Homeopathic Practitioner/Consultant Since 1973

DHMS-Gold Medalist, BAMS, MDEh.- India

**Well Experienced as:**

Director, Principal, Professor and Chief Medical Officer in Medical Colleges and Hospitals of Punjab (India)

Practice Under State of California Act SB 577

**EX Member:** The California Homeopathic Society

National Center For Homeopathy- USA

**7021 Village Park Way, Dublin, CA 94568**



*Gurdip Singh Sandhu*

Email: Homeomedicine@yahoo.com

# ਉਂਟਾਰੀਓ ਵਿਧਾਨ ਸਭਾ ਵਿਚ ਸਿੱਖ ਨਸਲਕੁਸ਼ੀ ਦਾ ਮਤਾ ਪ੍ਰਵਾਨ

**ਟਰਾਂਟੋ:** ਵਿਧਾਨ ਸਭਾ ਵਿਚ 1984 ਦੀ ਸਿੱਖ ਨਸਲਕੁਸ਼ੀ ਬਾਰੇ ਮਤਾ ਵੱਡੀ ਹਮਾਇਤ ਨਾਲ ਪ੍ਰਵਾਨ ਕਰ ਲਿਆ ਗਿਆ। ਹੁਕਮਰਾਨ ਲਿਬਰਲ ਪਾਰਟੀ ਦੀ ਐਮ.ਐਲ.ਏ. ਬੀਬੀ ਹਰਿੰਦਰ ਕੌਰ ਮੱਲ੍ਹੀ ਵੱਲੋਂ ਪੇਸ਼ ਕੀਤੇ ਗਏ ਨਿੱਜੀ ਮਤੇ-46 ਦੀ ਪ੍ਰਵਾਨਗੀ ਉਤੇ ਵਰਲਡ ਸਿੱਖ ਸੰਸਥਾ ਨੇ ਤਸੱਲੀ ਜ਼ਾਹਰ ਕਰਦਿਆਂ ਸਰਕਾਰ ਦੇ ਇਸ ਕਦਮ ਦਾ ਸਵਾਗਤ ਕੀਤਾ ਹੈ। ਮਤੇ ਵਿਚ ਕਿਹਾ ਗਿਆ ਹੈ ਕਿ ਸਦਨ ਭਾਰਤ ਅਤੇ ਦੁਨੀਆਂ ਭਰ ਵਿਚ ਹੋ ਰਹੀ ਹਿੰਸਾ, ਨਫਰਤ, ਫਿਰਕਾਵਾਦ, ਅਸਹਿਣਸ਼ੀਲਤਾ ਅਤੇ 1984 ਵਿਚ ਭਾਰਤ ਅੰਦਰ ਸਿੱਖਾਂ ਦੀ ਨਸਲਕੁਸ਼ੀ ਵਰਗੀ ਘਟਨਾ ਦੀ ਨਿਖੇਧੀ ਕਰਦਾ ਹੋਇਆ ਆਪਣੀਆਂ, ਇਨਸਾਫ ਪਸੰਦ, ਮਨੁੱਖੀ ਅਧਿਕਾਰਾਂ ਸਬੰਧੀ ਕਦਰਾਂ ਕੀਮਤਾਂ ਲਈ ਵਚਨਬੱਧ ਹੈ।

ਧਿਆਨਯੋਗ ਹੈ ਕਿ ਅਜਿਹਾ ਹੀ ਮਤਾ ਪਿਛਲੇ ਸਾਲ ਜੂਨ ਵਿਚ ਵਿਰੋਧੀ ਧਿਰ ਐਨ.ਡੀ.ਪੀ. ਦੇ ਡਿਪਟੀ ਲੀਡਰ ਜਗਮੀਤ ਸਿੰਘ ਨੇ ਵੀ ਪੇਸ਼ ਕੀਤਾ ਸੀ, ਪਰ ਉਦੋਂ ਉਸ ਦੀ ਪਾਰਟੀ ਅਤੇ ਕੰਜ਼ਰਵੇਟਿਵ ਪਾਰਟੀ ਵੱਲੋਂ ਹਮਾਇਤ ਕਰਨ ਦੇ ਬਾਵਜੂਦ ਇਹ ਬਿੱਲ ਪਾਸ ਨਾ ਹੋ ਸਕਿਆ। ਉਦੋਂ ਇਹੋ ਲਿਬਰਲ ਪਾਰਟੀ ਇਸ ਦੇ ਹੱਕ ਵਿਚ ਨਹੀਂ ਸੀ ਭੁਗਤੀ। ਵਰਲਡ ਸਿੱਖ ਸੰਸਥਾ ਦੇ ਪ੍ਰਧਾਨ ਮੁਖਬੀਰ ਸਿੰਘ ਨੇ ਆਖਿਆ ਕਿ ਜਿਥੇ ਉਹ ਲਿਬਰਲ ਸਰਕਾਰ ਵੱਲੋਂ ਇਸ ਮਤੇ ਦੀ ਪ੍ਰਵਾਨਗੀ 'ਤੇ ਖੁਸ਼ ਹਨ, ਉਥੇ ਉਹ ਜਗਮੀਤ ਸਿੰਘ ਵੱਲੋਂ



ਅਸੈਂਬਲੀ 'ਚ ਪਹਿਲੀ ਵਾਰ ਇਹ ਮਾਮਲਾ ਚੁੱਕਣ ਲਈ ਧੰਨਵਾਦੀ ਹਨ। ਅੰਮ੍ਰਿਤਸਰ ਤੋਂ ਕਾਂਗਰਸ ਦੇ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਆਖਿਆ ਕਿ ਉਹ ਇਹ ਮਾਮਲਾ ਪਾਰਟੀ ਹਾਈ ਕਮਾਂਡ ਕੋਲ ਰੱਖਣਗੇ ਅਤੇ ਜੇਕਰ ਪ੍ਰਵਾਨਗੀ ਮਿਲੀ ਤਾਂ ਸੰਸਦ ਵਿੱਚ ਮੁਆਫੀ ਦੀ ਮੰਗ ਰੱਖਣਗੇ। ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਆਖਿਆ ਕਿ ਇਸ ਸਬੰਧੀ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ 11 ਅਗਸਤ 2005 ਨੂੰ ਮੁਆਫੀ ਮੰਗੀ ਸੀ। ਕੌਮੀ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੇ ਵੀ 16 ਮਾਰਚ 2014 ਨੂੰ ਇਸ ਸਬੰਧੀ ਮੁਆਫ ਮੰਗੀ ਸੀ।

ਇਸ ਤੋਂ ਇਲਾਵਾ ਕਾਂਗਰਸ ਦੀ ਕੌਮੀ ਪ੍ਰਧਾਨ ਸੋਨੀਆ ਗਾਂਧੀ ਵੀ ਸਿੱਖ ਭਾਈਚਾਰੇ ਪ੍ਰਤੀ ਇਸ ਹਿੰਸਾ ਲਈ ਦੁੱਖ ਦਾ ਪ੍ਰਗਟਾਵਾ ਕਰ ਚੁੱਕੀ ਹੈ। ਦੂਜੇ ਪਾਸੇ ਸਿੱਖ ਵਿਦਵਾਨ ਅਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਮਨਜੀਤ ਸਿੰਘ ਕਲਕੱਤਾ ਨੇ ਆਖਿਆ ਕਿ ਨਵੰਬਰ 1984 ਸਿੱਖ ਕਤਲੇਆਮ ਨੂੰ ਵਾਪਰਿਆਂ ਤਿੰਨ ਦਹਾਕੇ ਤੋਂ ਵੱਧ ਦਾ ਸਮਾਂ ਬੀਤ ਚੁੱਕਾ ਹੈ, ਪਰ ਇਸ ਸਬੰਧੀ ਸੰਸਦ ਵਿਚ ਕਦੇ ਵੀ ਰਸਮੀ ਤੌਰ ਉਤੇ ਮੁਆਫੀ ਨਹੀਂ ਮੰਗੀ ਗਈ। ਸਾਬਕਾ ਪ੍ਰਧਾਨ ਮੰਤਰੀ ਵੱਲੋਂ ਇਸ ਸਬੰਧੀ ਮੰਗੀ ਮੁਆਫੀ ਵੀ ਰਾਜ ਸਭਾ ਵਿਚ ਚੱਲ ਰਹੀ ਇਕ ਬਹਿਸ ਦੌਰਾਨ ਮੰਗੀ ਗਈ ਸੀ, ਜਦੋਂਕਿ ਰਾਹੁਲ ਗਾਂਧੀ ਨੇ ਵੀ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਹੀ ਮੁਆਫੀ ਮੰਗੀ ਸੀ।

## ਮੋਦੀ ਨੂੰ ਫਰਾਖਦਿਲੀ ਵਿਖਾਉਣ ਦਾ ਸਲਾਹ

**ਪਟਿਆਲਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕੈਨੇਡਾ ਦੇ ਉਂਟਾਰੀਓ ਸੂਬੇ ਦੀ ਵਿਧਾਨ ਸਭਾ ਵੱਲੋਂ 1984 ਦੀ ਸਿੱਖ ਨਸਲਕੁਸ਼ੀ 'ਤੇ ਪਾਸ ਮਤੇ ਦੀ ਭਾਰਤ ਸਰਕਾਰ ਵੱਲੋਂ ਨਿੰਦਾ ਕਰਨ ਨੂੰ ਮੰਦਭਾਗਾ ਕਰਾਰ ਦਿੰਦਿਆਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਫਰਾਖਦਿਲੀ ਦਿਖਾਉਣ ਲਈ ਕਿਹਾ ਹੈ। ਪ੍ਰੋ. ਬਡੂੰਗਰ ਨੇ ਸਭਾ ਦੇ ਮਤੇ ਦਾ ਸਵਾਗਤ ਕੀਤਾ ਅਤੇ ਮੰਗ ਕੀਤੀ ਕਿ ਭਾਰਤ ਸਰਕਾਰ ਵੀ ਚੁਰਾਸੀ ਦੀ ਸਿੱਖ ਨਸਲਕੁਸ਼ੀ ਸਬੰਧੀ ਮੁਆਫੀ ਮੰਗੇ। ਦੱਸਣਯੋਗ ਹੈ ਕਿ ਉਂਟਾਰੀਓ ਵਿਧਾਨ ਸਭਾ ਵੱਲੋਂ ਪਾਸ ਕੀਤੇ ਮਤੇ ਦੀ ਭਾਰਤ ਸਰਕਾਰ ਨੇ ਨਿੰਦਾ ਕੀਤੀ ਹੈ। ਪ੍ਰੋ. ਬਡੂੰਗਰ ਨੇ ਆਖਿਆ ਹੈ ਕਿ ਸਿੱਖ ਨਸਲਕੁਸ਼ੀ ਕਾਰਨ ਸਿੱਖਾਂ ਦੇ ਜ਼ਖ਼ਮ ਅਜੇ ਵੀ ਅੱਲ੍ਹੇ ਹਨ। ਅਜਿਹੀ ਘਟਨਾ ਨੂੰ ਅੰਜਾਮ ਦੇਣ ਵਾਲਿਆਂ ਖਿਲਾਫ ਅਜੇ ਤੱਕ ਕਾਨੂੰਨੀ ਕਾਰਵਾਈ ਨਹੀਂ ਹੋਈ ਹੈ।

## ਸਰਕਾਰੀ ਮਦਦ ਨਾਲ ਹੋਇਆ ਸੀ ਮਨੁੱਖਤਾ ਦਾ ਘਾਣ: ਫੂਲਕਾ



**ਨਵੀਂ ਦਿੱਲੀ:** ਸੀਨੀਅਰ ਵਕੀਲ ਤੇ 'ਆਪ' ਵਿਧਾਇਕ ਹਰਵਿੰਦਰ ਸਿੰਘ ਫੂਲਕਾ ਨੇ ਕਿਹਾ ਕਿ ਨਵੰਬਰ 1984 ਸਿੱਖ ਕਤਲੇਆਮ ਨਰਸੰਹਾਰ ਸੀ, ਹਿੰਦੂਆਂ ਨੇ ਨਹੀਂ, ਬਲਕਿ ਉਸ ਸਮੇਂ ਦੀ ਸੱਤਾਧਾਰੀ ਪਾਰਟੀ ਨੇ ਸਰਕਾਰ ਦੀ ਮਦਦ ਨਾਲ ਸਿੱਖਾਂ ਨੂੰ ਮਾਰਿਆ। ਨਵੰਬਰ 1984 ਕਤਲੇਆਮ ਦੇ ਕੇਸ ਲੜ ਰਹੇ ਸ੍ਰੀ ਫੂਲਕਾ ਨੇ ਉਂਟਾਰੀਓ ਅਸੈਂਬਲੀ ਵੱਲੋਂ ਸਿੱਖ ਕਤਲੇਆਮ ਨੂੰ ਨਸਲਕੁਸ਼ੀ ਮੰਨਦੇ ਹੋਏ ਮਤਾ ਪਾਸ ਕਰਨ ਦਾ ਸਵਾਗਤ ਕੀਤਾ ਹੈ।

## ਭਾਰਤ ਵੱਲੋਂ ਮਤਾ ਪਾਸ ਕਰਨ ਨਿਖੇਧੀ

**ਨਵੀਂ ਦਿੱਲੀ:** ਭਾਰਤ ਵਿਚ ਸਿੱਖਾਂ ਦੀ ਨਸਲਕੁਸ਼ੀ ਵਿਰੁੱਧ ਕੈਨੇਡਾ ਦੇ ਸੂਬੇ ਉਂਟਾਰੀਓ ਦੀ ਵਿਧਾਨ ਸਭਾ ਵੱਲੋਂ ਪਾਸ ਕੀਤੇ ਮਤੇ ਦੀ ਭਾਰਤ ਸਰਕਾਰ ਨੇ ਸਖਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਇਸ ਮਤੇ ਨੂੰ ਰੱਦ ਕਰ ਦਿੱਤਾ ਹੈ। ਵਿਦੇਸ਼ ਵਿਭਾਗ ਦੇ ਬੁਲਾਰੇ ਗੋਪਾਲ ਬਾਗਲੇ ਨੇ ਕਿਹਾ ਕਿ ਕਿਹਾ ਕਿ ਭਾਰਤ ਦੇ ਪੱਖ ਤੋਂ ਕੈਨੇਡਾ ਸਰਕਾਰ ਅਤੇ ਰਾਜਸੀ ਆਗੂਆਂ ਨੂੰ ਜਾਣੂ ਕਰਵਾ ਦਿੱਤਾ ਹੈ।

# ਅਮਰੀਕਾ 'ਚ ਵਿਸਾਖੀ ਨੂੰ ਕੌਮੀ ਮਾਨਤਾ

**ਕਨੈਕਟੀਕਟ:** ਅਮਰੀਕਾ ਦੇ ਕਨੈਕਟੀਕਟ ਸਿਟੀ ਆਫ ਨਾਰਵਿਚ ਵਿਚ ਖਾਲਸੇ ਦੇ ਸਿਰਜਣਾ ਦਿਹਾੜੇ ਵਿਸਾਖੀ ਨੂੰ ਕੌਮੀ ਦਿਨ ਵਜੋਂ ਮਨਾਇਆ ਜਾਵੇਗਾ। ਇਹ ਐਲਾਨ ਕਨੈਕਟੀਕਟ ਸਟੇਟ ਮੇਅਰ ਡੈਬ ਹੈਨਰੀ ਨੇ ਸਿਟੀ ਹਾਲ ਨਾਰਵਿਚ ਪ੍ਰੋਗਰਾਮ ਦੌਰਾਨ ਗੁਰਦੁਆਰਿਆਂ ਦੇ ਪ੍ਰਬੰਧਕਾਂ ਦੀ ਹਾਜ਼ਰੀ ਵਿਚ ਕੀਤਾ।

ਮੇਅਰ ਡੈਬ ਹੈਨਰੀ ਨੇ ਕਿਹਾ ਕਿ ਸਵਰਨਜੀਤ ਸਿੰਘ ਖਾਲਸਾ ਮੈਂਬਰ ਪਲੈਨਿੰਗ ਬੋਰਡ ਨਾਰਵਿਚ, ਮੈਂਬਰ ਡਿਪਾਰਟਮੈਂਟ ਆਫ ਜਸਟਿਸ ਤੇ ਪ੍ਰਧਾਨ ਇੰਟਰਨੈਸ਼ਨਲ ਸਿੱਖ ਸੇਵਕ ਸੁਸਾਇਟੀ ਯੂ.ਐਸ.ਏ. ਯੂਨਿਟ ਦੀਆਂ ਸੇਵਾਵਾਂ ਅਮਰੀਕਾ ਦੇ ਹਿੱਤਾਂ ਲਈ ਸ਼ਲਾਘਾਯੋਗ ਹਨ ਤੇ ਉਹ ਲਗਾਤਾਰ ਮਨੁੱਖੀ ਹਿੱਤਾਂ ਦੇ ਲਈ ਤੇ ਨਸਲਵਾਦ ਵਿਰੁੱਧ ਲਗਾਤਾਰ ਸੰਘਰਸ਼ ਕਰ ਰਹੇ ਹਨ।

ਜਾਣਕਾਰੀ ਮੁਤਾਬਕ ਸਮੁੱਚੀਆਂ ਪੰਥਕ ਧਿਰਾਂ ਵੱਲੋਂ ਵਿਸਾਖੀ ਨੂੰ ਨੈਸ਼ਨਲ ਡੇਅ ਵਜੋਂ ਮਨਾਉਣ ਸਬੰਧੀ ਐਲਾਨਨਾਮਾ ਮੇਅਰ ਡੈਬ ਹੈਨਰੀ ਨੂੰ ਸੌਂਪਿਆ ਗਿਆ ਸੀ। ਇਸ ਪਿੱਛੋਂ ਵਿਚਾਰ ਤੋਂ ਬਾਅਦ ਮੇਅਰ ਵੱਲੋਂ ਇਸ ਨੂੰ ਪ੍ਰਵਾਨ ਕਰ ਲਿਆ ਗਿਆ। ਐਲਾਨਨਾਮੇ ਵਿਚ ਦੱਸਿਆ ਗਿਆ ਕਿ ਸਿੱਖ ਪੰਜਾਬ ਦੇ ਵਸਨੀਕ ਹਨ। ਵੱਖਰੀ ਹੋਂਦ ਰੱਖਦੇ ਹਨ ਤੇ ਕਿਸੇ ਹੋਰ ਧਰਮ ਦਾ ਹਿੱਸਾ ਨਹੀਂ ਹਨ।




ਉਨ੍ਹਾਂ ਇਹ ਵੀ ਦੱਸਿਆ ਕਿ ਸਿੱਖ ਧਰਮ 5ਵੇਂ ਸਭ ਤੋਂ ਵੱਡੇ ਧਰਮ ਵਜੋਂ ਜਾਣਿਆ ਜਾਂਦਾ ਹੈ। ਸਿੱਖ ਕੌਮ ਨੇ ਅਮਰੀਕਾ ਦੇ ਆਰਥਿਕ, ਸਮਾਜਿਕ ਵਿਕਾਸ ਵਿਚ ਅਹਿਮ ਯੋਗਦਾਨ ਪਾਇਆ ਹੈ, ਅਮਰੀਕਾ ਵਿਚ ਕੁਦਰਤੀ ਆਫਤਾਂ ਮੌਕੇ ਗੁਰਦੁਆਰੇ ਤੇ ਸਿੱਖ ਭਾਈਚਾਰੇ ਦੇ ਲੋਕ ਅਹਿਮ ਭੂਮਿਕਾ ਨਿਭਾਉਂਦੇ ਹਨ। ਇਸ ਲਈ 14 ਅਪਰੈਲ ਨੂੰ ਖਾਲਸਾ ਪੰਥ ਦਾ ਸਿਰਜਣਾ ਦਿਵਸ ਨੈਸ਼ਨਲ ਸਿੱਖ ਡੇਅ ਦੇ ਵਜੋਂ ਐਲਾਨਿਆ ਜਾਵੇ। ਜਿਸ ਤੋਂ ਬਾਅਦ ਸਿੱਖਾਂ ਦੀ ਇਹ ਮੰਗ ਮੰਨ ਲਈ ਗਈ, ਸਿੱਖ ਭਾਈਚਾਰੇ ਨੇ ਮੇਅਰ ਦੇ ਇਸ ਐਲਾਨ ਦਾ ਸਵਾਗਤ ਕੀਤਾ ਹੈ।

# ਕੈਪਟਨ ਸਰਕਾਰ ਪਾਵੇਗੀ ਸਾਰਾਗੜ੍ਹੀ ਦੇ ਸ਼ਹੀਦਾਂ ਦੀ ਕੁਰਬਾਨੀ ਦਾ ਮੁੱਲ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਸਾਰਾਗੜ੍ਹੀ ਦੇ ਸ਼ਹੀਦਾਂ ਦੇ ਜੱਦੀ ਪਿੰਡਾਂ 'ਚ ਉਨ੍ਹਾਂ ਦੀ ਯਾਦ ਨੂੰ ਸਪਰਪਤ ਯਾਦਗਾਰਾਂ ਬਣਾਈਆਂ ਜਾਣਗੀਆਂ।

ਕੈਪਟਨ ਨੇ ਆਪਣੀ ਕਿਤਾਬ 'ਸਾਰਾਗੜ੍ਹੀ ਐਂਡ ਦ ਡਿਫੈਂਸ ਆਫ ਸਮਾਣਾ ਫੋਰਟਜ਼,' ਦਾ ਥਰਟੀਸਿਕਥ ਸਿੱਖਸ ਇਨ ਦਾ ਤਿਰਾਹ ਕੈਂਪੇਨ 1897-98' ਨੂੰ ਲੋਕ ਅਰਪਣ ਕਰਦੇ ਸਮੇਂ ਕਿਹਾ ਕਿ ਇਹ ਕਿਤਾਬ ਸਿੱਖ ਰੈਜੀਮੈਂਟ ਦੇ ਉਨ੍ਹਾਂ ਬਹਾਦਰ 21 ਸ਼ਹੀਦਾਂ ਨੂੰ ਸ਼ਰਧਾਂਜਲੀ ਹੈ ਜਿਨ੍ਹਾਂ ਹਵਲਦਾਰ ਈਸ਼ਰ ਸਿੰਘ ਦੀ ਅਗਵਾਈ ਵਿਚ ਇਕ ਅਜਿਹੀ ਜੰਗ ਲੜਦਿਆਂ ਸ਼ਹਾਦਤ ਦਾ ਜਾਮ ਪੀਤਾ ਜੋ ਅੱਜ ਤੱਕ ਦੇ ਯੁੱਧਾਂ ਵਿਚ ਮਹਾਨ ਸਥਾਨ ਰੱਖਦੀ ਹੈ। ਇਹ ਕਿਤਾਬ ਸਮਰਪਤ ਹੈ ਉਸ ਬਹਾਦਰ ਨੂੰ ਜਿਸ ਨੂੰ 'ਦਾਦ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ ਅਤੇ ਜਿਸ ਨੇ ਜੰਗ ਦੇ ਅਖੀਰਲੇ ਪਲਾਂ ਦੌਰਾਨ ਸ਼ਹੀਦ ਹੋਣ ਤੋਂ ਪਹਿਲਾਂ ਸੂਰਮਿਆਂ ਵਾਂਗ ਜੂਝਦਿਆਂ ਕਈ ਕਬਾਇਲੀ ਹਮਲਾਵਰਾਂ ਨੂੰ ਮੌਤ ਦੇ ਘਾਟ



ਉਤਾਰਿਆ। ਕਿਤਾਬ ਦੇ ਲੋਕ ਅਰਪਣ ਦੌਰਾਨ ਅਦਾਕਾਰ ਰਣਦੀਪ ਹੁੱਡਾ ਨੇ ਸਾਰਗੜ੍ਹੀ ਦੀ ਲੜਾਈ 'ਤੇ ਆਧਾਰਤ ਫਿਲਮ ਵਿਚ ਹਵਲਦਾਰ ਈਸ਼ਰ ਸਿੰਘ ਦੀ ਭੂਮਿਕਾ ਨੂੰ ਮੂਰਤੀਮਾਨ ਕੀਤਾ। ਕੈਪਟਨ ਅਮਰਿੰਦਰ ਸਿੰਘ ਨੇ ਭਾਵੁਕ ਹੁੰਦਿਆਂ ਆਖਿਆ ਕਿ ਇਹ ਇਕ ਅਨਕਹੀ ਕਹਾਣੀ ਸੀ ਜੋ ਬਹੁਤ ਚਿਰ ਤੋਂ ਆਪਣੇ ਕਹਾਣੀਕਾਰ ਨੂੰ ਉਡੀਕ ਰਹੀ ਸੀ। ਹਾਲਾਂਕਿ ਸਾਰਾਗੜ੍ਹੀ ਦੀ ਲੜਾਈ ਬਾਰੇ ਬਹੁਤ ਸਾਰੀਆਂ ਕਿਤਾਬਾਂ ਤੇ ਲੇਖ ਲਿਖੇ ਗਏ ਹਨ, ਪਰ ਤਿਰਾਹ ਮੁਹਿੰਮ ਮੁਕੰਮਲ ਤੌਰ 'ਤੇ ਬਿਆਨ ਹੋਣ ਤੋਂ ਵਾਂਝੀ ਹੀ ਰਹਿ ਗਈ।

## ਭਾਰਤ ਸਰਕਾਰ ਵੀ ਕਰੇ ਪਹਿਲ : ਬਡੂੰਗਰ

**ਅੰਮ੍ਰਿਤਸਰ:** ਅਮਰੀਕਾ ਵਿਚ ਵਿਸਾਖੀ ਦੇ ਦਿਹਾੜੇ ਨੂੰ 'ਸਿੱਖ ਕੌਮੀ ਦਿਵਸ' ਵਜੋਂ ਮਨਾਉਣ ਦਾ ਰਾਹ ਪੱਧਰਾ ਹੋਣ ਮਗਰੋਂ ਸ਼੍ਰੋਮਣੀ ਕਮੇਟੀ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਭਾਰਤ ਵਿਚ ਇਸ ਦਿਵਸ ਨੂੰ ਸਿੱਖ ਕੌਮੀ ਦਿਵਸ ਵਜੋਂ ਮਾਨਤਾ ਦਿੱਤੀ ਜਾਵੇ।



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਆਖਿਆ ਕਿ ਇਸੇ ਫੈਸਲੇ ਦੀ ਰੌਸ਼ਨੀ ਵਿਚ ਸ਼੍ਰੋਮਣੀ ਕਮੇਟੀ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਵਿਸਾਖੀ ਨੂੰ ਦੇਸ਼ ਵਿਚ ਸਿੱਖ ਕੌਮੀ ਦਿਵਸ ਵਜੋਂ ਮਾਨਤਾ ਦਿੱਤੀ ਜਾਵੇ।

## 'ਟਰਨਬੁਲ ਸਰਕਾਰ ਸਰਕਾਰ ਦੇਵੇ 'ਵਿਸਾਖੀ' ਨੂੰ ਮਾਨਤਾ'

**ਸਿਡਨੀ:** ਲਿਬਰਲ ਪਾਰਟੀ ਆਸਟਰੇਲੀਆ ਦੇ ਮੈਂਬਰ ਤੇ ਕੀਟ-ਵਿਗਿਆਨੀ ਡਾ. ਅਮਰਜੀਤ ਟਾਂਡਾ ਨੇ ਮੰਗ ਕੀਤੀ ਹੈ ਕਿ ਆਸਟਰੇਲੀਆ ਦੀ ਟਰਨਬੁਲ ਸਰਕਾਰ ਅਮਰੀਕਾ ਦੀ ਤਰਜ਼ 'ਤੇ ਵਿਸਾਖੀ ਦੇ ਤਿਉਹਾਰ ਨੂੰ ਸਿੱਖਾਂ ਦੇ ਕੌਮੀ ਦਿਹਾੜੇ ਵਜੋਂ ਮਾਨਤਾ ਦੇਵੇ।

ਉਨ੍ਹਾਂ ਅਮਰੀਕੀ ਸੈਨੇਟ ਦੇ ਇਜਲਾਸ ਵਿਚ ਸਿੱਖਾਂ ਦੇ ਤਿਉਹਾਰ ਵਿਸਾਖੀ ਨੂੰ ਮਾਨਤਾ ਦੇਣ ਲਈ ਪਾਏ ਮਤੇ ਨੂੰ ਸਿੱਖ ਕੌਮੀ ਲਈ ਖ਼ੁਸ਼ ਖ਼ਬਰ ਦੱਸਿਆ ਹੈ। ਉਨ੍ਹਾਂ ਕਿਹਾ ਕਿ ਇਹ ਮਤਾ ਪੈਣ ਨਾਲ ਅਮਰੀਕਾ ਵਿਚ ਵਿਸਾਖੀ ਨੂੰ 'ਕੌਮੀ ਸਿੱਖ ਦਿਹਾੜੇ' ਵਜੋਂ ਨਿਰਧਾਰਤ ਕਰਨ ਦਾ ਰਾਹ ਖੁੱਲ੍ਹ ਗਿਆ ਹੈ।

# ਡੇਰਾ ਮੁਆਫੀ ਬਾਰੇ ਡੇਢ ਸਾਲ ਪਿੱਛੋਂ ਸਪਸ਼ਟੀਕਰਨ

**ਚੰਡੀਗੜ੍ਹ:** ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਗੁਰਮੁਖ ਸਿੰਘ ਨੇ 2015 ਵਿਚ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਬਾਰੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਚਿੱਠੀ ਭੇਜਣ ਦੇ ਮਾਮਲੇ ਦੀ ਜਾਂਚ ਮੰਗੀ ਹੈ। ਗਿਆਨੀ ਗੁਰਮੁਖ ਸਿੰਘ ਨੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਲੈਟਰ ਹੈੱਡ 'ਤੇ ਇਕ ਪ੍ਰੈਸ ਨੋਟ ਜਾਰੀ ਕਰਦਿਆਂ ਆਪਣੇ 'ਤੇ ਲੱਗੇ ਇਲਜ਼ਾਮਾਂ ਸਬੰਧੀ ਸਪੱਸ਼ਟੀਕਰਨ ਜਾਰੀ ਕੀਤਾ ਹੈ।

ਮਾਮਲੇ ਤੋਂ ਤਕਰੀਬਨ ਡੇਢ ਸਾਲ ਬਾਅਦ ਸਪਸ਼ਟੀਕਰਨ ਦਿੰਦਿਆਂ ਗਿਆਨੀ ਗੁਰਮੁਖ ਸਿੰਘ ਨੇ ਕਿਹਾ ਹੈ ਕਿ ਸਾਲ 2015 ਵਿਚ ਭਾਰਤ ਸਰਕਾਰ ਦੀਆਂ ਏਜੰਸੀਆਂ ਨੇ ਉਨ੍ਹਾਂ ਖਿਲਾਫ ਸਿਰਸੇ ਵਾਲੇ ਤੋਂ ਅਕਾਲ ਤਖਤ ਸਾਹਿਬ ਚਿੱਠੀ ਲਿਆਉਣ ਅਤੇ ਮੁੰਬਈ ਵਿਚ ਅਦਾਕਾਰ ਅਕਸ਼ੇ ਕੁਮਾਰ ਦੇ ਘਰ ਵਿਚ ਸੁਖਬੀਰ ਬਾਦਲ ਨਾਲ ਮੁਲਾਕਾਤ ਅਤੇ ਬਾਦਲ ਸਰਕਾਰ ਵੱਲੋਂ ਆਲੀਸ਼ਾਨ ਸਹੂਲਤਾਂ ਆਦਿ ਦੇਣ ਦਾ ਝੂਠਾ ਪ੍ਰਚਾਰ ਕੀਤਾ ਸੀ, ਜਦਕਿ ਹਕੀਕਤ ਵਿਚ ਅਜਿਹਾ ਕੁਝ ਨਹੀਂ ਹੈ। ਡੇਢ ਸਾਲ ਬਾਅਦ ਸਪਸ਼ਟੀਕਰਨ ਦੇਣ ਬਾਰੇ ਉਨ੍ਹਾਂ ਕਿਹਾ ਉਨ੍ਹਾਂ ਜਨਵਰੀ 2016 ਵਿਚ ਸਪਸ਼ਟੀਕਰਨ ਕਰਦਿਆਂ ਆਪਣੇ ਖਿਲਾਫ ਲੱਗੇ



ਇਲਜ਼ਾਮਾਂ ਦੇ ਸਬੂਤ ਪੇਸ਼ ਕਰਨ ਦੀ ਗੱਲ ਕੀਤੀ ਸੀ, ਪਰ ਕਿਸੇ ਵੱਲੋਂ ਕੋਈ ਸਬੂਤ ਨਾ ਪੇਸ਼ ਕੀਤਾ ਗਿਆ।

ਗਿਆਨੀ ਗੁਰਮੁਖ ਸਿੰਘ ਨੇ ਮੰਗ ਕੀਤੀ ਹੈ ਕਿ ਸਿਰਸੇ ਵਾਲੇ ਤੋਂ ਅਕਾਲ ਤਖਤ ਸਾਹਿਬ ਚਿੱਠੀ ਕੌਣ ਲੈ ਕੇ ਆਇਆ ਸੀ, ਇਸ ਗੱਲ ਦੀ ਪੂਰੀ ਪੜਤਾਲ ਹੋਣੀ ਚਾਹੀਦੀ ਹੈ ਤਾਂ ਕਿ ਉਨ੍ਹਾਂ ਨੂੰ ਆਪਣੇ ਖਿਲਾਫ ਲੱਗੇ ਝੂਠੇ ਇਲਜ਼ਾਮਾਂ ਤੋਂ ਛੁਟਕਾਰਾ ਮਿਲ ਸਕੇ ਅਤੇ ਅਸਲ ਗੁਨਾਹਗਾਰ ਸਾਹਮਣੇ ਆ ਸਕੇ। ਯਾਦ ਕਰਾ ਦਈਏ ਕਿ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਸਿਰਸੇ ਵਾਲੇ ਨੂੰ ਮੁਆਫ ਕਰਨ ਦੇ ਭਖੇ ਮਾਮਲੇ ਤੋਂ ਬਾਅਦ ਗਿਆਨੀ ਗੁਰਮੁਖ ਸਿੰਘ 'ਤੇ ਦੋਵਾਂ ਧਿਰਾਂ (ਸ੍ਰੀ ਅਕਾਲ ਤਖਤ ਸਾਹਿਬ ਤੇ ਸਿਰਸਾ ਮੁਖੀ) ਵਿਚਕਾਰ ਸੁਲਹ ਕਰਵਾਉਣ ਦੇ ਇਲਜ਼ਾਮ ਲੱਗੇ ਸਨ, ਜਿਸ ਤੋਂ ਬਾਅਦ ਦੁਨੀਆਂ ਭਰ 'ਚ ਵਸਦੇ ਸਿੱਖਾਂ ਨੇ ਗਿਆਨੀ ਗੁਰਮੁਖ ਸਿੰਘ ਖਿਲਾਫ ਰੋਸ ਜ਼ਾਹਰ ਕੀਤਾ ਸੀ। ਗਿਆਨੀ ਗੁਰਮੁਖ ਸਿੰਘ ਆਪਣੇ ਉੱਤੇ ਲੱਗੇ ਇਲਜ਼ਾਮਾਂ ਨੂੰ ਸਾਬਤ ਕਰਨ ਦੀ ਚੁਣੌਤੀ ਦਿੰਦੇ ਹੋਏ ਜਾਂਚ ਕਰਨ ਦੀ ਮੰਗ ਕਰ ਰਹੇ ਹਨ।

# ਕੈਪਟਨ ਵੱਲੋਂ ਲਿਹਾਜ਼ੀਆਂ ਨੂੰ 'ਸੈਟ' ਕਰਨ ਦੀਆਂ ਤਿਆਰੀਆਂ

**ਚੰਡੀਗੜ੍ਹ:** ਭਾਰੀ ਬਹੁਮਤ ਨਾਲ ਸੱਤਾ ਵਿਚ ਆਈ ਕਾਂਗਰਸ ਨੇ ਸਾਦਾ ਸਹੁੰ ਚੁੱਕ ਸਮਾਗਮ ਕਰ ਕੇ ਪੰਜਾਬੀਆਂ ਨੂੰ ਚੰਗਾ ਸੁਨੇਹਾ ਦਿੱਤਾ ਸੀ। ਹਰ ਪਾਸੇ ਕਾਂਗਰਸ ਦੇ ਇਸ ਕਦਮ ਦੀ ਸ਼ਲਾਘਾ ਹੋਈ। ਇਸ ਤੋਂ ਕੁਝ ਦਿਨਾਂ ਬਾਅਦ ਕੈਪਟਨ ਸਰਕਾਰ ਵੱਲੋਂ ਸਲਾਹਕਾਰਾਂ ਦੀ ਫੌਜ ਖੜ੍ਹੀ ਕਰਨ ਬਾਰੇ ਸਵਾਲ ਖੜ੍ਹੇ ਹੋਣ ਲੱਗ ਪਏ ਹਨ। ਹੁਣ ਆਪਣੇ ਵਿਧਾਇਕਾਂ ਨੂੰ ਸੱਤਾ ਦਾ ਲਾਹਾ ਦੇਣ ਲਈ ਮੁੱਖ ਪਾਰਲੀਮਾਨੀ ਸਕੱਤਰ (ਸੀ.ਪੀ.ਐਸ.) ਤੇ ਪਾਰਲੀਮਾਨੀ ਸਕੱਤਰ (ਪੀ.ਐਸ.) ਸ਼ਾਮਲ ਕਰਨ ਜਾ ਰਹੀ ਹੈ। ਇਨ੍ਹਾਂ ਦੀਆਂ ਤਨਖਾਹਾਂ ਤੇ ਭੱਤੇ ਖਾਲੀ ਖਜ਼ਾਨੇ 'ਤੇ ਬੋਝ ਵਧਾਉਣਗੇ।

ਇੰਨਾ ਹੀ ਨਹੀਂ ਕਾਨੂੰਨ ਮਾਹਿਰ ਵੀ ਸਰਕਾਰ ਦੇ ਇਸ ਫੈਸਲੇ ਨੂੰ ਸੰਵਿਧਾਨ ਦੀ ਉਲੰਘਣਾ ਦੱਸ ਰਹੇ ਹਨ। ਨਾਮੀ ਵਕੀਲ ਐਚ.ਸੀ. ਅਰੋੜਾ ਨੇ ਕਿਹਾ ਕਿ ਸਰਕਾਰ ਦਾ ਇਹ ਕਦਮ ਸੰਵਿਧਾਨ ਦੀ ਧਾਰਾ 164 ਦਾ ਉਲੰਘਣ ਹੈ, ਜਿਸ ਤਹਿਤ ਕੁੱਲ ਚੁਣੇ ਹੋਏ ਨੁਮਾਇੰਦਿਆਂ ਦੇ 15 ਫੀਸਦੀ ਨੂੰ ਹੀ ਕੈਬਨਿਟ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ। ਜੇ ਪੰਜਾਬ ਸਰਕਾਰ ਵੱਲੋਂ ਵਿਧਾਇਕਾਂ ਨੂੰ ਪਾਰਲੀਮਾਨੀ ਸਕੱਤਰ ਨਿਯੁਕਤ ਕੀਤਾ ਜਾਂਦਾ ਹੈ ਤਾਂ ਇਸ ਨੂੰ ਅਦਾਲਤ ਦੀ ਤੌਹੀਨ ਮੰਨਿਆ ਜਾਵੇਗਾ।



ਸੂਤਰਾਂ ਮੁਤਾਬਕ ਸਰਕਾਰ ਨੇ ਇਸ ਸਮੱਸਿਆ ਦਾ ਵੀ ਹੱਲ ਕੱਢ ਲਿਆ ਹੈ। ਸਰਕਾਰ ਵੱਲੋਂ 'ਪੰਜਾਬ ਚੀਫ ਪਾਰਲੀਮੈਂਟਰੀ ਸੈਕਟਰੀ ਐਂਡ ਪਾਰਲੀਮੈਂਟਰੀ ਸੈਕਟਰੀ (ਅਪਾਇੰਟਮੈਂਟ, ਸੈਲਰੀਜ਼, ਅਲਾਊਂਸਿਜ਼, ਪਾਵਰ, ਪ੍ਰਿਵਿਲਿਜ ਐਂਡ ਅਮੇਨਿਟੀਜ਼) ਬਿਲ' ਨੂੰ ਕਾਨੂੰਨੀ ਰੂਪ ਦੇਣ ਲਈ ਆਰਡੀਨੈਂਸ ਜਾਰੀ ਕੀਤਾ ਜਾ ਰਿਹਾ ਹੈ।

ਸਰਕਾਰ ਨੇ ਕਾਨੂੰਨੀ ਰਾਇ ਲੈਣ ਤੋਂ ਬਾਅਦ ਫੈਸਲਾ ਕੀਤਾ ਹੈ ਕਿ ਇਹ ਬਿਲ ਹੁਣ ਵਿਧਾਨ ਸਭਾ ਦੇ ਬਜਟ ਸੈਸ਼ਨ ਵਿਚ ਪੇਸ਼ ਕੀਤਾ ਜਾਵੇਗਾ, ਜੋ ਆਗਾਮੀ ਜੂਨ ਵਿਚ ਹੋਵੇਗਾ। ਗੌਰਤਲਬ ਹੈ ਕਿ ਕੋਈ ਵੀ ਆਰਡੀਨੈਂਸ ਸਿਰਫ ਛੇ ਮਹੀਨਿਆਂ ਲਈ ਵਾਜਬ ਹੁੰਦਾ ਹੈ ਤੇ ਉਸ ਤੋਂ ਬਾਅਦ ਇਸ ਦੀ ਕਾਨੂੰਨੀ ਮਾਨਤਾ ਕਾਇਮ ਰੱਖਣ ਲਈ ਇਸ ਨੂੰ ਵਿਧਾਨ ਸਭਾ ਤੋਂ ਪਾਸ ਕਰਾਉਣਾ ਪੈਂਦਾ ਹੈ।

ਮੁੱਖ ਪਾਰਲੀਮਾਨੀ ਤੇ ਪਾਰਲੀਮਾਨੀ ਸਕੱਤਰਾਂ ਦੀ ਨਿਯੁਕਤੀ ਸਬੰਧੀ ਤਜਵੀਜ਼ਤ ਬਿਲ ਤਹਿਤ ਸੀ.ਪੀ.ਐਸ. ਦੀ ਤਨਖਾਹ 40 ਹਜ਼ਾਰ ਰੁਪਏ ਅਤੇ ਪੀ.ਐਸ. ਦੀ 35 ਹਜ਼ਾਰ ਰੁਪਏ ਮਿਥੀ ਗਈ ਹੈ। ਨਾਲ ਹੀ 50 ਹਜ਼ਾਰ ਰੁਪਏ ਮਾਸਕ ਮਕਾਨ ਕਿਰਾਇਆ ਭੱਤਾ ਤੇ ਸਰਕਾਰੀ ਨਿਯਮਾਂ ਮੁਤਾਬਕ ਸਫਰ ਭੱਤਾ ਵੀ ਮਿਲੇਗਾ। ਤਜਵੀਜ਼ਤ ਬਿੱਲ ਮੁਤਾਬਕ ਉਨ੍ਹਾਂ ਨੂੰ ਮੰਤਰੀਆਂ ਨਾਲ ਜੋੜਿਆ ਜਾਵੇਗਾ, ਪਰ ਉਹ ਕਿਸੇ ਸਰਕਾਰੀ ਫਾਇਲ ਉਤੇ ਦਸਤਖਤ ਨਹੀਂ ਕਰ ਸਕਣਗੇ।

## ਹਿਮਾਚਲ ਪ੍ਰਦੇਸ਼ ਦੀ ਤਰਜ਼ 'ਤੇ ਨਿਯੁਕਤੀਆਂ

**ਚੰਡੀਗੜ੍ਹ:** ਸੁਪਰੀਮ ਕੋਰਟ ਤੋਂ ਰਾਹਤ ਨਾ ਮਿਲਣ ਕਾਰਨ ਪਿਛਲੀ ਅਕਾਲੀ-ਭਾਜਪਾ ਸਰਕਾਰ ਦੇ ਮੁੱਖ ਪਾਰਲੀਮਾਨੀ ਸਕੱਤਰਾਂ ਨੂੰ ਅਹੁਦਿਆਂ ਤੋਂ ਵੱਖ ਹੋਣਾ ਪਿਆ ਸੀ। ਹੁਣ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਹਿਮਾਚਲ ਪ੍ਰਦੇਸ਼ ਦੀ ਤਰਜ਼ ਉਤੇ ਇਕ ਕਾਨੂੰਨ ਰਾਹੀਂ ਇੱਕ ਮੁੱਖ ਪਾਰਲੀਮਾਨੀ ਸਕੱਤਰ ਅਤੇ 20 ਪਾਰਲੀਮਾਨੀ ਸਕੱਤਰ ਨਿਯੁਕਤ ਕਰਨ ਦੀ ਤਿਆਰੀ ਕਰ ਲਈ ਹੈ। ਪਾਰਲੀਮਾਨੀ ਸਕੱਤਰਾਂ ਦੀ ਵੱਡੇ ਪੱਧਰ ਉਤੇ ਨਿਯੁਕਤੀ ਦਾ ਰੁਝਾਨ ਸੰਵਿਧਾਨ ਦੇ ਅਨੁਛੇਦ 164 (1ਏ) ਦੇ ਤਹਿਤ ਮੰਤਰੀ ਮੰਡਲ ਦਾ ਆਕਾਰ ਨਿਸ਼ਚਿਤ ਕਰ ਦੇਣ ਤੋਂ ਬਾਅਦ ਵਧਣ ਲੱਗਿਆ। ਸੰਵਿਧਾਨਕ ਤੌਰ ਉਤੇ ਹੁਣ ਮੰਤਰੀ ਮੰਡਲ ਦੇ ਮੈਂਬਰਾਂ ਦੀ ਕੁਲ ਗਿਣਤੀ ਕਿਸੇ ਸੂਬੇ ਦੇ ਵਿਧਾਨ ਸਭਾ ਮੈਂਬਰਾਂ ਦੀ ਗਿਣਤੀ ਦੇ ਪੰਦਰਾਂ ਫੀਸਦੀ ਤੋਂ ਵੱਧ ਨਹੀਂ ਹੋ ਸਕਦੀ। ਪੰਜਾਬ ਵਿਚ ਮੁੱਖ ਮੰਤਰੀ ਸਮੇਤ 18 ਮੰਤਰੀ ਹੀ ਹੋ ਸਕਦੇ ਹਨ।

# ਜੰਮੂ ਕਸ਼ਮੀਰ ਵਿਚ ਪੱਥਰਬਾਜ਼ਾਂ ਨੂੰ ਠੱਲ੍ਹਣ ਲਈ ਹੁਣ ਬਦਬੂ ਦੇ ਗੋਲੇ



**ਸ੍ਰੀਨਗਰ:** ਜੰਮੂ-ਕਸ਼ਮੀਰ ਵਿਚ ਹਿੰਸਕ ਰੋਸ ਵਿਖਾਵਿਆਂ ਦੌਰਾਨ ਜਾਨੀ ਨੁਕਸਾਨ ਨੂੰ ਘਟਾਉਣ ਲਈ ਸਲਾਮਤੀ ਦਸਤਿਆਂ ਵੱਲੋਂ ਪੱਥਰਬਾਜ਼ਾਂ ਨੂੰ ਕਾਬੂ ਕਰਨ ਲਈ ਰਬੜ ਦੀਆਂ ਗੋਲੀਆਂ ਅਤੇ ਤਿੱਖੀ ਬਦਬੂ ਪੈਦਾ ਕਰਨ ਵਾਲੇ ਗੋਲੇ ਵਰਤੇ ਜਾਣਗੇ। ਉਂਜ ਇਸ ਦੌਰਾਨ ਗੈਰ-ਮਾਰੂ ਹਥਿਆਰਾਂ ਦੇ ਵਰਗ ਵਿਚ ਆਖਰੀ ਵਿਕਲਪ ਵਜੋਂ ਪੈਲੇਟ ਗੰਨਾਂ ਦਾ ਇਸਤੇਮਾਲ ਕੀਤਾ ਜਾਂਦਾ ਰਹੇਗਾ। ਗੌਰਤਲਬ ਹੈ ਕਿ ਸੁਪਰੀਮ ਕੋਰਟ ਨੇ ਕੇਂਦਰ ਤੇ ਜੰਮੂ-ਕਸ਼ਮੀਰ ਸਰਕਾਰਾਂ ਨੂੰ ਵਾਦੀ ਵਿਚ ਪੈਲੇਟ ਗੰਨਾਂ ਦੇ ਬਦਲ ਤਲਾਸ਼ਣ ਲਈ ਕਿਹਾ ਸੀ। ਇਸ ਤੋਂ ਬਾਅਦ ਇਸ ਮੁਤੱਲਕ ਵਿਚਾਰ-ਵਟਾਂਦਰੇ ਜਾਰੀ ਸਨ, ਜਿਸ ਦੌਰਾਨ ਅਮਨ-ਕਾਨੂੰਨ ਦੀ ਸਮੱਸਿਆ ਨਾਲ ਸਿੱਝਣ ਲਈ ਜ਼ਮੀਨ ਪੱਧਰ ਉਤੇ ਕੰਮ ਕਰਨ ਵਾਲੇ ਦਸਤਿਆਂ ਦੀ ਰਾਇ ਵੀ ਲਈ ਗਈ।

ਸਰਕਾਰੀ ਸੂਤਰਾਂ ਨੇ ਕਿਹਾ ਕਿ ਬੇਕਾਬੂ ਹਾਲਾਤ ਦੌਰਾਨ ਗੋਲੀ ਚਲਾਉਣ ਦੇ ਹੁਕਮ ਦੇਣ ਤੋਂ ਪਹਿਲਾਂ ਪੈਲੇਟ ਗੰਨਾਂ ਦੀ ਆਖਰੀ ਹਥਿਆਰ ਵਜੋਂ ਵਰਤੋਂ ਜਾਰੀ ਰਹੇਗੀ।

# ਯੂ.ਐਨ. ਦੀ ਭਾਰਤ ਅਤੇ ਪਾਕਿਸਤਾਨ ਨੂੰ ਸਲਾਹ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਨੇ ਭਾਰਤ ਤੇ ਪਾਕਿਸਤਾਨ ਨੂੰ ਆਪਣੇ ਮਸਲਿਆਂ ਦਾ ਹੱਲ ਸੰਵਾਦ ਰਾਹੀਂ ਅਮਨ ਅਮਾਨ ਨਾਲ ਕੱਢਣ ਲਈ ਕਿਹਾ ਹੈ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਦੇ ਸਹਿ ਬੁਲਾਰੇ ਐਰੀ ਕਾਨੇਕੋ ਨੇ ਕਿਹਾ ਕਿ ਭਾਰਤ ਤੇ ਪਾਕਿਸਤਾਨ ਵਿਚ ਯੂ. ਐਨ. ਦਾ ਫੌਜੀ ਨਿਰੀਖਕ ਗਰੁੱਪ ਕੰਟਰੋਲ ਲਕੀਰ ਦੇ ਪਾਕਿਸਤਾਨ ਦੇ ਕਬਜ਼ੇ ਵਾਲੇ ਇਲਾਕੇ ਵਿਚ ਗੋਲੀਬੰਦੀ ਦੀ ਉਲੰਘਣਾ ਦੀ ਜਾਂਚ ਕਰ ਰਿਹਾ ਹੈ।

# ਠੇਕਿਆਂ ਦੀ ਨਿਲਾਮੀ ਨਾਲ ਪੰਜਾਬ ਸਰਕਾਰ ਮਾਲੋਮਾਲ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਠੇਕਿਆਂ ਦੀ ਨਿਲਾਮੀ ਤੋਂ ਮਿਥੇ ਟੀਚੇ ਨਾਲੋਂ 28 ਕਰੋੜ ਰੁਪਏ ਵੱਧ ਪ੍ਰਾਪਤ ਕਰ ਕੇ ਠੇਕਿਆਂ ਦੀ ਨਿਲਾਮੀ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹ ਲਿਆ ਹੈ। ਆਬਕਾਰੀ ਵਿਭਾਗ ਨੇ ਸੁਪਰੀਮ ਕੋਰਟ ਦੇ ਹੁਕਮਾਂ ਅਤੇ ਠੇਕਿਆਂ ਦੀ ਪੰਜ ਫੀਸਦੀ ਗਿਣਤੀ ਘਟਾਉਣ ਬਾਅਦ 1701 ਕਰੋੜ ਰੁਪਏ ਦੀ ਰਿਜ਼ਰਵ ਕੀਮਤ ਰੱਖੀ ਸੀ, ਪਰ 1729 ਕਰੋੜ ਦਾ ਮਾਲੀਆ ਪ੍ਰਾਪਤ ਕਰ ਲਿਆ ਗਿਆ ਹੈ।

ਠੇਕਿਆਂ ਦੀ ਨਿਲਾਮੀ ਮਾਰਚ ਵਿਚ ਸਿਰੇ ਚਾੜ੍ਹੀ ਜਾਣੀ ਸੀ, ਪਰ ਕੁਝ ਕਾਰਨਾਂ ਕਰ ਕੇ ਸਿਰੇ ਨਹੀਂ ਸੀ ਚੜ੍ਹ ਸਕੀ ਤੇ ਇਸ ਲਈ ਆਬਕਾਰੀ ਵਿਭਾਗ ਨੇ ਸੀਲਬੰਦ ਲਿਫਾਫਿਆਂ ਵਿਚ ਕੁਟੇਸ਼ਨਾਂ ਮੰਗੀਆਂ ਸਨ। ਠੇਕੇਦਾਰਾਂ ਨੇ ਆਪਣੇ ਜ਼ਿਲ੍ਹੇ ਵਿਚ ਸ਼ਰਾਬ ਦੀ ਖਪਤ ਨੂੰ ਮੁੱਖ ਰੱਖਦਿਆਂ ਹੀ ਕੁਟੇਸ਼ਨਾਂ ਦਿੱਤੀਆਂ ਸਨ। ਵਿਭਾਗ ਨੂੰ ਸਭ ਤੋਂ ਵੱਧ ਮਾਲੀਆ ਲੁਧਿਆਣਾ ਡਿਵੀਜ਼ਨ ਤੋਂ ਮਿਲਿਆ ਹੈ ਤੇ ਇਸ ਡਿਵੀਜ਼ਨ ਦੀ ਰਾਖਵੀਂ ਕੀਮਤ 735 ਕਰੋੜ ਸੀ, ਪਰ ਵਿਭਾਗ ਨੂੰ 755 ਕਰੋੜ ਮਿਲੇ ਹਨ। ਪਟਿਆਲਾ ਡਿਵੀਜ਼ਨ ਦੀ ਰਾਖਵੀਂ ਕੀਮਤ 495 ਕਰੋੜ ਸੀ ਤੇ ਇਸ ਨੂੰ 496 ਕਰੋੜ ਰੁਪਏ ਮਿਲੇ ਹਨ।

ਫਿਰੋਜ਼ਪੁਰ ਦੀ ਰਾਖਵੀਂ ਕੀਮਤ 284 ਕਰੋੜ ਸੀ ਜਦਕਿ 285 ਕਰੋੜ ਮਿਲੇ ਹਨ। ਫਤਹਿਗੜ੍ਹ ਸਾਹਿਬ ਜ਼ਿਲ੍ਹੇ ਸਬੰਧੀ ਰਾਖਵੀਂ ਕੀਮਤ 96 ਕਰੋੜ ਸੀ ਜਦਕਿ ਮਿਲੇ 102 ਕਰੋੜ ਰੁਪਏ ਹਨ। ਫਰੀਦਕੋਟ ਦੀ ਰਾਖਵੀਂ ਕੀਮਤ 91 ਕਰੋੜ ਸੀ ਤੇ ਮਿਲੇ ਵੀ 91 ਕਰੋੜ ਰੁਪਏ ਹਨ। ਇਸ ਨਾਲ ਲਾਇਸੈਂਸ ਫੀਸ ਤੋਂ 3600 ਕਰੋੜ ਰੁਪਏ ਦਾ ਟੀਚਾ ਪੂਰਾ ਹੋ ਗਿਆ ਹੈ ਤੇ 1800 ਕਰੋੜ ਰੁਪਏ ਹੋਰ ਪਾਸਿਓਂ ਮਿਲਣੇ ਹਨ ਤੇ ਵਿਭਾਗ ਨੂੰ ਆਸ ਹੈ ਕਿ ਜਿਹੜਾ ਟੀਚਾ ਮਿਥਿਆ ਗਿਆ ਹੈ, ਉਸ ਨੂੰ ਪ੍ਰਾਪਤ ਕਰ ਲਿਆ ਜਾਵੇਗਾ।

ਪਿਛਲੇ ਸਾਲ ਵੀ 5400 ਕਰੋੜ ਰੁਪਏ ਦਾ ਟੀਚਾ ਸੀ ਤੇ ਇਸ ਵਾਰ ਵੀ ਉਨਾ ਹੀ ਸੀ। ਇਸ ਵਾਰ ਰਾਜ ਸਰਕਾਰ ਨੇ ਵੱਧ ਤੋਂ ਵੱਧ ਲੋਕਾਂ ਨੂੰ ਠੇਕੇ ਦੇਣ ਦੀ ਨੀਤੀ ਅਪਨਾਈ ਹੈ ਤੇ ਇਸ ਵਿਚ ਸਫਲਤਾ ਵੀ ਹਾਸਲ ਕੀਤੀ ਹੈ।




## ਠੇਕਿਆਂ ਬਾਰੇ ਅਦਾਲਤੀ ਹੁਕਮਾਂ ਦਾ ਲੱਭਿਆ ਤੋੜ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਕੌਮੀ ਤੇ ਰਾਜ ਮਾਰਗਾਂ ਦੇ ਪੰਜ ਸੌ ਮੀਟਰ ਦੇ ਘੇਰੇ ਵਿਚ ਠੇਕੇ ਖੋਲ੍ਹਣ ਦਾ ਰਾਹ ਲੱਭ ਲਿਆ ਹੈ। ਸਰਕਾਰ ਨੇ ਰਾਜ ਮਾਰਗਾਂ ਦੇ ਸ਼ਹਿਰਾਂ ਵਿਚੋਂ ਲੰਘਦੇ ਕੁਝ ਹਿੱਸੇ ਰਾਜ ਮਾਰਗਾਂ ਦੀ ਸੂਚੀ ਤੋਂ ਬਾਹਰ ਕਰ ਦਿੱਤੇ ਹਨ। ਇਹ ਰਾਜ ਮਾਰਗ 25 ਸ਼ਹਿਰਾਂ ਵਿਚੋਂ ਲੰਘਦੇ ਹਨ। ਸਰਕਾਰ ਨੇ ਇਹ ਕਦਮ ਸੁਪਰੀਮ ਕੋਰਟ ਵੱਲੋਂ ਕੌਮੀ ਤੇ ਰਾਜ ਮਾਰਗਾਂ ਦੇ ਪੰਜ ਸੌ ਮੀਟਰ ਦੇ ਘੇਰੇ ਵਿਚ ਸ਼ਰਾਬ ਵੇਚਣ ਉਤੇ ਪਾਬੰਦੀ ਲਾਉਣ ਤੋਂ ਬਾਅਦ ਚੁੱਕਿਆ ਹੈ।

ਦਰਅਸਲ, ਰਾਜ ਮਾਰਗਾਂ ਉਤੇ ਚੱਲਦੇ ਵਪਾਰਕ ਅਦਾਰਿਆਂ, ਜਿਨ੍ਹਾਂ ਵਿਚ ਰੈਸਟੋਰੈਂਟ ਤੇ ਬਾਰਾਂ, ਅਹਾਤੇ ਸ਼ਾਮਲ ਹਨ, ਨੂੰ ਫਾਇਦਾ ਪਹੁੰਚਾਉਣ ਦੇ ਯਤਨ ਵਜੋਂ ਰਾਜ ਮਾਰਗਾਂ ਦੇ 1.70 ਕਿਲੋਮੀਟਰ ਤੋਂ ਲੈ ਕੇ 5.50 ਕਿਲੋਮੀਟਰ ਤੱਕ ਰਾਜ ਮਾਰਗਾਂ ਦੇ ਹਿੱਸਿਆਂ ਨੂੰ ਰਾਜ ਮਾਰਗਾਂ ਨਾਲੋਂ ਵੱਖ ਕਰ ਦਿੱਤਾ ਹੈ। ਇਸ ਬਾਰੇ ਨੋਟੀਫਿਕੇਸ਼ਨ ਉਦੋਂ ਜਾਰੀ ਕੀਤਾ ਗਿਆ ਜਦੋਂ ਇਨ੍ਹਾਂ ਹੁਕਮਾਂ ਤੋਂ ਪ੍ਰਭਾਵਿਤ ਲੋਕਾਂ ਨੇ ਮਾਮਲਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਧਿਆਨ ਵਿਚ ਲਿਆਂਦਾ।

ਕੌਮੀ ਮਾਰਗਾਂ ਬਾਰੇ ਵੀ ਸਰਕਾਰ ਨੇ ਸਪਸ਼ਟ ਕੀਤਾ ਕਿ ਕੇਂਦਰ ਸਰਕਾਰ ਦੀ ਕੌਮੀ ਮਾਰਗਾਂ ਬਾਰੇ ਮੌਜੂਦਾ ਨੀਤੀ ਅਨੁਸਾਰ ਵੱਡੇ ਸ਼ਹਿਰਾਂ ਜਿਵੇਂ ਲੁਧਿਆਣਾ, ਜਲੰਧਰ, ਅੰਮ੍ਰਿਤਸਰ, ਪਟਿਆਲਾ, ਫਗਵਾੜਾ ਨਾਲ ਲੱਗਦੇ ਬਾਈਪਾਸ, ਕੌਮੀ ਮਾਰਗਾਂ ਦੇ ਕੁਝ ਹਿੱਸੇ ਸੂਚੀ ਵਿਚੋਂ ਬਾਹਰ ਕਰ ਦਿੱਤੇ ਹਨ। ਇਨ੍ਹਾਂ ਮਾਰਗਾਂ ਉਤੇ ਇਸ ਤਰ੍ਹਾਂ ਦੇ ਸੜਕਾਂ ਦੇ ਟੋਟੇ 31 ਕਿਲੋਮੀਟਰ ਹਨ ਜਿਨ੍ਹਾਂ ਨੂੰ ਰਾਜ ਮਾਰਗਾਂ ਤੋਂ ਵੱਖ ਕਰ ਦਿੱਤਾ ਗਿਆ ਹੈ


ATLANTIC TAX SOLUTIONS INC.
Income Tax Preparation
By Certified Public Accountant
ਰਿਚਮੰਡ ਹਿੱਲ ਵਿੱਚੇ ਪੰਜਾਬੀ ਭਰਾਵਾਂ ਦੀ ਸੇਵਾ ਲਈ ਇੰਕਮ ਟੈਕਸ ਤੇ ਇੰਸ਼ੋਰੈਂਸ ਦਾ ਦਫਤਰ ਖੁੱਲ ਗਿਆ ਹੈ। ਅੱਜ ਹੀ ਰਾਹੁਲ ਸਿੰਘ ਨੂੰ ਕਾਲ ਕਰੋ।

Rahul Singh, CPA
Free Consultancy ❖ Best Services ❖ Best Prices

| Experience and Specialty | | Insurance |
| --- | --- | --- |
| Corporate Tax | Accounting | Auto |
| Personal Income Tax | Bookkeeping | Home |
| Financial Statement Audit | Payroll Services | Life |
| New Business Setup | Immigration Forms | Business |
| Year Round Service | | Worker Comp. |

Get the most from your tax return!
AUTHORIZED e-file PROVIDER
ਪਰਸਨਲ ਟੈਕਸ, ਕਾਰਪੋਰੇਟ ਟੈਕਸ, ਆਡਿਟ, ਬੁੱਕ ਕੀਪਿੰਗ ਤੇ ਟੈਕਸ ਦੀਆਂ ਹੋਰ ਸੇਵਾਵਾਂ ਲਈ ਸੰਪਰਕ ਕਰੋ
718-850-0040 Cell: 917-622-1354 (Rahul) Cell: 917-650-7989 (Rehan)
11805 Atlantic Ave, Richmond Hill NY 11418 Email: sendtocpa@gmail.com



Michigan Truck Driving School
6405 Middlebelt Road, Romulus, MI 48174
ਸਭ ਸਹੂਲਤਾਂ ਨਾਲ ਲੈਸ ਨਵਾਂ ਟਰੱਕ ਡਰਾਈਵਿੰਗ ਸਕੂਲ


*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ
Raj Jamarai Cell:734-644-1010 Office:734-747-4298

**Punjab Times**

**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਫਾਸ਼ੀਵਾਦ ਖਿਲਾਫ ਜਮਹੂਰੀ ਤਾਕਤਾਂ ਅੱਗੇ ਆਉਣ: ਹਿਮਾਂਸ਼ੂ

## ਮਾਰੂਤੀ ਮਜ਼ਦੂਰਾਂ ਨੇ ਨਿਵੇਕਲੀ ਪਿਰਤ ਪਾ ਕੇ ਇਤਿਹਾਸ ਸਿਰਜਿਆ: ਰਾਮ ਨਿਵਾਸ

**ਬਰਨਾਲਾ:** ਇਥੇ ਮਹਾਂਸ਼ਕਤੀ ਕਲਾ ਮੰਦਰ ਵਿਖੇ ਜਮਹੂਰੀ ਅਧਿਕਾਰ ਸਭਾ ਪੰਜਾਬ ਨੇ ਸ਼ਹੀਦ ਭਗਤ ਸਿੰਘ ਅਤੇ ਬੀ.ਕੇ.ਦੱਤ ਵਲੋਂ 8 ਅਪਰੈਲ 1929 ਨੂੰ ਅਸੈਂਬਲੀ ਵਿਚ ਬੰਬ ਧਮਾਕਾ ਕਰ ਕੇ ਅੰਗਰੇਜ਼ ਹਕੂਮਤ ਖਿਲਾਫ ਪ੍ਰਦਰਸ਼ਨ ਕਰਨ ਦੇ ਇਤਿਹਾਸਕ ਮੌਕੇ 'ਤੇ ਸਮਾਗਮ ਕਰਵਾਇਆ ਗਿਆ ਜਿਸ ਵਿਚ ਮਸ਼ਹੂਰ ਗਾਂਧੀਵਾਦੀ ਚਿੰਤਕ ਹਿਮਾਂਸ਼ੂ ਕੁਮਾਰ ਅਤੇ ਮਾਰੂਤੀ-ਸੁਜ਼ੂਕੀ ਵਰਕਰਜ਼ ਯੂਨੀਅਨ ਦੇ ਆਗੂ ਰਾਮ ਨਿਵਾਸ ਮੁੱਖ ਵਕਤਾ ਵਜੋਂ ਸ਼ਾਮਲ ਹੋਏ।




ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ੍ਰੀ ਹਿਮਾਂਸ਼ੂ ਕੁਮਾਰ ਨੇ ਕਿਹਾ ਕਿ ਮੌਜੂਦਾ ਪ੍ਰਬੰਧ ਵਿਚ ਵਿਕਾਸ ਦਾ ਮਤਲਬ ਲੋਕਾਂ ਦੇ ਵਸੀਲੇ ਖੋਹ ਕੇ ਮੁੱਠੀ ਭਰ ਸਰਮਾਏਦਾਰਾਂ ਦੇ ਹਵਾਲੇ ਕਰਨਾ ਹੈ। ਲੋਕਾਂ ਦੇ ਉਜਾੜੇ ਲਈ ਸਰਕਾਰੀ ਬੰਦੂਕਾਂ, ਝੂਠੇ ਪੁਲਿਸ ਮੁਕਾਬਲਿਆਂ ਅਤੇ ਔਰਤਾਂ ਨਾਲ ਬਲਾਤਕਾਰਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਵਿਕਾਸ ਨਹੀਂ, ਕਰੋੜਾਂ ਲੋਕਾਂ ਦੀ ਨਸਲਕੁਸ਼ੀ ਹੈ। ਇਸ ਮਾਡਲ ਨੂੰ ਅੰਜਾਮ ਦੇਣ ਲਈ ਸਰਕਾਰਾਂ ਦੀ ਰਾਜਕੀ ਸਰਪ੍ਰਸਤੀ ਨਾਲ ਸੀਨੀਅਰ ਪੁਲਿਸ ਅਧਿਕਾਰੀ ਕਾਨੂੰਨ ਨੂੰ ਟਿੱਚ ਜਾਣ ਕੇ ਮਨੁੱਖੀ ਅਧਿਕਾਰ ਕਮਿਸ਼ਨ ਅਤੇ ਸੁਪਰੀਮ ਕੋਰਟ ਵਰਗੀਆਂ ਸੰਵਿਧਾਨਕ ਸੰਸਥਾਵਾਂ ਦਾ ਮਜ਼ਾਕ ਉਡਾ ਰਹੇ ਹਨ। ਜੁਡੀਸ਼ਰੀ, ਹਕੂਮਤ ਅਤੇ ਪੁਲਿਸ ਦੇ ਦਬਾਓ ਵਿਚ ਕੰਮ ਕਰ ਰਹੀ ਹੈ। ਭਾਜਪਾ ਕਾਂਗਰਸ ਦੀਆਂ ਸਰਮਾਏਦਾਰੀ ਪੱਖੀ ਆਰਥਿਕ ਨੀਤੀਆਂ ਜਾਰੀ ਰੱਖਦੇ ਹੋਏ ਲੋਕਾਂ ਨੂੰ ਹਿੰਦੂਤਵ ਦੇ ਨਸ਼ੇ 'ਤੇ ਲਾ ਰਹੀ ਹੈ। ਜਮਹੂਰੀ ਤਾਕਤਾਂ ਨੂੰ ਇਸ ਖਿਲਾਫ ਡਟਣ ਦੀ ਲੋੜ ਹੈ। ਵਿਆਪਕ ਲੋਕ ਸੰਘਰਸ਼ ਹੀ ਅਜਿਹੇ ਫਾਸ਼ੀਵਾਦ ਨੂੰ ਕੁਚਲ ਸਕਦੇ ਹਨ।

ਮਾਰੂਤੀ ਸੁਜ਼ੂਕੀ ਵਰਕਰਜ਼ ਯੂਨੀਅਨ ਦੇ ਆਗੂ ਰਾਮ ਨਿਵਾਸ ਨੇ ਮਾਰੂਤੀ ਉਦਯੋਗ ਅੰਦਰ ਕਿਰਤ ਕਾਨੂੰਨਾਂ ਦੀਆਂ ਧੱਜੀਆਂ ਉਡਾ ਕੇ ਥੋਪੀ ਕਿਰਤ ਗ਼ੁਲਾਮੀ ਅਤੇ ਬੇਰਹਿਮ ਲੁੱਟ ਦੇ ਰੌਂਗਟੇ ਖੜ੍ਹੇ ਕਰਨ ਦੇ ਤੱਥ ਪੇਸ਼ ਕੀਤੇ ਕਿ ਕਿਰਤੀਆਂ ਦੇ ਭੇਸ ਵਿਚ ਬੁਰਛਾਗਰਦ ਅੰਦਰ ਲਿਜਾ ਕੇ ਸਾੜਫੂਕ ਅਤੇ ਹਿੰਸਾ ਕਰਵਾਈ ਗਈ। ਉਨ੍ਹਾਂ ਦੱਸਿਆ ਕਿ ਮਾਰੂਤੀ-ਸੁਜ਼ੂਕੀ ਦੇ ਰੈਲੂਗਰ ਵਰਕਰਾਂ ਨੇ 'ਬਰਾਬਰ ਕੰਮ ਬਰਾਬਰ ਤਨਖ਼ਾਹ' ਦੇ ਨਾਅਰੇ ਹੇਠ ਕੱਚੇ ਕਾਮਿਆਂ ਲਈ ਲੜਾਈ ਲੜ ਕੇ ਇਤਿਹਾਸ ਸਿਰਜਿਆ ਹੈ। ਇਸੇ ਲਈ ਕਾਮਿਆਂ ਦੀ ਜਥੇਬੰਦਕ ਏਕਤਾ ਤੋੜਨ ਲਈ ਸਿਆਸੀ ਦਖ਼ਲਅੰਦਾਜ਼ੀ ਨਾਲ ਅਦਾਲਤ ਕੋਲੋਂ ਉਮਰ ਕੈਦ ਦਾ ਫ਼ੈਸਲਾ ਕਰਵਾਇਆ ਗਿਆ ਹੈ। ਕਾਨਫਰੰਸ ਨੂੰ ਸਭਾ ਦੇ ਆਗੂ ਡਾ. ਪਰਮਿੰਦਰ, ਐਡਵੋਕੇਟ ਰਾਜੀਵ ਲੋਹਟਬੱਦੀ, ਪ੍ਰਿਤਪਾਲ ਸਿੰਘ ਬਠਿੰਡਾ ਅਤੇ ਹੋਰਾਂ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਕਿਹਾ ਕਿ ਚੋਣ ਪ੍ਰਣਾਲੀ ਦੀ ਮਦਦ ਲੈ ਕੇ ਹਿੰਦੂਤਵੀ ਫਾਸ਼ੀਵਾਦੀ ਤਾਕਤਾਂ ਵਲੋਂ ਸੱਤਾ ਉਪਰ ਆਪਣੀ ਜਕੜ ਮਜ਼ਬੂਤ ਬਣਾਉਣ ਨਾਲ ਦੇਸ਼ ਦੀ ਹਾਲਤ ਦਿਨੋ ਦਿਨ ਵਧੇਰੇ ਖ਼ਤਰਨਾਕ ਅਤੇ ਗੰਭੀਰ ਬਣ ਰਹੀ ਹੈ। ਆਰ.ਐਸ.ਐਸ., ਇਸ ਦੇ ਸਿਆਸੀ ਵਿੰਗ ਭਾਜਪਾ, ਵਿਦਿਆਰਥੀ ਵਿੰਗ ਏ.ਬੀ.ਵੀ.ਪੀ. ਆਦਿ ਵਲੋਂ ਖੁੱਲ੍ਹੀ ਮੰਡੀ ਦੇ ਵਿਨਾਸ਼ਕਾਰੀ ਆਰਥਿਕ ਮਾਡਲ ਤੇ ਹਿੰਦੂਤਵ ਦਾ ਜੁੜਵਾਂ ਲੋਕ ਵਿਰੋਧੀ ਏਜੰਡਾ ਥੋਪਣ ਲਈ ਹਰ ਹਰਬਾ ਵਰਤਿਆ ਜਾ ਰਿਹਾ ਹੈ। ਇਸ ਮੌਕੇ ਸਟੇਜ ਦਾ ਸੰਚਾਲਨ ਮਾਸਟਰ ਤਰਸੇਮ ਲਾਲ ਵਲੋਂ ਕੀਤਾ ਗਿਆ। ਅਜਮੇਰ ਅਕਲੀਆ, ਇਕਬਾਲ ਕੌਰ ਉਦਾਸੀ, ਜਗਸੀਰ ਮਹਿਰਾਜ ਅਤੇ ਇਨਕਲਾਬੀ ਨੌਜਵਾਨ ਮੰਚ ਦੇ ਕਾਰਕੁੰਨਾਂ ਵਲੋਂ ਇਨਕਲਾਬੀ ਗੀਤ ਪੇਸ਼ ਕੀਤੇ ਗਏ। ਕਾਨਫਰੰਸ ਦੀ ਸਮਾਪਤੀ 'ਤੇ ਸਮੂਹ ਜਮਹੂਰੀ ਤੇ ਇਨਸਾਫ਼ਪਸੰਦ ਤਾਕਤਾਂ ਨੂੰ ਹਿੰਦੂਤਵੀ ਧੌਂਸਬਾਜ਼ੀ ਅਤੇ ਅਦਾਲਤਾਂ ਦੇ ਪੱਖਪਾਤੀ ਵਰਤਾਰੇ ਵਿਰੁੱਧ ਲੋਕ ਲਹਿਰ ਖੜ੍ਹੀ ਕਰਨ ਦਾ ਹੋਕਾ ਦਿੰਦੇ ਹੋਏ ਸ਼ਹੀਦ ਭਗਤ ਸਿੰਘ ਚੌਕ ਤਕ ਰੋਹ ਭਰਪੂਰ ਮੁਜ਼ਾਹਰਾ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿਚ ਸਭਾ ਦੇ ਸੂਬਾ ਪ੍ਰਧਾਨ ਏ.ਕੇ.ਮਲੇਰੀ, ਗੁਰਮੇਲ ਸਿੰਘ ਠੁੱਲੀਵਾਲ, ਵੀਨਾ, ਆਦਿ ਬੈਠੇ।

# ਸਿੱਖ ਕਤਲੇਆਮ ਮੁਦੇ 'ਤੇ ਮੁੜ ਘਿਰਿਆ ਭਾਰਤ

*(ਸਫਾ ਇਕ ਦੀ ਬਾਕੀ)*

ਮੰਤਰੀ ਜੌਹਨ ਏ. ਮੈਕਡੌਨਲਡ ਦੀ ਤਸਵੀਰ ਹੈ ਤੇ ਦੂਜੇ ਪਾਸੇ ਮੌਜੂਦਾ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨਜ਼ਰ ਆ ਰਹੇ ਹਨ। ਇਧਰ, ਭਾਰਤ ਸਰਕਾਰ ਵੱਲੋਂ ਸਿੱਖਾਂ ਬਾਰੇ ਪੱਖਪਾਤ ਦੀ ਨੀਤੀ ਕਾਰਨ ਸਿੱਖਾਂ ਵਿਚ ਭਾਰੀ ਰੋਸ ਹੈ। ਓਂਟਾਰੀਓ ਮਤੇ ਦੀ ਨਿੰਦਾ ਕਰਦਿਆਂ ਭਾਰਤ ਨੇ ਇਸ ਨੂੰ 'ਗਲਤ' ਦੱਸਿਆ। ਭਾਰਤ ਵਿਚ ਭਾਜਪਾ ਦੀ ਸਰਕਾਰ ਹੈ ਅਤੇ ਅਕਾਲੀ ਦਲ, ਭਾਜਪਾ ਦੀ ਭਾਈਵਾਲ ਹੈ। ਹਾਲਾਂਕਿ ਅਕਾਲੀ ਦਲ ਦੇ ਹੀ ਰਾਜ ਸਭਾ ਮੈਂਬਰ ਨੇ ਆਪਣੀ ਸਰਕਾਰ ਤੋਂ ਇਹ ਬਿਆਨ ਵਾਪਸ ਲੈਣ ਦੀ ਮੰਗ ਕੀਤੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਓਂਟਾਰੀਓ ਅਸੈਂਬਲੀ ਵੱਲੋਂ ਨਸਲਕੁਸ਼ੀ ਸਬੰਧੀ ਪਾਸ ਮਤੇ ਦੀ ਭਾਰਤ ਸਰਕਾਰ ਵੱਲੋਂ ਨਿੰਦਾ ਕਰਨ ਨੂੰ ਮੰਦਭਾਗਾ ਕਰਾਰ ਦਿੰਦਿਆਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਫਰਾਖਦਿਲੀ ਦਿਖਾਉਣ ਲਈ ਕਿਹਾ ਹੈ।

ਦੱਸਣਯੋਗ ਹੈ ਕਿ ਇਸ ਮਨੁੱਖੀ ਘਾਣ ਦੀ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ 11 ਅਗਸਤ 2005 ਨੂੰ ਮੁਆਫੀ ਮੰਗੀ ਸੀ। ਕਾਂਗਰਸ ਦੇ ਕੌਮੀ ਮੀਤ ਪ੍ਰਧਾਨ ਰਾਹੁਲ ਗਾਂਧੀ ਨੇ ਵੀ 16 ਮਾਰਚ 2014 ਨੂੰ ਇਸ ਸਬੰਧੀ ਮੁਆਫੀ ਮੰਗੀ ਸੀ। ਇਸ ਤੋਂ ਇਲਾਵਾ ਕਾਂਗਰਸ ਦੀ ਕੌਮੀ ਪ੍ਰਧਾਨ ਸੋਨੀਆ ਗਾਂਧੀ ਵੀ ਸਿੱਖ ਭਾਈਚਾਰੇ ਪ੍ਰਤੀ ਇਸ ਹਿੰਸਾ ਲਈ ਦੁੱਖ ਦਾ ਪ੍ਰਗਟਾਵਾ ਕਰ ਚੁੱਕੀ ਹੈ। ਨਵੰਬਰ 1984 ਸਿੱਖ ਕਤਲੇਆਮ ਨੂੰ ਵਾਪਰਿਆਂ ਤਿੰਨ ਦਹਾਕੇ ਤੋਂ ਵੱਧ ਦਾ ਸਮਾਂ ਬੀਤ ਚੁੱਕਾ ਹੈ, ਪਰ ਇਸ ਸਬੰਧੀ ਸੰਸਦ ਵਿਚ ਕਦੇ ਵੀ ਰਸਮੀ ਤੌਰ ਉਤੇ ਮੁਆਫੀ ਨਹੀਂ ਮੰਗੀ ਗਈ। ਸਾਬਕਾ ਪ੍ਰਧਾਨ ਮੰਤਰੀ ਵੱਲੋਂ ਵੀ ਮੁਆਫੀ ਰਾਜ ਸਭਾ ਵਿਚ ਚੱਲ ਰਹੀ ਇਕ ਬਹਿਸ ਦੌਰਾਨ ਮੰਗੀ ਗਈ ਸੀ, ਜਦੋਂਕਿ ਰਾਹੁਲ ਗਾਂਧੀ ਨੇ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਮੁਆਫੀ ਮੰਗੀ ਸੀ। ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਪਿਛਲੇ ਦਿਨੀਂ ਸੰਸਦ ਵਿਚ 'ਨਰਸੰਹਾਰ' ਸ਼ਬਦ ਵਰਤਿਆ, ਪਰ ਇਸ ਨੂੰ ਸਰਕਾਰੀ ਰਿਕਾਰਡ ਦਾ ਹਿੱਸਾ ਬਣਾਉਣ ਤੋਂ ਸਰਕਾਰ ਭੱਜਦੀ ਆਈ ਹੈ।

1984 ਵਿਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਮਗਰੋਂ ਦਿੱਲੀ ਵਿਚ ਭੜਕੀ ਹਿੰਸਾ ਨੂੰ ਸਰਕਾਰੀ ਰਿਕਾਰਡ 'ਦੰਗੇ' ਦੱਸਦਾ ਹੈ, ਪਰ ਇਹ ਦੰਗੇ ਨਹੀਂ ਸਨ, ਗਿਣਿਆ ਮਿਥਿਆ ਕਤਲੇਆਮ ਸੀ। ਸਰਕਾਰੀ ਅੰਕੜੇ ਇਸ ਹਿੰਸਾ ਵਿਚ ਦੇਸ਼ ਭਰ ਵਿਚ ਤਕਰੀਬਨ ਤਿੰਨ ਹਜ਼ਾਰ ਸਿੱਖਾਂ ਦੀਆਂ ਜਾਨਾਂ ਜਾਣ ਦੀ ਗੱਲ ਕਰਦੇ ਹਨ, ਪਰ 'ਦੰਗੇ' ਸਿਰਫ ਦਿੱਲੀ ਵਿਚ ਨਹੀਂ ਹੋਏ। ਅਸਲੀਅਤ ਇਹ ਹੈ ਕਿ ਸਿੱਖਾਂ ਨੂੰ ਦਿੱਲੀ ਤੋਂ ਇਲਾਵਾ ਹੋਰਨਾਂ ਉਤਰ ਭਾਰਤੀ ਸ਼ਹਿਰਾਂ-ਕਸਬਿਆਂ ਵਿਚ ਚੁਣ-ਚੁਣ ਕੇ ਮਾਰਿਆ ਗਿਆ। ਹੋਰ ਤਾਂ ਹੋਰ, ਗੱਡੀਆਂ ਵਿਚ ਸਫਰ ਕਰ ਰਹੇ ਸਿੱਖ ਫੌਜੀ ਤੱਕ ਨਹੀਂ ਬਖ਼ਸ਼ੇ ਗਏ। ਅਜਿਹੇ ਕਾਂਡਾਂ ਦੇ ਵੇਰਵੇ ਕਈਆਂ ਥਾਂਵਾਂ ਤੋਂ ਹੁਣ ਵੀ ਸਾਹਮਣੇ ਆ ਰਹੇ ਹਨ। ਹਾਲ ਹੀ ਵਿਚ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਵੱਲੋਂ ਕਾਇਮ ਕੀਤੀ ਵਿਸ਼ੇਸ਼ ਪੜਤਾਲੀਆ ਟੀਮ (ਸਿੱਟ) ਨੂੰ ਦਿੱਲੀ ਤੋਂ ਇਲਾਵਾ ਕਾਨਪੁਰ ਤੇ ਉਤਰ ਪ੍ਰਦੇਸ਼ ਦੇ ਹੋਰਨਾਂ ਸ਼ਹਿਰਾਂ ਵਿਚ ਸਿੱਖਾਂ ਦੀਆਂ ਹੱਤਿਆਵਾਂ ਨੂੰ ਆਪਣੀ ਪੜਤਾਲ ਦੇ ਦਾਇਰੇ ਅਧੀਨ ਲਿਆਉਣ ਦੀ ਹਦਾਇਤ ਕੀਤੀ ਹੈ। ਇਹ ਪਰਦਾਪੋਸ਼ੀ ਪਿਛਲੇ 32 ਸਾਲਾਂ ਤੋਂ ਹੁੰਦੀ ਆਈ ਹੈ।

# ਕਸ਼ਮੀਰ 'ਚ ਮੋਦੀ ਸਰਕਾਰ ਪ੍ਰਤੀ ਬੇਵਸਾਹੀ ਦਾ ਆਲਮ

*(ਸਫਾ ਇਕ ਦੀ ਬਾਕੀ)*

ਦਰਅਸਲ, ਜਦੋਂ ਤੋਂ ਕੇਂਦਰ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਐਨ.ਡੀ.ਏ. ਸਰਕਾਰ ਆਈ ਹੈ, ਉਦੋਂ ਤੋਂ ਕਸ਼ਮੀਰੀਆਂ ਵਿਚ ਮੋਦੀ ਪ੍ਰਤੀ ਬੇਵਸਾਹੀ ਵਧ ਰਹੀ ਹੈ।

ਭਾਰਤੀ ਜਨਤਾ ਪਾਰਟੀ ਜੰਮੂ ਕਸ਼ਮੀਰ ਵਿਚੋਂ ਸੰਵਿਧਾਨ ਦੀ ਧਾਰਾ 370 ਵਾਪਸ ਲੈਣ ਅਤੇ ਇਸ ਰਿਆਸਤ ਦਾ ਵਿਸ਼ੇਸ਼ ਰੁਤਬਾ ਖਤਮ ਕਰਨ ਦੀਆਂ ਗੱਲਾਂ ਕਰਦੀ ਆਈ ਹੈ। ਇਸੇ ਲਈ ਕੇਂਦਰ ਦੀ ਹਰ ਚਾਲ ਨੂੰ ਕਸ਼ਮੀਰੀਆਂ ਵੱਲੋਂ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ। ਬੁਰਹਾਨ ਵਾਨੀ ਦੀ ਮੌਤ ਮਗਰੋਂ ਵਾਦੀ ਵਿਚ ਉਭਰੇ ਰੋਸ ਵਿਖਾਵਿਆਂ ਦੌਰਾਨ ਸੁਰੱਖਿਆ ਬਲਾਂ ਵੱਲੋਂ ਪੈਲਟ ਬੰਦੂਕਾਂ ਦੀ ਵਰਤੋਂ ਕਾਰਨ ਨੌਜਵਾਨਾਂ ਦੀਆਂ ਮੌਤਾਂ ਨੇ ਵੀ ਨੌਜਵਾਨ ਪੀੜ੍ਹੀ ਵਿਚ ਰੋਹ ਵਧਾਇਆ ਹੈ। ਪ੍ਰਧਾਨ ਮੰਤਰੀ ਮੋਦੀ ਨੇ ਬਿਜਲੀ, ਪਾਣੀ ਤੇ ਸੜਕ ਦੇ ਵਾਅਦਿਆਂ ਨਾਲ ਕਸ਼ਮੀਰੀਆਂ ਦੇ ਦਿਲ ਜਿੱਤਣ ਦੀ ਕੋਸ਼ਿਸ਼ ਕੀਤੀ, ਪਰ ਕਸ਼ਮੀਰੀਆਂ ਦਾ ਇਕ ਵੱਡਾ ਵਰਗ ਇਨ੍ਹਾਂ ਵਾਅਦਿਆਂ ਤੋਂ ਪ੍ਰਭਾਵਿਤ ਨਹੀਂ।

# ਫੀਸਾਂ 'ਚ ਵਾਧੇ ਦਾ ਵਿਰੋਧ ਕਰਦੇ ਪਾੜ੍ਹਿਆਂ 'ਤੇ ਡਾਂਗਾਂ ਵਰ੍ਹਾਈਆਂ

**ਚੰਡੀਗੜ੍ਹ:** ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਫ਼ੀਸਾਂ ਵਿਚ ਵਾਧੇ ਦਾ ਵਿਰੋਧ ਕਰ ਰਹੇ ਵਿਦਿਆਰਥੀਆਂ ਅਤੇ ਪੁਲਿਸ ਵਿਚ ਮੰਗਲਵਾਰੀਂ ਹਿੰਸਕ ਝੜਪ ਹੋ ਗਈ ਜਿਸ ਵਿਚ ਲਗਭਗ 35 ਪੁਲਿਸ ਕਰਮਚਾਰੀ ਅਤੇ ਕਈ ਵਿਦਿਆਰਥੀ ਜ਼ਖਮੀ ਹੋ ਗਏ। ਪੁਲਿਸ ਕਰਮੀਆਂ ਨੇ ਵਿਦਿਆਰਥੀਆਂ ਨੂੰ ਬੜੀ ਬੇਰਹਿਮੀ ਨਾਲ ਕਲਾਸਾਂ ਵਿਚੋਂ ਕੱਢ-ਕੱਢ ਕੇ ਕੁੱਟਿਆ। ਇਥੇ ਹੀ ਬੱਸ ਨਹੀਂ, ਪੁਲਿਸ ਨੇ ਵਿਭਾਗਾਂ ਦੇ ਦਰਵਾਜ਼ੇ ਬੰਦ ਕਰ ਕੇ ਵਿਦਿਆਰਥੀਆਂ ਦੀ ਕੁੱਟਮਾਰ ਕੀਤੀ।

ਚੰਡੀਗੜ੍ਹ ਪੁਲਿਸ ਨੇ ਵਿਦਿਆਰਥੀਆਂ ਨੂੰ ਖਦੇੜਨ ਲਈ ਜਿਥੇ ਪਾਣੀ ਦੀ ਵਾਛੜ ਕੀਤੀ, ਉਥੇ ਅੱਥਰੂ ਗੈਸ ਦੇ ਗੋਲੇ ਵੀ ਛੱਡੇ ਗਏ। ਇਸ ਦੌਰਾਨ ਚੰਡੀਗੜ੍ਹ ਪੁਲਿਸ ਵੱਲੋਂ ਅਜਿਹੇ ਮੁੰਡੇ ਕੁੜੀਆਂ ਦੀ ਵੀ ਕੁੱਟਮਾਰ ਕੀਤੀ ਗਈ ਜਿਨ੍ਹਾਂ ਦਾ ਇਸ ਰੋਸ ਪ੍ਰਦਰਸ਼ਨ ਨਾਲ ਕੋਈ ਸਰੋਕਾਰ ਨਹੀਂ ਸੀ। ਪੁਲਿਸ ਦੇ ਇਸ ਰਵੱਈਏ ਮਗਰੋਂ ਰੋਹ ਵਿਚ ਆਏ ਵਿਦਿਆਰਥੀਆਂ ਨੇ ਪੁਲਿਸ ਕਰਮੀਆਂ 'ਤੇ ਵੀ ਜ਼ਬਰਦਸਤ ਪਥਰਾਅ ਕੀਤਾ। ਪੁਲਿਸ ਅਤੇ ਵਿਦਿਆਰਥੀਆਂ ਦੀ ਝੜਪ ਵਿਚ ਵਿਦਿਆਰਥੀਆਂ ਨੇ ਆਪਣੇ ਬਚਾਅ ਲਈ ਯੂਨੀਵਰਸਿਟੀ ਵਿਚਲੇ ਗੁਰਦੁਆਰੇ ਵਿਚ ਸ਼ਰਨ ਲਈ, ਪਰ ਪੁਲਿਸ ਮੁਲਾਜ਼ਮ ਉਥੇ ਵੀ ਜਾ ਵੜੇ

ਵਿਦਿਆਰਥੀਆਂ ਵੱਲੋਂ ਬਣਾਈ ਜਾਇੰਟ ਐਕਸ਼ਨ ਸਟੂਡੈਂਟ ਕਮੇਟੀ ਵੱਲੋਂ ਮੰਗਲਵਾਰ ਨੂੰ ਯੂਨੀਵਰਸਿਟੀ ਬੰਦ ਦਾ ਐਲਾਨ ਕੀਤਾ ਗਿਆ ਸੀ ਜਿਸ ਤਹਿਤ ਵਿਦਿਆਰਥੀਆਂ ਵੱਲੋਂ ਕਲਾਸਾਂ ਦਾ ਬਾਈਕਾਟ ਕਰ ਕੇ, ਕੈਂਪਸ ਵਿਚਲੀਆਂ ਕੰਟੀਨਾਂ ਅਤੇ ਲਾਇਬਰੇਰੀ ਆਦਿ ਬੰਦ ਕਰਵਾ ਕੇ ਉਪ ਕੁਲਪਤੀ ਦਫ਼ਤਰ ਦੇ ਸਾਹਮਣੇ ਇਕੱਠੇ ਹੋ ਕੇ ਯੂਨੀਵਰਸਿਟੀ ਪ੍ਰਸ਼ਾਸਨ ਖਿਲਾਫ ਨਾਅਰੇਬਾਜ਼ੀ ਕਰਨੀ ਸ਼ੁਰੂ ਕਰ ਦਿੱਤੀ ਗਈ। ਜਦੋਂ ਯੂਨੀਵਰਸਿਟੀ ਪ੍ਰਸ਼ਾਸਨ ਨੇ ਕਾਫ਼ੀ ਦੇਰ ਤੱਕ ਵਿਦਿਆਰਥੀਆਂ ਨੂੰ ਗੱਲਬਾਤ ਲਈ ਨਹੀਂ ਬੁਲਾਇਆ ਗਿਆ ਤਾਂ ਵਿਦਿਆਰਥੀਆਂ ਵਿਚ ਰੋਸ ਵਧ ਗਿਆ ਅਤੇ ਉਨ੍ਹਾਂ ਉਪ ਕੁਲਪਤੀ ਦਫ਼ਤਰ ਵੱਲ ਧਾਵਾ ਬੋਲ ਦਿੱਤਾ। ਜਦੋਂ ਵਿਦਿਆਰਥੀ ਰੋਕਾਂ ਟੱਪ ਕੇ ਅੱਗੇ ਵਧਣ ਲੱਗੇ ਤਾਂ ਪੁਲਿਸ ਨੇ ਰੋਕਣ ਲਈ ਪਾਣੀ ਦੀ ਵਾਛੜ ਕੀਤੀ। ਇਸ ਨਾਲ ਹਫ਼ੜਾ-ਦਫੜੀ ਵਾਲਾ ਮਾਹੌਲ ਬਣ ਗਿਆ। ਇਸ ਦੌਰਾਨ ਇਕ ਵਿਦਿਆਰਥੀ ਬੇਹੋਸ਼ ਹੋ ਗਿਆ ਜਿਸ ਕਾਰਨ ਵਿਦਿਆਰਥੀ ਭੜਕ ਉਠੇ। ਵਿਦਿਆਰਥੀਆਂ ਨੇ ਪੁਲਿਸ ਵੱਲ ਪੱਥਰ ਅਤੇ ਗਮਲੇ ਮਾਰਨੇ ਸ਼ੁਰੂ ਕਰ ਦਿੱਤੇ। ਪੁਲਿਸ ਨੇ ਲਾਠੀਚਾਰਜ ਅਤੇ ਅੱਥਰੂ ਗੈਸ ਦੇ ਗੋਲੇ ਦਾਗਣੇ ਸ਼ੁਰੂ ਕਰ ਦਿੱਤੇ। ਪੁਲਿਸ ਨੇ ਲਗਭਗ 52 ਵਿਦਿਆਰਥੀਆਂ ਨੂੰ ਹਿਰਾਸਤ ਵਿਚ ਲੈ ਲਿਆ ਹੈ। ਪੁਲਿਸ ਨੇ ਵਿਦਿਆਰਥੀਆਂ ਖਿਲਾਫ਼ ਆਈ.ਪੀ.ਸੀ ਦੀ ਧਾਰਾ 147, 148, 149, 332, 353 ਤਹਿਤ ਮਾਮਲਾ ਦਰਜ ਕੀਤਾ ਹੈ। ਪਹਿਲਾਂ ਵਿਦਿਆਰਥੀਆਂ ਖਿਲਾਫ ਦੇਸ਼ ਧਰੋਹ ਦੀ ਧਾਰਾ 124-ਏ ਵੀ ਲਗਾਈ ਗਈ ਪਰ ਬਾਅਦ ਵਿਚ ਹਟਾ ਲਈ ਗਈ

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ

ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ

ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ

ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਭਾਰਤੀ ਨਾਗਰਿਕ ਜਾਧਵ ਨੂੰ ਪਾਕਿਸਤਾਨ 'ਚ ਸਜ਼ਾ-ਏ-ਮੌਤ

**ਇਸਲਾਮਾਬਾਦ/ਨਵੀਂ ਦਿੱਲੀ:** ਪਾਕਿਸਤਾਨ ਦੀ ਫ਼ੌਜੀ ਅਦਾਲਤ ਨੇ ਭਾਰਤੀ ਨਾਗਰਿਕ ਕੁਲਭੂਸ਼ਣ ਜਾਧਵ ਨੂੰ ਮੁਲਕ ਵਿਚ ਜਾਸੂਸੀ ਅਤੇ ਭੰਨ-ਤੋੜ ਦੀਆਂ ਕਾਰਵਾਈਆਂ ਦਾ ਦੋਸ਼ੀ ਕਰਾਰ ਦਿੰਦਿਆਂ ਸਜ਼ਾ-ਏ-ਮੌਤ ਸੁਣਾਈ ਹੈ। ਦੂਜੇ ਪਾਸੇ ਭਾਰਤ ਨੇ ਇਸ ਕਾਰਵਾਈ ਦੀ ਸਖ਼ਤ ਨਿਖੇਧੀ ਕਰਦਿਆਂ ਇਸ ਨੂੰ ਗਿਣਿਆ-ਮਿਥਿਆ ਕਤਲ ਕਰਾਰ ਦਿੱਤਾ ਹੈ ਅਤੇ ਪਾਕਿਸਤਾਨ ਨੂੰ ਸਖ਼ਤ ਚੇਤਾਵਨੀ ਦਿੱਤੀ ਹੈ ਕਿ ਜਾਧਵ ਨੂੰ ਬਚਾਉਣ ਲਈ ਕੁਝ ਵੀ ਕਰਨ ਨੂੰ ਤਿਆਰ ਹੈ। ਇਸੇ ਦੌਰਾਨ ਪਾਕਿਤਸਾਨ ਨੇ ਵੀ ਜਵਾਬ ਦਿੱਤਾ ਹੈ ਕਿ ਭਾਰਤ ਪਾਕਿਸਤਾਨ ਨੂੰ ਕਮਜ਼ੋਰ ਨਾ ਸਮਝੇ, ਪਾਕਿਸਤਾਨੀ ਫੌਜ ਵੀ ਹਰ ਟਾਕਰੇ ਲਈ ਤਿਆਰ ਹੈ।

ਭਾਰਤੀ ਸਮੁੰਦਰੀ ਫ਼ੌਜ ਦੇ ਸਾਬਕਾ ਅਧਿਕਾਰੀ ਜਾਧਵ (46) ਨੂੰ ਕੋਰਟ ਮਾਰਸ਼ਲ ਰਾਹੀਂ ਸੁਣਾਈ ਗਈ ਸਜ਼ਾ ਦੀ ਮੁਲਕ ਦੀ ਫ਼ੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੇ ਪੁਸ਼ਟੀ ਕੀਤੀ ਹੈ। ਪਹਿਲਾਂ ਹੀ ਨਾਜ਼ੁਕ ਦੌਰ ਵਿਚੋਂ ਲੰਘ ਰਹੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਰਿਸ਼ਤੇ ਹੋਰ ਵਿਗੜ ਜਾਣ ਦਾ ਖ਼ਦਸ਼ਾ ਹੈ। ਭਾਰਤ ਵਿਚ ਬੀਤੇ ਸਾਲ ਪਾਕਿਸਤਾਨ ਆਧਾਰਤ ਦਹਿਸ਼ਤਗਰਦਾਂ ਵੱਲੋਂ ਪਠਾਨਕੋਟ ਤੇ ਉੜੀ ਵਿਚ ਕੀਤੇ ਹਮਲਿਆਂ ਨੇ ਦੋਵਾਂ ਮੁਲਕਾਂ ਦੇ ਸਬੰਧਾਂ ਨੂੰ ਭਾਰੀ ਸੱਟ ਮਾਰੀ ਸੀ।

ਪਾਕਿਸਤਾਨ ਦਾ ਦਾਅਵਾ ਹੈ ਕਿ ਸਲਾਮਤੀ ਦਸਤਿਆਂ ਨੇ ਜਾਧਵ ਨੂੰ ਬੀਤੇ ਸਾਲ 3 ਮਾਰਚ ਨੂੰ ਗੜਬੜ ਵਾਲੇ ਸੂਬੇ ਬਲੋਚਿਸਤਾਨ ਵਿਚੋਂ ਗ੍ਰਿਫ਼ਤਾਰ ਕੀਤਾ ਸੀ ਜੋ ਇਰਾਨ ਰਾਹੀਂ ਦਾਖ਼ਲ ਹੋਇਆ ਸੀ। ਪਾਕਿਸਤਾਨ ਦਾ ਇਹ ਵੀ ਦਾਅਵਾ ਹੈ ਕਿ ਉਹ ਭਾਰਤੀ ਸਮੁੰਦਰੀ ਫ਼ੌਜ ਦਾ ਮੌਜੂਦਾ ਮੈਂਬਰ ਹੈ। ਪਾਕਿਸਤਾਨੀ ਫ਼ੌਜ ਨੇ ਉਸ ਦੇ ਇਕਬਾਲੀਆ ਜੁਰਮ ਦੀ ਵੀਡੀਓ ਵੀ ਜਾਰੀ ਕੀਤੀ ਸੀ।

ਭਾਰਤ ਨੇ ਮੰਨਿਆ ਹੈ ਕਿ ਜਾਧਵ ਨੇ ਭਾਰਤੀ ਸਮੁੰਦਰੀ ਫ਼ੌਜ ਵਿਚ ਸੇਵਾ ਕੀਤੀ, ਪਰ ਹੁਣ ਉਸ ਦਾ ਸਰਕਾਰ ਨਾਲ ਕੋਈ ਸਬੰਧ ਨਹੀਂ ਸੀ। ਇਸ ਦੇ ਨਾਲ ਹੀ ਭਾਰਤ ਨੇ ਪਾਕਿਸਤਾਨ ਦੇ ਇਕ ਦਰਜਨ ਕੈਦੀਆਂ ਨੂੰ ਰਿਹਾਅ ਨਾ ਕਰਨ ਦਾ ਫ਼ੈਸਲਾ ਕੀਤਾ ਹੈ ਜਿਨ੍ਹਾਂ ਨੂੰ ਆਗਾਮੀ ਬੁੱਧਵਾਰ ਨੂੰ ਵਤਨ ਭੇਜਿਆ ਜਾਣਾ ਸੀ।

## ਸੰਧੂ ਭਰਾਵਾਂ ਨੂੰ ਸਦਮਾ ਪਿਤਾ ਸੁਰਗਵਾਸ

**ਸ਼ਿਕਾਗੋ (ਬਿਊਰੋ):** ਸਥਾਨਕ ਬਿਜਨਸਮੈਨ ਅਤੇ 'ਪੰਜਾਬ ਟਾਈਮਜ਼' ਦੀ ਸਲਾਹਕਾਰ ਕਮੇਟੀ ਦੇ ਮੈਂਬਰ ਸ. ਬਲਵਿੰਦਰ ਸਿੰਘ ਸੰਧੂ ਤੇ ਜਸਵਿੰਦਰ ਸਿੰਘ ਸੰਧੂ ਨੂੰ ਉਦੋਂ ਡੂੰਘਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਪਿਤਾ



*ਸ. ਦਰਬਾਰਾ ਸਿੰਘ ਸੰਧੂ*

ਸ. ਦਰਬਾਰਾ ਸਿੰਘ ਸੰਧੂ 9 ਅਪਰੈਲ 2017 ਨੂੰ ਸਵਰਗ ਸਿਧਾਰ ਗਏ। ਉਹ 86 ਵਰ੍ਹਿਆਂ ਦੇ ਸਨ ਅਤੇ ਜ਼ਿਲਾ ਹੁਸ਼ਿਆਰਪੁਰ ਦੇ ਪਿੰਡ ਖੇੜਾ (ਨਜ਼ਦੀਕ ਮਾਹਿਲਪੁਰ) ਰਹਿੰਦੇ ਸਨ।

ਸਵਰਗੀ ਦਰਬਾਰਾ ਸਿੰਘ ਸੰਧੂ ਆਪਣੇ ਪਿਛੇ ਪਤਨੀ ਅਜਮੇਰ ਕੌਰ ਸੰਧੂ, ਦੋ ਪੁੱਤਰ, ਨੂੰਹਾਂ, ਧੀ ਸੁਰਿੰਦਰ ਕੌਰ ਜੱਜ (ਸੁਪਤਨੀ ਇਕਬਾਲ ਸਿੰਘ ਜੱਜ) ਅਤੇ ਪੋਤਿਆਂ-ਦੋਹਤਿਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ। ਪੰਜਾਬ ਟਾਈਮਜ਼ ਦੀ ਸਲਾਹਕਾਰ ਕਮੇਟੀ ਨੇ ਸੰਧੂ ਪਰਿਵਾਰ ਨੂੰ ਪਹੁੰਚੇ ਇਸ ਸਦਮੇ 'ਤੇ ਦੁੱਖ ਦਾ ਇਜ਼ਹਾਰ ਕਰਦਿਆਂ ਵਾਹਿਗੁਰੂ ਅੱਗੇ ਅਰਦਾਸ ਕੀਤੀ ਹੈ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ।

# ਭਾਰਤ ਵਿਚ ਹੁਣ ਫਿਗਰ ਪ੍ਰਿੰਟ ਨਾਲ ਕਰੋ ਜਹਾਜ਼ ਦੀ ਸਵਾਰੀ

**ਨਵੀਂ ਦਿੱਲੀ:** ਭਾਰਤ ਸਰਕਾਰ ਜਹਾਜ਼ ਦੇ ਯਾਤਰੀਆਂ ਲਈ ਅਧਾਰ ਕਾਰਡ ਉਤੇ ਬੁਕਿੰਗ ਤੇ ਬੋਰਡਿੰਗ ਸਿਸਟਮ ਲਿਆਉਣ ਬਾਰੇ ਵਿਚਾਰ ਕਰ ਰਹੀ ਹੈ। ਇਸ ਸਿਸਟਮ ਨਾਲ ਯਾਤਰੀ ਦੀ ਇਕ ਉਂਗਲੀ ਹੀ ਉਸ ਦੀ ਟਿਕਟ ਤੇ ਬੋਰਡਿੰਗ ਪਾਸ ਬਣ ਜਾਵੇਗੀ। ਇਹ ਗੱਲ ਸਿਵਲ ਐਵੀਏਸ਼ਨ ਮੰਤਰੀ ਪੀ. ਅਸ਼ੋਕ ਗਜਪਤੀ ਰਾਜੂ ਨੇ ਕਹੀ ਹੈ।



ਉਨ੍ਹਾਂ ਕਿਹਾ ਹੈ ਕਿ ਅਧਾਰ ਕਾਰਡ ਨਾਲ ਹੀ ਟਿਕਟ ਬੁਕਿੰਗ ਦਾ ਪਾਈਲਟ ਪ੍ਰੋਜੈਕਟ ਕਾਮਯਾਬ ਹੋ ਰਿਹਾ ਹੈ। ਹੁਣ ਸਾਡੀ ਇੰਡਸਟਰੀ ਨਾਲ ਜੁੜੇ ਲੋਕ ਇਸ 'ਤੇ ਵਿਚਾਰ ਕਰ ਰਹੇ ਹਨ। ਅਧਾਰ ਨਾਲ ਜੁੜਿਆ ਬਾਇਓਮੈਟ੍ਰਿਕ ਡਾਟਾ ਹੀ ਪੈਸੈਂਜ਼ਰ ਦੀ ਪਛਾਣ ਦਾ ਜ਼ਰੀਏ ਬਣੇਗਾ। ਮੰਤਰੀ ਮੁਤਾਬਕ ਇਸ ਸਿਸਟਮ ਨਾਲ ਕਾਗਜ਼ ਦੀ ਵਰਤੋਂ ਘਟੇਗੀ ਤੇ ਸਾਰੀ ਪ੍ਰਕਿਰਿਆ ਅਸਾਨ ਹੋ ਜਾਵੇਗੀ। ਇਸੇ ਤਰ੍ਹਾਂ ਰੇਲਵੇ ਦੇ ਟਿਕਟ ਵੀ ਅਧਾਰ ਦੇ ਜ਼ਰੀਏ ਬੁੱਕ ਕਰਨ ਦੀ ਸਕੀਮ 'ਤੇ ਵੀ ਵਿਚਾਰ ਕੀਤਾ ਜਾ ਰਿਹਾ ਹੈ।

## ਪਰਵਾਸੀ ਭਾਰਤੀਆਂ ਲਈ ਬੀਮਾ ਯੋਜਨਾ ਬੰਦ

**ਨਵੀਂ ਦਿੱਲੀ:** ਵਿਦੇਸ਼ ਜਾਣ ਵਾਲੇ ਕਾਮਿਆਂ ਦੇ ਇਕ ਖਾਸ ਵਰਗ ਦੀ ਸਮਾਜਿਕ ਸੁਰੱਖਿਆ ਮੁੱਦਿਆਂ ਨਾਲ ਜੁੜੀ ਯੋਜਨਾ ਬੰਦ ਹੋਣ ਜਾ ਰਹੀ ਹੈ। ਹੁਣ ਸਰਕਾਰ ਅਜਿਹੇ ਕਰਮਚਾਰੀਆਂ ਨੂੰ ਬੀਮਾ ਕਵਰ ਮੁਹੱਈਆ ਕਰਾਉਣ ਲਈ ਮੌਜੂਦਾ ਭਾਰਤੀ ਬੀਮਾ ਯੋਜਨਾ 'ਤੇ ਧਿਆਨ ਕੇਂਦਰਤ ਕਰੇਗੀ। ਕੇਂਦਰੀ ਮੰਤਰੀ ਮੰਡਲ ਨੇ ਮਹਾਤਮਾ ਗਾਂਧੀ ਪਰਵਾਸੀ ਸੁਰੱਖਿਆ ਯੋਜਨਾ ਬੰਦ ਕਰਨ ਨੂੰ ਮਨਜ਼ੂਰੀ ਦਿੱਤੀ ਹੈ।

ਇਮੀਗਰੇਸ਼ਨ ਚੈੱਕ ਰਿਕਵਾਇਰਡ (ਈ.ਸੀ.ਆਰ.) ਸ਼੍ਰੇਣੀ ਦੇ ਕਾਮਿਆਂ ਦੀ ਸਮਾਜਿਕ ਸੁਰੱਖਿਆ ਨਾਲ ਜੁੜੇ ਮੁੱਦਿਆਂ ਨੂੰ ਹੱਲ ਕਰਨ ਲਈ 2012 ਵਿਚ ਇਹ ਯੋਜਨਾ ਲਿਆਂਦੀ ਗਈ ਸੀ। ਸਰਕਾਰੀ ਸੂਤਰਾਂ ਨੇ ਦੱਸਿਆ ਕਿ ਇਸ ਯੋਜਨਾ ਤਹਿਤ ਮਹਿਜ਼ 1,073 ਗਾਹਕ ਹੀ ਸਨ। ਇਨ੍ਹਾਂ ਵਿਚੋਂ ਸਿਰਫ 443 ਸਰਗਰਮ ਸਨ, ਪਰ ਇਸ ਨੂੰ ਚਲਾਉਣ ਨਾਲ ਸਰਕਾਰ ਨੂੰ 3.9 ਕਰੋੜ ਦਾ ਖਰਚਾ ਆਉਂਦਾ ਸੀ। ਹੁਣ ਸਰਕਾਰ ਪਰਵਾਸੀ ਭਾਰਤੀ ਬੀਮਾ ਯੋਜਨਾ 'ਤੇ ਧਿਆਨ ਕੇਂਦਰਤ ਕਰੇਗੀ।

## ਰਾਣਾ ਅਯੂਬ ਨੂੰ ਅਸ਼ਲੀਲ ਸੰਦੇਸ਼ ਭੇਜਣ ਵਾਲਾ ਦੁਬਈ ਵਿਚੋਂ ਕੱਢਿਆ

**ਦੁਬਈ:** ਸੰਯੁਕਤ ਅਰਬ ਅਮੀਰਾਤ ਦੇ ਮੁੱਖ ਸ਼ਹਿਰ ਦੁਬਈ ਵਿਚ ਉਸ ਭਾਰਤੀ ਨੂੰ ਦੇਸ਼ ਵਾਪਸ ਭੇਜ ਦਿੱਤਾ ਹੈ ਜਿਸ ਨੇ ਸੋਸ਼ਲ ਮੀਡੀਆ 'ਤੇ ਹਮਵਤਨ ਪੱਤਰਕਾਰ ਰਾਣਾ ਆਯੂਬ ਬਾਰੇ ਮੰਦੀ ਭਾਸ਼ਾ ਵਰਤੀ ਸੀ ਤੇ ਫੇਸਬੁੱਕ 'ਤੇ ਇਸਲਾਮ ਖ਼ਿਲਾਫ਼ ਪੋਸਟਾਂ ਪਾਈਆਂ ਸਨ।

ਰਾਣਾ ਅਯੂਬ ਨੇ ਅਸ਼ਲੀਲ ਸੰਦੇਸ਼ਾਂ ਬਾਰੇ ਟਵਿੱਟਰ 'ਤੇ ਦੱਸਿਆ ਜਿਸ ਤੋਂ ਬਾਅਦ ਉਨ੍ਹਾਂ ਦੇ ਕੁਝ ਫਾਲੋਅਰਾਂ ਨੇ ਮਾਮਲੇ ਬਾਰੇ ਯੂ.ਏ.ਈ. ਦੀ ਉਸ ਕੰਪਨੀ ਨੂੰ ਜਾਣੂ ਕਰਵਾਇਆ। ਕੇਰਲ ਦੇ ਰਹਿਣ ਵਾਲੇ ਇਸ ਬੰਦੇ ਦੀ ਪਛਾਣ ਬੀ.ਬੀ. ਵਜੋਂ ਹੋਈ ਹੈ। ਹੁਣ ਕੰਪਨੀ ਨੇ ਉਸ ਦਾ ਕਰਾਰ ਖ਼ਤਮ ਕਰ ਦਿੱਤਾ ਹੈ। ਪਤਾ ਲੱਗਿਆ ਹੈ ਕਿ ਕਾਨੂੰਨੀ ਕਾਰਵਾਈ ਦੇ ਡਰ ਤੋਂ ਉਸ ਨੇ ਖੁਦ ਹੀ ਮੁਲਕ ਪਰਤਣਾ ਮੰਨ ਲਿਆ।


ਰੈਸਟੋਰੈਂਟ ਸਟਾਫ ਦੀ ਲੋੜ ਹੈ
ਕੈਨਸਸ ਵਿਚ ਕੱਰੀ ਕੁੱਕ, ਕੁੱਕ, ਤੰਦੂਰੀਏ, ਹੈਲਪਰ ਤੇ ਸਰਵਰ ਦੀ ਲੋੜ ਹੈ
ਫੋਨ: 316-305-1818
918-576-1899
15&29



WEBSITE - DHOLRADIO.CO
DHOL RADIO
ਪਿੰਡ ਤੋ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)



ਹਲਵਾਈ, ਡੋਸਾ ਮੇਕਰ ਅਤੇ ਕਿਚਨ ਹੈਲਪਰਾਂ ਦੀ ਲੋੜ ਹੈ
ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਹਲਵਾਈ ਤੇ ਡੋਸਾ ਮੇਕਰ ਅਤੇ ਤਿੰਨ ਕਿਚਨ ਹੈਲਪਰ ਚਾਹੀਦੇ ਹਨ
ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ
ਸੰਪਰਕ ਕਰੋ
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 40 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

ਕੰਪਨੀ ਦੇ ਟਰੱਕ ਅਤੇ ਟਰੇਲਰ ਲੀਜ਼ ਜਾਂ ਕਿਰਾਏ 'ਤੇ ਲੈ ਸਕਦੇ ਹੋ
Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

# ਪਾਕਿਸਤਾਨ ਸਰਕਾਰ ਵੱਲੋਂ ਵਿਦੇਸ਼ਾਂ 'ਚ ਜਲ ਵੇਚਣ ਦੇ ਐਲਾਨ ਵਿਰੁਧ ਰੋਹ

**ਲਾਹੌਰ:** ਪਾਕਿਸਤਾਨ ਸਰਕਾਰ ਵੱਲੋਂ ਗੁਰਦੁਆਰਾ ਸਾਹਿਬਾਨ ਵਿਚ ਬਣੇ ਖੂਹਾਂ ਤੇ ਸਰੋਵਰਾਂ ਦੇ ਜਲ ਨੂੰ ਵਿਦੇਸ਼ਾਂ ਦੇ ਗੁਰਦੁਆਰਿਆਂ ਵਿਚ ਵੇਚਣ ਦੇ ਐਲਾਨ ਤੋਂ ਪਾਕਿਸਤਾਨੀ ਸਿੱਖਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਪਾਕਿਸਤਾਨ ਸਰਕਾਰ ਵੱਲੋਂ ਜ਼ਿਲ੍ਹਾ ਨਾਰੋਵਾਲ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ, ਜ਼ਿਲ੍ਹਾ ਹਸਨ ਅਬਦਾਲ ਸਥਿਤ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਤੇ ਸ੍ਰੀ ਨਨਕਾਣਾ ਸਾਹਿਬ ਅੰਦਰ ਮੌਜੂਦ ਖੂਹਾਂ ਤੇ ਸਰੋਵਰਾਂ ਦੇ ਜਲ ਨੂੰ ਨਿਰਯਾਤ ਕਰਨ ਦਾ ਐਲਾਨ ਕੀਤਾ ਹੈ।

ਪਾਕਿਸਤਾਨ ਵਸਦੇ ਸਿੱਖਾਂ ਨੇ ਸਪੱਸ਼ਟ ਕੀਤਾ ਹੈ ਕਿ ਉਹ ਪਾਕਿ ਸਰਕਾਰ ਨੂੰ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਵਪਾਰੀਕਰਨ ਨਹੀਂ ਕਰਨ ਦੇਣਗੇ। ਜ਼ਿਕਰਯੋਗ ਹੈ ਕਿ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇ ਜੀ ਨਾਲ ਸਬੰਧਤ ਉਪਰੋਕਤ ਗੁਰਦੁਆਰਾ ਸਾਹਿਬਾਨ ਦੇ ਖੂਹਾਂ ਤੇ ਸਰੋਵਰਾਂ ਦੇ ਜਲ ਨੂੰ ਆਬ-ਏ-ਜ਼ਮਜ਼ਮ ਤੇ ਸਿੱਖ ਭਾਈਚਾਰੇ ਲਈ ਅੰਮ੍ਰਿਤ ਜਲ ਦੇ ਸਮਾਨ ਦੱਸਦਿਆਂ ਇਵੈਕੁਈ ਟਰੱਸਟ ਪ੍ਰਾਪਰਟੀ ਬੋਰਡ ਦੇ ਚੇਅਰਮੈਨ ਸਦੀਕਉੱਲ ਫਾਰੂਕ ਵੱਲੋਂ ਇਹ ਜਲ ਸੰਸਾਰ ਭਰ ਦੇ ਗੁਰਦੁਆਰਿਆਂ 'ਚ ਨਿਰਯਾਤ ਕਰਨ ਦਾ ਐਲਾਨ ਕੀਤਾ ਗਿਆ ਹੈ। ਪਿਸ਼ਾਵਰ ਦੀ ਸਿੱਖ ਸੰਗਤ ਨੇ ਕਿਹਾ ਕਿ ਸੰਸਾਰ ਦੇ ਕਿਸੇ ਵੀ ਦੇਸ਼ ਦੀ ਸਰਕਾਰ ਨੇ ਉਥੋਂ ਦੇ ਗੁਰਦੁਆਰੇ ਦੇ ਜਲ ਨੂੰ ਨਿਰਯਾਤ ਕਰਨ ਦੀ ਹਿਮਾਕਤ ਨਹੀਂ ਕੀਤੀ, ਜਦੋਂ ਕਿ ਈ.ਟੀ.ਪੀ.ਬੀ. ਸਿੱਖਾਂ ਦੀਆਂ ਭਾਵਨਾਵਾਂ ਤੇ ਸਿੱਖ ਮਰਿਆਦਾ ਦਾ ਵਪਾਰੀਕਰਨ ਕਰਨ ਦੀਆਂ ਯੋਜਨਾਵਾਂ ਨੂੰ ਅਮਲੀ ਰੂਪ ਦੇਣ ਦੀਆਂ ਤਿਆਰੀਆਂ ਵਿਚ ਹੈ, ਪਰ ਸਰਕਾਰ ਦੀਆਂ ਇਹ ਕੋਸ਼ਿਸ਼ਾਂ ਪਾਕਿ ਸਿੱਖ ਸੰਗਤ ਕਦੇ ਪੂਰੀਆਂ ਨਹੀਂ ਹੋਣ ਦੇਵੇਗੀ।

# ਨਿਤੀਸ਼ ਰੱਖਣਗੇ ਗੁਰਦੁਆਰਾ ਕੰਗਣਘਾਟ ਦਾ ਨੀਂਹ ਪੱਥਰ

**ਪਟਨਾ:** ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਵਿਸਾਖੀ ਮੌਕੇ ਨਵੇਂ ਉਸਾਰੇ ਜਾਣ ਵਾਲੇ ਗੁਰਦੁਆਰਾ ਕੰਗਣਘਾਟ ਸਾਹਿਬ ਦਾ ਨੀਂਹ ਪੱਥਰ ਰੱਖਣਗੇ। ਇਹ ਗੁਰੂ ਘਰ ਪੁਰਾਣੇ ਗੁਰਦੁਆਰਾ ਕੰਗਣਘਾਟ ਦੇ ਬਿਲਕੁਲ ਨੇੜੇ ਉਸਾਰਿਆ ਜਾ ਰਿਹਾ ਹੈ। ਨਵੇਂ ਉਸਾਰੇ ਜਾਣ ਵਾਲੇ ਇਸ ਗੁਰੂ ਘਰ ਲਈ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਸਰਕਾਰ ਵੱਲੋਂ ਜ਼ਮੀਨ ਦਾਨ ਦਿੱਤੀ ਹੈ। ਇਸ ਦੀ ਸੇਵਾ ਸੰਤ ਬਚਨ ਸਿੰਘ ਅਤੇ ਬਾਬਾ ਮਹਿੰਦਰ ਸਿੰਘ ਕਰਵਾ ਰਹੇ ਹਨ। ਪੁਰਾਣੇ ਕੰਗਣਘਾਟ ਗੁਰਦੁਆਰਾ ਸਾਹਿਬ ਦੀ ਇਮਾਰਤ ਛੋਟੀ ਹੈ।

ਗੰਗਾ ਤੱਟ 'ਤੇ ਨਵੇਂ ਬਣਾਏ ਜਾ ਰਹੇ ਗੁਰਦੁਆਰਾ ਕੰਗਣਘਾਟ ਸਾਹਿਬ ਦਾ ਨੀਂਹ ਪੱਥਰ ਰੱਖਣ ਮੌਕੇ ਮੁੱਖ ਮੰਤਰੀ ਨਿਤੀਸ਼ ਕੁਮਾਰ ਅਤੇ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਸਮੇਤ ਸਿੱਖ ਪੰਥ ਦੀਆਂ ਹੋਰ ਕਈ ਸ਼ਖਸੀਅਤਾਂ ਹਾਜ਼ਰ ਹੋਣਗੀਆਂ। ਜ਼ਿਕਰਯੋਗ ਹੈ ਕਿ ਗੁਰੂ ਗੋਬਿੰਦ ਸਿੰਘ ਦੇ 350ਵੇਂ ਪ੍ਰਕਾਸ਼ ਪੁਰਬ ਸਮੇਂ ਪਟਨਾ ਵਿਚ ਕੀਤੇ ਗਏ ਬੇਮਿਸਾਲ ਪ੍ਰਬੰਧਾਂ ਸਦਕਾ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਸਿੱਖ ਜਗਤ ਵਿਚ ਬਹੁਤ ਸਤਿਕਾਰ ਮਿਲਿਆ ਹੈ। ਸ਼ਤਾਬਦੀ ਸਮਾਗਮਾਂ ਦੌਰਾਨ ਗੁਰਦੁਆਰਾ ਕੰਗਣਘਾਟ ਸਾਹਿਬ ਦੀ ਪੁਰਾਣੀ ਇਮਾਰਤ ਦੀ ਮੁਰੰਮਤ ਇਸੇ ਕਰ ਕੇ ਨਹੀਂ ਸੀ ਕਰਵਾਈ ਜਾ ਸਕੀ ਕਿਉਂਕਿ ਇਸ ਸਬੰਧੀ ਵਿਵਾਦ ਚੱਲ ਰਿਹਾ ਸੀ। ਹੁਣ ਪੁਰਾਣੀ ਇਮਾਰਤ ਨੂੰ ਛੇੜੇ ਬਿਨਾਂ ਹੀ ਨਾਲ ਲੱਗਦੀ ਥਾਂ 'ਤੇ ਨਵੀਂ ਬਣਾਈ ਇਮਾਰਤ ਬਣਾਈ ਜਾ ਰਹੀ ਹੈ।

# ਗੁਰਦੁਆਰਾ ਗਿਆਨ ਗੋਦੜੀ ਦੀ ਮੁੜ ਸਥਾਪਨਾ ਦੀ ਆਸ ਬੱਝੀ

**ਅੰਮ੍ਰਿਤਸਰ:** ਹਰਿਦੁਆਰ ਵਿਚ ਹਰਿ ਕੀ ਪਉੜੀ ਵਿਖੇ ਗੁਰਦੁਆਰਾ ਗਿਆਨ ਗੋਦੜੀ ਦੀ ਸਥਾਪਨਾ ਬਾਰੇ ਸਿੱਖ ਵਫਦ ਨੇ ਉਤਰਾਖੰਡ ਦੇ ਮੁੱਖ ਮੰਤਰੀ ਤ੍ਰਿਵੇਂਦਰਾ ਸਿੰਘ ਰਾਵਤ ਨਾਲ ਮੁਲਾਕਾਤ ਕੀਤੀ ਹੈ, ਜਿਸ ਵਿਚ ਉਨ੍ਹਾਂ ਨੇ ਹਰਿ ਕੀ ਪਉੜੀ ਵਿਖੇ ਗੁਰਦੁਆਰੇ ਦੀ ਉਸਾਰੀ ਲਈ ਢੁਕਵੀਂ ਥਾਂ ਦੇਣ ਦੀ ਮੰਗ ਰੱਖੀ। ਮੁੱਖ ਮੰਤਰੀ ਨੇ ਸਿੱਖ ਵਫਦ ਨੂੰ ਹਾਂ-ਪੱਖੀ ਹੁੰਗਾਰਾ ਦਿੱਤਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਭੇਜੇ ਸਿੱਖ ਵਫਦ ਵਿਚ ਸ਼੍ਰੋਮਣੀ ਕਮੇਟੀ ਮੈਂਬਰ ਰਜਿੰਦਰ ਸਿੰਘ ਮਹਿਤਾ, ਮੁੱਖ ਸਕੱਤਰ ਹਰਚਰਨ ਸਿੰਘ ਤੇ ਵਧੀਕ ਸਕੱਤਰ ਹਰਭਜਨ ਸਿੰਘ ਮਨਾਵਾਂ ਸ਼ਾਮਲ ਸਨ।

ਵਫਦ ਨੇ ਉਤਰਾਖੰਡ ਦੇ ਮੁੱਖ ਮੰਤਰੀ ਨਾਲ ਮੁਲਾਕਾਤ ਮਗਰੋਂ ਇਸ ਸਬੰਧੀ ਰਿਪੋਰਟ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੂੰ ਸੌਂਪ ਦਿੱਤੀ ਹੈ। ਸਿੱਖ ਵਫਦ ਨੇ ਉਤਰਾਖੰਡ ਦੇ ਮੁੱਖ ਮੰਤਰੀ ਸ੍ਰੀ ਰਾਵਤ ਨੂੰ ਸਿੱਖ ਸੰਗਤ ਦੀਆਂ ਭਾਵਨਾਵਾਂ ਅਨੁਸਾਰ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਦੀ ਮੁੜ ਉਸਾਰੀ ਲਈ ਸੰਜੀਦਾ ਯਤਨ ਕਰਨ ਲਈ ਕਿਹਾ।

ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਹਰਚਰਨ ਸਿੰਘ ਨੇ ਦੱਸਿਆ ਕਿ ਬੀਤੇ ਸਮੇਂ ਵਿਚ ਵਿਕਾਸ ਦੇ ਨਾਂ 'ਤੇ ਇਸ ਗੁਰਦੁਆਰੇ ਨੂੰ ਢਹਿ-ਢੇਰੀ ਕਰ ਦਿੱਤਾ ਗਿਆ ਸੀ। ਸਿੱਖ ਸੰਗਤ ਵੱਲੋਂ ਗੁਰਦੁਆਰੇ ਦੀ ਤੁਰਤ ਸਥਾਪਨਾ ਦੀ ਮੰਗ ਕੀਤੀ ਜਾ ਰਹੀ ਹੈ। ਉਤਰਾਖੰਡ ਦੇ ਮੁੱਖ ਮੰਤਰੀ ਨਾਲ ਸੁਖਾਵੇਂ ਮਾਹੌਲ ਵਿਚ ਗੱਲਬਾਤ ਹੋਈ ਹੈ ਤੇ ਮੁੱਖ ਮੰਤਰੀ ਨੇ ਇਸ ਮਸਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਗੁਰਦੁਆਰੇ ਦੀ ਮੁੜ ਉਸਾਰੀ ਲਈ ਜਗ੍ਹਾ ਦੇਣ ਦਾ ਭਰੋਸਾ ਦਿੱਤਾ ਹੈ।

ਦੱਸਣਯੋਗ ਹੈ ਕਿ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਹਰਿਦੁਆਰ ਹਰਿ ਕੀ ਪੌੜੀ ਵਿਖੇ ਸਥਿਤ ਸੀ, ਜਿਸ ਨੂੰ ਬੀਤੇ ਸਮੇਂ ਵਿਚ ਵਿਕਾਸ ਦੇ ਨਾਮ 'ਤੇ ਸਰਕਾਰ ਵੱਲੋਂ ਢਾਹ ਦਿੱਤਾ ਗਿਆ ਸੀ। ਇਹ ਗੁਰਦੁਆਰਾ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਹੈ। ਸਮੇਂ-ਸਮੇਂ 'ਤੇ ਗੁਰਦੁਆਰੇ ਦੀ ਮੁੜ ਸਥਾਪਨਾ ਲਈ ਸ਼੍ਰੋਮਣੀ ਕਮੇਟੀ ਤੇ ਸੰਗਤ ਵੱਲੋਂ ਜਗ੍ਹਾ ਦੇਣ ਦੀ ਮੰਗ ਕੀਤੀ ਜਾਂਦੀ ਰਹੀ ਹੈ। ਬੇਸ਼ੱਕ 2001 ਵਿਚ ਸਰਕਾਰ ਨੇ ਜਗਜੀਤਪੁਰਾ ਵਿਚ ਜਗ੍ਹਾ ਦੇਣ ਦੀ ਹਾਮੀ ਭਰੀ ਸੀ, ਪਰ ਪ੍ਰਬੰਧਕਾਂ ਤੇ ਸੰਗਤ ਵੱਲੋਂ ਯੋਗ ਜਗ੍ਹਾ ਨਾ ਹੋਣ ਕਾਰਨ ਨਾ-ਮਨਜ਼ੂਰ ਕਰ ਦਿੱਤੀ ਗਈ।

# ਬਡੂੰਗਰ ਵੱਲੋਂ ਹੋਂਦ ਚਿੱਲੜ ਸਿੱਖ ਕਤਲੇਆਮ ਬਾਰੇ ਖੱਟਰ ਨੂੰ ਪੱਤਰ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਪੱਤਰ ਲਿਖ ਕੇ ਹੋਂਦ ਚਿੱਲੜ ਸਿੱਖ ਕਤਲੇਆਮ ਦੇ ਦੋਸ਼ੀਆਂ ਵਿਰੁੱਧ ਪਰਚਾ ਦਰਜ ਕਰਵਾਉਣ ਤੇ ਸਿੱਖਾਂ ਨੂੰ ਇਨਸਾਫ ਦੁਆਉਣ ਦੀ ਮੰਗ ਕੀਤੀ ਹੈ।

ਪੱਤਰ 'ਚ ਉਨ੍ਹਾਂ ਕਿਹਾ ਹੈ ਕਿ ਹਰਿਆਣਾ ਦੇ ਹੋਂਦ ਚਿੱਲੜ ਵਿਖੇ ਹੋਇਆ ਸਿੱਖ ਕਤਲੇਆਮ ਮਨੁੱਖਤਾ ਤੋਂ ਕੋਹਾਂ ਦੂਰ ਉਹ ਕਰੂਰ ਕਾਰਾ ਹੈ ਜਿਸ ਨੂੰ ਸਿੱਖ ਕੌਮ ਕਦੇ ਵੀ ਭੁਲਾ ਨਹੀਂ ਸਕਦੀ। ਦੁੱਖ ਦੀ ਗੱਲ ਹੈ ਕਿ ਜਾਂਚ ਕਮਿਸ਼ਨ ਵੱਲੋਂ ਦੋਸ਼ੀ ਪਾਏ ਗਏ ਪੁਲਿਸ ਅਧਿਕਾਰੀਆਂ ਤੇ ਕਰਮਚਾਰੀਆਂ ਵਿਰੁੱਧ ਅਜੇ ਤੱਕ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਪੱਤਰ 'ਚ ਮੰਗ ਕੀਤੀ ਕਿ ਜਾਂਚ ਕਮਿਸ਼ਨ ਜਸਟਿਸ ਟੀ.ਪੀ. ਗਰਗ ਦੀ ਰਿਪੋਰਟ 'ਚ ਦੋਸ਼ੀ ਪਾਏ ਗਏ ਐਸ.ਪੀ. ਸਤੇਂਦਰ ਕੁਮਾਰ, ਡੀ.ਐਸ.ਪੀ. ਰਾਮ ਭੋਜ, ਸਬ-ਇੰਸਪੈਕਟਰ ਰਾਮ ਕਿਸ਼ੋਰ ਤੇ ਹੈੱਡ ਕਾਂਸਟੇਬਲ ਰਾਮ ਕੁਮਾਰ ਖਿਲਾਫ਼ ਤੁਰਤ ਪਰਚਾ ਦਰਜ ਕਰਵਾਇਆ ਜਾਵੇ।

# ਅਕਾਲੀ ਸਰਪੰਚ ਦਾ ਗੋਲੀਆਂ ਮਾਰ ਕੇ ਕਤਲ

**ਮੋਗਾ:** ਕੈਪਟਨ ਸਰਕਾਰ ਕਾਨੂੰਨ ਵਿਵਸਥਾ ਨੂੰ ਚੰਗਾ ਕਰਨ ਦੀ ਗੱਲ ਕਹਿ ਰਹੀ ਹੈ, ਪਰ ਨਿੱਤ ਵਾਪਰ ਰਹੀਆਂ ਕਤਲ ਤੇ ਲੁੱਟ ਖੋਹ ਦੀਆਂ ਘਟਨਾਵਾਂ ਕਿਸੇ ਹੋਰ ਤੱਥ ਵੱਲ ਇਸ਼ਾਰਾ ਕਰਦੀਆਂ ਹਨ। ਕਾਂਗਰਸ ਸਰਕਾਰ ਬਣਨ ਤੋਂ ਬਾਅਦ ਕਈ ਥਾਈਂ ਅਕਾਲੀ ਲੀਡਰਾਂ ਉਤੇ ਹਮਲੇ ਹੋ ਚੁੱਕੇ ਹਨ। ਹੁਣ ਮੋਗਾ ਜ਼ਿਲ੍ਹੇ ਦੇ ਪਿੰਡ ਮਾਣੂੰਕੇ 'ਚ ਅਕਾਲੀ ਸਰਪੰਚ ਬੇਅੰਤ ਸਿੰਘ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ। ਇਸ ਪਿੰਡ 'ਚ ਰਾਤ ਨੂੰ ਦੋ ਮੋਟਰਸਾਈਕਲ ਸਵਾਰ ਆਏ ਤੇ ਉਨ੍ਹਾਂ ਨੇ ਧੜਾ ਧੜਾ ਗੋਲੀਆਂ ਵਰ੍ਹਾ ਦਿੱਤੀਆਂ।

ਮ੍ਰਿਤਕ ਸਰਪੰਚ ਸਾਬਕਾ ਵਿਧਾਇਕ ਮਲਕੀਤ ਸਿੰਘ ਕੀਤੂ ਦੇ ਕਤਲ ਕਾਂਡ ਦਾ ਮੁਲਜ਼ਮ ਵੀ ਸੀ। 2012 'ਚ ਕੀਤੂ ਦਾ ਗੋਲੀਆਂ ਮਾਰ ਕੇ ਕਤਲ ਕੀਤਾ ਗਿਆ ਸੀ। ਪੁਲਿਸ ਮੁਤਾਬਕ ਇਸ ਸਰਪੰਚ 'ਤੇ ਚਾਰ ਕਤਲ ਦੇ ਕੇਸ ਚੱਲ ਰਹੇ ਸਨ। ਪੁਲਿਸ ਸਰਪੰਚ ਦੇ ਕਤਲ ਦੀ ਵਜ੍ਹਾ ਪੁਰਾਣੀ ਦੁਸ਼ਮਣੀ ਨੂੰ ਮੰਨ ਰਹੀ ਹੈ।

# ਪਿਪਲੀਵਾਲੇ ਨੂੰ ਮੁਆਫੀ ਦੇਣ 'ਤੇ ਵਿਵਾਦ

**ਚੰਡੀਗੜ੍ਹ:** ਚਾਰ ਅਪਰੈਲ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਈ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਦਰਮਿਆਨ ਸਿੱਖ ਕੌਮ ਦੇ ਅਹਿਮ ਮਸਲਿਆਂ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ 7 ਆਦੇਸ਼ ਜਾਰੀ ਕੀਤੇ ਗਏ। ਇਨ੍ਹਾਂ ਵਿਚੋਂ ਇਕ ਆਦੇਸ਼ ਨੀਲਧਾਰੀ ਸੰਪਰਦਾਇ ਦੇ ਮੁਖੀ ਸਤਨਾਮ ਸਿੰਘ ਪਿੱਪਲੀਵਾਲਾ ਦੇ ਮੁਆਫੀਨਾਮੇ ਨੂੰ ਪ੍ਰਵਾਨ ਕਰਨਾ ਸੀ।





ਆਦੇਸ਼ ਵਿਚ ਲਿਖਿਆ ਗਿਆ ਕਿ "ਭਾਈ ਸਤਨਾਮ ਸਿੰਘ ਮੁਖੀ ਨੀਲਧਾਰੀ ਸੰਪਰਦਾਇ ਵੱਲੋਂ ਪਿਛਲੇ ਦਿਨੀਂ ਪ੍ਰਚਾਰ ਸਮੇਂ ਗੁਰੂ ਸਾਹਿਬਾਨ ਦੇ ਪਰਿਵਾਰ ਸਬੰਧੀ ਜੋ ਸ਼ਬਦਾਵਲੀ ਵਰਤੀ ਗਈ, ਉਸ ਸਬੰਧੀ ਉਨ੍ਹਾਂ ਨੇ ਸਪੱਸ਼ਟੀਕਰਨ ਦਿੰਦਿਆਂ ਕਈ ਇਤਿਹਾਸਕ ਪ੍ਰਮਾਣ ਵੀ ਦਿੱਤੇ ਤੇ ਸਮੁੱਚੇ ਪੰਥ ਕੋਲੋਂ ਲਿਖਤੀ ਮੁਆਫੀ ਵੀ ਮੰਗੀ। ਪੰਜ ਸਿੰਘ ਸਾਹਿਬਾਨ ਵੱਲੋਂ ਲਿਖਤੀ ਮੁਆਫੀਨਾਮਾ ਪ੍ਰਵਾਨ ਕੀਤਾ ਗਿਆ।

ਅਕਾਲ ਤਖ਼ਤ ਸਾਹਿਬ ਵੱਲੋਂ ਨੀਲਧਾਰੀ ਮੁਖੀ ਦੇ ਮੁਆਫੀਨਾਮੇ ਨੂੰ ਪ੍ਰਵਾਨ ਕਰਨ ਨਾਲ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਗੁਰਮੁਖ ਸਿੰਘ ਸਹਿਮਤ ਨਹੀਂ ਹਨ। ਹਾਲਾਂਕਿ ਮੀਟਿੰਗ ਦੌਰਾਨ ਪੰਜੇ ਸਿੰਘ ਸਾਹਿਬਾਨ ਦੀ ਸਹਿਮਤੀ ਨਾਲ ਹੀ ਅਕਾਲ ਤਖ਼ਤ ਸਾਹਿਬ ਤੋਂ ਆਦੇਸ਼ ਜਾਰੀ ਕੀਤੇ ਜਾਂਦੇ ਹਨ। ਮੀਟਿੰਗ ਵਿਚ ਪੰਜਾਂ ਤਖ਼ਤਾਂ ਦੇ ਸਿੰਘ ਸਾਹਿਬਾਨ ਜਾਂ ਨੁਮਾਇੰਦੇ ਸ਼ਾਮਲ ਸਨ, ਪਰ ਗਿਆਨੀ ਗੁਰਮੁਖ ਸਿੰਘ ਇਸ ਫੈਸਲੇ ਨਾਲ ਸਹਿਮਤ ਨਹੀਂ ਸਨ। ਗਿਆਨੀ ਗੁਰਮੁਖ ਸਿੰਘ ਨੇ ਸਾਫ ਸ਼ਬਦਾਂ ਵਿਚ ਕਿਹਾ ਕਿ ਭਾਈ ਸਤਨਾਮ ਸਿੰਘ ਨੂੰ ਮੁਆਫੀਨਾਮਾ ਉਨ੍ਹਾਂ ਨੂੰ ਪ੍ਰਵਾਨ ਨਹੀਂ ਹੈ। ਜਦ ਤੱਕ ਇਹ ਸਾਫ ਨਹੀਂ ਕੀਤਾ ਜਾਂਦਾ ਕਿ ਪਿਪਲੀਵਾਲੇ ਤੋਂ ਮੁਆਫੀਨਾਮੇ ਵਾਲੀ ਚਿੱਠੀ ਅਕਾਲ ਤਖ਼ਤ ਸਾਹਿਬ ਕੌਣ ਲੈ ਕੇ ਆਇਆ ਜਾਂ ਕੌਣ ਦੇ ਕੇ ਗਿਆ ਹੈ।

ਉਨ੍ਹਾਂ ਦੱਸਿਆ ਕਿ ਪਿਪਲੀਵਾਲਾ ਦਾ ਮੁਆਫੀਨਾਮਾ ਪ੍ਰਵਾਨ ਕਰਨ ਸਬੰਧੀ ਸਾਡੇ ਨਾਲ ਕੋਈ ਵਿਚਾਰ ਨਹੀਂ ਕੀਤਾ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਇਤਿਹਾਸ ਨੂੰ ਵਿਗਾੜ ਕੇ ਪੇਸ਼ ਕਰਨ ਵਾਲੇ ਪ੍ਰਚਾਰਕ ਨੂੰ ਉਹ ਗੁਰੂ ਘਰ ਦੇ ਸੇਵਾਦਾਰ ਹੋਣ ਨਾਤੇ ਸਿਰਫ ਕਾਗਜ਼ ਦੇ ਟੁਕੜੇ ਜ਼ਰੀਏ ਮੁਆਫ ਨਹੀਂ ਕਰ ਸਕਦੇ, ਕਿਉਂਕਿ ਗਲਤੀ ਮੰਨਣ ਵਾਲੇ ਦੀ ਮੁਆਫੀ ਦਾ ਢੰਗ ਅਜਿਹਾ ਨਹੀਂ ਹੁੰਦਾ। ਕਾਗਜ਼ ਦਾ ਟੁਕੜਾ ਕਿਸੇ ਦੇ ਹੱਥ ਭੇਜੇ ਜਾਣ ਉਤੇ ਮੁਆਫੀਨਾਮਾ ਪ੍ਰਵਾਨ ਕਰ ਲੈਣਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਗਰਿਮਾ ਦੀ ਤੌਹੀਨ ਹੈ।" ਦੱਸ ਦੇਈਏ ਕਿ 4 ਅਪਰੈਲ ਵਾਲੀ ਮੀਟਿੰਗ ਵਿਚ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਕੋਈ ਨੁਮਾਇੰਦਾ ਸ਼ਾਮਲ ਨਾ ਹੋਣ ਕਰ ਕੇ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਭਾਈ ਰਘਬੀਰ ਸਿੰਘ ਨੂੰ ਸ਼ਾਮਲ ਕੀਤਾ ਗਿਆ ਸੀ।

ਸਤਨਾਮ ਸਿੰਘ ਪਿਪਲੀਵਾਲੇ ਦੇ ਮੁਆਫੀਨਾਮੇ 'ਤੇ ਭਾਈ ਰਘਬੀਰ ਸਿੰਘ ਨੇ ਵੀ ਦਸਤਖ਼ਤ ਨਹੀਂ ਕੀਤੇ। ਚੇਤੇ ਕਰਾ ਦੇਈਏ ਕਿ ਬੀਤੇ ਦਸੰਬਰ ਮਹੀਨੇ ਸਤਨਾਮ ਸਿੰਘ ਪਿਪਲੀਵਾਲਿਆਂ ਵੱਲੋਂ ਮਾਤਾ ਗੁਜਰੀ ਜੀ ਦੇ ਇਤਿਹਾਸ ਸਬੰਧੀ ਇਤਰਾਜ਼ਯੋਗ ਸ਼ਬਦਾਵਲੀ ਵਰਤੀ ਗਈ ਸੀ। ਇਸ ਦਾ ਸਿੱਖ ਸੰਗਤ ਨੇ ਬਹੁਤ ਵਿਰੋਧ ਕੀਤਾ ਸੀ ਤੇ ਗਿਆਨੀ ਗੁਰਮੁਖ ਸਿੰਘ ਨੇ ਸਿੱਧੇ ਤੌਰ 'ਤੇ ਸਤਨਾਮ ਸਿੰਘ ਦਾ ਵਿਰੋਧ ਕਰਦਿਆਂ ਤਾੜਨਾ ਕੀਤੀ ਗਈ ਸੀ।

# ਸਿਆਸੀ ਲੀਡਰਾਂ ਨੂੰ ਸਿਰੋਪਾਉ ਪਾਉਣ ਵਾਲੇ ਹੁਣ ਖਬਰਦਾਰ!

**ਚੰਡੀਗੜ੍ਹ:** ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਹਾਲ ਵਿਚ ਜਾਰੀ ਆਦੇਸ਼ ਮੁਤਾਬਕ ਸਿਆਸੀ ਪਾਰਟੀਆਂ ਨੂੰ ਸਿਆਸੀ ਕੰਮਾਂ ਲਈ ਸਿਰੋਪਾਉ ਦੀ ਵਰਤੋਂ ਕਰਨ ਸਬੰਧੀ ਸਖ਼ਤ ਤਾੜਨਾ ਕੀਤੀ ਗਈ ਹੈ। ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਮੁਤਾਬਕ "ਸੰਗਤਾਂ ਵੱਲੋਂ ਆਈਆਂ ਚਿੱਠੀਆਂ 'ਤੇ ਵਿਚਾਰਾਂ ਕਰਨ ਉਪਰੰਤ ਫੈਸਲਾ ਕੀਤਾ ਗਿਆ ਹੈ ਕਿ ਸਿਰੋਪਾਉ ਦੀ ਮਹਾਨਤਾ ਨੂੰ ਗੁਰਮਤਿ ਅਨੁਸਾਰ ਬਰਕਰਾਰ ਰੱਖਿਆ ਜਾਵੇ। ਜੋ ਪਾਰਟੀਆਂ ਆਪਣੇ ਮੈਂਬਰਾਂ ਨੂੰ ਪਾਰਟੀ ਵਿਚ ਸ਼ਾਮਲ ਕਰਨ ਲਈ ਸਿਰੋਪਾਉ ਦੀ ਵਰਤੋਂ ਕਰਦੀਆਂ ਹਨ, ਉਹ ਪਾਰਟੀਆਂ ਆਪਣਾ ਵੱਖਰਾ ਪਾਰਟੀ-ਚਿੰਨ ਬਣਾਉਣ। ਪੰਜ ਸਿੰਘ ਸਾਹਿਬਾਨ ਵੱਲੋਂ ਰਾਜਨੀਤਕ ਪਾਰਟੀਆਂ ਵੱਲੋਂ ਕੀਤੀ ਜਾਂਦੀ ਸਿਰੋਪਾਉ ਦੀ ਵਰਤੋਂ 'ਤੇ ਪੂਰਨ ਪਾਬੰਦੀ ਲਾਈ ਜਾਂਦੀ ਹੈ।"



ਦਰਅਸਲ, ਪਿਛਲੇ ਕੁਝ ਸਾਲਾਂ ਤੋਂ ਸਿੱਖ ਧਰਮ ਦੀ ਸਿਰੋਪਾਉ ਮਰਿਆਦਾ ਨੂੰ ਸਿਆਸੀ ਪਾਰਟੀਆਂ ਆਪਣੀ ਜਗੀਰ ਸਮਝਦੇ ਹੋਏ ਹਰ ਛੋਟੇ ਤੋਂ ਛੋਟੇ ਮੌਕਿਆਂ ਸਮੇਂ ਸਿਆਸੀ ਹਥਿਆਰ ਬਣਾ ਕੇ ਵਰਤਦੀਆਂ ਹਨ। ਪਾਰਟੀ ਵਿਚ ਸ਼ਾਮਲ ਹੋਣ ਵਾਲੇ ਛੋਟੇ ਤੋਂ ਵੱਡੇ ਵਰਕਰ ਜਾਂ ਆਗੂ ਨੂੰ ਸਿਰੋਪਾਉ ਦੇਣਾ ਆਮ ਹੀ ਬਣਿਆ ਹੋਇਆ ਹੈ। ਸਿੱਖ ਧਰਮ ਦੀ ਮਰਿਆਦਾ ਤੇ ਸਭਿਆਚਾਰ ਮੁਤਾਬਕ ਸਿਰੋਪਾਉ ਕੋਈ ਆਮ ਕੱਪੜਾ ਨਹੀਂ, ਬਲਕਿ ਸਿੱਖ ਇਤਿਹਾਸ ਤੇ ਰਵਾਇਤਾਂ ਮੁਤਾਬਕ ਇਹ ਕੱਪੜਾ ਸਿਰ ਤੋਂ ਲੈ ਕੇ ਪੈਰਾਂ ਤੱਕ ਪੱਤ ਕੱਜਣ ਲਈ ਬਖ਼ਸ਼ਿਸ਼ ਹੈ। ਇਹ ਧਰਮ, ਸਮਾਜ ਜਾਂ ਮਨੁੱਖਤਾ ਵਾਸਤੇ ਕੋਈ ਨੇਕ ਕਾਰਜ ਕਰਨ ਬਦਲੇ ਕੇਸਰੀ ਰੰਗ ਦੇ ਕੱਪੜੇ ਦੇ ਰੂਪ ਵਿਚ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਦਿੱਤਾ ਜਾਂਦਾ ਹੈ। ਅਕਾਲ ਤਖ਼ਤ ਸਾਹਿਬ ਨੇ ਇਸ ਦਾ ਬਦਲ ਵੀ ਪਾਰਟੀਆਂ ਨੂੰ ਦਿੱਤਾ ਹੈ ਕਿ ਆਪਣੀ ਅਜਿਹੀਆਂ ਸਿਆਸੀ ਗਤੀਵਿਧੀਆਂ ਮੌਕੇ ਸਿਆਸੀ ਪਾਰਟੀਆਂ ਨੂੰ ਆਪਣਾ ਕੋਈ ਵੱਖਰਾ ਪਾਰਟੀ ਚਿੰਨ ਸਨਮਾਨ ਵਜੋਂ ਦਿੱਤਾ ਜਾਣਾ ਚਾਹੀਦਾ ਹੈ।

## ਬੇਅਦਬੀ ਹੋਈ ਤਾਂ ਨਹੀਂ ਮਿਲਣਗੇ ਪਾਵਨ ਸਰੂਪ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਉਤੇ ਦੁੱਖ ਪ੍ਰਗਟ ਕਰਦਿਆਂ ਸਖ਼ਤ ਤਾੜਨਾ ਕੀਤੀ ਹੈ ਕਿ ਜੇਕਰ ਕਿਸੇ ਗੁਰੂ ਘਰ ਵਿਚ ਗ੍ਰੰਥੀ ਸਿੰਘ ਜਾਂ ਪ੍ਰਬੰਧਕ ਕਮੇਟੀਆਂ ਦੀ ਅਣਗਹਿਲੀ ਕਾਰਨ ਪਾਵਨ ਸਰੂਪ ਦੀ ਬੇਅਦਬੀ ਹੋਈ ਤਾਂ ਉਥੇ ਮੁੜ ਪਾਵਨ ਸਰੂਪ ਨਹੀਂ ਦਿੱਤੇ ਜਾਣਗੇ। ਸਿੰਘ ਸਾਹਿਬ ਨੇ ਕਿਹਾ ਕਿ ਇਹ ਬੇਅਦਬੀਆਂ ਕਿਸੇ ਸਾਜ਼ਿਸ਼ ਤਹਿਤ ਹੀ ਹੋ ਰਹੀਆਂ ਹਨ। ਇਸ ਨੂੰ ਰੋਕਣ ਵਿਚ ਸਮੇਂ ਦੀਆਂ ਸਰਕਾਰਾਂ ਜਿਥੇ ਅਸਫਲ ਹਨ, ਉਥੇ ਅਸੀਂ ਵੀ ਦੋਸ਼ੀ ਹਾਂ। ਉਨ੍ਹਾਂ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਸਖ਼ਤ ਹਦਾਇਤ ਕੀਤੀ ਕਿ ਗੁਰੂ ਘਰ ਦੀ ਸੇਵਾ ਕਰਨ ਲਈ ਚੰਗੇ ਵਿਦਵਾਨ, ਪੜ੍ਹੇ-ਲਿਖੇ ਅੰਮ੍ਰਿਤਧਾਰੀ ਗ੍ਰੰਥੀ ਸਿੰਘ ਹੀ ਰੱਖੇ ਜਾਣ, ਉਨ੍ਹਾਂ ਨੂੰ ਚੰਗੀ ਤਨਖਾਹ ਦਿੱਤੀ ਜਾਵੇ ਤੇ ਹਰ ਗੁਰੂ ਘਰ ਵਿਚ ਲੰਗਰ ਦੇ ਨਾਲ ਨਾਲ ਆਏ ਯਾਤਰੀਆਂ ਲਈ ਰਿਹਾਇਸ਼ ਦਾ ਪ੍ਰਬੰਧ ਕੀਤਾ ਜਾਵੇ।

# ਕਿਸਾਨਾਂ ਦੀ ਕਰਜ਼ ਮੁਆਫੀ ਬਣੀ ਕੈਪਟਨ ਸਰਕਾਰ ਲਈ ਵੰਗਾਰ

**ਚੰਡੀਗੜ੍ਹ:** ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿਤਿਆ ਨਾਥ ਵੱਲੋਂ ਛੋਟੇ ਤੇ ਸੀਮਾਂਤ ਕਿਸਾਨਾਂ ਦਾ ਇਕ ਲੱਖ ਰੁਪਏ ਤੱਕ ਦਾ ਫਸਲ ਕਰਜ਼ਾ ਮੁਆਫ ਕੀਤੇ ਜਾਣ ਕਾਰਨ ਪੰਜਾਬ ਸਰਕਾਰ ਉਤੇ ਵਾਅਦਾ ਪੂਰਾ ਕਰਨ ਲਈ ਦਬਾਅ ਵਧ ਗਿਆ ਹੈ। ਕਾਂਗਰਸ ਪਾਰਟੀ ਨੇ ਸੱਤਾ ਵਿਚ ਆਉਣ ਪਿੱਛੋਂ ਕਿਸਾਨਾਂ ਦਾ ਸਾਰਾ ਕਰਜ਼ਾ ਮੁਆਫ ਕਰਨ ਦਾ ਵਾਅਦਾ ਕੀਤਾ ਸੀ, ਪਰ ਅਜੇ ਤੱਕ ਪੰਜਾਬ ਸਰਕਾਰ ਮਾਹਿਰਾਂ ਦੀ ਕਮੇਟੀ ਗਠਿਤ ਕਰਨ ਦਾ ਫੈਸਲਾ ਹੀ ਲੈ ਸਕੀ ਹੈ। ਜੇਕਰ ਯੂ.ਪੀ. ਦੀ ਤਰਜ਼ ਉਤੇ ਵੀ ਕਰਜ਼ਾ ਮੁਆਫ ਕਰਨਾ ਹੋਵੇ ਤਾਂ ਸੂਬਾ ਸਰਕਾਰ ਨੂੰ ਘੱਟੋ ਘੱਟ 33 ਹਜ਼ਾਰ ਕਰੋੜ ਰੁਪਏ ਦੀ ਲੋੜ ਪਵੇਗੀ।

ਆਰ.ਬੀ.ਆਈ. ਨੇ ਸਟੇਟ ਪੱਧਰੀ ਬੈਂਕਾਂ ਨੂੰ ਛੋਟੇ ਤੇ ਸੀਮਾਂਤ ਕਿਸਾਨਾਂ ਸਿਰ ਬੈਂਕਾਂ ਦੇ ਕਰਜ਼ੇ ਦੀ ਵੱਖਰੀ ਦਰਜਾਬੰਦੀ ਕਰਨ ਦੀ ਹਦਾਇਤ ਕੀਤੀ ਸੀ। ਸਾਲ 2015-16 ਤੱਕ ਕਿਸਾਨਾਂ ਵੱਲ ਸਾਰੀਆਂ ਬੈਂਕਾਂ ਦਾ 90 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਖੜ੍ਹਾ ਸੀ। ਇਕ ਅਨੁਮਾਨ ਅਨੁਸਾਰ ਪੰਜਾਬ ਵਿਚ ਅਪਰੇਸ਼ਨਲ ਲੈਂਡ ਹੋਲਡਿੰਗਜ਼ ਮੁਤਾਬਕ ਬੇਸ਼ੱਕ 10.53 ਲੱਖ ਕਿਸਾਨ ਮੰਨੇ ਜਾਂਦੇ ਹਨ, ਪਰ ਪੰਜਾਬ ਦੇ ਕਿਸਾਨਾਂ ਦੇ 29,76,416 ਬੈਂਕ ਖਾਤੇ ਹਨ। ਇਨ੍ਹਾਂ ਵਿਚੋਂ 15,13,404 ਬੈਂਕ ਖਾਤੇ ਛੋਟੇ ਅਤੇ ਸੀਮਾਂਤ ਕਿਸਾਨਾਂ ਦੇ ਹਨ। ਭਾਵ ਤਕਰੀਬਨ 50.85 ਫੀਸਦੀ ਖਾਤੇ ਛੋਟੇ ਤੇ ਸੀਮਾਂਤ ਕਿਸਾਨਾਂ ਦੇ ਹਨ। ਇਨ੍ਹਾਂ ਕਿਸਾਨਾਂ ਸਿਰ ਬੈਂਕ ਦੇ ਕਰਜ਼ੇ ਦਾ ਹਿੱਸਾ 37.93 ਫੀਸਦੀ ਬਣਦਾ ਹੈ। ਪੰਜ ਏਕੜ ਤੋਂ ਘੱਟ ਜ਼ਮੀਨ ਵਾਲੇ ਛੋਟੇ ਤੇ ਸੀਮਾਂਤ ਕਿਸਾਨਾਂ ਸਿਰ 30,687 ਕਰੋੜ ਰੁਪਏ ਕਰਜ਼ਾ ਹੈ। ਸ਼ਾਹੂਕਾਰਾਂ ਦਾ ਕਰਜ਼ਾ ਵੱਖਰਾ ਹੈ। ਇਕ ਅਨੁਮਾਨ ਅਨੁਸਾਰ ਪੰਜਾਬ ਦੇ ਛੋਟੇ ਅਤੇ ਸੀਮਾਂਤ ਕਿਸਾਨਾਂ ਦੇ ਫਸਲੀ ਕਰਜ਼ੇ ਤੋਂ ਇਲਾਵਾ 2800 ਕਰੋੜ ਰੁਪਏ ਦੇ ਡਿਫਾਲਟਿੰਗ ਲੋਨ ਵੀ ਹਨ।

### ਉਤਰ ਪ੍ਰਦੇਸ਼ ਸਰਕਾਰ ਦੇ ਫੈਸਲੇ ਪਿੱਛੋਂ ਦਬਾਅ ਵਧਿਆ



### ਕੇਂਦਰ ਸਰਕਾਰ ਨੇ ਨਾ ਦਿੱਤਾ ਰਾਹ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਪਿਛਲੀ ਯੂ.ਪੀ.ਏ. ਸਰਕਾਰ ਦੀ ਤਰਜ਼ 'ਤੇ ਮੁਲਕ ਭਰ ਦੇ ਕਿਸਾਨਾਂ ਦੇ ਕਰਜ਼ਿਆਂ ਉਤੇ ਲੀਕ ਮਾਰਨ ਤੋਂ ਫਿਲਹਾਲ ਚੁੱਪੀ ਸਾਧ ਲਈ ਹੈ। ਰਾਜ ਸਭਾ ਵਿਚ ਕਾਂਗਰਸੀ ਆਗੂਆਂ ਨੇ ਇਸ ਮੁੱਦੇ 'ਤੇ ਖੇਤੀ ਮੰਤਰੀ ਰਾਧਾ ਮੋਹਨ ਸਿੰਘ ਨੂੰ ਘੇਰਿਆ, ਪਰ ਉਨ੍ਹਾਂ ਕੋਈ ਹੱਥ ਪੱਲਾ ਨਹੀਂ ਫੜਾਇਆ। ਕਾਂਗਰਸੀ ਆਗੂ ਆਸਕਰ ਫਰਨਾਡੇਜ਼ ਨੇ ਸੋਕੇ ਦੀ ਮਾਰ ਹੇਠ ਆਏ ਕਰਨਾਟਕ ਲਈ ਕੇਂਦਰ ਤੋਂ ਕਰਜ਼ਾ ਮੁਆਫੀ ਦੀ ਮੰਗ ਕੀਤੀ ਸੀ, ਪਰ ਖੇਤੀ ਮੰਤਰੀ ਨੇ ਕੋਈ ਠੋਸ ਜਵਾਬ ਨਾ ਦਿੱਤਾ।

### ਕਿਸਾਨਾਂ ਦਾ ਪੂਰਾ ਕਰਜ਼ਾ ਮੁਆਫ ਕਰਾਂਗੇ: ਕੈਪਟਨ

**ਜ਼ੀਰਕਪੁਰ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਕਿਸਾਨਾਂ ਨੂੰ ਖੇਤੀ ਸੰਕਟ ਵਿਚੋਂ ਕੱਢਣ ਲਈ ਉਤਰ ਪ੍ਰਦੇਸ਼ ਸਰਕਾਰ ਵਾਂਗ ਇਕ ਲੱਖ ਰੁਪਏ ਨਹੀਂ, ਸਗੋਂ ਪੂਰਾ ਕਰਜ਼ਾ ਮੁਆਫ ਕਰਨ ਲਈ ਵਚਨਬੱਧ ਹੈ। ਇਸ ਨੂੰ ਛੇਤੀ ਨੇਪਰੇ ਚਾੜ੍ਹਨ ਲਈ ਕਮਿਸ਼ਨ ਕਾਇਮ ਕਰ ਦਿੱਤਾ ਗਿਆ ਹੈ। ਕੈਪਟਨ ਨੇ ਕਿਹਾ ਕਿ ਪੰਜਾਬ ਸਰਕਾਰ ਪੂਰਾ ਕਰਜ਼ਾ ਮੁਆਫ ਕਰਨ ਉਤੇ ਗੰਭੀਰਤਾ ਨਾਲ ਕੰਮ ਕਰ ਰਹੀ ਹੈ।

### ਅਧੂਰੇ ਹੀ ਰਹਿੰਦੇ ਨੇ ਚੋਣ ਵਾਅਦੇ: ਖੇਹਰ

**ਨਵੀਂ ਦਿੱਲੀ:** ਭਾਰਤ ਦੇ ਚੀਫ ਜਸਟਿਸ ਜੇ.ਐਸ. ਖੇਹਰ ਨੇ ਕਿਹਾ ਕਿ ਚੋਣ ਵਾਅਦੇ ਅਧੂਰੇ ਰਹਿਣੇ ਨਿੱਤ ਦਾ ਕਰਮ ਬਣ ਗਿਆ ਹੈ ਅਤੇ ਮੈਨੀਫੈਸਟੋ ਸਿਰਫ ਕਾਗਜ਼ ਦੇ ਟੁਕੜੇ ਬਣ ਗਏ ਹਨ, ਜਿਨ੍ਹਾਂ ਲਈ ਸਿਆਸੀ ਪਾਰਟੀਆਂ ਨੂੰ ਜ਼ਰੂਰ ਜਵਾਬਦੇਹ ਬਣਾਇਆ ਜਾਣਾ ਚਾਹੀਦਾ ਹੈ। ਚੀਫ ਜਸਟਿਸ ਨੇ ਕਿਹਾ ਕਿ ਸਿਆਸੀ ਪਾਰਟੀਆਂ ਆਪਣੇ ਚੋਣ ਵਾਅਦਿਆਂ ਦੀ ਪੂਰਤੀ ਨਾ ਹੋਣ ਨੂੰ ਸਹੀ ਠਹਿਰਾਉਣ ਲਈ ਬੇਸ਼ਰਮੀ ਨਾਲ ਆਪਣੇ ਮੈਂਬਰਾਂ ਵਿਚਾਲੇ ਸਹਿਮਤੀ ਦੀ ਘਾਟ ਵਰਗੇ ਬਹਾਨੇ ਬਣਾਉਂਦੀਆਂ ਹਨ।

### ਖਾਲੀ ਖਜ਼ਾਨੇ ਨਾਲ ਕਰਜ਼ਾ ਮੁਆਫੀ ਕਿਵੇਂ?

**ਨਵੀਂ ਦਿੱਲੀ:** ਪੰਜਾਬ ਨੇ ਪਹਿਲਾਂ ਹੀ 1.80 ਲੱਖ ਕਰੋੜ ਰੁਪਏ ਦਾ ਕਰਜ਼ਾ ਦੇਣਾ ਹੈ, ਜਿਸ ਲਈ ਪੰਜਾਬ ਸਰਕਾਰ ਨੂੰ 10000 ਕਰੋੜ ਦੇ ਕਰੀਬ ਸਾਲਾਨਾ ਵਿਆਜ ਦੇਣਾ ਪੈਂਦਾ ਹੈ। ਤਕਰੀਬਨ 68000 ਕਰੋੜ ਰੁਪਏ ਦੇ ਕਿਸਾਨੀ ਕਰਜ਼ੇ ਨੂੰ ਜੇ ਫਿਰ ਕਰਜ਼ ਲੈ ਕੇ ਅਦਾ ਕੀਤਾ ਗਿਆ ਤਾਂ ਇਹ ਕੁੱਲ ਕਰਜ਼ਾ 2.50 ਲੱਖ ਕਰੋੜ ਦੇ ਕਰੀਬ ਪਹੁੰਚ ਜਾਏਗਾ। ਉਤਰ ਪ੍ਰਦੇਸ਼ ਦੇ ਮੁਕਾਬਲੇ ਪੰਜਾਬ ਦੀ ਅਰਥ-ਵਿਵਸਥਾ ਕਾਫੀ ਪਿੱਛੇ ਹੈ। ਉਤਰ ਪ੍ਰਦੇਸ਼ ਦੀ 22 ਕਰੋੜ ਵਸੋਂ ਹੈ ਅਤੇ ਉਸ ਦਾ ਵੱਡਾ ਉਦਯੋਗਿਕ ਢਾਂਚਾ ਹੈ। ਇਸ ਕਾਰਨ ਉਹ ਵੱਡੇ ਕਰਜ਼ੇ ਦੀ ਅਦਾਇਗੀ ਵੀ ਕਰ ਸਕਦਾ ਹੈ।

ਪੰਜਾਬੀ ਯੂਨੀਵਰਸਿਟੀ ਦੇ ਪ੍ਰੋਫੈਸਰ ਗਿਆਨ ਸਿੰਘ ਦੀ ਅਗਵਾਈ ਵਿਚ ਕੀਤੇ ਸਰਵੇਖਣ ਅਨੁਸਾਰ ਪੰਜਾਬ ਦੇ ਕਿਸਾਨਾਂ ਦੀ ਜ਼ਮੀਨ ਦੀ ਮਾਲਕੀ ਅਨੁਸਾਰ ਕਰਜ਼ਾਈ ਸੀਮਾਂਤ ਕਿਸਾਨਾਂ ਸਿਰ ਪ੍ਰਤੀ ਏਕੜ 1,40,670.58 ਰੁਪਏ ਅਤੇ ਛੋਟੇ ਕਿਸਾਨਾਂ ਸਿਰ 1,20794.93 ਰੁਪਏ ਕਰਜ਼ਾ ਹੈ। ਇਹ ਕਿਸਾਨ ਠੇਕੇ ਉਤੇ ਜ਼ਮੀਨ ਲੈ ਕੇ ਵੀ ਖੇਤੀ ਕਰਦੇ ਹਨ, ਇਸ ਲਈ ਆਪਣੀ ਅਤੇ ਠੇਕੇ ਉਤੇ ਲਈ ਵਾਹੀ ਲਈ ਜ਼ਮੀਨ ਦਾ ਅਨੁਮਾਨ ਲਗਾਇਆ ਜਾਵੇ ਤਾਂ ਸੀਮਾਂਤ ਕਿਸਾਨਾਂ ਸਿਰ ਪ੍ਰਤੀ ਏਕੜ 65,169.42 ਰੁਪਏ ਅਤੇ ਛੋਟੇ ਕਿਸਾਨਾਂ ਸਿਰ 55573.82 ਰੁਪਏ ਕਰਜ਼ਾ ਹੈ। ਗੌਰਤਲਬ ਹੈ ਕਿ ਪੰਜਾਬ ਵਿਚ ਸਭ ਤੋਂ ਵੱਧ ਪੈਸਾ ਦੇਣ ਵਾਲੀਆਂ ਦੋ ਫਸਲਾਂ ਕਣਕ ਅਤੇ ਝੋਨਾ ਮੰਨੀਆਂ ਜਾਂਦੀਆਂ ਹਨ।

ਸੂਬੇ ਵਿਚ ਝੋਨੇ ਦਾ ਔਸਤ ਝਾੜ 24 ਕੁਇੰਟਲ ਪ੍ਰਤੀ ਏਕੜ ਅਤੇ ਕਣਕ ਦਾ ਔਸਤ ਝਾੜ 18 ਕੁਇੰਟਲ ਪ੍ਰਤੀ ਏਕੜ ਮੰਨਿਆ ਜਾਂਦਾ ਹੈ। ਜੇਕਰ ਪੰਦਰਾਂ ਸੌ ਰੁਪਏ ਪ੍ਰਤੀ ਕੁਇੰਟਲ ਦੇ ਘੱਟੋ ਘੱਟ ਸਮਰਥਨ ਮੁੱਲ ਨਾਲ ਹਿਸਾਬ ਲਗਾਇਆ ਜਾਵੇ ਤਾਂ ਦੋਵੇਂ ਫਸਲਾਂ 63000 ਰੁਪਏ ਪ੍ਰਤੀ ਏਕੜ ਹੀ ਆਮਦਨ ਦਿੰਦੀਆਂ ਹਨ। ਇਹ ਆਮਦਨ ਪ੍ਰਤੀ ਏਕੜ ਕਰਜ਼ੇ ਦੇ ਅੱਧੇ ਹਿੱਸੇ ਦੇ ਨੇੜੇ ਤੇੜੇ ਹੀ ਬਣਦੀ ਹੈ।

ਫਸਲਾਂ ਉਤੇ ਹੋਣ ਵਾਲਾ ਖਰਚ ਇਸ ਤੋਂ ਵੱਖ ਹੈ। ਸਾਲ 2014-15 ਦੌਰਾਨ ਖੇਤੀਬਾੜੀ ਤੋਂ ਸੂਬੇ ਦੀ ਕੁੱਲ ਘਰੇਲੂ ਪੈਦਾਵਾਰ 77000 ਕਰੋੜ ਹੋਣ ਦਾ ਅਨੁਮਾਨ ਹੈ। ਜੇਕਰ ਕਿਸਾਨ ਨੂੰ ਵੀਹ ਫੀਸਦੀ ਵੀ ਬਚਦਾ ਹੋਵੇ ਤਾਂ 15400 ਕਰੋੜ ਰੁਪਏ ਆਮਦਨ ਬਣਦੀ ਹੈ। ਕਿਸਾਨਾਂ ਸਿਰ ਕੁੱਲ ਕਰਜ਼ੇ ਦਾ 7 ਤੋਂ 18 ਫੀਸਦੀ ਤੱਕ ਦਾ ਔਸਤ ਵਿਆਜ ਲਗਾ ਲਿਆ ਜਾਵੇ ਤਾਂ ਉਹ 15 ਹਜ਼ਾਰ ਕਰੋੜ ਤੋਂ ਟੱਪ ਜਾਂਦਾ ਹੈ। ਕੇਂਦਰ ਸਰਕਾਰ ਵੱਲੋਂ ਕਿਸਾਨਾਂ ਦੀ ਕਰਜ਼ਾ ਮੁਆਫੀ ਨੂੰ ਰਾਜਾਂ ਸਿਰ ਛੱਡ ਦੇਣਾ ਕਿਸਾਨਾਂ ਨਾਲ ਵਧੀਕੀ ਹੈ ਕਿਉਂਕਿ ਕੇਂਦਰ ਸਰਕਾਰ ਉਦਯੋਗਿਕ ਘਰਾਣਿਆਂ ਦਾ ਲਗਭਗ ਚਾਰ ਲੱਖ ਕਰੋੜ ਦੇ ਬਰਾਬਰ ਨਾ ਮੋੜਿਆ ਜਾਣ ਵਾਲਾ (ਐਨ.ਪੀ.ਏ.) ਕਰਜ਼ਾ ਮੁਆਫ ਕਰਨ ਲਈ ਕਿਉਂ ਤਿਆਰ ਹੋ ਜਾਂਦੀ ਹੈ।

## ਨਿਵੇਸ਼ਕ ਖਿੱਚਣ ਲਈ ਟਿੱਲ ਲਾਵੇਗੀ ਕੈਪਟਨ ਸਰਕਾਰ

**ਜ਼ੀਰਕਪੁਰ:** ਕਾਂਗਰਸ ਸਰਕਾਰ ਵੱਲੋਂ ਆਪਣੇ 3 ਹਫਤਿਆਂ ਦੇ ਕਾਰਜਕਾਲ ਦੌਰਾਨ ਹੀ ਅਕਾਲੀ-ਭਾਜਪਾ ਸਰਕਾਰ ਵੱਲੋਂ ਦਹਾਕੇ ਭਰ ਕੀਤੀਆਂ 'ਆਪਹੁਦਰੀਆਂ' ਨੂੰ ਦਰੁਸਤ ਕਰਨ ਲਈ ਹਰ ਸੰਭਵ ਕੋਸ਼ਿਸ਼ਾਂ ਜਾਰੀ ਹਨ। ਜਿਵੇਂ ਗੈਰ ਕਾਨੂੰਨੀ ਖਣਨ, ਨਸ਼ਿਆਂ 'ਤੇ ਲਗਾਮ ਲਾਉਣ, ਕਿਸਾਨਾਂ ਨੂੰ ਕਰਜ਼ਾ ਮੁਕਤ ਕਰਨ ਤੇ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣਾ ਲਈ ਸਰਕਾਰ ਵਚਨਬੱਧ ਹੈ।



ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦਾਅਵਾ ਕਰਦਿਆਂ ਆਖਿਆ ਕਿ ਸਰਕਾਰ ਦਾ ਮੁੱਖ ਜ਼ੋਰ ਸੂਬੇ ਨੂੰ ਨਿਵੇਸ਼ ਪੱਖੀ ਬਣਾਉਣ 'ਤੇ ਰਹੇਗਾ ਤਾਂ ਜੋ ਪੰਜਾਬ ਨੂੰ ਮੁੜ ਲੀਹਾਂ ਉਤੇ ਲਿਆਂਦਾ ਜਾ ਸਕੇ। ਉਨ੍ਹਾਂ ਕਿਹਾ ਕਿ ਨਿਵੇਸ਼ਕਾਂ ਦੇ ਵਿਸ਼ਵਾਸ ਨੂੰ ਬਹਾਲ ਕਰਨਾ ਅਤੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨਾ ਉਨ੍ਹਾਂ ਦੀ ਮੁੱਖ ਪਹਿਲ ਹੈ। ਨਿਵੇਸ਼ਕਾਂ ਨੂੰ ਖਿੱਚਣ ਤੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਨਵੀਂ ਉਦਯੋਗਿਕ ਨੀਤੀ ਲਿਆਉਣਾ ਮੁੱਖ ਉਦੇਸ਼ ਹੋਵੇਗਾ।

## ਨਸ਼ਾ ਤਸਕਰਾਂ ਨੂੰ ਘੇਰਨ ਲਈ ਵਿਉਂਤਬੰਦੀ

**ਲੁਧਿਆਣਾ:** ਪੁਲਿਸ ਨੇ ਪਿਛਲੇ ਦਸ ਸਾਲਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਰਾਜ ਦੌਰਾਨ ਸੂਬੇ ਵਿਚ ਨਸ਼ਾ ਵੇਚਣ ਵਾਲਿਆਂ ਦਾ ਚਿੱਠਾ ਤਿਆਰ ਕਰਨਾ ਸ਼ੁਰੂ ਕਰ ਦਿੱਤਾ ਹੈ। ਪੁਲਿਸ ਨੇ ਥਾਣਾ ਪੱਧਰ ਦੇ ਅਧਿਕਾਰੀਆਂ ਕੋਲੋਂ ਉਨ੍ਹਾਂ ਦੇ ਇਲਾਕੇ ਵਿਚ ਨਸ਼ਾ ਵੇਚਣ ਵਾਲੇ ਨਾਮਜ਼ਦ ਮੁਲਜ਼ਮਾਂ ਦੀਆਂ ਸੂਚੀਆਂ ਤਿਆਰ ਕਰਵਾਈਆਂ ਹਨ। ਇਸ ਦੇ ਨਾਲ ਹੀ ਦੇਖਿਆ ਜਾ ਰਿਹਾ ਹੈ ਕਿ ਮੁਲਜ਼ਮ ਹੁਣ ਵੀ ਨਸ਼ਾ ਵੇਚ ਰਿਹਾ ਹੈ ਜਾ ਨਹੀਂ? ਪੁਲਿਸ ਫਿਲਹਾਲ ਇਸ ਮਾਮਲੇ ਨੂੰ ਜਨਰਲ ਰੀਵੀਊ ਦੱਸ ਰਹੀ ਹੈ।

ਪੁਲਿਸ ਮੁਲਾਜ਼ਮਾਂ ਦਾ ਕਹਿਣਾ ਹੈ ਕਿ ਇਹ ਇਕ ਤਰ੍ਹਾਂ ਦੀ ਕਸਰਤ ਹੈ, ਜਿਸ ਨਾਲ ਪਿਛਲੇ 10 ਸਾਲਾਂ ਦੇ ਨਸ਼ਾ ਤਸਕਰ ਪੁਲਿਸ ਫਾਈਲ ਵਿਚ ਆ ਜਾਣਗੇ। ਇਸ ਦੇ ਨਾਲ ਹੀ ਪਤਾ ਲੱਗੇਗਾ ਕਿ ਉਨ੍ਹਾਂ ਦੀ ਮੌਜੂਦਾ ਸਥਿਤੀ ਕੀ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਕਾਂਗਰਸ ਸਰਕਾਰ ਨੇ ਆਉਂਦੇ ਸਾਰ ਹੀ ਆਪਣੇ ਪੱਧਰ 'ਤੇ ਪੁਲਿਸ ਦੇ ਉਚ ਅਧਿਕਾਰੀਆਂ ਨੂੰ ਨਸ਼ਾ ਖਤਮ ਕਰਨ ਲਈ ਕਾਰਵਾਈ ਦੇ ਹੁਕਮ ਦਿੱਤੇ ਸਨ। ਇਸ ਲਈ ਸੀਨੀਅਰ ਆਈ.ਪੀ.ਐਸ. ਹਰਪ੍ਰੀਤ ਸਿੰਘ ਸਿੱਧੂ ਦੀ ਦੇਖ-ਰੇਖ ਵਿਚ ਇਕ ਵਿਸ਼ੇਸ਼ ਟੀਮ ਬਣਾਈ ਗਈ ਹੈ, ਜਿਸ ਨੇ ਸੂਬਾ ਪੱਧਰ 'ਤੇ ਨਸ਼ਿਆਂ ਖਿਲਾਫ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਜ਼ਿਲ੍ਹਾ ਪੱਧਰ 'ਤੇ ਹੁਣ ਪੁਲਿਸ ਦੇ ਮੁਲਾਜ਼ਮਾਂ ਨੂੰ ਉਚ ਪੱਧਰੀ ਨਿਰਦੇਸ਼ ਮਿਲੇ ਹਨ ਕਿ ਉਹ ਨਸ਼ਾ ਤਸਕਰਾਂ ਦਾ 10 ਸਾਲ ਦਾ ਚਿੱਠਾ ਤਿਆਰ ਕਰਨ। ਪੁਲਿਸ ਨੇ ਨਸ਼ਾ ਵੇਚਣ ਵਾਲਿਆਂ ਦੀ ਕਈ ਸ਼੍ਰੇਣੀਆਂ ਰੱਖੀਆਂ ਹਨ, ਜਿਸ ਦੀ ਪਹਿਲੀ ਕੈਟਗਿਰੀ ਵਿਚ ਕਮਰਸ਼ਿਅਲ ਪੱਧਰ 'ਤੇ ਨਸ਼ਾ ਸਪਲਾਈ ਕਰਨ ਵਾਲੇ ਹਨ, ਜਿਨ੍ਹਾਂ ਕੋਲੋਂ ਵੱਡੀ ਮਾਤਰਾ ਵਿਚ ਨਸ਼ੇ ਬਰਾਮਦ ਹੋਏ ਹਨ।



ਇਸ ਤੋਂ ਇਲਾਵਾ ਐਚ.ਐਚ.ਓ. ਪੱਧਰ ਦੇ ਪੁਲਿਸ ਮੁਲਾਜ਼ਮ ਖੁਦ ਇਨ੍ਹਾਂ ਸੂਚੀਆਂ ਨੂੰ ਤਿਆਰ ਕਰ ਕੇ ਦੇਖ ਰਹੇ ਕਿ ਜਿਸ ਮੁਲਜ਼ਮ ਖਿਲਾਫ ਪਹਿਲਾਂ ਐਨ.ਡੀ.ਪੀ.ਐਸ. ਐਕਟ ਤਹਿਤ ਕੇਸ ਦਰਜ ਹੈ, ਉਹ ਜੇਲ੍ਹ ਵਿਚ ਹੈ ਜਾਂ ਜ਼ਮਾਨਤ 'ਤੇ ਬਾਹਰ ਆਇਆ ਹੈ। ਕਈ ਨਸ਼ਾ ਤਸਕਰਾਂ ਨੂੰ ਥਾਣੇ ਵਿਚ ਬੁਲਾ ਕੇ ਪੁੱਛ-ਪੜਤਾਲ ਵੀ ਕੀਤੀ ਗਈ ਹੈ। ਜ਼ਿਲ੍ਹਾ ਪੱਧਰ 'ਤੇ ਇਹ ਸੂਚੀ ਤਿਆਰ ਕਰ ਕੇ ਇਸ ਨੂੰ ਸੂਬਾ ਪੱਧਰ 'ਤੇ ਮਿਲਾਨ ਕੀਤਾ ਜਾਏਗਾ ਤੇ ਫਿਰ ਇਹ ਵਿਸ਼ੇਸ਼ ਟੀਮ ਨੂੰ ਭੇਜੀ ਜਾਏਗੀ।

## ਟਰਾਂਸਪੋਰਟ ਦੇ ਖੇਤਰ ਵਿਚ ਇਜਾਰੇਦਾਰੀ ਤੋੜਨ ਲਈ ਚਾਰਾਜੋਈ

**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ ਪੰਜਾਬ ਵਿਚ ਟਰਾਂਸਪੋਰਟ ਵਿਭਾਗ ਨੂੰ ਲੀਹ ਉਤੇ ਲਿਆਉਣ ਲਈ ਵੱਡੇ ਸੁਧਾਰ ਕਰਨ ਦਾ ਫੈਸਲਾ ਕੀਤਾ ਹੈ। ਨਵੀਂ ਟਰਾਂਸਪੋਰਟ ਨੀਤੀ ਤਹਿਤ ਮੌਜੂਦਾ ਇਜਾਰੇਦਾਰੀ ਨੂੰ ਤੋੜ ਕੇ ਜਨਤਕ ਆਵਾਜਾਈ ਪ੍ਰਣਾਲੀ ਨੂੰ ਮੁਕਤ ਕਰਵਾਉਣ ਲਈ ਕਦਮ ਚੁੱਕੇ ਜਾਣਗੇ।

ਕੈਬਨਿਟ ਦੀ ਮੀਟਿੰਗ ਵਿਚ ਪੰਜਾਬ ਵਿਚ ਸੰਕਟ ਨਾਲ ਜੂਝ ਰਹੇ ਟਰਾਂਸਪੋਰਟ ਢਾਂਚੇ ਦੀ ਕਾਇਆ ਕਲਪ ਕਰਨ ਲਈ ਵੱਖ-ਵੱਖ ਫੈਸਲੇ ਲੈਣ ਬਾਰੇ ਸੁਝਾਅ ਦਿੱਤੇ ਗਏ। ਇਨ੍ਹਾਂ ਸੁਝਾਵਾਂ ਵਿਚ 22 ਡੀ.ਟੀ.ਓ. ਦਫਤਰਾਂ ਦਾ ਪੁਨਰ-ਗਠਨ ਤੇ ਪਰਮਿਟ ਅਲਾਟ ਕਰਨ ਦੀ ਪ੍ਰਕ੍ਰਿਆ ਨੂੰ ਹੋਰ ਪਾਰਦਰਸ਼ੀ ਬਣਾਉਣਾ ਸ਼ਾਮਲ ਹੈ।

ਇਸੇ ਤਰ੍ਹਾਂ ਪਟਿਆਲਾ, ਜਲੰਧਰ, ਫਿਰੋਜ਼ਪੁਰ ਤੇ ਬਠਿੰਡਾ ਵਿਖੇ ਰੀਜਨਲ ਟਰਾਂਸਪੋਰਟ ਅਥਾਰਟੀ (ਆਰ.ਟੀ.ਓ.) ਦੇ ਚਾਰ ਦਫਤਰਾਂ ਦਾ ਵੀ ਪੁਨਰ-ਗਠਨ ਕੀਤਾ ਜਾਵੇਗਾ ਤਾਂ ਕਿ ਇਨ੍ਹਾਂ ਨੂੰ ਹੋਰ ਵਧੇਰੇ ਸਰਲ ਬਣਾਇਆ ਜਾ ਸਕੇ। ਨਵੀਂ ਨੀਤੀ 15 ਮਈ, 2017 ਤੱਕ ਤਿਆਰ ਕਰ ਲਈ ਜਾਵੇਗੀ। ਇਸ ਨਾਲ ਜਨਤਕ ਟਰਾਂਸਪੋਰਟ ਸਥਿਰ ਹੋਣ ਦੇ ਨਾਲ-ਨਾਲ ਨਿੱਜੀ ਖੇਤਰ ਦੇ ਟਰਾਂਸਪੋਰਟਰਾਂ ਲਈ ਬਰਾਬਰ ਦੇ ਮੌਕੇ ਮੁਹੱਈਆ ਹੋਣਗੇ ਤੇ ਬੇਰੁਜ਼ਗਾਰਾਂ ਨੂੰ ਵੀ ਲਾਭ ਹੋਵੇਗਾ। ਮੁੱਖ ਮੰਤਰੀ ਨੇ ਮੋਟਰ ਵਹੀਕਲ ਅਥਾਰਟੀਆਂ ਨੂੰ ਐਸ.ਡੀ.ਐਮਜ਼ ਅਧੀਨ ਲਿਆ ਕੇ ਹੋਰ ਜੁਆਬਦੇਹ ਬਣਾਉਣ ਦੀ ਵੀ ਹਦਾਇਤ ਕੀਤੀ। ਲਾਇਸੰਸ ਪ੍ਰਣਾਲੀ ਨੂੰ ਲੀਹ 'ਤੇ ਲਿਆਉਣ ਲਈ ਕੈਪਟਨ ਨੇ ਵਿਭਾਗ ਨੂੰ ਲਾਇਸੰਸਾਂ ਦੇ ਡਿਜੀਟਲੀਕਰਨ ਦੀ ਪ੍ਰਕ੍ਰਿਆ ਨੂੰ ਤੇਜ਼ ਕਰਨ ਤੇ ਡਰਾਈਵਿੰਗ ਟੈਸਟਾਂ ਲਈ ਆਊਟਸੋਰਸਿੰਗ ਦੀ ਸੰਭਾਵਨਾ ਤਲਾਸ਼ਣ ਲਈ ਆਖਿਆ।

## ਸੰਸਦੀ ਕੰਮਕਾਰ ਤੋਂ ਕਲਾਕਾਰ ਸੰਸਦ ਮੈਂਬਰਾਂ ਦਾ ਕਿਨਾਰਾ

**ਨਵੀਂ ਦਿੱਲੀ:** ਰਾਜ ਸਭਾ ਮੈਂਬਰ ਤੇ ਸਾਬਕਾ ਵਿਸ਼ਵ ਪ੍ਰਸਿੱਧ ਕ੍ਰਿਕਟਰ ਸਚਿਨ ਤੇਂਦੁਲਕਰ ਦੀ ਰਾਜ ਸਭਾ 'ਚ ਹਾਜ਼ਰੀ ਘੱਟ ਹੈ। ਉਹ ਬੇਹੱਦ ਘੱਟ ਰਾਜ ਸਭਾ ਆਉਂਦੇ ਹਨ। ਸੰਸਦ ਸੈਸ਼ਨ 'ਚ ਹਿੱਸਾ ਲੈਣ ਦੇ ਮਾਮਲੇ 'ਚ ਸੰਸਦ ਮੈਂਬਰ ਬਣੇ ਫਿਲਮੀ ਕਲਾਕਾਰਾਂ ਵਿਚ ਕਿਰਨ ਖੇਰ ਪਹਿਲੇ ਨੰਬਰ 'ਤੇ ਹੈ, ਜਦਕਿ ਰੇਖਾ ਵੀ ਬਹੁਤ ਘੱਟ ਦਿਨ ਸੰਸਦ ਪਹੁੰਚੀ ਹੈ। ਉਨ੍ਹਾਂ ਤੋਂ ਬਾਅਦ ਅਹਿਮਦਾਬਾਦ ਤੋਂ ਭਾਜਪਾ ਸੰਸਦ ਮੈਂਬਰ ਪਰੇਸ਼ ਰਾਵਲ, ਵੀਰਭੂਮੀ ਦੀ ਨੁਮਾਇੰਦਗੀ ਕਰਨ ਵਾਲੇ ਤ੍ਰਿਣਮੂਲ ਦੇ ਐਸ. ਰਾਏ ਤੇ ਭੋਜਪੁਰੀ ਅਭਿਨੇਤਾ, ਗਾਇਕ ਤੇ ਉਤਰ-ਪੂਰਬ ਦਿੱਲੀ ਤੋਂ ਭਾਜਪਾ ਸੰਸਦ ਮੈਂਬਰ ਮਨੋਜ ਤਿਵਾੜੀ ਹਨ।

ਮਥੁਰਾ ਤੋਂ ਸੰਸਦ ਮੈਂਬਰ ਤੇ ਅਭਿਨੇਤਰੀ ਹੇਮਾ ਮਾਲਿਨੀ ਦੀ ਹਾਜ਼ਰੀ ਠੀਕ-ਠਾਕ ਹੈ। ਇਸ ਤੋਂ ਇਲਾਵਾ ਫਿਲਮ ਤੇ ਕਲਾ ਖੇਤਰ ਨਾਲ ਜੁੜੇ ਹੋਰ ਲੋਕ ਵੀ ਘੱਟ ਹੀ ਸੰਸਦ ਪੁੱਜੇ। ਪਹਿਲਾਂ ਨਵਜੋਤ ਸਿੰਘ ਸਿੱਧੂ ਦਾ ਵੀ ਇਹੋ ਹਾਲ ਹੁੰਦਾ ਸੀ, ਪਰ ਹੁਣ ਉਹ ਵਿਧਾਨ ਸਭਾ ਜ਼ਰੂਰ ਪੁੱਜਦੇ ਹਨ।

### ਬਾਦਲ ਦੀਆਂ ਲਗਜ਼ਰੀ ਬੱਸਾਂ ਘੇਰੇ ਵਿਚ

**ਚੰਡੀਗੜ੍ਹ:** ਪੰਜਾਬ ਦੀ ਨਵੀਂ ਟਰਾਂਸਪੋਰਟ ਨੀਤੀ ਦੀ ਜਦ ਹੇਠ ਬਾਦਲ ਪਰਿਵਾਰ ਦੀਆਂ ਲਗਜ਼ਰੀ ਬੱਸਾਂ ਵੀ ਆਉਣਗੀਆਂ। ਪੰਜਾਬ ਸਰਕਾਰ ਦੀ ਨਵੀਂ ਨੀਤੀ ਵਿਚ ਲਗਜ਼ਰੀ ਬੱਸਾਂ 'ਤੇ ਟੈਕਸ ਵਧੇਗਾ। ਇਸ ਦਾ ਵੱਡਾ ਅਸਰ ਬਾਦਲ ਪਰਿਵਾਰ ਦੀ ਟਰਾਂਸਪੋਰਟ ਦੇ ਪਵੇਗਾ ਕਿਉਂਕਿ ਪੰਜਾਬ ਵਿਚ ਸਭ ਤੋਂ ਵੱਧ ਬਾਦਲ ਪਰਿਵਾਰ ਦੀਆਂ ਬੱਸਾਂ ਹੀ ਚੱਲਦੀਆਂ ਹਨ। ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਬਾਦਲ ਖਾਨਦਾਨ ਸਮੇਤ ਪੰਜਾਬ ਦੀਆਂ ਸਾਰੀਆਂ ਲਗਜ਼ਰੀ ਬੱਸਾਂ 'ਤੇ ਟੈਕਸ ਵਧੇਗਾ। ਆਮ ਬੱਸਾਂ ਦਾ ਟੈਕਸ ਘਟਾਇਆ ਜਾਵੇਗਾ।

### ਮੇਰਾ ਕਿਸੇ ਟਰਾਂਸਪੋਰਟ ਕੰਪਨੀ 'ਚ ਹਿੱਸਾ ਨਹੀਂ: ਬਾਦਲ

**ਲੰਬੀ:** ਵੱਡ-ਅਕਾਰੀ ਟਰਾਂਸਪੋਰਟ ਕਾਰੋਬਾਰ ਕਰ ਕੇ ਵਿਰੋਧੀਆਂ ਦੇ ਨਿਸ਼ਾਨੇ 'ਤੇ ਚੱਲ ਰਹੇ ਬਾਦਲ ਪਰਿਵਾਰ ਦੇ ਮੁਖੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਉਨ੍ਹਾਂ ਦਾ ਕਿਸੇ ਟਰਾਂਸਪੋਰਟ ਕੰਪਨੀ ਵਿਚ ਕੋਈ ਹਿੱਸਾ ਨਹੀਂ। ਉਨ੍ਹਾਂ ਨੂੰ ਤਾਂ ਪਤਾ ਹੀ ਕੁਝ ਨਹੀਂ। ਸ. ਬਾਦਲ ਨੇ ਅਕਾਲੀ ਸਰਕਾਰ ਸਮੇਂ ਵਿਉਂਤੀ ਟਰਾਂਸਪੋਰਟ ਨੀਤੀ ਕਰ ਕੇ ਬਾਦਲ ਪਰਿਵਾਰ ਦੀਆਂ ਲਗਜ਼ਰੀ ਬੱਸਾਂ ਨੂੰ ਲਗਭਗ 400 ਕਰੋੜ ਰੁਪਏ ਦੇ ਫਾਇਦੇ ਸਬੰਧੀ ਦੋਸ਼ ਸਿਆਸੀ ਫਿਜ਼ਾ 'ਚ ਗੂੰਜਣ ਬਾਰੇ ਕਿਹਾ 'ਅਸੀਂ ਜੋ ਕੁਝ ਵੀ ਕੀਤਾ ਲੋਕ ਦੇ ਹਿੱਤਾਂ ਲਈ ਕੀਤਾ।'

# 'ਸਿੱਖ ਡੇ ਪਰੇਡ' ਨੇ ਬਿਖੇਰਿਆ ਖਾਲਸਾਈ ਰੰਗ




**ਵਾਸ਼ਿੰਗਟਨ ਡੀ.ਸੀ. (ਬਿਊਰੋ):** ਵੱਖ-ਵੱਖ ਗੁਰੂਘਰਾਂ, ਸਿੰਘ ਸਭਾਵਾਂ ਅਤੇ ਸੰਸਥਾਵਾਂ ਵਲੋਂ ਇਥੇ 'ਰਾਸ਼ਟਰੀ ਸਿੱਖ ਡੇ ਪਰੇਡ' ਕੀਤੀ ਗਈ। ਪਰੇਡ ਵਿਚ ਕੇਸਰੀ ਦਸਤਾਰਾਂ ਅਤੇ ਦੁਪੱਟਿਆਂ ਨਾਲ ਸਿੱਖੀ ਪਹਿਚਾਣ ਨੂੰ ਬੁਲੰਦ ਕੀਤਾ ਗਿਆ। ਵੱਖ-ਵੱਖ ਗੁਰੂਘਰ ਆਪੋ ਆਪਣੇ ਬੈਨਰਾਂ ਨਾਲ ਪਰੇਡ ਵਿਚ ਸ਼ਾਮਲ ਹੋਏ। ਇਕ ਫਲੋਟ ਤੋਂ 1984 'ਚ ਅਕਾਲ ਤਖਤ ਸਾਹਿਬ ਨੂੰ ਢਹਿ ਢੇਰੀ ਕੀਤੇ ਜਾਣ ਦੀ ਝਾਕੀ ਦਰਸਾਈ ਜਾ ਰਹੀ ਸੀ। ਜਿਥੇ ਵੱਖ-ਵੱਖ ਗੁਰੂਘਰਾਂ ਵਲੋਂ ਬੱਸਾਂ ਰਾਹੀਂ ਸੰਗਤਾਂ ਦੀ ਪਰੇਡ ਵਿਚ ਸ਼ਮੂਲੀਅਤ ਨੂੰ ਯਕੀਨੀ ਬਣਾਇਆ ਗਿਆ, ਉਥੇ ਗੁਰੂ ਘਰਾਂ ਵਲੋਂ ਲੰਗਰ, ਚਾਹ ਦੇ ਲੰਗਰ, ਮਠਿਆਈਆਂ, ਫਰੂਟ, ਪਾਣੀ ਅਤੇ ਸੁੱਕੇ ਮੇਵੇ ਵੀ ਸੰਗਤ ਵਿਚ ਵੰਡੇ ਗਏ।

ਗੁਰੂ ਗ੍ਰੰਥ ਸਾਹਿਬ ਸੁੰਦਰ ਸਜੀ ਪਾਲਕੀ ਵਿਚ ਸੁਸ਼ੋਭਿਤ ਸਨ ਅਤੇ ਪਿਛੇ ਪਿਛੇ ਸੰਗਤਾਂ ਗੁਰਬਾਣੀ ਦਾ ਜਾਪ ਕਰ ਰਹੀਆਂ ਸਨ। ਕੀਰਤਨੀ ਜਥੇ ਸ਼ਬਦ ਕੀਰਤਨ ਅਤੇ ਢਾਡੀ ਜਥੇ ਜੋਸ਼ੀਲੀਆਂ ਵਾਰਾਂ ਰਾਹੀਂ ਹਾਜ਼ਰੀ ਭਰ ਰਹੇ ਸਨ। ਪੰਜ ਪਿਆਰਿਆਂ ਦੀ ਅਗਵਾਈ ਵਿਚ ਪਰੇਡ ਲੂਜੀਆਨਾ ਪਾਰਕ ਵਿਚ ਪਹੁੰਚੀ, ਜਿਥੇ ਲੰਗਰਾਂ ਦੇ ਸਟਾਲਾਂ ਰਾਹੀਂ ਸੰਗਤਾਂ ਨੇ ਸੇਵਾ-ਭਾਵਨਾ ਅਤੇ ਲੰਗਰ ਛਕਾਉਣ ਦਾ ਖੂਬ ਰੰਗ ਬੰਨ੍ਹਿਆ। ਉਪਰੰਤ ਭਾਈ ਹਰਜਿੰਦਰ ਸਿੰਘ ਅਤੇ ਹਿੰਮਤ ਸਿੰਘ ਨੇ ਦੂਰੋਂ ਆਏ ਮਹਿਮਾਨਾਂ-ਮਨਪ੍ਰੀਤ ਸਿੰਘ ਯੂ.ਕੇ., ਡਾ. ਪ੍ਰਿਤਪਾਲ ਸਿੰਘ, ਕੁਲਵਿੰਦਰ ਸਿੰਘ ਤੇਜੀ ਇੰਡੀਆਨਾ, ਰਣਦੀਪ ਸਿੰਘ ਐਮ.ਪੀ. ਕੈਨੇਡਾ, ਸਤਪਾਲ ਸਿੰਘ, ਡਾ. ਅਮਰਜੀਤ ਸਿੰਘ, ਗੁਰਦੇਵ ਸਿੰਘ ਕੰਗ ਅਤੇ ਸਤਨਾਮ ਸਿੰਘ ਨਿਊ ਜਰਸੀ ਦਾ ਸਨਮਾਨਤ ਕੀਤਾ।

'ਨੈਸ਼ਨਲ ਸਿੱਖ ਡੇ ਪਰੇਡ' ਕਮੇਟੀ ਦੇ ਹਿੰਮਤ ਸਿੰਘ, ਦਵਿੰਦਰ ਸਿੰਘ ਦਿਓ, ਹਰਜਿੰਦਰ ਸਿੰਘ, ਭਾਈ ਸੁਵਿੰਦਰ ਸਿੰਘ, ਵੀਰ ਸਿੰਘ ਅਤੇ ਕੇਵਲ ਸਿੰਘ ਨੇ ਕਈ ਮੀਟਿੰਗਾਂ ਕਰਕੇ ਪਰੇਡ ਨੂੰ ਕਾਮਯਾਬ ਕਰਨ ਲਈ ਭਰਵੀਂ ਮਿਹਨਤ ਕੀਤੀ।

# ਭਾਰਤੀ ਮੂਲ ਦੀ ਔਰਤ ਅਨੁਜਾ ਧੀਰ ਲੰਡਨ 'ਚ ਜੱਜ ਬਣੀ

**ਲੰਡਨ:** ਭਾਰਤੀ ਮੂਲ ਦੀ ਔਰਤ ਅਨੁਜਾ ਧੀਰ ਓਲਡ ਬੇਲੀ ਕੋਰਟ, ਲੰਡਨ ਵਿਚ ਜੱਜ ਬਣਨ ਵਾਲੀ ਡਿਸਲੈਕਸੀਆ(ਪੜ੍ਹਨ ਲਿਖਣ ਵਿਚ ਦਿੱਕਤ ਆਉਣ ਦੀ ਬਿਮਾਰੀ) ਪੀੜਤ ਪਹਿਲੀ ਮਹਿਲਾ ਹੈ। ਉਸ ਨੂੰ ਸਕੂਲ ਵੇਲੇ ਉਸ ਦੀ ਅਧਿਆਪਕਾ ਨੇ ਹੇਅਰ ਡਰੈਸਿੰਗ ਕਰਨ ਦੀ ਸਲਾਹ ਦਿੱਤੀ ਸੀ। ਉਹ ਸਭ ਤੋਂ ਛੋਟੀ ਉਮਰ ਦੀ ਸਰਕਟ ਜੱਜ ਹੈ। ਉਸ ਨੇ ਦੱਸਿਆ ਕਿ ਨਿਆਇਕ ਖੇਤਰ ਵਿਚ ਆਉਣ ਵੇਲੇ ਲੋਕ ਉਸ ਨੂੰ ਪਛਾਨਣ ਵਿਚ ਭੁਲੇਖਾ ਖਾ ਜਾਂਦੇ ਸੀ। ਉਸ ਨੇ ਇਸ ਘਟਨਾ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਇਕ ਵਾਰ ਉਹ ਲੰਡਨ ਦੀ ਅਦਾਲਤ ਵਿਚ ਜਾਣ ਲੱਗੀ ਤਾਂ ਮੁੱਖ ਗੇਟ 'ਤੇ ਬੈਠੇ ਵਿਅਕਤੀ ਨੂੰ ਇਹ ਯਕੀਨ ਹੀ ਨਹੀਂ ਹੋਇਆ ਕਿ ਉਹ ਇਕ ਬੈਰਿਸਟਰ ਹੈ।



ਅਖੀਰ ਉਸ ਵਿਅਕਤੀ ਨੂੰ ਆਪਣੀ ਵਿੱਗ ਅਤੇ ਕੋਟ ਦਿਖਾਉਣਾ ਪਿਆ, ਜਿਸ ਤੋਂ ਬਾਅਦ ਉਸ ਨੂੰ ਇਮਾਰਤ ਦੇ ਅੰਦਰ ਜਾਣ ਦਿੱਤਾ ਗਿਆ। ਉਸ ਦਾ ਜਨਮ ਡੂੰਡੀ ਸਕਾਟਲੈਂਡ ਵਿਚ ਪਰਵਾਸੀ ਭਾਰਤੀ ਮਾਪਿਆਂ ਦੇ ਘਰ ਹੋਇਆ। ਉਸ ਨੇ ਡੂੰਡੀ ਯੂਨੀਵਰਸਿਟੀ ਵਿਚ ਅੰਗਰੇਜ਼ੀ ਅਤੇ ਸਕੌਟ ਲਾਅ ਦੀ ਪੜ੍ਹਾਈ ਕਰਨ ਤੋਂ ਪਹਿਲਾਂ ਆਰੰਭਕ ਸਿੱਖਿਆ ਹੈਰਿਸ ਅਕੈਡਮੀ ਵਿਚ ਕੀਤੀ। ਉਸ ਨੇ ਲੰਡਨ ਵਿਚ ਗਰੇਜ਼ ਸਕਾਲਰਸ਼ਿਪ ਵੀ ਹਾਸਲ ਕੀਤੀ ਤੇ 23 ਸਾਲ ਬਤੌਰ ਵਕੀਲ ਪ੍ਰੈਕਟਿਸ ਕੀਤੀ। ਉਸ ਨੇ ਡਿਸਲੈਕਸੀਆ ਦੀ ਬਿਮਾਰੀ, ਜਿਸ ਕਾਰਨ ਅਧਿਆਪਕਾ ਨੇ ਉਸ ਨੂੰ ਨਿਆਇਕ ਕਰੀਅਰ ਬਾਰੇ ਨਾ ਸੋਚਣ ਦੀ ਸਲਾਹ ਦਿੱਤੀ ਸੀ, ਦਾ ਜ਼ਿਕਰ ਕਰਦਿਆਂ ਦੱਸਿਆ ਕਿ ਉਹ ਉਦੋਂ ਇੰਨੀ ਡਰਦੀ ਸੀ ਕਿ ਉਸ ਨੂੰ ਪੜ੍ਹਨ ਤੇ ਲਿਖਣ ਵਿਚ ਔਖ ਹੁੰਦੀ ਸੀ।

## ਭਾਰਤੀ ਡਾਕਟਰ ਨੇ ਲਾਟਰੀ 'ਚ ਜਿੱਤੇ 17.5 ਕਰੋੜ

**ਦੁਬਈ:** ਅਬੂ ਧਾਬੀ ਵਿਚ ਇਕ ਭਾਰਤੀ ਮਹਿਲਾ ਡਾਕਟਰ ਨੇ ਲਾਟਰੀ ਵਿਚ 17.5 ਕਰੋੜ ਰੁਪਏ ਦਾ ਇਨਾਮ ਜਿੱਤਿਆ ਹੈ। ਕੇਰਲ ਦੀ ਨਿਸ਼ਿਤਾ ਰਾਧਾਕ੍ਰਿਸ਼ਨਾ ਪਿੱਲਈ ਨੇ ਇਕ ਕਰੋੜ ਦਰਹਾਮ ਦੀ ਲਾਟਰੀ ਜਿੱਤੀ ਹੈ, ਜਿਸ ਦੀ ਭਾਰਤੀ ਕਰੰਸੀ ਮੁਤਾਬਕ ਰਕਮ 17,68,00,000 ਦੇ ਕਰੀਬ ਬਣਦੀ ਹੈ।

ਨਿਸ਼ਿਤਾ ਨੂੰ ਇਹ ਕਾਮਯਾਬੀ 50 ਕੋਸ਼ਿਸ਼ਾਂ ਤੋਂ ਬਾਅਦ ਹਾਸਲ ਹੋਈ ਹੈ। ਲਾਟਰੀ ਨਿਕਲਣ ਦੇ ਨਾਲ ਹੀ ਦੋ ਬੱਚਿਆਂ ਦੀ ਮਾਂ ਨਿਸ਼ਿਤਾ ਕਰੋੜਪਤੀਆਂ 'ਚ ਸ਼ਾਮਲ ਹੋ ਗਈ ਹੈ। ਫਿਲਹਾਲ ਉਹ ਅਮਰੀਕਾ ਵਿਚ ਹੈ ਅਤੇ ਦੂਜੀ ਅਜਿਹੀ ਸ਼ਖ਼ਸ ਹੈ, ਜਿਸ ਨੇ ਇਕ ਕਰੋੜ ਦਰਹਾਮ ਦੀ ਲਾਟਰੀ ਜਿੱਤੀ ਹੈ।

## ਕਪੂਰਥਲਾ ਜੇਲ੍ਹ 'ਚ ਮੁੜ ਭਿੜੇ ਹਵਾਲਾਤੀ

**ਕਪੂਰਥਲਾ:** ਮਾਡਰਨ ਜੇਲ੍ਹ ਵਿਚ ਇਕ ਮਹੀਨੇ ਵਿਚ ਵਾਪਰੀ ਗੈਂਗਵਾਰ ਦੀ ਤੀਜੀ ਘਟਨਾ ਵਿਚ ਪੰਜ ਹਵਾਲਾਤੀ ਜ਼ਖ਼ਮੀ ਹੋ ਗਏ। ਤਕਰੀਬਨ 15 ਦਿਨ ਪਹਿਲਾਂ ਵੀ ਜੇਲ੍ਹ ਵਿਚ ਕੁੱਟਮਾਰ ਦੀਆਂ ਦੋ ਘਟਨਾਵਾਂ ਵਾਪਰੀਆਂ ਸਨ, ਜਿਸ ਵਿਚ ਹਵਾਲਾਤੀਆਂ ਦੇ ਗੰਭੀਰ ਸੱਟਾਂ ਲੱਗੀਆਂ ਸਨ।

ਸਿਵਲ ਹਸਪਤਾਲ ਵਿਚ ਜੇਰੇ ਇਲਾਜ ਕਮਲਜੀਤ ਸਿੰਘ ਅਤੇ ਮਨਜਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨਾਲ ਕੁਲਵਿੰਦਰ ਸਿੰਘ, ਰੌਕੀ ਅਤੇ ਨੇਕੀ ਦਵਾਈ ਲੈ ਕੇ ਹਸਪਤਾਲ ਤੋਂ ਵਾਪਸ ਬੈਰਕਾਂ ਵੱਲ ਜਾ ਰਹੇ ਸਨ। ਇਸ ਦੌਰਾਨ ਜੇਲ੍ਹ ਵਿਚ ਬੰਦ ਗੋਗਾ, ਸ਼ੇਖਰ, ਆਰਜੂ, ਦੀਪੂ ਤੇ ਘੁੱਗੀ ਨੇ ਆਪਣੇ 25-30 ਸਾਥੀਆਂ ਸਮੇਤ ਉਨ੍ਹਾਂ ਉਪਰ ਰਾਡਾਂ ਨਾਲ ਹਮਲਾ ਕਰ ਦਿੱਤਾ, ਜਿਸ ਕਾਰਨ ਉਹ ਗੰਭੀਰ ਫੱਟੜ ਹੋ ਗਏ। ਜ਼ਖ਼ਮੀ ਹਵਾਲਾਤੀਆਂ ਨੇ ਜੇਲ੍ਹ ਅਧਿਕਾਰੀਆਂ ਉਤੇ ਪੈਸੇ ਲੈ ਕੇ ਗੈਂਗਸਟਰਾਂ ਨੂੰ ਸਹੂਲਤਾਂ ਦੇਣ ਤੇ ਬੈਰਕਾਂ ਵਿਚੋਂ ਬਾਹਰ ਕੱਢਣ ਦੇ ਦੋਸ਼ ਲਾਏ। ਉਨ੍ਹਾਂ ਦੱਸਿਆ ਕਿ ਇਹ ਘਟਨਾਵਾਂ ਅਫਸਰਾਂ ਦੀ ਮਿਲੀਭੁਗਤ ਨਾਲ ਵਾਪਰ ਰਹੀਆਂ ਹਨ। ਜੇ ਬਾਹਰ ਆ ਕੇ ਕੋਈ ਹਵਾਲਾਤੀ ਇਸ ਦਾ ਜ਼ਿਕਰ ਕਰਦਾ ਹੈ ਤਾਂ ਉਸ ਨੂੰ ਵਾਪਸ ਜੇਲ੍ਹ ਜਾਣ ਮਗਰੋਂ ਪ੍ਰੇਸ਼ਾਨ ਕੀਤਾ ਜਾਂਦਾ ਹੈ।

# ਮਹਾਤੜਾਂ ਵੱਲੋਂ ਵੀ ਸਰਕਾਰੀ ਦੀ ਥਾਂ ਪ੍ਰਾਈਵੇਟ ਸਕੂਲਾਂ ਨੂੰ ਤਰਜੀਹ

**ਚੰਡੀਗੜ੍ਹ:** ਸਿੱਖਿਆ ਮਹਿਕਮੇ ਦੇ ਪੁਖਤਾ ਅੰਕੜਿਆਂ ਵਿਚ ਖੁਲਾਸਾ ਹੋਇਆ ਹੈ ਕਿ ਪੰਜਾਬ ਦੇ ਸਰਕਾਰੀ ਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ 'ਚ ਦਾਖਲ ਹੋਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਪਿਛਲੇ ਪੰਜ ਸਾਲਾਂ 'ਚ ਤਕਰੀਬਨ 2 ਲੱਖ ਘਟ ਗਈ ਹੈ। ਇਨ੍ਹਾਂ ਅੰਕੜਿਆਂ ਅਨੁਸਾਰ ਸਾਲ 2011-12 ਵਿਚ ਸਰਕਾਰੀ ਸਕੂਲਾਂ ਵਿਚ ਦਾਖਲ ਹੋਏ ਵਿਦਿਆਰਥੀਆਂ ਦੀ ਗਿਣਤੀ 20 ਲੱਖ 76 ਹਜ਼ਾਰ 619 ਸੀ, ਪਰ ਸਾਲ 2015-16 ਵਿਚ ਇਹ ਦਾਖਲੇ ਘਟ ਕੇ 18 ਲੱਖ 79 ਹਜ਼ਾਰ 126 ਰਹਿ ਗਏ।



ਸਾਲ ਦਰ ਸਾਲ ਸਰਕਾਰੀ ਸਕੂਲਾਂ 'ਚ ਵਿਦਿਆਰਥੀਆਂ ਦੀ ਦਾਖਲਾ ਦਰ ਘਟਦੀ ਜਾ ਰਹੀ ਹੈ, ਪਰ ਮਹਿਕਮੇ ਦੇ ਸਰਕਾਰੀ ਅੰਕੜੇ ਇਹ ਵੀ ਦਰਸਾ ਰਹੇ ਹਨ ਕਿ ਜਿਥੇ ਸਰਕਾਰੀ ਸਕੂਲਾਂ 'ਚ ਦਾਖਲਾ ਦਰ ਘਟ ਰਹੀ ਹੈ, ਉਥੇ ਸੂਬੇ ਦੇ ਨਿੱਜੀ ਸਕੂਲਾਂ 'ਚ ਦਾਖਲਾ ਦਰ ਸਾਲ ਦਰ ਸਾਲ ਵਧ ਰਹੀ ਹੈ। ਅੰਕੜਿਆਂ ਅਨੁਸਾਰ ਸਾਲ 2011-12 ਵਿਚ ਪੰਜਾਬ ਦੇ ਨਿੱਜੀ ਸਕੂਲਾਂ ਵਿਚ 19 ਲੱਖ 63 ਹਜ਼ਾਰ 844 ਵਿਦਿਆਰਥੀ ਦਾਖਲ ਹੋਏ, ਜਦਕਿ ਵਿੱਦਿਅਕ ਸਾਲ 2015-16 ਵਿਚ ਇਹ ਗਿਣਤੀ 20 ਲੱਖ 83 ਹਜ਼ਾਰ 313 ਤੱਕ ਪਹੁੰਚ ਗਈ। ਇਸ ਹਿਸਾਬ ਨਾਲ 5 ਸਾਲਾਂ ਵਿਚ ਪ੍ਰਾਈਵੇਟ ਸਕੂਲਾਂ 'ਚ ਵਿਦਿਆਰਥੀਆਂ ਦੀ ਗਿਣਤੀ 1 ਲੱਖ 19 ਹਜ਼ਾਰ ਵਧੀ, ਜਦਕਿ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ 'ਚ 1 ਲੱਖ 97 ਹਜ਼ਾਰ ਦਾਖਲੇ ਘਟ ਗਏ।

ਦਾਖਲੇ ਘਟਣ ਦਾ ਕਾਰਨ ਸਰਕਾਰੀ ਸਕੂਲਾਂ ਵਿਚ ਖਸਤਾ ਹਾਲ ਬੁਨਿਆਦੀ ਢਾਂਚਾ, ਅਧਿਆਪਕਾਂ ਦੀ ਵੱਡੀ ਘਾਟ ਅਤੇ ਪੇਂਡੂ/ਪਛੜੇ/ਸਰਹੱਦੀ ਖੇਤਰਾਂ ਦੇ ਸਕੂਲਾਂ ਵਿਚ ਅਧਿਆਪਕਾਂ ਦੀ ਘਾਟ ਹੈ, ਜਿਸ ਦਾ ਲਾਭ ਪ੍ਰਾਈਵੇਟ ਸਕੂਲਾਂ ਨੂੰ ਵਧੇਰੇ ਦਾਖਲਿਆਂ ਦੇ ਰੂਪ ਵਿਚ ਮਿਲ ਰਿਹਾ ਹੈ। ਬਿਲਕੁਲ ਅਜਿਹੇ ਅੰਕੜੇ ਪਿਛਲੇ ਦਿਨੀਂ ਪੰਜਾਬ ਲੇਖਾਕਾਰ ਨੇ ਆਪਣੀ ਰਿਪੋਰਟ ਵਿਚ ਵੀ ਜਾਰੀ ਕੀਤੇ ਸਨ, ਜਿਸ ਵਿਚ ਦੱਸਿਆ ਗਿਆ ਸੀ ਕਿ ਪੰਜਾਬ ਦੇ ਲਗਭਗ 1100 ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ 1-1 ਅਧਿਆਪਕ ਹੈ।

## ਮਲਾਲਾ ਬਣੇਗੀ ਸੰਯੁਕਤ ਰਾਸ਼ਟਰ ਦੀ ਸਭ ਤੋਂ ਛੋਟੀ ਉਮਰ ਦੀ ਸ਼ਾਂਤੀ ਦੂਤ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਜਨਰਲ ਸਕੱਤਰ ਐਂਟੋਨੀਓ ਗੁਟਰੇਜ਼ ਨੇ ਨੋਬਲ ਸ਼ਾਂਤੀ ਪੁਰਸਕਾਰ ਵਿਜੇਤਾ ਮਲਾਲਾ ਯੂਸਫਜ਼ਈ ਦੀ ਚੋਣ ਸੰਯੁਕਤ ਰਾਸ਼ਟਰ ਦੇ ਸ਼ਾਂਤੀ ਦੂਤ ਦੇ ਰੂਪ ਵਿਚ ਕੀਤੀ ਹੈ। ਇਹ ਵਿਸ਼ਵ ਦੇ ਕਿਸੇ ਨਾਗਰਿਕ ਨੂੰ ਸੰਯੁਕਤ ਰਾਸ਼ਟਰ ਪ੍ਰਮੁੱਖ ਵੱਲੋਂ ਦਿੱਤਾ ਜਾਣ ਵਾਲਾ ਸਰਵ ਉਚ ਸਨਮਾਨ ਹੈ। ਸੰਯੁਕਤ ਰਾਸ਼ਟਰ ਦੇ ਬੁਲਾਰੇ ਸਟੀਫਨ ਦੁਜਾਰਿਕ ਨੇ ਐਲਾਨ ਕੀਤਾ ਕਿ ਮਲਾਲਾ ਦੁਨੀਆਂ 'ਚ ਲੜਕੀਆਂ ਦੀ ਸਿੱਖਿਆ ਨੂੰ ਉਤਸ਼ਾਹਤ ਕਰਨ ਲਈ ਕੰਮ ਕਰੇਗੀ।

## ਭੋਲਾ ਤੇ ਹੋਰਾਂ ਖਿਲਾਫ ਕੇਸ ਵੀ ਪਟਿਆਲਾ ਤਬਦੀਲ

**ਪਟਿਆਲਾ:** ਨਸ਼ਾ ਤਸਕਰੀ ਦੇ ਕਾਰੋਬਾਰ ਦੌਰਾਨ ਜਾਇਦਾਦਾਂ ਬਣਾਉਣ ਦੇ ਦੋਸ਼ਾਂ ਵਿਚ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵੱਲੋਂ ਚਲਾਏ ਜਾ ਰਹੇ ਕੇਸ ਦੀ ਸੁਣਵਾਈ ਸੀ.ਬੀ.ਆਈ. ਕੋਰਟ ਵਿਚ ਹੋਈ।



ਇਸ ਦੌਰਾਨ ਸਾਬਕਾ ਡੀ.ਐਸ.ਪੀ. ਤੇ ਸਾਬਕਾ ਕੌਮਾਂਤਰੀ ਪਹਿਲਵਾਨ ਜਗਦੀਸ਼ ਭੋਲਾ ਅਤੇ ਹੋਰਾਂ ਖਿਲਾਫ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਖੇ ਦਰਜ ਚਾਰ ਕੇਸ ਵੀ ਪਟਿਆਲੇ ਹੀ ਸੀ.ਬੀ.ਆਈ. ਕੋਰਟ ਵਿਚ ਤਬਦੀਲ ਕਰ ਦਿੱਤੇ ਗਏ ਹਨ। ਉਧਰ, ਅੱਜ ਦੀ ਸੁਣਵਾਈ ਮੌਕੇ ਜਗਦੀਸ਼ ਭੋਲਾ ਸਮੇਤ ਕਈ ਹੋਰ ਮੁਲਜ਼ਮਾਂ ਨੂੰ ਵੀ ਪੁਲਿਸ ਸਖਤ ਸੁਰੱਖਿਆ ਪ੍ਰਬੰਧਾਂ ਹੇਠ ਜੇਲ੍ਹਾਂ ਤੋਂ ਅਦਾਲਤ ਵਿਚ ਲੈ ਕੇ ਪੁੱਜੀ। ਅਦਾਲਤ ਨੇ ਸੁਣਵਾਈ 21 ਅਪਰੈਲ 'ਤੇ ਪਾ ਦਿੱਤੀ ਹੈ।

# ਸਰਕਾਰੀ ਸੁੱਖ ਸਹੂਲਤਾਂ ਪੱਖੋਂ ਬਾਦਲਾਂ ਦੀਆਂ ਅਜੇ ਵੀ ਮੌਜਾਂ

**ਬਠਿੰਡਾ:** ਕਾਂਗਰਸ ਸਰਕਾਰ ਨੇ ਖੁਦ ਐਲਾਨ ਕੀਤਾ ਹੈ ਕਿ ਉਹ ਸਰਕਾਰੀ ਹੈਲੀਕਾਪਟਰ ਦੀ ਵਰਤੋਂ ਨਹੀਂ ਕਰਨਗੇ, ਪਰ ਮੌਜੂਦਾ ਸਰਕਾਰ ਬਾਦਲ ਪਰਿਵਾਰ ਲਈ ਸਪੈਸ਼ਲ ਹੈਲੀਪੈਡ ਦੀ ਸੁਵਿਧਾ ਜਾਰੀ ਰੱਖ ਰਹੀ ਹੈ। ਬਾਦਲਾਂ ਨੇ ਪਿੰਡ ਬਾਦਲ ਆਉਣ ਜਾਣ ਲਈ ਹੁਣ ਪ੍ਰਾਈਵੇਟ ਹੈਲੀਕਾਪਟਰ ਦੀ ਵਰਤੋਂ ਸ਼ੁਰੂ ਕਰ ਦਿੱਤੀ ਹੈ। ਅਕਾਲੀ-ਭਾਜਪਾ ਗੱਠਜੋੜ ਸਰਕਾਰ ਸਮੇਂ ਪਿੰਡ ਕਾਲਝਰਾਣੀ ਵਿਚ ਆਰਜ਼ੀ ਹੈਲੀਪੈਡ ਬਣਾਇਆ ਗਿਆ ਸੀ, ਜਿਥੇ ਛੇ ਮੁਲਾਜ਼ਮਾਂ ਦੀ ਗਾਰਦ ਪੱਕੇ ਤੌਰ 'ਤੇ ਲਾਈ ਹੋਈ ਹੈ। ਹਕੂਮਤ ਬਦਲਣ ਮਗਰੋਂ ਵੀ ਜ਼ਿਲ੍ਹਾ ਪੁਲਿਸ ਨੇ ਇਹ ਗਾਰਦ ਵਾਪਸ ਨਹੀਂ ਬੁਲਾਈ। ਪੰਜਾਬ ਵਿਚ ਹੋਰ ਕਿਧਰੇ ਵੀ ਇਸ ਤਰ੍ਹਾਂ ਪ੍ਰਾਈਵੇਟ ਹੈਲੀਕਾਪਟਰ ਲਈ 'ਸਪੈਸ਼ਲ ਹੈਲੀਪੈਡ' ਦੀ ਸਹੂਲਤ ਨਹੀਂ ਦਿੱਤੀ ਗਈ।

ਜਾਣਕਾਰੀ ਅਨੁਸਾਰ ਪਿੰਡ ਕਾਲਝਰਾਣੀ ਦੀ ਦਾਨਾ ਮੰਡੀ ਵਿਚ ਕਈ ਵਰ੍ਹਿਆਂ ਤੋਂ ਫਸਲ ਨਹੀਂ ਆ ਸਕੀ ਕਿਉਂਕਿ ਇਸ ਦਾਨਾ ਮੰਡੀ ਨੂੰ ਹੈਲੀਪੈਡ ਵਜੋਂ ਵਰਤਿਆ ਜਾ ਰਿਹਾ ਹੈ। ਪਿੰਡ ਦੇ ਲੋਕਾਂ ਨੂੰ ਉਮੀਦ ਸੀ ਕਿ ਸਰਕਾਰ ਬਦਲਣ ਮਗਰੋਂ ਉਨ੍ਹਾਂ ਨੂੰ ਇਹ ਦਾਨਾ ਮੰਡੀ ਮਿਲ ਜਾਵੇਗੀ, ਪਰ ਕੈਪਟਨ ਹਕੂਮਤ ਲੋਕਾਂ ਦੀ ਆਸ ਉਤੇ ਖਰੀ ਨਹੀਂ ਉਤਰੀ। ਜਦੋਂ ਵੀ ਬਾਦਲ ਪਰਿਵਾਰ ਦਾ ਹੈਲੀਕਾਪਟਰ ਇਥੇ ਲੈਂਡ ਕਰਦਾ ਹੈ ਤਾਂ ਦੋ ਥਾਣਿਆਂ ਦੀ ਪੁਲਿਸ ਹਾਜ਼ਰ ਹੁੰਦੀ ਹੈ। ਐਂਬੂਲੈਂਸ ਤੇ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਤੋਂ ਇਲਾਵਾ




ਪੁਲਿਸ ਰੂਟ ਵੀ ਲੱਗਦਾ ਹੈ। ਸੂਤਰਾਂ ਮੁਤਾਬਕ ਜ਼ੈੱਡ ਪਲੱਸ ਸੁਰੱਖਿਆ ਕਰ ਕੇ ਅਜਿਹਾ ਨਿਯਮਾਂ ਅਨੁਸਾਰ ਹੀ ਹੁੰਦਾ ਹੈ।

ਹੈਲੀਪੈਡ ਦੀ ਗਾਰਦ ਵਿਚ ਤਿੰਨ ਪੁਲਿਸ ਮੁਲਾਜ਼ਮ ਤਾਂ ਪਿੰਡ ਬਾਦਲ ਦੇ ਹੀ ਵਸਨੀਕ ਹਨ। ਹਾਲੇ 5 ਅਪਰੈਲ ਨੂੰ ਹੀ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਹੈਲੀਕਾਪਟਰ ਇਸ ਹੈਲੀਪੈਡ 'ਤੇ ਲੈਂਡ ਕੀਤਾ ਸੀ। ਬਾਦਲ ਪਰਿਵਾਰ ਆਪਣਾ ਪ੍ਰਾਈਵੇਟ ਔਰਬਿਟ ਕੰਪਨੀ ਦਾ ਹੈਲੀਕਾਪਟਰ ਆਉਣ ਜਾਣ ਵਾਸਤੇ ਵਰਤ ਰਿਹਾ ਹੈ।

ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਵੀ ਇਸ ਹੈਲੀਕਾਪਟਰ 'ਤੇ ਆਏ ਹਨ। ਹੈਲੀਪੈਡ ਦੇ ਦੋ ਕਮਰੇ ਹਨ, ਜਿਨ੍ਹਾਂ 'ਚੋਂ ਇਕ ਏਸੀ ਕਮਰਾ ਬਾਦਲ ਪਰਿਵਾਰ ਲਈ ਰਾਖਵਾਂ ਹੈ ਜਦੋਂ ਕਿ ਦੂਜਾ ਕਮਰਾ ਗਾਰਦ ਵਰਤਦੀ ਹੈ। ਹੈਲੀਪੈਡ 'ਤੇ ਲੱਗੇ ਬਿਜਲੀ ਦੇ ਮੀਟਰ ਦਾ ਬਿੱਲ ਮਾਰਕਿਟ ਕਮੇਟੀ ਗਿੱਦੜਬਾਹਾ ਵੱਲੋਂ ਭਰਿਆ ਜਾ ਰਿਹਾ ਹੈ। ਪਹਿਲਾਂ ਇਥੇ ਕੁੰਡੀ ਕੁਨੈਕਸ਼ਨ ਚੱਲਦਾ ਸੀ ਅਤੇ ਫਰਵਰੀ 2014 ਵਿਚ ਮਾਰਕਿਟ ਕਮੇਟੀ ਨੇ ਹੈਲੀਪੈਡ ਲਈ ਬਕਾਇਦਾ ਬਿਜਲੀ ਕੁਨੈਕਸ਼ਨ ਲੈ ਲਿਆ ਸੀ। ਪਿੰਡ ਕਾਲਝਰਾਣੀ ਦੇ ਆਗੂ ਬਲਵੰਤ ਸਿੰਘ ਨੇ ਕਿਹਾ ਕਿ ਇਸ ਹੈਲੀਪੈਡ ਨੇ ਪਿੰਡ ਵਾਲਿਆਂ ਤੋਂ ਦਾਨਾ ਮੰਡੀ ਖੋਹ ਲਈ ਹੈ ਅਤੇ ਦਬਾਅ ਪੈਣ ਮਗਰੋਂ ਸਰਕਾਰ ਨੇ ਨਵੀਂ ਦਾਨਾ ਮੰਡੀ ਹੋਰ ਥਾਂ ਬਣਾ ਦਿੱਤੀ। ਉਨ੍ਹਾਂ ਕਿਹਾ ਕਿ ਗਾਰਦ ਵੀ ਪਹਿਲਾਂ ਦੀ ਤਰ੍ਹਾਂ ਹੀ ਲੱਗੀ ਹੋਈ ਹੈ।

# ਅਕਾਲ ਤਖਤ ਦਾ ਹੁਕਮ ਅਤੇ ਡੇਰਿਆਂ ਦੀ ਸਿਆਸਤ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਇਸ ਹਫਤੇ ਇੱਕ ਮੀਟਿੰਗ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਸਮੇਤ ਪੰਜਾਂ ਸਿੰਘ ਸਾਹਿਬਾਨ ਨੇ ਕੀਤੀ ਅਤੇ ਪੰਜਾਬ ਦੀ ਰਾਜਨੀਤੀ ਵਿਚ ਸਰਗਰਮ ਚੁਤਾਲੀ ਆਗੂਆਂ ਨੂੰ ਆਪਣੇ ਅੱਗੇ ਆਣ ਕੇ ਪੇਸ਼ ਹੋਣ ਵਾਸਤੇ ਹੁਕਮ ਜਾਰੀ ਕੀਤਾ ਹੈ। ਸਿੱਖਾਂ ਦੀ ਸਭ ਤੋਂ ਉਚੀ ਮੰਨੀ ਜਾਂਦੀ ਇਸ ਸੰਸਥਾ ਦਾ ਇਹੋ ਜਿਹਾ ਹੁਕਮ ਆਵੇ ਤਾਂ ਕਿਉਂਕਿ ਇਸ ਦਾ ਸਬੰਧ ਸਿੱਖ ਭਾਈਚਾਰੇ ਨਾਲ ਹੋਣਾ ਚਾਹੀਦਾ ਹੈ, ਇਸ ਲਈ ਕਿਸੇ ਹੋਰ ਨੂੰ ਦਖਲ ਦੇਣ ਦੀ ਬਹੁਤੀ ਲੋੜ ਨਹੀਂ ਹੋ ਸਕਦੀ। ਜਿੱਦਾਂ ਦਾ ਹੁਕਮ ਅਕਾਲ ਤਖਤ ਸਾਹਿਬ ਤੋਂ ਇਸ ਵਾਰੀ ਕੀਤਾ ਗਿਆ ਹੈ, ਇਸ ਨਾਲ ਇਹ ਲੋੜ ਪੈਦਾ ਹੁੰਦੀ ਹੈ ਤੇ ਇਸ ਸੱਦੇ ਦੀ ਵਿਆਖਿਆ ਕਰਨ ਦਾ ਹੱਕ ਹੋਰਨਾਂ ਨੂੰ ਵੀ ਹੈ। ਕਾਰਨ ਸਾਫ ਹੈ, ਸੱਦੇ ਗਏ ਵੱਖ-ਵੱਖ ਪਾਰਟੀਆਂ ਦੇ ਇਹ ਆਗੂ ਭਾਵੇਂ ਸਿੱਖ ਸਮਾਜ ਵਿਚੋਂ ਹਨ, ਪਰ ਸੱਦਣ ਦਾ ਕਾਰਨ ਸਿਆਸੀ ਲੋੜ ਤੋਂ ਪੈਦਾ ਹੋਇਆ ਹੈ। ਇਨ੍ਹਾਂ ਸਭ ਉਤੇ ਦੋਸ਼ ਲੱਗਦਾ ਹੈ ਕਿ ਇਹ ਸਿਰਸਾ ਦੇ ਡੇਰਾ ਸੱਚਾ ਸੌਦਾ ਵਾਲੇ ਬਾਬੇ ਕੋਲ ਵੋਟਾਂ ਦਾ ਤਰਲਾ ਮਾਰਨ ਗਏ ਸਨ ਤੇ ਇਸ ਤਰ੍ਹਾਂ ਕਰਨ ਨਾਲ ਅਕਾਲ ਤਖਤ ਸਾਹਿਬ ਵੱਲੋਂ ਜਾਰੀ ਹੋਏ ਉਸ ਪੁਰਾਣੇ ਹੁਕਮਨਾਮੇ ਦੀ ਉਲੰਘਣਾ ਹੋਈ ਹੈ, ਜਿਸ ਹੁਕਮਨਾਮੇ ਵਿਚ ਉਸ ਡੇਰੇ ਨਾਲ ਕੋਈ ਸਬੰਧ ਨਾ ਰੱਖਣ ਲਈ ਸਿੱਖਾਂ ਨੂੰ ਹਦਾਇਤ ਕੀਤੀ ਗਈ ਸੀ। ਅਸਲ ਵਿਚ ਉਸ ਹਦਾਇਤ ਦਾ ਕਾਰਨ ਵੀ ਇਹੋ ਸੀ ਕਿ ਉਸ ਡੇਰੇ ਨੇ ਉਸ ਸਾਲ ਚੋਣਾਂ ਵਿਚ ਵੋਟਾਂ ਪਾਉਣ ਨੂੰ ਆਪਣੇ ਚੇਲੇ ਇੱਕ ਪਾਰਟੀ ਪਿੱਛੇ ਤੋਰੇ ਤੇ ਦੂਸਰੀ ਔਖੀ ਹੋ ਗਈ ਸੀ। ਹੁਕਮਨਾਮੇ ਲਈ ਉਦੋਂ ਅਕਾਲ ਤਖਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ ਨੇ ਇਹ ਗੱਲ ਆਧਾਰ ਬਣਾਈ ਸੀ ਕਿ ਡੇਰਾ ਸਿਰਸਾ ਦੇ ਮੁਖੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚੋਲੇ ਵਾਂਗ ਪਹਿਰਾਵਾ ਪਹਿਨ ਕੇ ਇੱਕ ਤਰਲ ਪਦਾਰਥ ਤਿਆਰ ਕੀਤਾ ਤੇ ਗੁਰੂ ਸਾਹਿਬ ਦੀ ਸਾਂਗ ਲਾਉਣ ਦਾ ਯਤਨ ਕੀਤਾ ਸੀ। ਸਿੱਖ ਭਾਈਚਾਰੇ ਵਿਚ ਇਸ ਨਾਲ ਰੋਸ ਜਾਗਿਆ ਤੇ ਜਿਨ੍ਹਾਂ ਲੀਡਰਾਂ ਨੇ ਇਹ ਰੋਸ ਜਗਾਇਆ ਸੀ, ਉਹ ਹਾਲਾਤ ਭੜਕਾਉਣ ਤੋਂ ਬਾਅਦ ਵੀ ਉਸ ਡੇਰੇ ਨਾਲ ਸਾਂਝਾਂ ਪਾਲਦੇ ਰਹੇ ਸਨ।

ਹੁਣ ਤਲਬ ਕੀਤੇ ਚੁਤਾਲੀ ਸਿੱਖ ਰਾਜਸੀ ਆਗੂ ਕੀ ਪੈਂਤੜਾ ਲੈਣਗੇ, ਇਹ ਉਹ ਜਾਣਦੇ ਹੋਣਗੇ, ਉਨ੍ਹਾਂ ਦੇ ਪੱਖ ਜਾਂ ਵਿਰੋਧ ਵਿਚ ਅਸੀਂ ਕੁਝ ਨਹੀਂ ਕਹਾਂਗੇ, ਪਰ ਇਹ ਗੱਲ ਪੁੱਛੀ ਜਾ ਸਕਦੀ ਹੈ ਕਿ ਡੇਰਾ ਮੁਖੀ ਲਈ ਬਿਨਾ ਮੰਗਿਆਂ ਉਦੋਂ ਜਿਹੜੀ ਮੁਆਫੀ ਜਾਰੀ ਕੀਤੀ ਸੀ, ਉਸ ਦੇ ਪਿੱਛੇ ਕੀ ਚੱਕਰ ਸੀ? ਅਕਾਲ ਤਖਤ ਸਾਹਿਬ ਦੇ ਅਜੋਕੇ ਜਥੇਦਾਰ ਨੂੰ ਇਹ ਸਵਾਲ ਲਗਾਤਾਰ ਪੁੱਛਿਆ ਜਾਂਦਾ ਰਹੇਗਾ ਕਿ ਉਸ ਨੇ ਖੁਦ ਮੋਹਰੇ ਲੱਗ ਕੇ ਡੇਰਾ ਮੁਖੀ ਨੂੰ ਪਹਿਲਾਂ ਮੁਆਫੀ ਦੇ ਦਿੱਤੀ ਤੇ ਫਿਰ ਸਿੱਖਾਂ ਵੱਲੋਂ ਕੀਤੇ ਜ਼ੋਰਦਾਰ ਰੋਸ ਪਿੱਛੋਂ ਮੁਆਫੀਨਾਮਾ ਵਾਪਸ ਲੈ ਲਿਆ ਤਾਂ ਇਸ ਦੀ




*ਜਥੇਦਾਰ ਗੁਰਬਚਨ ਸਿੰਘ*

ਚਾਬੀ ਕਿਸ ਨੇ ਘੁੰਮਾਈ ਸੀ? ਡੇਰਾ ਮੁਖੀ ਵਾਰ-ਵਾਰ ਕਹਿੰਦਾ ਸੀ ਕਿ ਉਸ ਨੇ ਮੁਆਫੀ ਮੰਗਣ ਦੀ ਕੋਈ ਚਿੱਠੀ ਹੀ ਨਹੀਂ ਭੇਜੀ, ਜਿਸ ਚਿੱਠੀ ਨਾਲ ਫਿਰ ਮੁਆਫੀ ਦਿੱਤੀ ਗਈ, ਉਹ ਝੂਠੀ ਚਿੱਠੀ ਜਿਸ ਬੰਦੇ ਨੇ ਅਕਾਲ ਤਖਤ ਤੱਕ ਪੁਚਾਈ ਸੀ, ਉਸ ਖਿਲਾਫ ਕੀ ਕਾਰਵਾਈ ਕੀਤੀ ਗਈ? ਏਨੀ ਗੱਲ ਹੀ ਨਹੀਂ, ਹੁਣ ਤੋਂ ਪੰਜ ਸਾਲ ਪਹਿਲਾਂ ਦੀਆਂ ਵਿਧਾਨ ਸਭਾ ਚੋਣਾਂ ਵਿਚ ਉਸੇ ਡੇਰੇ ਨਾਲ ਸਿਆਸੀ ਸੌਦਾ ਮਾਰ ਕੇ ਜਿਹੜੇ ਆਗੂ ਨੇ ਡੇਰਾ ਮੁਖੀ ਖਿਲਾਫ ਕੇਸ ਵਾਪਸ ਲੈਣ ਦਾ ਪੱਤਰ ਇੱਕ ਥਾਣੇਦਾਰ ਤੋਂ ਅਦਾਲਤ ਨੂੰ ਪੇਸ਼ ਕਰਵਾਇਆ ਸੀ, ਉਸ ਦੇ ਖਿਲਾਫ ਕੀ ਕਾਰਵਾਈ ਕੀਤੀ ਸੀ?

ਇਸ ਹਫਤੇ ਅਕਾਲ ਤਖਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ ਨੇ ਸਿਆਸੀ ਲੀਡਰਾਂ ਨੂੰ ਸੱਦਣ ਵੇਲੇ ਉਨ੍ਹਾਂ ਦੀ ਸਿਆਸੀ ਕਸਰਤ ਨੂੰ ਅਵੱਗਿਆ ਕਿਹਾ ਹੈ ਕਿ ਇਹ ਸੱਚੇ ਸੌਦੇ ਡੇਰੇ ਤੋਂ ਵੋਟਾਂ ਮੰਗਣ ਕਿਉਂ ਗਏ? ਲੋਕ-ਰਾਜੀ ਪ੍ਰਬੰਧ ਵਿਚ ਜਿਸ ਨਾਗਰਿਕ ਦੀ ਵੀ ਵੋਟ ਬਣੀ ਹੈ, ਉਸ ਤੱਕ ਪਹੁੰਚ ਦਾ ਜਿਹੜਾ ਕੋਈ ਵਸੀਲਾ ਹੋਵੇ, ਉਮੀਦਵਾਰਾਂ ਨੂੰ ਉਹ ਵਰਤਣ ਦੀ ਲੋੜ ਪੈਣੀ ਹੈ। ਕੋਈ ਆਗੂ ਇਹ ਨਹੀਂ ਕਹੇਗਾ ਕਿ ਅਸੀਂ ਫਲਾਣੀ ਸੰਪਰਦਾ ਵਾਲੇ ਲੋਕਾਂ ਤੋਂ ਵੋਟਾਂ ਮੰਗਣ ਨਹੀਂ ਜਾਣਾ। ਹਰ ਕਿਸੇ ਵੋਟਰ ਕੋਲ ਉਨ੍ਹਾਂ ਨੂੰ ਜਾਣਾ ਪਵੇਗਾ। ਨਿਰੰਕਾਰੀਆਂ ਤੋਂ ਲੈ ਕੇ ਸੱਚੇ ਸੌਦੇ ਤੱਕ ਜਿਸ ਦੀਆਂ ਵੀ ਵੋਟਾਂ ਬਣੀਆਂ ਹਨ, ਉਸ ਦਾ ਤਰਲਾ ਕਰਨ ਲਈ ਉਮੀਦਵਾਰਾਂ ਨੇ ਜਾਣਾ ਹੈ। ਧਾਰਮਿਕ ਪੱਖੋਂ ਇਹੋ ਜਿਹੀ ਕੋਈ ਰੋਕ ਕਿਸੇ ਪਾਰਟੀ ਉਤੇ ਲਾਉਣ ਜਾਂ ਕਿਸੇ ਨੂੰ ਕਿਸੇ ਵੱਲ ਉਚੇਚਾ ਭੇਜਣ ਨੂੰ ਚੋਣ ਪ੍ਰਬੰਧ ਵਿਚ ਧਰਮ ਦੀ ਦੁਰਵਰਤੋਂ ਕਰਨ ਦਾ ਮੁੱਦਾ ਬਣਾ ਕੇ ਕੋਈ ਨਾਗਰਿਕ ਕੱਲ੍ਹ ਨੂੰ ਹਾਈ ਕੋਰਟ ਜਾਂ ਸੁਪਰੀਮ ਕੋਰਟ ਵਿਚ ਵੀ ਜਾ ਸਕਦਾ ਹੈ।

ਫਿਰ ਵੀ ਜੇ ਇਸ ਸਬੰਧੀ ਕਿੰਤੂ ਕਰਨੇ ਹਨ ਤਾਂ ਪਹਿਲਾ ਕਿੰਤੂ ਖੁਦ ਅਕਾਲ ਤਖਤ ਦੇ ਅਜੋਕੇ ਜਥੇਦਾਰ ਵਿਰੁਧ ਹੁੰਦਾ ਹੈ। ਜਦੋਂ ਇਹ ਆਗੂ ਲੋਕ ਡੇਰਾ ਸੱਚਾ ਸੌਦਾ ਗਏ ਤੇ ਅਖਬਾਰਾਂ ਵਿਚ ਇਨ੍ਹਾਂ ਦੀਆਂ ਤਸਵੀਰਾਂ ਛਪੀਆਂ ਸਨ, ਉਦੋਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੇ ਚੁੱਪ ਕਿਉਂ ਵੱਟੀ ਰੱਖੀ ਸੀ? ਫਿਰ ਜਦੋਂ ਉਥੇ ਗਏ ਆਗੂਆਂ ਦੇ ਭਾਸ਼ਣਾਂ ਦੀ ਖਬਰ ਅਖਬਾਰਾਂ ਵਿਚ ਛਪੀ ਕਿ ਅਕਾਲ ਤਖਤ ਵੱਲੋਂ ਲਾਈ ਪਾਬੰਦੀ ਤੋਂ ਉਲਟ ਉਹ ਉਥੇ ਇਹ ਕਹਿ ਕੇ ਆਏ ਹਨ ਕਿ ਅਸੀਂ ਤੁਹਾਡੀ ਨਾਮ ਚਰਚਾ ਕਰਾਵਾਂਗੇ ਤਾਂ ਅਕਾਲ ਤਖਤ



*ਡੇਰਾ ਸਿਰਸਾ ਮੁਖੀ*

ਦੇ ਜਥੇਦਾਰ ਉਦੋਂ ਕਿਉਂ ਨਾ ਬੋਲੇ? ਉਸ ਪਿਛੋਂ ਡੇਰਾ ਸੱਚਾ ਸੌਦਾ ਵੱਲੋਂ ਜਦੋਂ ਅਕਾਲੀ ਦਲ ਦੀ ਹਮਾਇਤ ਦਾ ਸੰਦੇਸ਼ ਜਾਰੀ ਹੋ ਗਿਆ, ਉਦੋਂ ਅਕਾਲ ਤਖਤ ਦੇ ਜਥੇਦਾਰ ਨੇ ਤੁਰੰਤ ਕਾਰਵਾਈ ਕਰਨ ਦੀ ਥਾਂ ਆਪਣਾ ਮੋਬਾਈਲ ਫੋਨ ਕਿਉਂ ਬੰਦ ਕਰ ਦਿੱਤਾ ਅਤੇ ਵੋਟਾਂ ਪੈਣ ਪਿੱਛੋਂ ਚਾਰ ਫਰਵਰੀ ਸ਼ਾਮ ਨੂੰ ਦੋਬਾਰਾ ਫੋਨ ਚਾਲੂ ਕਰਨ ਦੀ ਲੋੜ ਕਿਉਂ ਮਹਿਸੂਸ ਹੋਈ? ਕੀ ਇਸ ਤੋਂ ਇਹ ਗੱਲ ਸਪੱਸ਼ਟ ਨਹੀਂ ਹੋ ਜਾਂਦੀ ਕਿ ਅਕਾਲ ਤਖਤ ਦੇ 'ਜਥੇਦਾਰ ਸਾਹਿਬ' ਨੇ ਇਹ ਸਭ ਕੁਝ ਇੱਕ ਪਾਰਟੀ ਦੀ ਰਾਜਸੀ ਲੋੜ ਲਈ ਇਸ ਤਰ੍ਹਾਂ ਕੀਤਾ ਕਿ ਅਕਾਲ ਤਖਤ ਸਾਹਿਬ ਦੇ ਮਾਣ-ਸਤਿਕਾਰ ਦਾ ਵੀ ਲਿਹਾਜ ਨਹੀਂ ਸੀ ਰੱਖਿਆ? ਇਸ ਤੋਂ ਬਾਅਦ ਵੀ ਅਕਾਲ ਤਖਤ ਦੇ ਜਥੇਦਾਰ ਨੇ ਓਨੀ ਦੇਰ ਚੁੱਪ ਕਿਉਂ ਨਹੀਂ ਤੋੜੀ, ਜਦੋਂ ਤੱਕ ਮੁਕਾਬਲੇ ਦੇ ਸਰਬੱਤ ਖਾਲਸਾ ਵਾਲੇ ਜਥੇਦਾਰਾਂ ਨੇ ਇਨ੍ਹਾਂ ਹੀ ਲੀਡਰਾਂ ਦੇ ਗ.ਲ ਪਰਨਾ ਪਾਉਣ ਦਾ ਕੰਮ ਸ਼ੁਰੂ ਨਹੀਂ ਸੀ ਕਰ ਲਿਆ?

ਜਦੋਂ ਇਨ੍ਹਾਂ ਸਭ ਪੱਖਾਂ ਨੂੰ ਵੇਖਿਆ ਜਾਵੇ ਤਾਂ ਪਹਿਲੀ ਲੋੜ ਇਹ ਨਿਕਲਦੀ ਹੈ ਕਿ ਅਕਾਲ ਤਖਤ ਸਾਹਿਬ ਦਾ ਮੌਜੂਦਾ ਜਥੇਦਾਰ ਆਪ ਲਾਂਭੇ ਹੋ ਜਾਵੇ ਤੇ ਕਿਸੇ ਹੋਰ ਨੂੰ ਅਗਲਾ ਕੋਈ ਫੈਸਲਾ ਕਰਨ ਦੇਵੇ। ਇਹੋ ਨਹੀਂ, ਸਗੋਂ ਜਿਸ ਕੋਲ ਇਹ ਜ਼ਿੰਮੇਵਾਰੀ ਆਵੇ, ਉਸ ਦੇ ਮੂਹਰੇ ਪੇਸ਼ ਹੋ ਕੇ ਪਹਿਲਾਂ ਇਹ ਜਥੇਦਾਰ ਆਪਣੀਆਂ ਭੁੱਲਾਂ ਲਈ ਪਛਤਾਵਾ ਕਰੇ। ਪਹਿਲੇ ਕਿਸੇ ਸਮੇਂ ਦਾ ਇੱਕ ਜਥੇਦਾਰ ਅੱਜ ਸਿੱਖੀ ਤੋਂ ਕੱਢਿਆ ਹੋਇਆ ਹੈ, ਅਜੋਕੇ ਜਥੇਦਾਰ ਬਾਰੇ ਭਵਿੱਖ ਕੀ ਫੈਸਲਾ ਲੈ ਲਵੇਗਾ, ਇਸ ਵੇਲੇ ਕਹਿਣਾ ਔਖਾ ਹੈ। ਜਥੇਦਾਰ ਨੂੰ ਅੱਜ ਦੀ ਥਾਂ ਭਲਕ ਦਾ ਸੋਚਣਾ ਚਾਹੀਦਾ ਹੈ। ਹਾਲਾਤ ਕਦੇ ਵੀ ਇੱਕੋ ਧੜੇ ਜਾਂ ਇੱਕੋ ਸਿਆਸੀ ਪਾਰਟੀ ਦੀ ਮਰਜ਼ੀ ਮੁਤਾਬਕ ਨਹੀਂ ਚੱਲਦੇ ਰਹਿਣੇ।

ਇਹ ਮੁੱਦਾ ਇਥੇ ਛੱਡ ਕੇ ਇੱਕ ਹੋਰ ਪੱਖ ਇਹ ਵੀ ਹੈ ਕਿ ਹਰ ਚੋਣ ਵਿਚ ਪੈਸੇ ਲੈ ਕੇ ਵੋਟਰਾਂ ਵੱਲੋਂ ਵੋਟਾਂ ਪਾਉਣ ਦੀ ਗੱਲ ਸੁਣਨੀ ਪੈਂਦੀ ਹੈ। ਗਰੀਬੀ ਮਾਰੇ ਜਿਹੜੇ ਲੋਕ ਸਲਫਾਸ ਖਾ ਕੇ ਜਾਨਾਂ ਦੇ ਰਹੇ ਹਨ, 'ਮਰਦਾ ਕੀ ਨਾ ਕਰਦਾ' ਦੇ ਅਖਾਣ ਮੁਤਾਬਕ ਉਹ ਵਿਚਾਰੇ ਪੇਟ ਦੀ ਭੁੱਖ ਦੇ ਸਤਾਏ ਹੋਣ ਕਾਰਨ ਜ਼ਮੀਰ ਮਾਰ ਕੇ ਆਪਣੀ ਵੋਟ ਵੇਚਦੇ ਹਨ ਤਾਂ ਬੁਰੇ ਕਹੇ ਜਾਂਦੇ ਹਨ। ਇੱਕ ਅਖਾਣ ਹੈ ਕਿ 'ਗਰੀਬ ਦੀ ਵਹੁਟੀ ਸਾਰਿਆਂ ਦੀ ਭਾਬੀ' ਹੁੰਦੀ ਹੈ। ਉਹ ਗਰੀਬ ਲੋਕ ਵੀ ਗਰੀਬ ਦੀ ਵਹੁਟੀ ਵਾਂਗ ਸਭਨਾਂ ਦੇ ਸ਼ੋਸ਼ਣ ਦਾ ਸ਼ਿਕਾਰ ਹਨ। ਅਸਲੀ ਚਰਚਾ ਜਿਨ੍ਹਾਂ ਦੀ ਹੋਣੀ ਚਾਹੀਦੀ ਹੈ, ਉਨ੍ਹਾਂ ਦੀ ਨਹੀਂ ਹੁੰਦੀ ਤੇ ਗਰੀਬਾਂ ਵੱਲੋਂ ਵੋਟਾਂ ਵੇਚਣ ਦਾ ਰੌਲਾ ਪਾ ਕੇ ਸਾਡੇ ਸਮਾਜ ਦੀ ਅਸਲੀ ਤਸਵੀਰ ਲੁਕਾਉਣ ਦਾ ਪਾਪ ਹੁੰਦਾ ਰਹਿੰਦਾ ਹੈ। ਅਸਲੀ ਤਸਵੀਰ ਉਦੋਂ ਨਿੱਖਰ ਕੇ ਸਾਹਮਣੇ ਆਉਂਦੀ ਹੈ, ਜਦੋਂ ਚੋਣ ਪ੍ਰਚਾਰ ਦੌਰਾਨ ਇੱਕ ਪਾਰਟੀ ਦਾ ਕੌਮੀ ਨੇਤਾ ਇੱਕ ਸਾਧ ਦੇ ਡੇਰੇ ਜਾਂਦਾ ਹੈ ਤੇ ਦੂਸਰਾ ਅਗਲੇ ਦਿਨ ਉਸੇ ਸਾਧ ਕੋਲ ਪਹਿਲੇ ਦੀ ਗੱਲ ਕੱਟਣ ਤੇ ਆਪਣੀ ਮੰਨਣ ਦੀ ਮਿੰਨਤ ਕਰਨ ਚਲਾ ਜਾਂਦਾ ਹੈ। ਮੂਹਰੇ ਬੈਠੇ ਸਾਧ ਸਾਰਿਆਂ ਨੂੰ ਗੱਲੀਂ-ਬਾਤੀਂ ਦੁੱਧ-ਪੁੱਤ ਦਾ ਵਰ ਦੇਈ ਜਾਂਦੇ ਹਨ ਤੇ ਵੋਟਾਂ ਪੈਣ ਤੋਂ ਦੋ ਕੁ ਦਿਨ ਰਹਿੰਦਿਆਂ ਤੋਂ ਜਿੱਤਦੀ ਧਿਰ ਤੋਂ ਭਵਿੱਖ ਦੇ ਲਾਭ ਮਿਲਦੇ ਜਾਪਣ ਜਾਂ ਖੜੇ ਪੈਰ ਮਾਇਆ ਦੀ ਕੋਈ ਥੈਲੀ ਚੜ੍ਹਾਵੇ ਵਿਚ ਚੜ੍ਹਦੀ ਦਿੱਸ ਪਵੇ ਤਾਂ ਉਸ ਪਿੱਛੇ ਭੁਗਤਣ ਲਈ ਆਪਣੇ ਸੇਵਕਾਂ ਵੱਲ ਰੁੱਕਾ ਭੇਜ ਦਿੰਦੇ ਹਨ। ਇਹ ਗੱਲ ਲੁਕੀ ਹੋਈ ਕਦੇ ਵੀ ਨਹੀਂ ਰਹਿੰਦੀ।

ਸਾਨੂੰ ਇਸ ਨਾਲ ਫਰਕ ਨਹੀਂ ਪੈਂਦਾ ਕਿ ਚੁਤਾਲੀ ਲੀਡਰਾਂ ਨੂੰ ਅਕਾਲ ਤਖਤ ਸਾਹਿਬ ਵਿਖੇ ਸੱਦ ਕੇ ਕੁਝ ਸਜ਼ਾ ਲਾਈ ਜਾਵੇ ਜਾਂ ਥੋੜ੍ਹੇ ਬੰਦੇ ਜਾਪਣ ਤਾਂ ਉਨ੍ਹਾਂ ਦੇ ਪਰਨਾ-ਚੁੱਕਾਂ ਨੂੰ ਨਾਲ ਸੱਦ ਕੇ ਭੀੜ ਭਰ ਲਈ ਜਾਵੇ। ਇਸ ਦੀ ਥਾਂ ਇਹ ਗੱਲ ਵੱਡਾ ਮੁੱਦਾ ਜਾਪਦੀ ਹੈ ਕਿ ਸੱਚਾ ਸੌਦਾ ਡੇਰਾ ਹੋਵੇ ਜਾਂ ਕੋਈ ਹੋਰ, ਡੇਰੇਦਾਰਾਂ ਦਾ ਵੋਟਰਾਂ ਲਈ ਸਿੱਧੇ ਸੱਦੇ ਜਾਰੀ ਕਰਨਾ ਅਤੇ ਇਹ ਸੱਦੇ ਦੇਣ ਲਈ ਰਾਜਸੀ ਲੀਡਰਾਂ ਨਾਲ ਸੌਦੇ ਮਾਰਨਾ ਕਦੋਂ ਤੱਕ ਚੱਲੇਗਾ? ਤਰਕਸ਼ੀਲ ਲਹਿਰ ਦਾ ਆਗੂ ਜਗਸੀਰ ਜੀਦਾ ਕਮਾਲ ਦੀ ਗੱਲ ਕਰਦਾ ਹੁੰਦਾ ਹੈ। ਇਸ ਵਾਰ ਵੀ ਕਮਾਲ ਦੀ ਗੱਲ ਉਸ ਨੇ ਸਿਰਫ ਏਨੇ ਸ਼ਬਦਾਂ ਵਿਚ ਇੰਜ ਕਹਿ ਦਿੱਤੀ ਹੈ ਕਿ 'ਕਹਿੰਦੇ ਸੰਗਤ ਵੇਚਦੀ ਵੋਟਾਂ ਤੇ ਸੰਗਤਾਂ ਨੂੰ ਬਾਬੇ ਵੇਚ ਗਏ।' ਅਕਾਲ ਤਖਤ ਸਾਹਿਬ ਵਿਖੇ ਚੁਤਾਲੀ ਲੀਡਰਾਂ ਨੂੰ ਸੱਦ ਕੇ ਢਿੱਲੀ ਸਜ਼ਾ ਲਾਈ ਜਾਵੇ ਜਾਂ ਭਾਰੀ ਜਾਂ ਸੁੱਕੇ ਛੱਡਿਆ ਜਾਵੇ, ਇਸ ਦੀ ਥਾਂ ਸਾਨੂੰ ਉਹ ਮੁੱਦਾ ਵੱਡਾ ਲੱਗਦਾ ਹੈ, ਜਿਹੜਾ ਜਗਸੀਰ ਜੀਦੇ ਨੇ ਕਈ ਵਾਰ ਉਠਾਇਆ ਹੈ। ਭਾਰਤੀ ਲੋਕਤੰਤਰ ਦੀ ਮੌਜੂਦਾ ਵੰਨਗੀ ਵਿਚਲੇ ਵਿਗਾੜਾਂ ਨੂੰ ਸੁਧਾਰਨ ਦੀ ਇੱਛਾ ਜਿਸ ਕਿਸੇ ਸਿਰ ਵਿਚ ਹਾਲੇ ਮੌਜੂਦ ਹੈ, ਉਸ ਲਈ ਜਗਸੀਰ ਜੀਦੇ ਦੀ ਇਹ ਚੋਭ ਇੱਕ ਵੱਡਾ ਮੁੱਦਾ ਹੋਣੀ ਚਾਹੀਦੀ ਹੈ, ਪਤਾ ਨਹੀਂ ਇਹ ਮੁੱਦਾ ਬਣ ਸਕੇਗੀ ਕਿ ਨਹੀਂ?

# ਪੰਜਾਬ ਦੀ ਨਸ਼ਾ ਰੋਕੂ ਮੁਹਿੰਮ ਤੇ ਨਸ਼ਾ ਛਡਾਊ ਕੇਂਦਰ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਪੰਜਾਬ ਦੀ ਕੈਪਟਨ ਸਰਕਾਰ ਨੇ ਆਪਣੀ ਨਸ਼ਾ ਰੋਕੂ ਮੁਹਿੰਮ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਛੱਤੀਸਗੜ੍ਹ ਵਿਖੇ ਨਕਸਲੀ ਕਾਰਵਾਈਆਂ ਨੂੰ ਪ੍ਰਭਾਵੀ ਢੰਗ ਨਾਲ ਨੱਥ ਪਾਉਣ ਵਾਲੇ ਉਚ ਦੁਮਾਲੜੇ ਭਾਰਤੀ ਪੁਲਿਸ ਅਧਿਕਾਰੀ ਹਰਪ੍ਰੀਤ



*ਹਰਪ੍ਰੀਤ ਸਿੱਧੂ*

ਸਿੱਧੂ ਨੂੰ ਉਥੋਂ ਬੁਲਾ ਕੇ ਨਵੀਂ ਨੀਤੀ ਨੂੰ ਤੁਰੰਤ ਸਫਲ ਕਰਨ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਹੈ। ਸਿੱਧੂ ਨੇ ਆਪਣੀ ਸਪੈਸ਼ਲ ਟਾਸਕ ਫੋਰਸ ਦੀ ਪਹਿਲੀ ਬੈਠਕ ਵਿਚ ਨਸ਼ੇ ਦੇ ਸੌਦਾਗਰਾਂ ਉਤੇ ਨਿਯਮਬਧ ਸ਼ਿਕੰਜਾ ਕੱਸਣ ਲਈ ਚੇਤੰਨ ਹੋਣ ਦੇ ਆਦੇਸ਼ ਦਿੱਤੇ ਹਨ। ਬੈਠਕ ਦਾ ਤੱਤ ਸਾਰ ਇਹ ਸੀ ਕਿ ਜਿਹੜੇ ਪੁਲਿਸ ਅਧਿਕਾਰੀ ਇਸ ਅਮਲ ਵਿਚ ਪੈਰ ਘਸੀਟਦੇ ਪਾਏ ਜਾਣਗੇ, ਉਨ੍ਹਾਂ ਨੂੰ ਇਸ ਲਾਪ੍ਰਵਾਹੀ ਦੇ ਨਤੀਜੇ ਭੁਗਤਣ ਲਈ ਤਿਆਰ ਰਹਿਣਾ ਪਵੇਗਾ।

ਪੰਜਾਬ ਦੀ ਨੌਜਵਾਨ ਪੀੜ੍ਹੀ ਨਸ਼ਿਆਂ ਦੀ ਬੁਰੀ ਤਰ੍ਹਾਂ ਸ਼ਿਕਾਰ ਹੋ ਚੁਕੀ ਹੈ, ਇਸ ਬਾਰੇ ਦੋ ਰਾਵਾਂ ਨਹੀਂ। ਨਸ਼ਿਆਂ ਦੇ ਵਪਾਰੀ ਆਪਣੇ ਧੰਦੇ ਨੂੰ ਵੱਧ ਤੋਂ ਵੱਧ ਲਾਹੇਵੰਦਾ ਬਣਾਉਣ ਲਈ ਹਰ ਤਰ੍ਹਾਂ ਦੇ ਹੀਲੇ-ਵਸੀਲੇ ਵਰਤ ਰਹੇ ਹਨ। ਇਥੋਂ ਤੱਕ ਕਿ ਬੰਦ ਬੋਤਲਾਂ ਦੀ ਲਪੇਟ ਵਿਚ ਆਈ ਜਵਾਨੀ ਨੂੰ ਡੂੰਘੇ ਖੂਹ ਵਿਚ ਸੁੱਟਣ ਲਈ ਚਿੱਟਾ, ਭੁੱਕੀ ਤੇ ਹੈਰੋਇਨ ਵਰਗੇ ਅਤਿਅੰਤ ਮਾੜੇ ਪਦਾਰਥਾਂ ਦੀ ਪਾਣ ਚੜ੍ਹਾਈ ਜਾਂਦੀ ਹੈ। ਸੀਮਾ ਪਾਰ ਤੋਂ ਭਾਰਤ ਵਿਚ ਸੁੱਟੀ ਜਾਂਦੀ ਹੈਰੋਇਨ ਦੇ ਅੰਕੜੇ ਧੁਰ ਅੰਦਰ ਤੱਕ ਕਾਂਬਾ ਛੇੜਨ ਵਾਲੇ ਹਨ। ਭੁੱਕੀ ਤੇ ਚਿੱਟੇ ਪਾਊਡਰ ਦੀ ਵੰਡ ਇਸ ਤੋਂ ਵੀ ਹਾਨੀਕਾਰਕ ਹੈ। ਕੌਮਾਂਤਰੀ ਮੰਡੀ ਵਿਚ ਕਰੋੜਾਂ ਰੁਪਏ ਦੇ ਬਰਾਬਰ ਇਨ੍ਹਾਂ ਪਦਾਰਥਾਂ ਨੂੰ ਪੰਜਾਬ ਦੇ ਪਿੰਡਾਂ ਤੇ ਕਸਬਿਆਂ ਤੱਕ ਪੁੱਜਦਾ ਕਰਨ ਵਾਲੇ ਲੋਕਾਂ ਦੀ ਗਿਣਤੀ ਕੀ ਹੋਵੇਗੀ, ਇਸ ਦਾ ਅੰਦਾਜ਼ਾ ਲਾਉਣਾ ਔਖਾ ਨਹੀਂ!

ਇਹ ਸੱਚ ਹੈ ਕਿ ਪੰਜਾਬ ਦੇ ਚੋਣਵੇਂ ਹਸਪਤਾਲਾਂ ਤੇ ਨਸ਼ਾ ਛੁਡਾਊ ਕੇਂਦਰ ਸਥਾਪਤ ਕਰਨ ਵਾਲੀਆਂ ਸਮਾਜ ਸੇਵੀ ਸੰਸਥਾਵਾਂ ਆਪੋ-ਆਪਣੀ ਪੱਧਰ ਉਤੇ ਯਤਨਸ਼ੀਲ ਹਨ। ਪਰ ਇਹ ਵੀ ਗੱਲ ਕਿਸੇ ਤੋਂ ਗੁੱਝੀ ਨਹੀਂ ਕਿ ਨਸ਼ਾ ਵੇਚਣ ਵਾਲੇ ਨੌਜਵਾਨਾਂ ਨੂੰ ਭਰਮਾਉਣ ਤੇ ਫੁਸਲਾਉਣ ਵਿਚ ਪਿੱਛੇ ਨਹੀਂ ਰਹਿੰਦੇ। ਸਿੱਧੂ ਦੀ ਟਾਸਕ ਫੋਰਸ ਨੂੰ ਉਨ੍ਹਾਂ ਬਾਰੇ ਚੇਤਨ ਤੇ ਚੁਕੰਨੇ ਹੋਣਾ ਏਨਾ ਸੌਖਾ ਕੰਮ ਨਹੀਂ। ਮੀਡੀਆ ਅਨੁਸਾਰ ਸਿੱਧੂ ਵੱਲੋਂ ਸੱਦੀ ਪ੍ਰਥਮ ਤੇ ਅਹਿਮ ਬੈਠਕ ਵਿਚ ਵੀ ਕਈ ਵੱਡੇ ਪੁਲਿਸ ਅਧਿਕਾਰੀ ਭਾਂਤ-ਭਾਂਤ ਦੀ ਅਣਗਹਿਲੀ ਤੇ ਲਾਪ੍ਰਵਾਹੀ ਵਿਖਾ ਰਹੇ ਸਨ, ਜਿਨ੍ਹਾਂ ਨੂੰ ਡਾਂਟ ਪਈ। ਨਸ਼ਾਖੋਰੀ ਦੀ ਸਮੱਸਿਆ ਵੱਲੋਂ ਇਸ ਤੋਂ ਪਹਿਲਾਂ ਕਦੀ ਏਨਾ ਧਿਆਨ ਨਹੀਂ ਦਿੱਤਾ ਗਿਆ।

ਪੰਜਾਬ ਦੀ ਨਵੀਂ ਨਸ਼ਾਨੀਤੀ ਨੇ ਮੈਨੂੰ ਆਪਣੀ ਪੰਜਾਬ ਰੈਡ ਕਰਾਸ ਦੀ 1987-89 ਵਾਲੀ ਸਕੱਤਰੀ ਚੇਤੇ ਕਰਵਾ ਦਿੱਤੀ ਹੈ। ਮੈਂ ਆਪਣੇ



ਕਾਰਜ ਕਾਲ ਸਮੇਂ ਰਾਜਪਾਲ ਐਸ.ਐਸ. ਰੇਅ ਦੀ ਹੱਲਾਸ਼ੇਰੀ ਨਾਲ ਬਠਿੰਡਾ, ਪਟਿਆਲਾ ਤੇ ਗੁਰਦਾਸਪੁਰ 'ਚ ਕੇਂਦਰ ਸਥਾਪਤ ਕੀਤੇ ਸਨ। ਨਸ਼ਾ ਵੇਚਣ ਵਾਲਿਆਂ ਨੇ ਉਥੇ ਵੀ ਚੋਰ ਮੋਰੀਆਂ ਲੱਭਣ ਦੇ ਯਤਨ ਕੀਤੇ ਪਰ ਸਫਲ ਨਾ ਹੋ ਸਕੇ। ਇਸ ਕੰਮ 'ਚ ਸਫਲ ਹੋਣ ਲਈ ਹਰ ਤਰ੍ਹਾਂ ਨਾਲ ਚੁਸਤ ਤੇ ਸੁਚੇਤ ਰਹਿਣ ਦੀ ਲੋੜ ਹੈ। ਜੇ ਹਰਪ੍ਰੀਤ ਸਿੱਧੂ ਛੱਤੀਸਗੜ੍ਹ ਵਾਲਾ ਉਦਮ ਤੇ ਦ੍ਰਿੜ੍ਹਤਾ ਵਿਖਾਵੇ ਤਾਂ ਇਥੇ ਵੀ ਸਫਲ ਹੋ ਸਕਦਾ ਹੈ।

ਵੇਖਣ ਵਿਚ ਆਇਆ ਹੈ ਕਿ ਕੁਝ ਸਰਕਾਰਾਂ ਨਸ਼ੇੜੀਆਂ ਨੂੰ ਜੇਲ੍ਹ ਵਿਚ ਬੰਦ ਕਰਨ ਤੱਕ ਚਲੀਆਂ ਜਾਂਦੀਆਂ ਹਨ। ਉਨ੍ਹਾਂ ਨੂੰ ਇਸ ਤਰ੍ਹਾਂ ਦੇ ਹੋਛੇ ਅਮਲ ਤੋਂ ਰੋਕਣ ਦੀ ਲੋੜ ਹੈ। ਨਸ਼ੇੜੀ ਲੁੱਟ ਮਾਰ ਨਹੀਂ ਕਰਦੇ। ਉਹ ਤਾਂ ਖੁਦ ਫਸੇ ਹੋਏ ਹੁੰਦੇ ਹਨ। ਉਹ ਆਪਣੇ ਡਾਵਾਂਡੋਲ ਮਨ ਨੂੰ ਸਥਿਰਤਾ ਦੇਣ ਲਈ ਪੱਲਿਓਂ ਪੈਸੇ ਖਰਚਦੇ ਹਨ। ਉਨ੍ਹਾਂ ਨੂੰ ਯੋਗ ਸਲਾਹ ਮਸ਼ਵਰੇ ਦੀ ਲੋੜ ਹੁੰਦੀ ਹੈ। ਇਹ ਕੰਮ ਮਨੋਵਿਗਿਆਨੀ ਕਰਦੇ ਹਨ। ਉਂਜ ਵੀ ਇਥੇ ਤੁਰਤ-ਫੁਰਤ ਸਫਲਤਾ ਨਹੀਂ ਮਿਲਦੀ, ਤਿੰਨ ਹਫਤੇ ਵਿਚ ਤਾਂ ਉਕਾ ਹੀ ਨਹੀਂ। ਲੰਮਾ ਸਮਾਂ ਲਗਦਾ ਹੈ। ਸਰਕਾਰੀ ਤੇ ਸਰਕਾਰੀ ਸਹਾਇਤਾ ਨਾਲ ਚੱਲ ਰਹੀਆਂ ਸਮਾਜ ਸੇਵੀ ਸੰਸਥਾਵਾਂ ਨੂੰ ਕਿਹਾ ਜਾਂਦਾ ਹੈ ਕਿ ਨਸ਼ੇੜੀ ਨੂੰ ਤਿੰਨ ਹਫਤੇ ਰੱਖ ਕੇ ਛੁੱਟੀ ਦੇ ਦੇਣੀ ਚਾਹੀਦੀ ਹੈ। ਇਹ ਆਰਜ਼ੀ ਸਫਲਤਾ ਹੈ, ਥੋੜ੍ਹੀ ਮਾਇਆ ਨਾਲ ਬਹੁਤਾ ਲਾਭ ਲੈਣ ਦਾ ਭਰਮ। ਨਸ਼ੇੜੀ ਦਾ ਇਲਾਜ ਸਮਾਂ ਤੇ ਪੈਸਾ ਮੰਗਦਾ ਹੈ। ਸਰਕਾਰਾਂ ਨੂੰ ਮੁੱਠੀ ਮੀਚਣ ਦੀ ਥਾਂ ਲੋੜੀਂਦੀ ਮਾਇਆ ਦੇਣੀ ਚਾਹੀਦੀ ਹੈ। ਅਜਿਹੀ ਸੁਵਿਧਾ ਨਾ ਹੋਣ ਕਾਰਨ ਨਿਜੀ ਸੰਸਥਾਵਾਂ ਨਸ਼ੇੜੀਆਂ ਦੇ ਮਾਪਿਆਂ ਤੋਂ ਮਣਾਂਮੂੰਹੀ ਪੈਸੇ ਬਟੋਰਦੀਆਂ ਹਨ। ਸਰਕਾਰ ਨੂੰ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ। ਜਿਨ੍ਹਾਂ ਦੇ ਮੂੰਹੀਂ ਸੌਖੀ ਮਾਇਆ ਲੱਗ ਜਾਵੇ, ਉਨ੍ਹਾਂ ਤੋਂ ਬਚਣ ਦੀ ਲੋੜ ਹੈ।

ਸਖਤ ਪੁਲਿਸ ਅਧਿਕਾਰੀ ਦੀ ਕਮਾਂਡ ਥੱਲੇ ਸਪੈਸ਼ਲ ਟਾਸਕ ਫੋਰਸ ਦੀ ਸਥਾਪਨਾ ਦਾ ਸਵਾਗਤ ਕਰਨਾ ਬਣਦਾ ਹੈ। ਇਸ ਨੂੰ ਨਸ਼ੇੜੀਆਂ ਤੇ ਉਨ੍ਹਾਂ ਦੇ ਮਾਪਿਆਂ ਵਲੋਂ ਭਰਵਾਂ ਹੁੰਗਾਰਾ ਮਿਲੇਗਾ। ਸਰਕਾਰ ਨੂੰ ਅਗਲੇਰੀ ਪਹੁੰਚ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਹਰਪ੍ਰੀਤ ਸਿੱਧੂ ਨੂੰ ਵੀ ਚਾਹੀਦਾ ਹੈ ਕਿ ਉਹ ਪੰਜਾਬ ਸਰਕਾਰ ਨੂੰ ਇਸ ਦੀ ਅਗਲੇਰੀ ਜ਼ਿੰਮੇਵਾਰੀ ਤੋਂ ਚੇਤਨ ਕਰੇ। ਪੰਜਾਬ ਦਾ ਪੇਂਡੂ ਭਾਈਚਾਰਾ ਕਰਜ਼ਿਆਂ ਨਾਲੋਂ ਨਸ਼ਿਆਂ ਦੀ ਲਪੇਟ ਵਿਚ ਕਿਤੇ ਵੱਧ ਖੁਰ ਰਿਹਾ ਹੈ। ਨਿਸਚੇ ਹੀ ਮਸਲਾ ਗੰਭੀਰ ਹੈ ਤੇ ਵਧੇਰੇ ਗੰਭੀਰਤਾ ਦੀ ਮੰਗ ਕਰਦਾ ਹੈ।

**ਅੰਤਿਕਾ:** ਮਿਰਜ਼ਾ ਗਾਲਿਬ
ਯੇਹ ਕਹਾਂ ਕੀ ਦੋਸਤੀ ਹੈ
ਕਿ ਬਨੇ ਹੈਂ ਦੋਸਤ ਨਾ ਸਿਹ,
ਕੋਈ ਚਾਰਾ ਸਾਜ਼ ਹੋਤਾ
ਕੋਈ ਗਮਗਸਾਰ ਹੋਤਾ।

ਪੰਜਾਬ ਟਾਈਮਜ਼

*ਸਨਿਚਰਵਾਰ, 15 ਅਪਰੈਲ 2017*

## ਦੇਸ਼ ਭਗਤੀ ਤੇ ਹਿੰਦੂ ਦੇਸ਼ ਭਗਤੀ

ਅੰਡੇਮਾਨ ਤੇ ਨਿਕੋਬਾਰ ਟਾਪੂ ਵਿਚ ਬਣੀ ਸੈਲੂਲਰ ਜੇਲ੍ਹ ਜੋ ਕਾਲੇ ਪਾਣੀ ਵਜੋਂ ਵੱਧ ਮਸ਼ਹੂਰ ਹੈ, ਇਕ ਸਦੀ ਬਾਅਦ ਇਕ ਵਾਰ ਫਿਰ ਚਰਚਾ ਵਿਚ ਹੈ। ਇਸ ਵਾਰ ਚਰਚਾ ਉਸ 'ਦੇਸ਼ ਭਗਤ' ਵੀਰ ਦਮੋਦਰ ਸਾਵਰਕਰ ਨਾਲ ਜੁੜ ਕੇ ਸ਼ੁਰੂ ਹੋਈ ਹੈ ਜਿਹੜਾ ਅੰਗਰੇਜ਼ ਸ਼ਾਸਕਾਂ ਤੋਂ ਮੁਆਫੀ ਮੰਗ ਕੇ ਇਸ ਜੇਲ੍ਹ ਵਿਚੋਂ ਬਾਹਰ ਆ ਗਿਆ ਸੀ ਅਤੇ ਹੁਣ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਇਸ 'ਦੇਸ਼ ਭਗਤ' ਨੂੰ ਨਾਇਕ ਬਣਾ ਕੇ ਪੇਸ਼ ਕਰ ਰਹੀ ਹੈ। ਇਹ ਉਹੀ ਵੀਰ ਸਾਵਰਕਰ ਹੈ ਜਿਸ ਨੇ ਹਿੰਦੂਤਵ ਦਾ ਖਾਕਾ ਤਿਆਰ ਕੀਤਾ ਸੀ ਜਿਸ ਨੂੰ ਲਾਗੂ ਕਰਨ ਲਈ ਆਰ.ਐਸ.ਐਸ. ਅਤੇ ਇਸ ਨਾਲ ਜੁੜੀਆਂ ਹੋਰ ਬੁਰਛਾਗਰਦ ਜਥੇਬੰਦੀਆਂ ਅੱਜ ਕੱਲ੍ਹ ਘੱਟ-ਗਿਣਤੀਆਂ ਉਤੇ ਹਮਲੇ ਕਰ ਰਹੀਆਂ ਹਨ। ਇਸ ਜੇਲ੍ਹ ਨਾਲ ਭਾਰਤ ਦੀ ਆਜ਼ਾਦੀ ਦੇ ਕਈ ਅਧਿਆਏ ਜੁੜੇ ਹੋਏ ਹਨ। ਉਂਜ ਇਹ ਵੀ ਇਕ ਤੱਥ ਹੈ ਕਿ ਇਹ ਜੇਲ੍ਹ ਬਣਨ ਤੋਂ ਪਹਿਲਾਂ ਵੀ ਅੰਗਰੇਜ਼ ਸ਼ਾਸਕ ਉਨ੍ਹਾਂ ਖਿਲਾਫ ਬਗਾਵਤ ਵਿੱਢਣ ਵਾਲਿਆਂ ਨੂੰ ਇਸ ਥਾਂ ਰੱਖਦੇ ਰਹੇ ਸਨ। ਇਹ ਸਿਲਸਿਲਾ 1857 'ਚ ਸ਼ੁਰੂ ਹੋਇਆ ਸੀ ਜਦੋਂ ਅੰਗਰੇਜ਼ਾਂ ਖਿਲਾਫ ਵੱਡੇ ਪੱਧਰ 'ਤੇ ਬਗਾਵਤ ਦਾ ਬੰਨ੍ਹ-ਸੁਬ ਬਣ ਗਿਆ ਸੀ। ਬਗਾਵਤ ਅਸਫਲ ਹੋਣ ਪਿਛੋਂ ਕੋਈ 200 ਬਾਗੀਆਂ ਨੂੰ ਟਾਪੂ ਉਤੇ ਤਾੜ ਦਿੱਤਾ ਗਿਆ ਸੀ। ਅਪਰੈਲ 1868 ਨੂੰ 733 ਹੋਰ ਕੈਦੀ ਕਰਾਚੀ ਤੋਂ ਭੇਜ ਦਿੱਤੇ ਗਏ। ਫਿਰ ਤਾਂ ਇਹ ਸਿਲਸਿਲਾ ਲਗਾਤਾਰ ਚੱਲਿਆ। ਬਾਗੀਆਂ ਦੀ ਗਿਣਤੀ ਵਧਣ ਨਾਲ 1896 'ਚ ਜੇਲ੍ਹ ਬਣਾਉਣੀ ਸ਼ੁਰੂ ਕੀਤੀ ਗਈ ਤੇ ਦਸ ਵਰ੍ਹਿਆਂ ਪਿਛੋਂ 1906 ਵਿਚ ਬਣ ਕੇ ਤਿਆਰ ਹੋਈ। ਜੇਲ੍ਹ 'ਚ ਕੁੱਲ 693 ਸੈੱਲ ਬਣਾਏ ਗਏ ਅਤੇ ਹਰ ਸੈੱਲ 14.8 ਫੁੱਟ ਲੰਮਾ ਤੇ 8.9 ਫੁੱਟ ਚੌੜਾ ਰੱਖਿਆ ਗਿਆ। ਇਕ ਸੈੱਲ 'ਚ ਇਕ ਜਣੇ ਨੂੰ ਰੱਖਿਆ ਜਾਂਦਾ ਸੀ ਤੇ ਇਕ ਕੈਦੀ ਦੀ ਦੂਜੇ ਕੈਦੀ ਦੀ ਗੱਲਬਾਤ ਤੱਕ ਨਹੀਂ ਸੀ ਹੁੰਦੀ। ਇਹ ਜੇਲ੍ਹ ਉਸ ਥਾਂ ਅਤੇ ਉਸ ਢੰਗ ਨਾਲ ਬਣਾਈ ਗਈ ਸੀ ਕਿ ਉਥੋਂ ਭੱਜਿਆ ਨਹੀਂ ਸੀ ਜਾ ਸਕਦਾ।

ਇਸ ਜੇਲ੍ਹ ਵਿਚ ਪੰਜਾਬ ਤੋਂ ਲਿਜਾਏ ਦੇਸ਼ ਭਗਤ ਵੀ ਰੱਖੇ ਗਏ। ਇਨ੍ਹਾਂ ਵਿਚ ਗਦਰ ਲਹਿਰ, ਬੱਬਰ ਅਕਾਲੀ ਲਹਿਰ ਨਾਲ ਸਬੰਧਤ ਸੂਰਮੇ ਸ਼ਾਮਲ ਸਨ। ਇਨ੍ਹਾਂ ਜਿਊੜਿਆਂ ਉਤੇ ਅੰਤਾਂ ਦਾ ਤਸ਼ੱਦਦ ਢਾਹਿਆ ਗਿਆ ਅਤੇ ਇਕ ਦਿਨ ਇਨ੍ਹਾਂ ਹੀ ਜਿਊੜਿਆਂ ਨੇ ਜੇਲ੍ਹ ਅੰਦਰ ਹੋ ਰਹੀ ਬੇਹੁਰਮਤੀ ਖਿਲਾਫ ਜੂਝਣਾ ਅਰੰਭ ਕਰ ਦਿੱਤਾ। ਇਹ ਸੰਘਰਸ਼ ਹੁਣ ਆਜ਼ਾਦੀ ਵਾਲੇ ਸੰਗਰਾਮ ਦਾ ਅਹਿਮ ਅਧਿਆਏ ਹੈ। ਇਹੀ ਉਹ ਸੰਘਰਸ਼ ਹੈ ਜਿਸ ਨੂੰ ਮਿਟਾ ਕੇ ਸੱਤਾਧਾਰੀ ਹਿੰਦੂਤਵਵਾਦੀ ਇਸ ਦੀ ਥਾਂ ਆਪਣਾ ਨਾਂ ਲਿਖਵਾਉਣਾ ਚਾਹੁੰਦੇ ਹਨ। ਇਹ ਤੱਥ ਜੱਗ-ਜ਼ਾਹਰ ਹੈ ਕਿ ਆਰ.ਐਸ.ਐਸ. ਅਤੇ ਇਸ ਦੇ ਆਗੂ ਇਹ ਐਲਾਨੀਆ ਕਹਿੰਦੇ ਸਨ ਕਿ ਅੰਗਰੇਜ਼ਾਂ ਖਿਲਾਫ ਲੜ-ਲੜ ਕੇ ਆਪਣੀ ਤਾਕਤ ਨਸ਼ਟ ਕਰਨ ਦੀ ਕੋਈ ਲੋੜ ਨਹੀਂ ਹੈ, ਇਸ ਤਾਕਤ ਨੂੰ ਆਉਣ ਵਾਲੇ ਸਮੇਂ ਲਈ ਹਿੰਦੂਤਵ ਦੇ ਪ੍ਰਚਾਰ ਲਈ ਬਚਾ ਕੇ ਰੱਖੋ। ਆਰ.ਐਸ.ਐਸ. ਜਿਹੜੀ ਹਿੰਦੂਵਾਦੀਆਂ ਨੇ 1925 ਵਿਚ ਬਣਾਈ ਸੀ, ਉਤੇ ਅੰਗਰੇਜ਼ਾਂ ਨੇ ਪਾਬੰਦੀ ਲਾ ਦਿੱਤੀ ਸੀ। ਭਾਰਤ ਦੀ ਆਜ਼ਾਦੀ ਤੋਂ ਬਾਅਦ ਵੀ ਇਸ ਉਤੇ ਤਿੰਨ ਵਾਰ ਪਾਬੰਦੀ ਲੱਗੀ। ਪਹਿਲੀ ਵਾਰ ਜਦੋਂ ਮਹਾਤਮਾ ਗਾਂਧੀ ਦਾ ਕਤਲ ਹੋਇਆ। ਇਸ ਕਤਲ ਵਿਚ ਆਰ.ਐਸ.ਐਸ. ਦਾ ਨਾਂ ਬੋਲਦਾ ਸੀ ਅਤੇ ਉਸ ਵਕਤ ਜਾਂਚ ਦੀ ਸੂਈ ਵੀਰ ਸਾਵਰਕਰ ਵੱਲ ਘੁੰਮ ਗਈ ਸੀ। ਦੂਜੀ ਵਾਰ ਐਮਰਜੈਂਸੀ ਵੇਲੇ ਇਸ ਉਤੇ ਪਾਬੰਦੀ ਲੱਗੀ ਅਤੇ ਫਿਰ ਤੀਜੀ ਵਾਰ 1992 ਵਿਚ ਬਾਬਰੀ ਮਸਜਿਦ ਢਾਹੇ ਜਾਣ ਤੋਂ ਬਾਅਦ ਇਸ ਜਥੇਬੰਦੀ ਨੂੰ ਗੈਰ-ਕਾਨੂੰਨੀ ਐਲਾਨਿਆ ਗਿਆ ਸੀ। ਇਸ ਜਥੇਬੰਦੀ ਦਾ ਇਕ-ਨੁਕਾਤੀ ਏਜੰਡਾ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣਾ ਹੈ। ਵੀਹਵੀਂ ਸਦੀ ਦੇ ਅਖੀਰ ਤੱਕ ਇਸ ਜਥੇਬੰਦੀ ਦੀ ਕਿਤੇ ਕੋਈ ਖਾਸ ਪੁੱਛ-ਪ੍ਰਤੀਤ ਨਹੀਂ ਸੀ, ਪਰ ਇਸ ਜਥੇਬੰਦੀ ਦਾ ਬਾਕਾਇਦਾ ਜਥਬੰਧਕ ਢਾਂਚਾ ਹੈ ਅਤੇ 1991 ਵਿਚ ਜਦੋਂ ਡਾਕਟਰ ਮਨਮੋਹਨ ਸਿੰਘ ਦੀ ਅਗਵਾਈ ਹੇਠ ਨਵੀਆਂ ਆਰਥਿਕ ਨੀਤੀਆਂ ਸ਼ੁਰੂ ਹੋਈਆਂ ਤਾਂ ਇਸ ਨੇ ਆਪਣੇ ਪੈਰ ਪਸਾਰਨੇ ਸ਼ੁਰੂ ਕੀਤੇ, ਕਿਉਂਕਿ ਇਸ ਜਥੇਬੰਦੀ ਨੂੰ ਵੱਡੀ ਇਮਦਾਦ ਧਨਾਢ ਹਿੰਦੂ ਕਾਰੋਬਾਰੀਆਂ ਵੱਲੋਂ ਮਿਲ ਹੀ ਰਹੀ ਸੀ। ਫਿਰ ਜਿੱਦਾਂ ਜਿੱਦਾਂ ਆਰਥਿਕ ਨੀਤੀਆਂ ਫੈਲਦੀਆਂ ਗਈਆਂ, ਇਹ ਜਥੇਬੰਦੀ ਵੀ ਸਰਕਾਰੇ-ਦਰਬਾਰੇ ਆਪਣਾ ਮਾਇਆ-ਜਾਲ ਵਿਛਾਉਂਦੀ ਰਹੀ।

ਹੁਣ ਸੱਤਾ ਵਿਚ ਆਉਣ ਤੋਂ ਬਾਅਦ ਆਰ.ਐਸ.ਐਸ. ਅਤੇ ਭਾਰਤੀ ਜਨਤਾ ਪਾਰਟੀ ਅਜਿਹੇ ਬੰਦੇ ਲੱਭ ਰਹੀਆਂ ਹਨ ਜਿਨ੍ਹਾਂ ਦੇ ਆਧਾਰ ਉਤੇ ਇਹ ਖੁਦ ਨੂੰ ਦੇਸ਼ ਭਗਤ ਸਾਬਤ ਕਰ ਸਕਣ। ਸੈਲੂਲਰ ਜੇਲ੍ਹ ਦੇ ਸੂਰਬੀਰ ਯੋਧਿਆਂ ਦੀ ਥਾਂ ਵੀਰ ਸਾਵਰਕਰ ਵਰਗੇ ਮੁਆਫੀ ਮੰਗਣ ਵਾਲਿਆਂ ਨੂੰ ਨਾਇਕ ਵਜੋਂ ਪੇਸ਼ ਕਰਨਾ ਇਸੇ ਲੜੀ ਦਾ ਹਿੱਸਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਸਬੰਧੀ ਜਾਂਚ ਲਈ ਆਪਣੀ ਕਮੇਟੀ ਉਥੇ ਭੇਜਣ ਦਾ ਐਲਾਨ ਕੀਤਾ ਹੈ, ਪਰ ਸਿਤਮਜ਼ਰੀਫੀ ਇਹ ਹੈ ਕਿ ਅੱਜ ਕੱਲ੍ਹ ਸ਼੍ਰੋਮਣੀ ਕਮੇਟੀ ਉਸ ਸ਼੍ਰੋਮਣੀ ਅਕਾਲੀ ਦਲ ਦੇ ਅਸਰ ਹੇਠ ਹੈ ਜਿਸ ਨੂੰ ਬਾਦਲ ਪਰਿਵਾਰ ਚਲਾ ਰਿਹਾ ਹੈ ਅਤੇ ਹੁਣ ਇਹ ਦੱਸਣ-ਪੁੱਛਣ ਦੀ ਲੋੜ ਨਹੀਂ ਕਿ ਬਾਦਲਾਂ ਦਾ ਕੇਂਦਰ ਦੇ ਸੱਤਾਧਾਰੀਆਂ ਨਾਲ ਰਿਸ਼ਤਾ ਕਿਸ ਤਰ੍ਹਾਂ ਦਾ ਹੈ। ਇਨ੍ਹਾਂ ਵੱਲੋਂ ਪੰਜਾਬ ਜਾਂ ਸਿੱਖਾਂ ਦਾ ਕੋਈ ਵੀ ਮਸਲਾ ਕੇਂਦਰੀ ਸ਼ਾਸਕਾਂ ਕੋਲ ਢੰਗ ਨਾਲ ਉਠਾਇਆ ਨਹੀਂ ਗਿਆ। ਹਾਂ, ਵੋਟਾਂ ਬਟੋਰਨ ਦੇ ਵਕਤ ਅਜਿਹੇ ਮੁੱਦੇ ਪ੍ਰਚਾਰੇ ਜ਼ਰੂਰ ਜਾਂਦੇ ਰਹੇ ਹਨ। ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਨੇ ਵੀ ਇਤਿਹਾਸ ਨੂੰ ਤੋੜਨ-ਮਰੋੜਨ ਖਿਲਾਫ ਆਵਾਜ਼ ਬੁਲੰਦ ਕੀਤੀ ਹੈ, ਪਰ ਇਹ ਆਵਾਜ਼ ਵੀ ਅਜੇ ਪ੍ਰੈਸ ਨੋਟਾਂ ਤੱਕ ਹੀ ਸੀਮਤ ਹੈ। ਦੇਸ਼ ਭਗਤ ਯਾਦਗਾਰ ਹਾਲ ਵਾਲਿਆਂ ਨੂੰ ਚਾਹੀਦਾ ਹੈ ਕਿ ਉਹ ਇਸ ਮੁੱਦੇ ਦੀ ਤਹਿ ਤੱਕ ਜਾਣ ਅਤੇ ਵੱਡੇ ਪੱਧਰ ਉਤੇ ਮਸਲਾ ਉਠਾਉਣ। ਮੁਲਕ ਵਿਚ ਹਿੰਦੂਤਵਵਾਦੀਆਂ ਦੀ ਚੜ੍ਹ ਰਹੀ ਕਾਂਗ ਨੂੰ ਠੱਲ੍ਹਣ ਦਾ ਇਹ ਵੀ ਇਕ ਜ਼ਰੀਆ ਹੋ ਸਕਦਾ ਹੈ, ਨਹੀਂ ਤਾਂ ਇਹ ਸੱਤਾਧਾਰੀ ਹੋਰ ਪ੍ਰਚੰਡ ਹੋ ਕੇ ਇਤਿਹਾਸ ਵਿਚ ਤੋੜ-ਮਰੋੜ ਕਰਨਗੇ। ਇਨ੍ਹਾਂ ਲੋਕਾਂ ਦੀ 'ਦੇਸ਼ ਭਗਤੀ' ਦਾ ਭਾਂਡਾ ਹੁਣ ਚੌਰਾਹੇ ਵਿਚ ਰੱਖ ਕੇ ਭੰਨਣ ਦਾ ਵਕਤ ਆ ਗਿਆ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਤਬਦੀਲੀ ਕਾਹਦੀ?*

ਸੱਚ ਅਤੇ ਸਿਆਸਤ ਦਾ ਮੇਲ ਕੋਈ ਨਾ, ਰਿਸ਼ਤਾ ਜਿਸ ਤਰ੍ਹਾਂ ਪਾਣੀ ਤੇ ਅੱਗ ਦਾ ਹੈ।
ਬਣੂ 'ਚੰਗੀ' ਸਰਕਾਰ ਹੁਣ ਪਹਿਲੀਆਂ ਤੋਂ, ਵੋਟਾਂ ਪਾਉਂਦਿਆਂ ਲੋਕਾਂ ਨੂੰ ਲੱਗਦਾ ਹੈ।
'ਮੱਖਣ' ਨਹੀਂ ਸੀ ਬਾਅਦ 'ਚ ਪਤਾ ਚੱਲੇ, 'ਚਿੱਟਾ ਚਿੱਟਾ' ਇਹ ਪਾਣੀ ਦੀ ਝੱਗ ਦਾ ਹੈ।
ਉਸ ਦੇ ਮੱਛੀਆਂ ਫੜਨ ਤੋਂ ਭੇਤ ਖੁੱਲ੍ਹੇ, 'ਹੰਸ' ਨਹੀਂ ਇਹ ਅੰਸ ਤਾਂ 'ਬੱਗ' ਦਾ ਹੈ।
ਫੇਰ ਹੋਣ ਮਾਯੂਸੀਆਂ ਵੋਟਰਾਂ ਨੂੰ, ਹੁਕਮਰਾਨ ਦਾ ਚਿਹਰਾ ਪਰ ਦੱਗਦਾ ਹੈ।
ਸੱਭੇ ਖਸਲਤਾਂ ਨੀਤੀਆਂ ਰਹਿਣ ਓਹੀ, ਰੰਗ ਬਦਲਦਾ ਹਾਕਮ ਦੀ ਪੱਗ ਦਾ ਹੈ!

# ਪੰਜਾਬ ਕਿਵੇਂ ਹੋਵੇ ਨਸ਼ਾ ਮੁਕਤ?

*ਪੰਜਾਬ ਉਤੇ ਨਸ਼ਿਆਂ ਦੀ ਡਾਢੀ ਮਾਰ ਨੇ ਪੰਜਾਬੀ ਸਮਾਜ ਨੂੰ ਖੋਖਲਾ ਕਰ ਦਿੱਤਾ ਹੈ। ਗੈਂਗਸਟਰਾਂ ਵਾਲੀ ਸਮੱਸਿਆਵਾਂ ਵੀ ਮੂਲ ਰੂਪ ਵਿਚ ਇਸੇ ਨਾਲ ਸਿੱਧੀ ਜੁੜੀ ਹੋਈ ਹੈ। ਸੰਗਰੂਰ ਦੇ ਨਸ਼ਾ ਛੁਡਾਊ ਕੇਂਦਰ ਦੇ ਪ੍ਰੋਜੈਕਟ ਡਾਇਰੈਕਟਰ ਮੋਹਨ ਸ਼ਰਮਾ ਨੇ ਇਸ ਅਲਾਮਤ ਬਾਰੇ ਵਿਸਥਾਰ ਸਹਿਤ ਚਰਚਾ ਆਪਣੇ ਇਸ ਲੇਖ ਵਿਚ ਕੀਤੀ ਹੈ। ਉਹ ਆਪਣੇ ਇਲਾਕੇ ਵਿਚ ਨਸ਼ਾ ਮੁਕਤੀ ਲਈ ਕਈ ਸਾਲਾਂ ਤੋਂ ਸਰਗਰਮ ਹਨ ਅਤੇ ਉਨ੍ਹਾਂ ਦਾ ਦਾਅਵਾ ਹੈ ਕਿ ਇਸ ਸਰਗਰਮੀ ਦੇ ਹਾਂ-ਪੱਖੀ ਨਤੀਜੇ ਸਾਹਮਣੇ ਆਏ ਹਨ। -ਸੰਪਾਦਕ*

**ਮੋਹਨ ਸ਼ਰਮਾ**
ਫੋਨ: +91-94171-48866

ਨਸ਼ਿਆਂ ਕਾਰਨ ਪੰਜਾਬ ਦੀ ਹਾਲਤ ਉਸ ਗੁਬਾਰੇ ਵਰਗੀ ਹੈ ਜਿਹੜਾ ਅਣਗਿਣਤ ਸੂਈਆਂ ਦੀ ਨੋਕ 'ਤੇ ਖੜ੍ਹਾ ਹੋਵੇ। ਬਹੁਤ ਸਾਰੇ ਪਿੰਡਾਂ ਦੀ ਪਛਾਣ 'ਨਸ਼ਈ ਪਿੰਡ', 'ਵਿਧਵਾਵਾਂ ਦੇ ਪਿੰਡ', 'ਛੜਿਆਂ ਦੇ ਪਿੰਡ', 'ਨਸ਼ੇ ਵੇਚਣ ਵਾਲੇ ਪਿੰਡ' ਅਤੇ 'ਖ਼ੁਦਕੁਸ਼ੀਆਂ ਵਾਲੇ ਪਿੰਡ' ਦੇ ਤੌਰ 'ਤੇ ਬਣ ਗਈ ਹੈ। ਇਕ ਪਾਸੇ ਕੁਦਰਤ ਦੀ ਕਰੋਪੀ ਕਾਰਨ ਕਿਸਾਨਾਂ ਦੀਆਂ ਫਸਲਾਂ ਬਰਬਾਦ ਹੋ ਰਹੀਆਂ ਹਨ, ਦੂਜੇ ਪਾਸੇ ਨਸ਼ਿਆਂ ਦੀ ਮਹਾਂਮਾਰੀ ਕਾਰਨ ਨਸਲਾਂ ਦਾ ਸਿਵਿਆਂ ਦੇ ਰਾਹ ਪੈਣਾ ਪੰਜਾਬ ਲਈ ਸ਼ੁਭ ਸੰਕੇਤ ਨਹੀਂ ਹੈ। ਉਮੰਗਾਂ ਅਤੇ ਤਰੰਗਾਂ ਨਾਲ ਭਰਪੂਰ ਅੱਖਾਂ ਵਿਚ ਘੋੜਿਆਂ ਤੋਂ ਵੀ ਤੇਜ਼ ਰਫ਼ਤਾਰ ਰੱਖਣ ਵਾਲੀ ਸ਼ਕਤੀ ਵਾਲੇ ਨੌਜਵਾਨਾਂ ਦਾ ਵੱਡਾ ਹਿੱਸਾ ਨਸ਼ਿਆਂ ਦੀਆਂ ਪੌੜੀਆਂ ਨਾਲ ਬਰਬਾਦੀ ਦਾ ਸਫ਼ਰ ਤੈਅ ਕਰ ਰਿਹਾ ਹੈ।

ਅਜਿਹਾ ਵਰਤਾਰਾ ਚੰਗੇ ਸਿਹਤਮੰਦ ਸਮਾਜ ਦੀ ਨਹੀਂ, ਸਗੋਂ ਘ੍ਰਿਣਤ ਪਸ਼ੂ-ਬਿਰਤੀ ਵਾਲੇ ਸਮਾਜ ਦੀ ਨਿਸ਼ਾਨੀ ਹੈ। ਜੰਗਲੀ ਕਿਸਮ ਦੇ ਹਿੰਸਕ, ਨੈਤਿਕਤਾ, ਸਦਾਚਾਰ, ਉਚ ਆਦਰਸ਼, ਸਹਿਣਸ਼ੀਲਤਾ ਤੋਂ ਸੱਖਣੇ ਨੌਜਵਾਨ ਜਿਸਮਾਨੀ ਅਤੇ ਰੂਹਾਨੀ ਪੱਖੋਂ ਖੋਖਲੇ ਹੋ ਕੇ ਬੇਰਾਂ ਵਾਂਗ ਝੜ ਰਹੇ ਹਨ। ਪੰਜਾਬ ਅੰਦਰ ਹਰ ਰੋਜ਼ 144 ਅਪਰਾਧਿਕ ਮਾਮਲੇ, 10 ਘੰਟਿਆਂ ਬਾਅਦ ਇਕ ਕਤਲ, 2 ਕਾਤਲਾਨਾ ਹਮਲੇ, ਚੋਰੀ ਦੀਆਂ 11 ਵਾਰਦਾਤਾਂ, ਹਰ 2 ਦਿਨਾਂ ਬਾਅਦ ਇਕ ਬੰਦੇ ਦਾ ਅਗਵਾ ਹੋਣਾ ਅਤੇ ਬਾਅਦ ਵਿਚ ਫਿਰੌਤੀਆਂ ਤੇ ਕਤਲਾਂ ਦਾ ਰੁਝਾਨ, 2 ਦਿਨਾਂ ਵਿਚ 5 ਔਰਤਾਂ ਦਾ ਬਲਾਤਕਾਰ, 2 ਦਿਨਾਂ ਵਿਚ 7 ਬੰਦਿਆਂ ਦੀ ਝਪਟਮਾਰੀ ਅਤੇ ਗੈਂਗਸਟਰਾਂ ਵੱਲੋਂ ਦਿਨ-ਦਿਹਾੜੇ ਕੀਤੀਆਂ ਵਾਰਦਾਤਾਂ ਨੇ ਪੰਜਾਬ ਅੰਦਰ ਦਹਿਸ਼ਤ ਦਾ ਮਾਹੌਲ ਪੈਦਾ ਕੀਤਾ ਹੈ।

ਪੰਜਾਬ ਅੰਦਰ ਧੀਆਂ ਦੀ ਰਾਖੀ ਕਰਨ ਵਾਲੇ ਬਾਬਲਾਂ ਦਾ ਦਿਨ-ਦਿਹਾੜੇ ਕਤਲ ਹੋਣਾ, ਗੋਲੀਆਂ ਦੀ ਵਾਛੜ ਕਰ ਕੇ ਧੀਆਂ ਨੂੰ ਘਰੋਂ ਉਧਾਲ ਕੇ ਲੈ ਜਾਣਾ, ਬਿਨਾਂ ਕਿਸੇ ਡਰ-ਭੈਅ ਦੇ ਨਜਾਇਜ਼ ਹਥਿਆਰਾਂ ਦੀ ਨੁਮਾਇਸ਼ ਕਰ ਕੇ ਨਾਜਾਇਜ਼ ਨਸ਼ੇ ਵੇਚਣ ਦੇ ਧੰਦੇ ਨੇ 21ਵੀਂ ਸਦੀ ਦੇ ਪੰਜਾਬ ਦੀ ਨੀਂਹ ਹੈਰੋਇਨ, ਸਮੈਕ ਦੇ ਪੈਕਟ, ਨਸ਼ੇ ਦੇ ਕੈਪਸੂਲ, ਗੋਲੀਆਂ, ਟੀਕਿਆਂ, ਸ਼ਰਾਬ ਦੀਆਂ ਬੋਤਲਾਂ ਅਤੇ ਭੁੱਕੀ ਦੇ ਢੇਰਾਂ ਉਤੇ ਰੱਖ ਦਿੱਤੀ ਹੈ। ਅਜਿਹੀ ਹਾਲਤ ਨੇ ਵਿਕਾਸ ਵਿਚ ਖੜੋਤ ਲਿਆਉਣ ਦੇ ਨਾਲ-ਨਾਲ ਸਿਰਜਣਾਤਮਿਕ ਸ਼ਕਤੀਆਂ ਨੂੰ ਜੂੜ ਲਾਇਆ ਹੈ। ਘਰਾਂ ਅੰਦਰ ਵਿਛੇ ਸੱਥਰ ਅਤੇ ਠੰਢੇ ਚੁੱਲ੍ਹਿਆਂ ਨੇ ਪੰਜਾਬੀਆਂ ਦੀ ਹਾਲਤ ਕੱਖੋਂ ਹੌਲੀ ਅਤੇ ਪਾਣੀਓਂ ਪਤਲੀ ਕਰ ਦਿੱਤੀ ਹੈ।

ਵਰਤਮਾਨ ਪੰਜਾਬ ਸਰਕਾਰ ਨੇ ਰਾਜ ਸੱਤਾ 'ਤੇ ਕਾਬਜ਼ ਹੋਣ ਤੋਂ ਪਹਿਲਾਂ ਪੰਜਾਬ ਵਿਚੋਂ ਇਕ ਮਹੀਨੇ ਦੇ ਅੰਦਰ-ਅੰਦਰ ਨਸ਼ਿਆਂ ਦੇ ਖ਼ਾਤਮੇ ਲਈ ਦ੍ਰਿੜ੍ਹ ਇੱਛਾ ਸ਼ਕਤੀ ਦਾ ਪ੍ਰਗਟਾਵਾ ਕੀਤਾ ਸੀ। ਉਨ੍ਹਾਂ ਵੱਲੋਂ ਇਸ ਸਬੰਧ ਵਿਚ ਸਪੈਸ਼ਲ ਟਾਸਕ ਫੋਰਸ ਬਣਾਉਣਾ, ਸ਼ਰਾਬ ਦੇ ਠੇਕਿਆਂ ਦੀ ਗਿਣਤੀ ਵਿਚ ਕਟੌਤੀ ਕਰਨਾ ਅਤੇ 5 ਸਾਲਾਂ ਵਿਚ ਸ਼ਰਾਬ ਦੇ 50 ਫ਼ੀਸਦੀ ਠੇਕੇ ਖ਼ਤਮ ਕਰਨਾ ਉਸਾਰੂ ਅਤੇ ਸਵਾਗਤਯੋਗ ਫ਼ੈਸਲੇ ਹਨ। ਨਸ਼ਿਆਂ ਰੂਪੀ ਦੈਂਤ ਦੇ ਖ਼ਾਤਮੇ ਲਈ ਸਰਕਾਰ ਦੀ ਦ੍ਰਿੜ੍ਹ ਇੱਛਾ ਸ਼ਕਤੀ, ਲੋਕਾਂ ਦਾ ਭਰਵਾਂ ਸਹਿਯੋਗ, ਸਰਕਾਰੀ ਤੰਤਰ ਦੀ ਸੁਹਿਰਦਤਾ ਅਤੇ ਇਮਾਨਦਾਰੀ ਅਤਿਅੰਤ ਜ਼ਰੂਰੀ ਹੈ।

ਵੱਖ-ਵੱਖ ਸਰਵੇਖਣਾਂ ਰਾਹੀਂ ਇਹ ਗੱਲ ਸਾਹਮਣੇ ਆਈ ਹੈ ਕਿ ਪਾਕਿਸਤਾਨ ਨਾਲ ਲਗਦੀ 553 ਕਿਲੋਮੀਟਰ ਲੰਮੀ ਸਰਹੱਦ ਰਾਹੀਂ ਜਿਹੜੀ ਹੈਰੋਇਨ ਪੰਜਾਬ ਵਿਚ ਦਾਖਲ ਹੁੰਦੀ ਹੈ, ਉਸ ਦੀ ਅੰਦਾਜ਼ਨ 7 ਫ਼ੀਸਦੀ ਖਪਤ ਹੀ ਪੰਜਾਬ ਵਿਚ ਹੁੰਦੀ ਹੈ। ਦਰਅਸਲ ਪੰਜਾਬ ਨੂੰ ਤਸਕਰ, ਹੈਰੋਇਨ/ਸਮੈਕ ਦੀ ਸਪਲਾਈ ਲਈ ਕੌਮਾਂਤਰੀ ਪੜਾਅ ਵਜੋਂ ਵਰਤ ਰਹੇ ਹਨ। ਪਾਕਿਸਤਾਨ ਤੋਂ ਤਸਕਰ ਅੰਦਾਜ਼ਨ ਇਕ ਲੱਖ ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਹੈਰੋਇਨ ਖ਼ਰੀਦਦੇ ਹਨ ਜਿਸ ਨੂੰ ਪੰਜਾਬ ਵਿਚ ਅੰਦਾਜ਼ਨ 5 ਲੱਖ ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਵੇਚਿਆ ਜਾਂਦਾ ਹੈ। ਦਿੱਲੀ ਪਹੁੰਚ ਕੇ ਇਸ ਹੈਰੋਇਨ ਦਾ ਮੁੱਲ 8-10 ਲੱਖ ਰੁਪਏ ਹੋ ਜਾਂਦਾ ਹੈ। ਮੁੰਬਈ 15 ਤੋਂ 16 ਲੱਖ ਰੁਪਏ ਅਤੇ ਕੌਮਾਂਤਰੀ ਪੱਧਰ 'ਤੇ ਇਹ ਹੈਰੋਇਨ ਇਕ ਕਰੋੜ ਰੁਪਏ ਤੋਂ 5 ਕਰੋੜ ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਵੇਚੀ ਜਾਂਦੀ ਹੈ।

ਗੰਭੀਰ ਹੋ ਕੇ ਚਿੰਤਨ ਕਰਨ ਵਾਲੀ ਗੱਲ ਹੈ ਕਿ ਤਸਕਰ ਬੀ.ਐਸ.ਐਫ. ਅਤੇ ਹੋਰ ਸੁਰੱਖਿਆ ਏਜੰਸੀਆਂ ਨੂੰ ਧੋਖਾ ਦੇ ਕੇ ਜਾਂ ਕੁਝ ਸੁਰੱਖਿਆ ਕਰਮਚਾਰੀਆਂ ਦੀ ਮਿਲੀ-ਭੁਗਤ ਨਾਲ ਆਪਣਾ ਮਾਲ ਪੰਜਾਬ ਅੰਦਰ ਲੈ ਵੀ ਆਉਂਦੇ ਹਨ, ਤਾਂ ਫਿਰ ਅਗਾਂਹ ਪੰਜਾਬ ਦਾ ਸੂਹੀਆ-ਤੰਤਰ ਅਤੇ ਪੁਲਿਸ ਵਿਭਾਗ ਇਸ ਨੂੰ ਪੰਜਾਬ ਅੰਦਰ ਦਾਖਲ ਹੋਣ ਤੋਂ ਰੋਕਣ ਲਈ ਕਿੰਨਾ ਕੁ ਯਤਨਸ਼ੀਲ ਹੈ? ਨਸ਼ਈ ਪੰਜਾਬੀ ਜਿਹੜੇ ਸਿੰਥੈਟਿਕ ਨਸ਼ਿਆਂ ਦੀ ਵਰਤੋਂ ਕਰਦੇ ਰਹੇ ਹਨ, ਉਹ ਭਾਰਤ ਦੇ ਕੁਝ ਪ੍ਰਾਂਤਾਂ ਦੇ ਨਾਲ-ਨਾਲ ਹਿਮਾਚਲ ਤੇ ਪੰਜਾਬ ਵਿਚ ਹੀ ਤਿਆਰ ਕੀਤੇ ਜਾਂਦੇ ਰਹੇ ਹਨ।

ਭਲਾ ਜਿਹੜੀ ਹੈਰੋਇਨ ਭਾਰਤ ਦੇ ਕੁਝ ਸੂਬਿਆਂ ਦੇ ਨਾਲ-ਨਾਲ ਪੰਜਾਬ ਵਿਚ ਤਿਆਰ ਹੋ ਕੇ ਪੰਜਾਬ ਦੀ ਜਵਾਨੀ ਦਾ ਘਾਣ ਕਰਦੇ ਰਹੇ ਹਨ, ਉਨ੍ਹਾਂ ਲਈ ਬਾਹਰੀ ਤਾਕਤਾਂ ਜ਼ਿੰਮੇਵਾਰ ਕਿੰਜ ਹੋਈਆਂ? ਕਿਸੇ ਕੌਮ ਦੀ ਬਰਬਾਦੀ ਉਦੋਂ ਹੁੰਦੀ ਹੈ ਜਦੋਂ ਰਖਵਾਲਿਆਂ ਦੀ ਅੱਖ ਚੋਰਾਂ ਨਾਲ ਮਿਲ ਜਾਵੇ। ਮਹਿਕਾਂ ਦੀ ਪੱਤ ਉਸ ਸਮੇਂ ਰੁਲਦੀ ਹੈ ਜਦੋਂ ਮਾਲੀ ਦਗ਼ਾਬਾਜ਼ ਹੋ ਜਾਣ। ਸਿੰਥੈਟਿਕ ਨਸ਼ੇ ਤਿਆਰ ਕਰਨ ਲਈ ਕੈਮੀਕਲ ਸਿਊਡੋਫੈਡਰੀਨ ਨੂੰ ਨਸ਼ਿਆਂ ਦੇ ਵਪਾਰੀਆਂ ਕੋਲ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੀਆਂ ਕੰਪਨੀਆਂ ਮਹਿੰਗੇ ਭਾਅ 'ਤੇ ਵੇਚਦੀਆਂ ਹਨ। ਕੌਮ ਦੀਆਂ ਗ਼ਦਾਰ ਅਜਿਹੀਆਂ ਕੰਪਨੀਆਂ ਨੂੰ ਸੀਲ ਕਰ ਕੇ ਸਪਲਾਈ ਲਾਈਨ ਕੱਟਣੀ ਅਤਿਅੰਤ ਜ਼ਰੂਰੀ ਹੈ। ਇਥੇ ਇਹ ਵੀ ਵਰਨਣਯੋਗ ਹੈ ਕਿ ਰਾਜਸਥਾਨ ਅਤੇ ਮੱਧ ਪ੍ਰਦੇਸ਼ ਤੋਂ ਭੁੱਕੀ, ਅਫ਼ੀਮ ਅਤੇ ਸਿੰਥੈਟਿਕ ਡਰੱਗਜ਼ ਪੰਜਾਬ ਵਿਚ ਲੈ ਕੇ ਆਉਣ ਲਈ ਫਾਜ਼ਿਲਕਾ ਰਾਹੀਂ 25 ਲਾਂਘੇ ਹਨ।




***ਤਸਕਰ ਬੀ.ਐਸ.ਐਫ. ਅਤੇ ਹੋਰ ਸੁਰੱਖਿਆ ਏਜੰਸੀਆਂ ਨੂੰ ਧੋਖਾ ਦੇ ਕੇ ਜਾਂ ਕੁਝ ਸੁਰੱਖਿਆ ਕਰਮਚਾਰੀਆਂ ਦੀ ਮਿਲੀ-ਭੁਗਤ ਨਾਲ ਮਾਲ ਪੰਜਾਬ ਅੰਦਰ ਲੈ ਵੀ ਆਉਂਦੇ ਹਨ, ਤਾਂ ਫਿਰ ਅਗਾਂਹ ਪੰਜਾਬ ਦਾ ਸੂਹੀਆ-ਤੰਤਰ ਅਤੇ ਪੁਲਿਸ ਵਿਭਾਗ ਇਸ ਨੂੰ ਪੰਜਾਬ ਅੰਦਰ ਦਾਖਲ ਹੋਣ ਤੋਂ ਰੋਕਣ ਲਈ ਕਿੰਨਾ ਕੁ ਯਤਨਸ਼ੀਲ ਹੈ? ਨਸ਼ਈ ਪੰਜਾਬੀ ਜਿਹੜੇ ਸਿੰਥੈਟਿਕ ਨਸ਼ਿਆਂ ਦੀ ਵਰਤੋਂ ਕਰਦੇ ਰਹੇ ਹਨ, ਉਹ ਕੁਝ ਪ੍ਰਾਂਤਾਂ ਦੇ ਨਾਲ-ਨਾਲ ਹਿਮਾਚਲ ਤੇ ਪੰਜਾਬ ਵਿਚ ਤਿਆਰ ਕੀਤੇ ਜਾਂਦੇ ਰਹੇ ਹਨ।***

ਇਨ੍ਹਾਂ 25 ਲਾਂਘਿਆਂ 'ਤੇ ਸੁਰੱਖਿਆ ਏਜੰਸੀਆਂ ਵੱਲੋਂ ਬਾਜ਼ ਅੱਖ ਰੱਖਣ ਨਾਲ ਭੁੱਕੀ, ਅਫ਼ੀਮ ਅਤੇ ਸਿੰਥੈਟਿਕ ਡਰੱਗਜ਼ ਦੇ ਨਸ਼ੇ ਦੀ ਸਪਲਾਈ ਲਾਈਨ ਦਾ ਲੱਕ ਬੁਰੀ ਤਰ੍ਹਾਂ ਤੋੜਿਆ ਜਾ ਸਕਦਾ ਹੈ।

ਕੋਈ ਵੀ ਲੋਕ ਲਹਿਰ ਉਨੀ ਦੇਰ ਤੱਕ ਸਫ਼ਲ ਨਹੀਂ ਹੁੰਦੀ ਜਦੋਂ ਤੱਕ ਲੋਕਾਂ ਦਾ ਭਰਵਾਂ ਸਹਿਯੋਗ ਲਹਿਰ ਦਾ ਹਿੱਸਾ ਨਹੀਂ ਬਣ ਜਾਂਦਾ। ਪੇਂਡੂ ਲੋਕਾਂ ਦਾ ਸੁਭਾਅ ਹੈ ਕਿ ਗੱਡੀ ਫੜਨ ਸਮੇਂ ਉਹ ਗੱਡੀ ਦੇ ਆਉਣ ਤੋਂ 2-3 ਘੰਟੇ ਪਹਿਲਾਂ ਹੀ ਪੁੱਜ ਜਾਂਦੇ ਹਨ ਅਤੇ ਗੱਡੀ ਦੇ ਆਉਣ ਦਾ ਸਮਾਂ ਪਤਾ ਕਰ ਕੇ ਉਥੇ ਹੀ ਫੱਟੇ 'ਤੇ ਸੌਂ ਜਾਂਦੇ ਹਨ। ਉਨ੍ਹਾਂ ਦੀ ਅੱਖ ਉਦੋਂ ਖੁੱਲ੍ਹਦੀ ਹੈ ਜਦੋਂ ਦਗੜ-ਦਗੜ ਕਰ ਕੇ ਗੱਡੀ ਉਥੋਂ ਦੀ ਲੰਘ ਜਾਂਦੀ ਹੈ, ਪਰ ਹੁਣ ਸੌਣ ਦਾ ਵੇਲਾ ਨਹੀਂ, ਸਗੋਂ ਜਾਗਣ ਦਾ ਵੇਲਾ ਹੈ। ਕਈ ਪਿੰਡਾਂ ਵਿਚ ਲੋਕਾਂ ਵੱਲੋਂ ਠੀਕਰੀ ਪਹਿਰੇ ਦੇ ਕੇ ਰਾਤ ਨੂੰ ਨਸ਼ਾ ਸਪਲਾਈ ਕਰਨ ਵਾਲਿਆਂ ਨੂੰ 'ਸੋਧਣ' ਦੇ ਕਿੱਸੇ ਸੁਣਨ ਵਿਚ ਆਉਣਾ ਚੰਗਾ ਸ਼ਗਨ ਹੈ ਅਤੇ ਤਸਕਰਾਂ ਲਈ ਵੰਗਾਰ ਵੀ।

ਵਰਣਨਯੋਗ ਹੈ ਕਿ ਨਾ ਤਾਂ ਤਸਕਰਾਂ ਦੇ ਪੈਰ ਹੀ ਇੰਨੇ ਮਜ਼ਬੂਤ ਹੁੰਦੇ ਹਨ ਕਿ ਉਨ੍ਹਾਂ ਨੂੰ ਖਦੇੜਿਆ ਨਾ ਜਾ ਸਕੇ ਅਤੇ ਨਾ ਹੀ ਨਸ਼ੇ ਦੀਆਂ ਸ਼ੀਸ਼ੀਆਂ ਇੰਨੀਆਂ ਪੱਕੀਆਂ ਹੁੰਦੀਆਂ ਹਨ ਕਿ ਇਨ੍ਹਾਂ ਨੂੰ ਤੋੜਿਆ ਨਾ ਜਾ ਸਕੇ। ਸੰਗਰੂਰ ਦਾ ਰੈੱਡ ਕਰਾਸ ਨਸ਼ਾ ਛੁਡਾਊ ਕੇਂਦਰ, ਸਾਇੰਟੀਫਿਕ ਅਵੇਅਰਨੈੱਸ ਐਂਡ ਸੋਸ਼ਲ ਵੈੱਲਫੇਅਰ ਸੰਸਥਾ, ਬਿਰਧ ਆਸ਼ਰਮ ਬਡਰੁੱਖਾਂ ਅਤੇ ਸਮਾਜ ਭਲਾਈ ਮੰਚ ਸ਼ੇਰਪੁਰ ਨੇ ਸਾਂਝੇ ਰੂਪ ਵਿਚ ਵਿਦਿਆਰਥੀ ਵਰਗ ਨੂੰ ਨਸ਼ਿਆਂ ਜਿਹੀ ਨਾਮੁਰਾਦ ਬਿਮਾਰੀ ਤੋਂ ਦੂਰ ਰੱਖਣ ਲਈ ਜਾਗਰੂਕਤਾ ਮੁਹਿੰਮ ਜਾਰੀ ਰੱਖਣ ਦੇ ਨਾਲ-ਨਾਲ ਪੰਚਾਇਤਾਂ ਨੂੰ ਪ੍ਰੇਰ ਕੇ ਪਿੰਡਾਂ ਵਿਚ ਸ਼ਰਾਬ ਦੇ ਠੇਕੇ ਨਾ ਖੋਲ੍ਹਣ ਲਈ ਸਾਲ 2009 ਤੋਂ ਮੁਹਿੰਮ ਆਰੰਭ ਕੀਤੀ ਹੋਈ ਹੈ ਅਤੇ ਇਸ ਦੇ ਸਾਰਥਕ ਨਤੀਜੇ ਵੀ ਸਾਹਮਣੇ ਆ ਰਹੇ ਹਨ। ਅਜਿਹੀਆਂ ਹੋਰ ਵੀ ਕਈ ਸੰਸਥਾਵਾਂ ਇਸ ਖੇਤਰ ਵਿਚ ਸ਼ਲਾਘਾਯੋਗ ਕੰਮ ਕਰ ਰਹੀਆਂ ਹਨ। ਅਜਿਹੀਆਂ ਸੰਸਥਾਵਾਂ ਨੂੰ ਸਰਕਾਰ ਵੱਲੋਂ ਹੱਲਾਸ਼ੇਰੀ ਦੇਣ ਦੇ ਨਾਲ-ਨਾਲ ਉਨ੍ਹਾਂ ਦੀ ਪਿੱਠ ਥਾਪੜਨੀ ਜ਼ਰੂਰੀ ਹੈ ਤਾਂ ਜੋ ਉਹ ਹੋਰ ਵੀ ਸਮਰਪਿਤ ਭਾਵਨਾ ਨਾਲ ਇਸ ਖੇਤਰ ਵਿਚ ਕੰਮ ਕਰਦੇ ਰਹਿ ਸਕਣ।

ਮਾਪਿਆਂ ਵੱਲੋਂ ਪਦਾਰਥਕ ਦੌੜ ਵਿਚ ਸ਼ਾਮਿਲ ਹੋ ਕੇ ਆਪਣੀ ਔਲਾਦ ਪ੍ਰਤੀ ਅਪਣਾਈ ਲਾਪ੍ਰਵਾਹੀ, ਲੋੜ ਤੋਂ ਵੱਧ ਸਹੂਲਤਾਂ ਦੇ ਨਾਲ-ਨਾਲ ਵਾਧੂ ਜੇਬ ਖਰਚ ਦੇਣ ਨੇ ਵੀ ਬੱਚਿਆਂ ਨੂੰ ਵਿਗਾੜਿਆ ਹੈ। ਮਾਪਿਆਂ ਵੱਲੋਂ ਆਪਣੀਆਂ ਫੁੱਲੀਆਂ ਜੇਬਾਂ ਦਾ ਧਿਆਨ ਰੱਖਣ ਦੀ ਥਾਂ ਆਪਣੀ ਅਸਲ ਪੂੰਜੀ 'ਔਲਾਦ' ਨੂੰ ਸੰਭਾਲਣ ਦੀ ਲੋੜ ਹੈ। ਮਾਪਿਆਂ ਵੱਲੋਂ ਆਪਣੇ ਬੱਚਿਆਂ ਲਈ ਰੋਲ ਮਾਡਲ ਵਾਲਾ ਫਰਜ਼ ਨਾ ਨਿਭਾਉਣ ਦਾ ਖ਼ਮਿਆਜ਼ਾ ਉਨ੍ਹਾਂ ਨੂੰ ਉਦੋਂ ਭੁਗਤਣਾ ਪੈਂਦਾ ਹੈ ਜਦੋਂ ਉਨ੍ਹਾਂ ਦਾ ਪੁੱਤਰ ਗ਼ਲਤ ਸੰਗਤ ਵਿਚ ਪੈ ਕੇ ਨਸ਼ਿਆਂ ਦੀ ਦਲਦਲ ਵਿਚ ਧਸ ਜਾਂਦਾ ਹੈ।

ਵਿਦਿਅਕ ਸੰਸਥਾਵਾਂ ਵਿਚ ਕਿਤਾਬੀ ਪੜ੍ਹਾਈ ਦੇ ਨਾਲ-ਨਾਲ ਜ਼ਿੰਦਗੀ ਦੀ ਪੜ੍ਹਾਈ ਦਾ ਪਾਠ ਪੜ੍ਹਾਉਣਾ ਜ਼ਰੂਰੀ ਹੈ। ਨਸ਼ਿਆਂ ਦੇ ਮਾਰੂ ਪ੍ਰਭਾਵ ਦਾ ਵਿਸ਼ਾ ਵਿਦਿਆਰਥੀਆਂ ਦੇ ਪਾਠਕ੍ਰਮ ਦਾ ਹਿੱਸਾ ਹੋਣਾ ਚਾਹੀਦਾ ਹੈ ਤਾਂ ਜੋ ਵਿਦਿਆਰਥੀ ਵਰਗ ਨੈਤਿਕ ਕਦਰਾਂ-ਕੀਮਤਾਂ ਦਾ ਧਾਰਨੀ ਹੋ ਕੇ ਅਜਿਹੀਆਂ ਬੁਰਾਈਆਂ ਤੋਂ ਦੂਰ ਰਹਿ ਸਕੇ। ਸਰਕਾਰ ਦੀ ਦ੍ਰਿੜ੍ਹ ਇੱਛਾ-ਸ਼ਕਤੀ, ਲੋਕਾਂ ਦਾ ਭਰਵਾਂ ਸਹਿਯੋਗ, ਪ੍ਰਸ਼ਾਸਨਿਕ ਅਧਿਕਾਰੀਆਂ ਦੀ ਸਮਰਪਿਤ ਭਾਵਨਾ, ਅਧਿਆਪਕ, ਰੰਗਕਰਮੀਆਂ, ਲੇਖਕਾਂ, ਪੱਤਰਕਾਰਾਂ, ਬੁੱਧੀਜੀਵੀਆਂ ਅਤੇ ਚਿੰਤਕਾਂ ਦੇ ਭਰਵੇਂ ਸਹਿਯੋਗ ਨਾਲ ਹੀ ਪੰਜਾਬ ਅੰਦਰ ਪੈਰ ਪਸਾਰ ਰਹੇ ਨਸ਼ਿਆਂ ਦੇ ਦੈਂਤ ਨੂੰ ਢਹਿ-ਢੇਰੀ ਕੀਤਾ ਜਾ ਸਕਦਾ ਹੈ। ਜੇ ਅਜਿਹਾ ਸੰਭਵ ਨਾ ਹੋਇਆ ਤਾਂ ਨਸਲਾਂ ਦੀ ਤਬਾਹੀ ਹੋਣ ਦਾ ਇਤਿਹਾਸ ਸਾਡੀ ਹੋਣੀ 'ਤੇ ਕੀਰਨੇ ਪਾਵੇਗਾ ਅਤੇ ਅਸੀਂ ਬੁਜ਼ਦਿਲਾਂ ਦੀ ਕਤਾਰ ਵਿਚ ਸ਼ਾਮਿਲ ਹੋਵਾਂਗੇ।

# ਕਾਲੇ ਪਾਣੀਆਂ ਦੀ ਗਾਥਾ 'ਚੋਂ ਪੰਜਾਬੀਆਂ ਦੀ ਭੂਮਿਕਾ ਗਾਇਬ



ਪੰਜਾਬੀਆਂ, ਖ਼ਾਸਕਰ ਸਿੱਖਾਂ ਕੋਲ ਅਮੀਰ ਸਮਾਜਿਕ, ਰਾਜਨੀਤਕ ਅਤੇ ਧਾਰਮਿਕ ਪ੍ਰੰਪਰਾਵਾਂ ਅਤੇ ਇਤਿਹਾਸ ਦਾ ਅਮੀਰ ਵਿਰਸਾ ਹੈ, ਪਰ ਇਹ ਆਪਣੀ ਇਸ ਸ਼ਾਨਦਾਰ ਵਿਰਾਸਤ ਨੂੰ ਸੰਭਾਲਣ ਵਿਚ ਬਹੁਤ ਅਵੇਸਲੇ ਰਹੇ ਹਨ। ਸ਼ਾਇਦ ਇਹੀ ਕਾਰਨ ਹੈ ਕਿ ਪੰਜਾਬੀਆਂ ਦੇ ਮਨਾਂ ਵਿਚ ਕਾਲੇ ਪਾਣੀ ਦੇ ਨਾਂ ਨਾਲ ਵਸੀ ਹੋਈ ਅੰਡੇਮਾਨ ਦੀ ਬਦਨਾਮ



**ਜਗਤਾਰ ਸਿੰਘ**
ਫੋਨ: +91-97797-11201

ਸੈਲੂਲਰ ਜੇਲ੍ਹ ਦੇ ਇਤਿਹਾਸ ਵਿਚੋਂ ਪੰਜਾਬੀਆਂ ਦੇ ਆਜ਼ਾਦੀ ਸੰਗਰਾਮ ਵਿਚ ਨਿਭਾਏ ਗਏ ਰੋਲ ਨੂੰ ਤਕਰੀਬਨ ਮਨਫ਼ੀ ਹੀ ਕਰ ਦਿੱਤਾ ਗਿਆ ਹੈ। ਇਸ ਕੌਮੀ ਵਿਰਾਸਤੀ ਜੇਲ੍ਹ ਨੂੰ ਹੁਣ ਅਜਾਇਬ ਘਰ ਵਿਚ ਤਬਦੀਲ ਕਰ ਦਿੱਤਾ ਗਿਆ ਹੈ।

ਇਸ ਜੇਲ੍ਹ ਦੀ ਬਣਤਰ ਅਤੇ ਆਲਾ-ਦੁਆਲਾ ਇਹੋ ਜਿਹਾ ਸੀ ਕਿ ਇਥੋਂ ਭੱਜ ਸਕਣਾ ਕਿਸੇ ਤਰ੍ਹਾਂ ਵੀ ਸੰਭਵ ਨਹੀਂ ਸੀ ਹੋ ਸਕਦਾ। ਆਜ਼ਾਦੀ ਸੰਗਰਾਮ ਦੌਰਾਨ ਇਥੇ ਭੇਜੇ ਜਾਂਦੇ ਕੈਦੀਆਂ ਨੂੰ ਅਥਾਹ ਤਸੀਹੇ ਅਤੇ ਬੇਇਜ਼ਤੀ ਸਹਿਣੀ ਪੈਂਦੀ ਸੀ। ਜੇ ਗਿਣਤੀ ਮੁਤਾਬਿਕ ਵੇਖਣਾ ਹੋਵੇ ਤਾਂ ਬੰਗਾਲੀਆਂ ਤੋਂ ਬਾਅਦ ਇਥੇ ਕੈਦ ਕੀਤੇ ਆਜ਼ਾਦੀ ਸੰਗਰਾਮੀਆਂ ਵਿਚ ਸਭ ਤੋਂ ਵੱਧ ਗਿਣਤੀ ਪੰਜਾਬੀਆਂ ਦੀ ਹੀ ਸੀ, ਪਰ ਇਸ ਇਤਿਹਾਸਕ ਤੱਥ ਨੂੰ ਅੱਖੋਂ-ਪਰੋਖੇ ਕਰ ਕੇ ਇਥੇ ਬਣਾਏ ਅਜਾਇਬ ਘਰ ਅਤੇ ਹਰ ਰੋਜ਼ ਵਿਖਾਏ ਜਾਂਦੇ ਰੌਸ਼ਨੀ ਤੇ ਆਵਾਜ਼ ਪ੍ਰੋਗਰਾਮ ਵਿਚ ਸਿਰਫ਼ ਵੀ.ਡੀ. ਸਾਵਰਕਰ ਨੂੰ ਹੀ ਕੌਮੀ ਨਾਇਕ ਵਜੋਂ ਪੇਸ਼ ਕੀਤਾ ਜਾ ਰਿਹਾ ਹੈ ਜਦੋਂਕਿ ਇਸ ਬੰਦੇ ਬਾਰੇ ਇਹ ਵਿਵਾਦ ਹੈ ਕਿ ਇਸ ਨੇ ਜੇਲ੍ਹ ਵਿਚੋਂ ਅੰਗਰੇਜ਼ ਹਾਕਮਾਂ ਨੂੰ ਘੱਟੋ-ਘੱਟ ਚਾਰ ਚਿੱਠੀਆਂ ਰਾਹੀਂ ਮੁਆਫ਼ ਕਰ ਦੇਣ ਦੀ ਗੁਹਾਰ ਲਾਈ ਸੀ।

ਸ਼ਾਇਦ ਹੀ ਪੰਜਾਬ ਦੀ ਕਿਸੇ ਸਰਕਾਰ ਨੇ ਕਾਲੇ ਪਾਣੀਆਂ ਨਾਲ ਜੁੜੀ ਪੰਜਾਬੀਆਂ ਦੀ ਇਤਿਹਾਸਕ ਵਿਰਾਸਤ ਨੂੰ ਸੰਭਾਲਣ ਦਾ ਕੋਈ ਉਪਰਾਲਾ ਕੀਤਾ ਹੋਵੇ। ਗ਼ਦਰ ਪਾਰਟੀ ਬਣਾ ਕੇ ਅਮਰੀਕਾ ਤੋਂ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਆਏ 57 ਯੋਧਿਆਂ ਨੂੰ ਇਸ ਜੇਲ੍ਹ ਵਿਚ ਕੈਦ ਕੀਤਾ ਗਿਆ ਸੀ। ਇਨ੍ਹਾਂ ਨੂੰ 1915 ਦੇ ਲਾਹੌਰ ਸਾਜਿਸ਼ ਕੇਸ ਅਤੇ 23 ਦੇ ਘੋੜ ਸਵਾਰ ਫ਼ੌਜ ਕੋਰਟ ਮਾਰਸ਼ਲ ਕੇਸ ਵਿਚ ਕੈਦ ਹੋਈ ਸੀ। ਇਥੇ ਕੈਦ ਕੀਤੇ ਗਏ ਹੋਰਨਾਂ ਪੰਜਾਬੀਆਂ ਦੀ ਸੂਚੀ ਵੀ ਬਹੁਤ ਲੰਬੀ ਹੈ ਜਿਸ ਵਿਚ ਚਾਰ ਬੰਦੇ ਤਾਂ ਬਿਸ਼ਨ ਸਿੰਘ ਨਾਂ ਦੇ ਹੀ ਸਨ। ਬਾਕੀਆਂ ਵਿਚ ਅਮਰ ਸਿੰਘ, ਭਾਨ ਸਿੰਘ, ਗੁਰਦਿੱਤ ਸਿੰਘ, ਗੁਰਮੁਖ ਸਿੰਘ, ਹਰਦਿੱਤ ਸਿੰਘ ਅਤੇ ਹਰਨਾਮ ਸਿੰਘ ਸਮੇਤ ਹੋਰ ਵੀ ਬਹੁਤ ਸਾਰੇ ਸਨ। ਇਥੇ ਜੇਲ੍ਹ ਅਧਿਕਾਰੀਆਂ ਦੇ ਤਸੀਹਿਆਂ ਕਾਰਨ ਤਿੰਨ ਪੰਜਾਬੀ ਸ਼ਹੀਦ ਵੀ ਹੋ ਗਏ ਸਨ।


13 ਅਪਰੈਲ 1919 ਨੂੰ ਵਾਪਰੇ ਜਲ੍ਹਿਆਂ ਵਾਲੇ ਬਾਗ਼ ਦੇ ਸਾਕੇ ਤੋਂ ਬਾਅਦ ਹੋਏ ਰੋਸ ਪ੍ਰਦਰਸ਼ਨ ਦੌਰਾਨ ਭੜਕੀ ਹਿੰਸਾ ਦਾ ਬਹਾਨਾ ਬਣਾ ਕੇ ਮਾਰਸ਼ਲ ਲਾਅ ਤਹਿਤ ਗ੍ਰਿਫ਼ਤਾਰ ਕੀਤੇ ਗਏ 25 ਪੰਜਾਬੀਆਂ ਨੂੰ ਇਸ ਜੇਲ੍ਹ ਵਿਚ ਡੱਕਿਆ ਗਿਆ ਸੀ। ਇਨ੍ਹਾਂ ਵਿਚ ਅਕਾਲੀ ਆਗੂ ਕਰਤਾਰ ਸਿੰਘ ਝੱਬਰ ਅਤੇ ਤੇਜਾ ਸਿੰਘ ਚੂਹੜਕਾਣਾ ਸ਼ਾਮਲ ਸਨ। ਉਂਜ, ਕਰਤਾਰ ਸਿੰਘ ਝੱਬਰ ਲਈ ਇਹ ਜੇਲ੍ਹ ਇੱਕ ਪੱਖ ਤੋਂ ਫ਼ਾਇਦੇਮੰਦ ਵੀ ਰਹੀ। ਕੌਮਾਗਾਟਾ ਮਾਰੂ ਸਾਕੇ ਨਾਲ ਜੁੜੇ ਸੰਗਰਾਮੀਆਂ ਅਤੇ ਗ਼ਦਰੀਆਂ ਨੂੰ ਵੀ ਇਸੇ ਜੇਲ੍ਹ ਵਿਚ ਡੱਕਿਆ ਗਿਆ ਸੀ। ਇਹ ਕੈਦੀ ਸਵੇਰੇ ਅੰਮ੍ਰਿਤ ਵੇਲੇ ਗੁਰਬਾਣੀ ਦਾ ਪਾਠ ਕਰਦੇ ਸਨ। ਇਸ ਜੇਲ੍ਹ ਵਿਚ ਹੀ ਕਰਤਾਰ ਸਿੰਘ ਝੱਬਰ ਦੇ ਹੱਥ ਲਾਲਾ ਹਰਦਿਆਲ ਦਾ ਉਹ ਪਰਚਾ ਲੱਗਿਆ ਸੀ ਜਿਸ ਵਿਚ ਉਸ ਨੇ ਹਿੰਦੀ ਨੂੰ ਪੂਰੇ ਭਾਰਤ ਦੀ ਭਾਸ਼ਾ ਦੱਸਦਿਆਂ ਕਿਹਾ ਸੀ ਕਿ ਪੰਜਾਬੀ ਸੰਪੂਰਨ ਭਾਸ਼ਾ ਨਹੀਂ ਹੈ। ਇਸੇ ਪਰਚੇ ਵਿਚ ਹੀ ਗੁਰੂ ਤੇਗ ਬਹਾਦਰ ਜੀ ਬਾਰੇ ਕਈ ਵਿਵਾਦਤ ਟਿੱਪਣੀਆਂ ਸਨ।

ਪੰਜਾਬ ਵਿਚ ਕੋਈ ਅਜਿਹਾ ਖੋਜ ਕਾਰਜ ਸਾਹਮਣੇ ਨਹੀਂ ਆਇਆ ਜਿਸ ਤੋਂ ਇਥੇ ਕੈਦ ਕੀਤੇ ਗਏ ਪੰਜਾਬੀ ਯੋਧਿਆਂ ਦੀ ਮੁਕੰਮਲ ਸੂਚੀ ਮਿਲ ਸਕੇ। ਕਰਤਾਰਪੁਰ ਵਿਖੇ ਜੰਗ-ਏ-ਆਜ਼ਾਦੀ ਯਾਦਗਾਰ ਦੇ ਉਦਘਾਟਨ ਸਮੇਂ ਇਸ ਦਿਸ਼ਾ ਵਿਚ ਭਰਵਾਂ ਕੰਮ ਕਰਨ ਦਾ ਵਾਅਦਾ ਕੀਤਾ ਗਿਆ ਸੀ, ਪਰ ਉਸ ਦਾ ਅਸਰ ਅਜੇ ਸਾਹਮਣੇ ਆਉਣਾ ਬਾਕੀ ਹੈ। ਜਿੰਨੀਆਂ ਵੀ ਸੂਚੀਆਂ ਮਿਲਦੀਆਂ ਹਨ, ਉਹ ਸਾਰੀਆਂ ਹੀ ਅਧੂਰੀਆਂ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਬੱਬਰ ਅਕਾਲੀ ਲਹਿਰ ਦੇ ਕਾਰਕੁਨਾਂ ਨੂੰ ਵੀ ਉਮਰ ਕੈਦ ਦੀ ਸਜ਼ਾ ਦੇ ਕੇ ਇਸ ਜੇਲ੍ਹ ਵਿਚ ਬੰਦ ਕੀਤਾ ਗਿਆ ਸੀ, ਪਰ ਇਸ ਸਬੰਧ ਵਿਚ ਬਹੁਤਾ ਕੁਝ ਨਹੀਂ ਮਿਲਦਾ। ਇਹ ਖਾੜਕੂ ਜਥੇਬੰਦੀ 1921 ਵਿਚ ਆਜ਼ਾਦੀ ਲਈ ਹਥਿਆਰਬੰਦ ਘੋਲ ਲੜਨ ਦੇ ਮਕਸਦ ਨਾਲ ਬਣਾਈ ਗਈ ਸੀ।

1982 ਵਿਚ ਧਰਮਯੁੱਧ ਮੋਰਚਾ ਵਿੱਢਣ ਤੋਂ ਬਾਅਦ ਸਾਰੇ ਪਾਰਲੀਮੈਂਟ ਮੈਂਬਰਾਂ ਨੂੰ ਲਿਖੀ ਗਈ ਆਪਣੀ ਚਿੱਠੀ ਵਿਚ ਮੋਰਚਾ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਲਿਖਿਆ ਸੀ, "ਅਜਿਹੀਆਂ ਘੱਟ ਗਿਣਤੀਆਂ ਵਿਚ ਸਿੱਖ ਮੁੱਖ ਹਨ। ਆਪਣੀ ਨਿਗੂਣੀ ਗਿਣਤੀ ਦੇ ਬਾਵਜੂਦ ਇਨ੍ਹਾਂ ਨੇ ਮੁਲਕ ਦੇ ਸਮਾਜੀ-ਰੂਹਾਨੀਅਤ ਖੇਤਰ ਅਤੇ ਰਾਜਸੀ ਪੁਨਰ ਨਿਰਮਾਣ ਵਿਚ ਬਹੁਤ ਵੱਡਾ ਹਿੱਸਾ ਪਾਇਆ ਹੈ। ਅੰਗਰੇਜ਼ਾਂ ਖਿਲਾਫ ਲੜੀ ਗਈ ਆਜ਼ਾਦੀ ਦੀ ਜੰਗ ਵਿਚ ਸਿੱਖਾਂ ਦਾ ਸਭ ਤੋਂ ਵੱਧ ਯੋਗਦਾਨ ਹੈ। ਇਸ ਸੰਗਰਾਮ ਵਿਚ ਫਾਂਸੀ ਲਾਏ ਗਏ 121 ਭਾਰਤੀਆਂ ਵਿਚੋਂ 93 ਸਿੱਖ ਸਨ। ਇਸੇ ਤਰ੍ਹਾਂ ਹੀ ਉਮਰ ਕੈਦ ਭੁਗਤ ਰਹੇ 2646 ਜਣਿਆਂ ਵਿਚੋਂ 2147 ਸਿੱਖ ਸਨ।" ਸ਼੍ਰੋਮਣੀ ਅਕਾਲੀ ਦਲ ਨੇ 1999 ਦੀ ਲੋਕ ਸਭਾ ਚੋਣ ਸਮੇਂ ਜਾਰੀ ਕੀਤੇ ਆਪਣੇ ਮੈਨੀਫੈਸਟੋ ਵਿਚ ਕਿਹਾ ਸੀ, "ਅਕਾਲੀ ਦਲ ਦੇ ਬਹਾਦਰ ਯੋਧਿਆਂ ਨੇ ਅੰਦਰੂਨੀ ਤੇ ਬਾਹਰੀ ਹਮਲਿਆਂ ਸਮੇਂ ਮੁਲਕ ਦੀ ਰਾਖੀ ਕਰਦਿਆਂ ਕੁਰਬਾਨੀਆਂ ਦਾ ਸ਼ਾਨਦਾਰ ਇਤਿਹਾਸ ਰਚਿਆ ਹੈ। ਇਨ੍ਹਾਂ ਨੇ ਹੱਸ ਹੱਸ ਕੇ ਕਾਲੇ ਪਾਣੀਆਂ ਦੀ ਸਜ਼ਾ ਭੁਗਤੀ ਅਤੇ ਫਾਂਸੀਆਂ ਦੇ ਰੱਸੇ ਵੀ ਚੁੰਮੇ।"

ਇਨ੍ਹਾਂ ਇਤਿਹਾਸਕ ਤੱਥਾਂ ਦੇ ਬਾਵਜੂਦ ਅੰਡੇਮਾਨ ਤੇ ਇਥੋਂ ਦੀ ਸੈਲੂਲਰ ਜੇਲ੍ਹ ਦੇ ਅਜਾਇਬ ਘਰ ਵਿਚ ਸਾਰਾ ਜ਼ੋਰ ਵੀ.ਡੀ. ਸਾਵਰਕਰ ਨੂੰ ਕੌਮੀ ਨਾਇਕ ਵਜੋਂ ਉਭਾਰਨ ਉਤੇ ਹੀ ਦਿੱਤਾ ਗਿਆ ਹੈ। ਸਾਵਰਕਰ ਇਸ ਸਮੇਂ ਮੁਲਕ ਵਿਚ ਵਧ-ਫੁੱਲ ਰਹੀ ਹਿੰਦੂਤਵੀ ਵਿਚਾਰਧਾਰਾ ਦਾ ਅਸਲ ਜਨਮ ਦਾਤਾ ਸੀ। ਪ੍ਰਾਪਤ ਰਿਕਾਰਡ ਅਨੁਸਾਰ ਉਸ ਨੇ ਅੰਗਰੇਜ਼ ਸਰਕਾਰ ਨੂੰ ਪਹਿਲੀ ਚਿੱਠੀ 30 ਅਗਸਤ 1911 ਨੂੰ ਲਿਖੀ ਜਿਹੜੀ ਅੰਗਰੇਜ਼ ਸਰਕਾਰ ਨੇ 3 ਸਤੰਬਰ 1911 ਨੂੰ ਰੱਦ ਕਰ ਦਿੱਤੀ।

ਰਿਕਾਰਡ ਅਨੁਸਾਰ ਸਾਵਰਕਰ ਵੱਲੋਂ ਮੁਆਫ਼ੀ ਦੀ ਦੂਜੀ ਅਰਜ਼ੀ 14 ਨਵੰਬਰ 1913 ਲਿਖੀ ਗਈ ਸੀ। ਇਸ ਵਿਚ ਉਸ ਨੇ ਲਿਖਿਆ ਸੀ, "ਭਾਰਤੀ ਰਾਜਨੀਤੀ ਦੀ ਅਜੋਕੀ ਘਟਨਾ ਅਤੇ ਭਾਰਤ ਸਰਕਾਰ ਦੀ ਸ਼ਾਂਤੀ ਨੀਤੀ ਨੇ ਇਕ ਵਾਰੀ ਫਿਰ ਸੰਵਿਧਾਨਕ ਰਾਹ ਖੋਲ੍ਹ ਦਿੱਤੇ ਹਨ। ਆਪਣੇ ਦਿਲੋਂ ਭਾਰਤ ਅਤੇ ਮਾਨਵਤਾ ਦਾ ਭਲਾ ਸੋਚਣ ਵਾਲਾ ਕੋਈ ਵੀ ਬੰਦਾ ਅੱਖਾਂ ਮੀਚ ਕੇ ਉਨ੍ਹਾਂ ਕੰਡਿਆਲੇ ਰਾਹਾਂ ਉਤੇ ਨਹੀਂ ਤੁਰੇਗਾ ਜਿਨ੍ਹਾਂ ਉਤੇ ਸ਼ਾਂਤੀ ਅਤੇ ਵਿਕਾਸ ਦਾ ਰਾਹ ਛੱਡ ਕੇ ਤੁਰਨ ਲਈ 1906-07 ਦੇ ਸਮੇਂ ਦੌਰਾਨ ਦੀ ਉਲਾਰ ਅਤੇ ਨਿਰਾਸ਼ਾ ਵਾਲੀ ਹਾਲਤ ਨੇ ਸਾਨੂੰ ਭੜਕਾ ਦਿੱਤਾ ਸੀ।" ਸਾਵਰਕਰ ਵੱਲੋਂ ਤਰਸ ਲਈ ਚੌਥੀ ਪਟੀਸ਼ਨ 30 ਮਾਰਚ 1920 ਨੂੰ ਲਿਖੀ ਗਈ। ਇਸ ਵਿਚ ਉਸ ਨੇ ਕਿਹਾ, "ਸਾਡੇ ਮੁਲਕ ਲਈ ਇਸ ਵੇਲੇ ਸਭ ਤੋਂ ਵੱਡਾ ਖ਼ਤਰਾ ਉਤਰ ਵੱਲੋਂ ਏਸ਼ੀਆ ਦੇ ਅਤਿਵਾਦੀ ਟੋਲਿਆਂ ਤੋਂ ਹੈ ਜਿਹੜੇ ਕਿਸੇ ਵੇਲੇ ਭਾਰਤ ਲਈ ਮੁਸੀਬਤ ਬਣੇ ਰਹੇ, ਜਦੋਂ ਉਹ ਦੁਸ਼ਮਣ ਬਣ ਕੇ ਆਉਂਦੇ ਸਨ। ਇਹ ਭਵਿੱਖ ਵਿਚ ਵੀ ਸਾਡੇ ਦੁਸ਼ਮਣ ਹੀ ਰਹਿਣਗੇ ਭਾਵੇਂ ਹੁਣ ਉਹ ਮਿੱਤਰ ਬਣ ਕੇ ਆਉਣਾ ਚਾਹੁੰਦੇ ਹਨ। ਅਜਿਹੀ ਹਾਲਤ ਵਿਚ ਮੈਂ ਧੁਰ ਅੰਦਰੋਂ ਮਹਿਸੂਸ ਕਰਦਾ ਹਾਂ ਕਿ ਭਾਰਤ ਨੂੰ ਪਿਆਰ ਕਰਨ ਵਾਲੇ ਹਰ ਸਿਆਣੇ ਬੰਦੇ ਨੂੰ ਮੁਲਕ ਦੇ ਹਿੱਤਾਂ ਲਈ ਅੰਗਰੇਜ਼ ਹਕੂਮਤ ਦਾ ਵਫ਼ਾਦਾਰ ਰਹਿਣਾ ਚਾਹੀਦਾ ਹੈ। ਪੰਜਾਬ ਦੀਆਂ ਸਰਕਾਰਾਂ ਨੇ ਪੰਜਾਬੀਆਂ ਦੇ ਅਮੀਰ ਇਤਿਹਾਸਕ ਵਿਰਸੇ ਦੇ ਚਿੰਨ੍ਹ- ਸੈਲੂਲਰ ਜੇਲ੍ਹ ਨੂੰ ਹੁਣ ਤਕ ਪੂਰੀ ਤਰ੍ਹਾਂ ਵਿਸਾਰੀ ਰੱਖਿਆ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਇਥੇ ਇਤਿਹਾਸ ਨੂੰ ਖ਼ਾਸ ਰੰਗ ਦੀ ਪੁੱਠ ਦੇ ਕੇ ਵਿਖਾਉਣ ਦੇ ਮਾਮਲੇ ਵਿਚ ਤੁਰੰਤ ਦਖ਼ਲ ਦੇਵੇ। ਇਸ ਕਾਰਜ ਲਈ ਪੰਜਾਬ ਸਰਕਾਰ, ਮਮਤਾ ਬੈਨਰਜੀ ਦੀ ਬੰਗਾਲ ਸਰਕਾਰ ਦਾ ਸਹਿਯੋਗ ਵੀ ਲੈ ਸਕਦੀ ਹੈ। ਮੇਰਾ ਸੁਝਾਅ ਹੈ ਕਿ ਇਸ ਕੰਮ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਜਾਂ ਤਾਂ ਖ਼ੁਦ ਅੰਡੇਮਾਨ ਜਾਣਾ ਚਾਹੀਦਾ ਹੈ ਜਾਂ ਫਿਰ ਇਤਿਹਾਸ ਦੀ ਸੋਝੀ ਰੱਖਣ ਵਾਲੇ ਮਨਪ੍ਰੀਤ ਸਿੰਘ ਬਾਦਲ ਵਰਗੇ ਆਪਣੇ ਕਿਸੇ ਮੰਤਰੀ ਨੂੰ ਭੇਜਣਾ ਚਾਹੀਦਾ ਹੈ।



***ਇਤਿਹਾਸਕ ਤੱਥਾਂ ਦੇ ਬਾਵਜੂਦ ਸੈਲੂਲਰ ਜੇਲ੍ਹ ਦੇ ਅਜਾਇਬ ਘਰ ਵਿਚ ਸਾਰਾ ਜ਼ੋਰ ਵੀ.ਡੀ. ਸਾਵਰਕਰ ਨੂੰ ਕੌਮੀ ਨਾਇਕ ਵਜੋਂ ਉਭਾਰਨ ਉਤੇ ਦਿੱਤਾ ਗਿਆ ਹੈ। ਸਾਵਰਕਰ ਇਸ ਸਮੇਂ ਮੁਲਕ ਵਿਚ ਵਧ-ਫੁੱਲ ਰਹੀ ਹਿੰਦੂਤਵੀ ਵਿਚਾਰਧਾਰਾ ਦਾ ਅਸਲ ਜਨਮ ਦਾਤਾ ਸੀ। ਰਿਕਾਰਡ ਅਨੁਸਾਰ ਉਸ ਨੇ ਅੰਗਰੇਜ਼ ਸਰਕਾਰ ਨੂੰ ਪਹਿਲੀ ਚਿੱਠੀ 30 ਅਗਸਤ 1911 ਨੂੰ ਲਿਖੀ ਜਿਹੜੀ ਅੰਗਰੇਜ਼ ਸਰਕਾਰ ਨੇ 3 ਸਤੰਬਰ 1911 ਨੂੰ ਰੱਦ ਕਰ ਦਿੱਤੀ। ਰਿਕਾਰਡ ਅਨੁਸਾਰ ਸਾਵਰਕਰ ਵੱਲੋਂ ਮੁਆਫ਼ੀ ਦੀ ਦੂਜੀ ਅਰਜ਼ੀ 14 ਨਵੰਬਰ 1913 ਲਿਖੀ ਗਈ ਸੀ।***



***ਸੈਲੂਲਰ ਜੇਲ੍ਹ ਅੰਦਰ ਤਸੀਹੇ ਦਿੱਤੇ ਜਾਣ ਬਾਰੇ ਬਣਾਇਆ ਬੁੱਤ।***

## ਦੇਸ਼ ਭਗਤ ਕਮੇਟੀ ਵੱਲੋਂ ਇਤਿਹਾਸ ਸੰਭਾਲਣ ਦਾ ਸੱਦਾ

ਦੇਸ਼ ਭਗਤ ਯਾਦਗਾਰ ਕਮੇਟੀ ਨੇ ਕੌਮੀ ਵਿਰਾਸਤ ਨੂੰ ਆਪਣੀ ਬੁੱਕਲ 'ਚ ਸਮੋਈ ਬੈਠੀ ਸੈਲੂਲਰ ਜੇਲ੍ਹ ਅੰਡੇਮਾਨ-ਨਿਕੋਬਾਰ ਨੂੰ ਅਜਾਇਬ ਘਰ ਦਾ ਰੁਤਬਾ ਦੇਣ ਅਤੇ ਲਾਈਟ ਐਂਡ ਸਾਊਂਡ ਸਮਾਗਮ ਚਲਾਉਣ ਸਮੇਂ ਆਜ਼ਾਦੀ ਸੰਗਰਾਮ ਦੇ ਹਕੀਕੀ ਨਾਇਕਾਂ ਨੂੰ ਜਾਣ-ਬੁਝ ਕੇ ਦਰਕਿਨਾਰ ਕਰਨ ਅਤੇ ਬਰਤਾਨਵੀ ਸਾਮਰਾਜ ਕੋਲੋਂ ਮੁਆਫ਼ੀਆਂ ਮੰਗਣ ਵਾਲਿਆਂ ਨੂੰ ਆਜ਼ਾਦੀ ਜੱਦੋਜਹਿਦ ਦੇ ਨਾਇਕ ਬਣਾ ਕੇ ਪੇਸ਼ ਕਰਨ ਦੀ ਤਿੱਖੀ ਆਲੋਚਨਾ ਕੀਤੀ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਹੈ ਕਿ ਗ਼ਦਰ ਲਹਿਰ, ਬੱਬਰ ਅਕਾਲੀ ਲਹਿਰ ਅਤੇ ਗ਼ਦਰ ਲਹਿਰ ਦੇ ਮਹੱਤਵਪੂਰਨ ਅਧਿਆਇ ਕਾਮਾਗਾਟਾ ਮਾਰੂ ਕਾਂਡ ਦੇ ਸੈਂਕੜੇ ਇਨਕਲਾਬੀ



ਦੇਸ਼ ਭਗਤਾਂ ਨੂੰ ਉਮਰ ਭਰ ਸੈਲੂਲਰ ਜੇਲ੍ਹ ਵਿੱਚ ਸੜਨ-ਮਰਨ ਲਈ ਮਜਬੂਰ ਕੀਤਾ ਗਿਆ। ਤਸੀਹੇ ਦਿੱਤੇ ਗਏ। ਇਸ ਜੇਲ੍ਹ ਅੰਦਰ ਸਖ਼ਤ ਮੁਸ਼ੱਕਤ, ਕੁੱਟ-ਮਾਰ, ਮਾੜੀ ਖੁਰਾਕ ਅਤੇ ਮਰਨ ਉਪਰੰਤ ਸਮੁੰਦਰ ਵਿਚ ਰੋੜ੍ਹ ਦੇਣ ਦੀਆਂ ਘਟਨਾਵਾਂ ਲੂੰ ਕੰਡੇ ਖੜ੍ਹੇ ਕਰਦੀਆਂ ਹਨ। ਇਸ ਦਾ ਪ੍ਰਮਾਣਿਕ ਇਤਿਹਾਸ ਜੱਗ ਜ਼ਾਹਰ ਹੈ। ਇਸ ਇਤਿਹਾਸ ਅਤੇ ਲਾ-ਮਿਸਾਲ ਸਭਿਆਚਾਰ ਨੂੰ ਅਜਾਇਬ ਘਰ ਵਿਚੋਂ ਮਨਫ਼ੀ ਕਰਨ ਦੇ ਸੋਚੇ ਸਮਝੇ ਮਨਸੂਬੇ ਨਾਕਾਮ ਕਰਨ ਲਈ ਦੇਸ਼-ਵਿਦੇਸ਼ ਵਿਚੋਂ ਜ਼ਬਰਦਸਤ ਲੋਕ-ਆਵਾਜ਼ ਉਠਾਉਣ ਦੀ ਲੋੜ ਹੈ।

ਦੇਸ਼ ਭਗਤ ਕਮੇਟੀ ਨੇ ਇਹ ਦੋਸ਼ ਵੀ ਲਾਇਆ ਹੈ ਕਿ ਇਕ ਬੰਨੇ ਇਨਕਲਾਬੀਆਂ ਨੂੰ ਇਤਿਹਾਸ ਵਿਚੋਂ ਖਾਰਜ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਜਾ ਰਿਹਾ ਹੈ, ਦੂਜੇ ਬੰਨੇ ਜਿਨ੍ਹਾਂ ਨੇ ਦੇਸ਼ ਦੀ ਕੌਮੀ ਏਕਤਾ, ਧਰਮ ਨਿਰਪੱਖਤਾ, ਗ਼ਦਰ ਲਹਿਰ ਦੀ ਵਿਚਾਰਧਾਰਾ ਅਤੇ ਆਦਰਸ਼ਾਂ ਨਾਲੋਂ ਮੂਲੋਂ ਤੋੜ-ਵਿਛੋੜਾ ਕਰ ਕੇ ਹਿੰਦੂਤਵ ਦਾ ਏਜੰਡਾ ਸਾਹਮਣੇ ਲਿਆਂਦਾ, ਉਨ੍ਹਾਂ ਨੂੰ ਸੈਲੂਲਰ ਜੇਲ੍ਹ 'ਚ ਬਣੇ ਅਜਾਇਬ ਘਰ ਵਿਚ ਆਜ਼ਾਦੀ ਦੇ ਨਾਇਕ ਬਣਾ ਕੇ ਸ਼ਿੰਗਾਰਿਆ ਜਾ ਰਿਹਾ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਦੇਸ਼ ਭਗਤਾਂ ਦੇ ਸਮੂਹ ਵਾਰਸਾਂ ਨੂੰ ਥਾਓਂ ਥਾਈਂ, ਇਤਿਹਾਸਕ ਸੱਚ ਦੇ ਹੱਕ 'ਚ ਆਵਾਜ਼ ਲਾਮਬੰਦ ਕਰਨ ਦੀ ਅਪੀਲ ਕੀਤੀ ਹੈ।

## ਸ਼੍ਰੋਮਣੀ ਕਮੇਟੀ ਭੇਜੇਗੀ ਕਮੇਟੀ

ਅੰਡੇਮਾਨ ਦੀ ਸੈਲੂਲਰ ਜੇਲ੍ਹ ਦੇ ਇਤਿਹਾਸ ਵਿਚੋਂ ਸਿੱਖਾਂ ਦੀਆਂ ਕੁਰਬਾਨੀਆਂ ਮਨਫ਼ੀ ਕਰਨ 'ਤੇ ਸ਼੍ਰੋਮਣੀ ਕਮੇਟੀ ਨੇ ਸਖ਼ਤ ਇਤਰਾਜ਼ ਪ੍ਰਗਟਾਉਂਦਿਆਂ ਆਖਿਆ ਕਿ ਇਸ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਕਮੇਟੀ ਛੇਤੀ ਹੀ ਅੰਡੇਮਾਨ ਨਿਕੋਬਾਰ ਭੇਜੀ ਜਾਵੇਗੀ ਤਾਂ ਜੋ ਇਸ ਕਾਰਵਾਈ ਬਾਰੇ ਮੁਕੰਮਲ ਜਾਣਕਾਰੀ ਪ੍ਰਾਪਤ ਕੀਤੀ ਜਾ ਸਕੇ। ਫਿਰ ਕਮੇਟੀ ਦੀ ਰਿਪੋਰਟ ਦੇ ਆਧਾਰ 'ਤੇ ਸ਼੍ਰੋਮਣੀ ਕਮੇਟੀ ਅਗਲੀ ਕਾਰਵਾਈ ਕਰੇਗੀ।




ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਆਖਿਆ ਕਿ ਦੇਸ਼ ਦੀ ਆਜ਼ਾਦੀ ਲਈ ਲੜੇ ਸੰਘਰਸ਼ ਵਿਚ ਸਿੱਖਾਂ ਨੇ ਵਧ ਚੜ੍ਹ ਕੇ ਕੁਰਬਾਨੀਆਂ ਦਿੱਤੀਆਂ। ਅੰਡੇਮਾਨ ਦੀ ਸੈਲੂਲਰ ਜੇਲ੍ਹ ਜਿਸ ਨੂੰ ਹੁਣ ਅਜਾਇਬ ਘਰ ਦੇ ਰੂਪ ਵਿਚ ਤਬਦੀਲ ਕੀਤਾ ਗਿਆ ਹੈ, ਵਿਖੇ ਆਜ਼ਾਦੀ ਸੰਘਰਸ਼ ਸਬੰਧੀ ਰੋਸ਼ਨੀ ਅਤੇ ਆਵਾਜ਼ 'ਤੇ ਆਧਾਰਿਤ ਪ੍ਰੋਗਰਾਮ ਦਿਖਾਇਆ ਜਾ ਰਿਹਾ ਹੈ। ਇਸ ਪ੍ਰੋਗਰਾਮ ਵਿਚ ਪੰਜਾਬੀਆਂ ਦੀ ਭੂਮਿਕਾ ਨੂੰ ਮਨਫੀ ਕਰ ਦਿੱਤਾ ਗਿਆ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਦੇਸ਼ ਦੀ ਆਜ਼ਾਦੀ ਵਿਚ ਸਿੱਖਾਂ ਨੇ 80 ਫ਼ੀਸਦੀ ਤੋਂ ਜ਼ਿਆਦਾ ਕੁਰਬਾਨੀਆਂ ਦੇ ਕੇ ਇਤਿਹਾਸ ਸਿਰਜਿਆ ਹੈ ਅਤੇ ਸਿੱਖਾਂ ਦੀਆਂ ਇਨ੍ਹਾਂ ਵੱਡੀਆਂ ਕੁਰਬਾਨੀਆਂ ਨੂੰ ਇਤਿਹਾਸ ਵਿਚੋਂ ਮਨਫ਼ੀ ਕਰਨ ਦੀ ਕਾਰਵਾਈ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਲਿਖਤੁਮ

# ਇਕ ਸ਼ਾਮ ਧਰਮ ਪ੍ਰਚਾਰਕਾਂ ਦੇ ਨਾਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਵਿਦੇਸ਼ਾਂ ਵਿਚਲੇ ਗੁਰਦੁਆਰਿਆਂ ਵਿਚ ਜਿਵੇਂ ਗੁਰਪੁਰਬ ਜਾਂ ਹੋਰ ਇਤਿਹਾਸਕ ਦਿਹਾੜੇ ਦਿਨ ਦੇ ਦਿਨ ਮਨਾਉਣ ਦੀ ਬਜਾਏ ਨੇੜਲੇ ਐਤਵਾਰ ਨੂੰ ਹੀ ਮਨਾਏ ਜਾਂਦੇ ਹਨ, ਇਵੇਂ ਵਿਦੇਸ਼ੀ ਵਸਦੇ ਬਹੁਤੇ ਸ਼ਰਧਾਲੂ ਭਾਵੇਂ ਐਤਵਾਰ ਨੂੰ ਹੀ ਗੁਰਦੁਆਰੇ ਹਾਜ਼ਰੀਆਂ ਭਰਦੇ ਹਨ, ਪਰ ਕਈ ਅਜਿਹੇ ਵੀ ਹਨ ਜਿਨ੍ਹਾਂ ਨੂੰ ਇਹ ਦਿਨ ਸੂਤ ਨਹੀਂ ਬਹਿੰਦਾ। ਆਪਣੇ ਪਰਿਵਾਰਕ ਜੀਆਂ ਦੇ ਕੰਮਾਂ-ਕਾਰਾਂ ਜਾਂ ਹੋਰ ਰੁਝੇਵਿਆਂ ਸਦਕਾ, ਉਹ ਹਫਤੇ ਦਾ ਕੋਈ ਹੋਰ ਦਿਨ ਆਪਣੀ ਸਹੂਲਤ ਮੁਤਾਬਕ ਚੁਣ ਲੈਂਦੇ ਹਨ। ਕੰਮ-ਕਾਜੀ ਦਿਨਾਂ ਵਿਚ ਗੁਰਦੁਆਰਿਆਂ ਵਿਚ ਭਾਵੇਂ ਸੰਗਤ ਦੀ ਬਹੁਤੀ ਗਹਿਮਾ-ਗਹਿਮੀ ਨਹੀਂ ਹੁੰਦੀ, ਪਰ ਗੁਰਦੁਆਰੇ ਜਾਣ ਦੀ ਸ਼ਰਧਾ ਜਾਂ ਰਵਾਇਤ ਦੀ ਪਾਲਣਾ ਹੋ ਜਾਂਦੀ ਹੈ।

ਇੰਜ ਸਾਡੇ ਪਰਿਵਾਰ ਦਾ ਵੀ ਅੱਜ ਗੁਰਦੁਆਰੇ ਜਾਣ ਦਾ ਤੈਅਸ਼ੁਦਾ ਦਿਨ ਸੀ। ਸ਼ਾਮ ਨੂੰ ਚਾਰ ਕੁ ਵਜੇ ਚਾਹ ਪੀਂਦਿਆਂ ਬੇਟੇ ਨੇ ਸਭ ਨੂੰ ਸੂਚਿਤ ਕਰ ਦਿੱਤਾ ਕਿ ਜਲਦੀ ਤਿਆਰ ਹੋ ਜਾਇਓ, ਅੱਜ ਆਪਾਂ ਜ਼ਰਾ ਜਲਦੀ ਪਹੁੰਚੀਏ ਗੁਰਦੁਆਰਾ ਸਾਹਿਬ। ਆਮ ਰੁਟੀਨ ਨਾਲੋਂ ਜ਼ਰਾ ਜਲਦੀ ਜਾਣ ਦਾ ਕਾਰਨ ਪੁੱਛੇ ਬਗੈਰ ਮੈਂ ਫਟਾ-ਫਟ ਇਸ਼ਨਾਨ ਕਰਨ ਵਾਸ਼ਰੂਮ ਜਾ ਵੜਿਆ। ਸਾਰੇ ਘਰਾਂ ਵਿਚ ਇਹ ਸੀਨ ਆਮ ਹੀ ਦੇਖਿਆ ਜਾ ਸਕਦਾ ਹੈ ਕਿ ਘਰੋਂ ਬਾਹਰ ਜਾਣ ਵੇਲੇ ਬੀਬੀਆਂ ਆਪ ਭਾਵੇਂ ਘੀਸ ਘੀਸ ਕਰਦੀਆਂ ਅੰਦਰ ਬੈਠੀਆਂ ਮੀਨ ਮੇਖ ਕਰੀ ਜਾਣ, ਪਰ ਜੇ ਕੋਈ ਮਰਦ ਜੀਅ ਤੁਰਨ ਵੇਲੇ ਸ਼ੀਸ਼ੇ ਮੋਹਰੇ ਖੜ੍ਹ ਕੇ ਦਾੜ੍ਹੀ 'ਤੇ ਬੁਰਸ਼ ਵੀ ਮਾਰਨ ਲੱਗ ਜਾਏ, ਤਦ ਉਹਦੀ ਵਿਚਾਰੇ ਦੀ ਸ਼ਾਮਤ ਆ ਜਾਂਦੀ ਹੈ। ਬਸ ਫਿਰ ਲੇਟ ਹੋ ਜਾਣ ਦਾ ਸਾਰਾ ਗੁਨਾਹ ਉਸੇ ਦਾ ਹੀ ਬਣ ਜਾਂਦਾ ਹੈ।

ਗੱਡੀ ਗੁਰਦੁਆਰੇ ਵੱਲ ਜਾ ਰਹੀ ਸੀ। ਬੇਟੇ ਨੇ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ ਜਥੇ ਦੇ ਗਾਇਨ ਕੀਤੇ ਸ਼ਬਦਾਂ ਦੀ ਸੀ.ਡੀ. ਚਲਾਉਂਦਿਆਂ 'ਜ਼ਰਾ ਜਲਦੀ ਜਾਣ' ਦਾ ਕਾਰਨ ਦੱਸਿਆ ਕਿ ਅੱਜ ਗੁਰਦੁਆਰੇ ਇਹੀ ਭਾਈ ਸਾਹਿਬ ਆਏ ਹੋਏ ਨੇ; ਉਨ੍ਹਾਂ ਦਾ ਟਾਈਮ ਪਹਿਲਾਂ ਹੈ, ਪਿਛੋਂ ਦੂਜੇ ਜਥੇ ਨੇ ਕੀਰਤਨ ਕਰਨਾ ਹੈ। ਇਸ ਰਾਗੀ ਸਿੰਘ ਦਾ ਨਾਂ ਸੁਣਦਿਆਂ ਹੀ ਮੇਰੇ ਮਨ ਮਸਤਿਕ ਵਿਚ ਚੱਲ ਰਹੀ ਸੋਚ ਲੜੀ 'ਚ 'ਤੜੱਕ' ਜਿਹੀ ਹੋ ਗਈ।

ਆਪਣੇ ਸੁਭਾਅ ਮੁਤਾਬਕ ਪਹਿਲਾਂ ਤਾਂ ਮੈਂ ਉਸੇ ਵੇਲੇ 'ਲੈਕਚਰ' ਸ਼ੁਰੂ ਕਰਨ ਲੱਗਾ ਸੀ, ਪਰ ਸਮਾਂ, ਸਥਾਨ ਤੇ ਮਾਹੌਲ ਵਿਚਾਰ ਕੇ ਚੁੱਪ ਹੀ ਰਿਹਾ। ਆਪਣੇ ਸਮੇਂ ਦੀ ਪੰਜ ਸੌ ਤਰਤਾਲੀ ਨੰਬਰ ਮਾਡਲ ਵਾਲੀ ਟੇਪ ਰਿਕਾਰਡ ਯਾਦ ਆ ਗਈ ਜੋ ਅਸੀਂ ਬੜੀਆਂ ਰੀਝਾਂ ਨਾਲ ਬਾਹਰੋਂ ਮੰਗਵਾਈ ਸੀ ਤੇ ਉਨ੍ਹਾਂ ਦਿਨਾਂ ਵਿਚ ਮੈਂ ਟੇਪਾਂ ਵਾਲੀ ਦੁਕਾਨ 'ਤੇ ਪੁੱਛਦਾ ਹੁੰਦਾ ਸੀ ਕਿ ਭਾਈ ਸ੍ਰੀਨਗਰ ਵਾਲਿਆਂ ਦੀ ਕੋਈ ਨਵੀਂ ਟੇਪ ਆਈ ਐ? ਸਾਡੇ ਘਰ ਸਵੇਰੇ ਸ਼ਾਮ ਉਨ੍ਹਾਂ ਦੀਆਂ ਕੈਸਟਾਂ ਵੱਜਦੀਆਂ ਸਨ- ਸਭੁ ਦੇਸ ਪਰਾਇਆ..., ਮਤਲਬ, ਭਾਈ ਸਾਹਿਬ ਦੇ ਜਥੇ ਦੀ ਹਰ ਨਵੀਂ ਕੈਸਿਟ ਲਿਆਉਣੋਂ ਨਾ ਖੁੰਝਦੇ। ਕਈ ਵਾਰ ਅਸੀਂ ਸਟੇਜਾਂ 'ਤੇ ਵੀ ਇਕੱਠੇ ਹੁੰਦੇ ਰਹੇ, ਪਰ ਹੁਣ ਉਨ੍ਹਾਂ ਦਾ ਨਾਂ ਸੁਣ ਕੇ ਹੋਈ 'ਤੜੱਕ' ਨੂੰ ਮੈਂ ਵਿਚੇ ਵਿਚ ਪੀ ਗਿਆ।

ਸ਼ਰਧਾ ਭਾਵਨਾ ਨਾਲ ਅਸੀਂ ਮੱਥਾ ਟੇਕ ਕੇ ਸੰਗਤ ਵਿਚ ਬਹਿ ਗਏ। ਜਿਵੇਂ ਇਕ ਸਾਖੀ ਦੱਸਦੀ ਹੈ ਕਿ ਗੁਰੂ ਨਾਨਕ ਨੇ ਨਮਾਜ ਪੜ੍ਹਦੇ ਕਾਜ਼ੀ ਤੇ ਨਵਾਬ ਨੂੰ ਕਿਹਾ ਸੀ ਕਿ ਤੁਹਾਡਾ ਧਿਆਨ ਤਾਂ ਘਰੇ ਸੂਈ ਘੋੜੀ ਤੇ ਵਛੇਰੇ ਵਿਚ ਹੀ ਰਿਹਾ; ਇਵੇਂ ਮੈਂ ਭਾਵੇਂ ਭਾਈ ਸ੍ਰੀਨਗਰ ਵਾਲੇ ਦੀ ਆਵਾਜ਼ ਵਿਚ ਸ਼ਬਦ ਸੁਣ ਰਿਹਾ ਸਾਂ, ਪਰ ਮੇਰੇ ਧਿਆਨ ਵਿਚ 'ਤੜੱਕ' ਹੀ ਤਾਂਹ-ਠਾਂਹ ਹੋ ਰਹੀ ਸੀ। ਅੱਖਾਂ ਮੀਚ ਮੀਚ ਹੱਥ ਜੋੜ ਜੋੜ, ਗਾਇਨ ਦੀ ਲੈਅ ਨਾਲ ਸਿਰ ਹਿਲਾਉਣ ਦਾ ਬਹੁਤ ਯਤਨ ਕਰ ਰਿਹਾ ਸਾਂ, ਪਰ ਮੇਰੀ ਲਿਵ ਸ਼ਬਦ ਨਾਲ ਜੁੜਨ ਤੋਂ ਮੁੜ ਮੁੜ ਆਕੀ ਹੋਈ ਜਾ ਰਹੀ ਸੀ।

ਉਤੋਂ ਭਾਈ ਸਾਹਿਬ ਸ਼ਬਦ ਹੀ ਉਹ ਗਾਉਣ ਲੱਗ ਪਏ ਜਿਸ ਦਾ ਭਾਵ ਅਰਥ ਕੁਝ ਅਜਿਹਾ ਸੀ ਕਿ ਐ ਇਨਸਾਨ! ਆਪਣੇ ਸੁੱਖਾਂ ਦੇ ਲਾਲਚ ਅਧੀਨ ਤੂੰ ਦੁਨਿਆਵੀ ਤਾਕਤਾਂ ਅੱਗੇ ਕਾਹਨੂੰ ਝੁਕਦਾ ਫਿਰਦਾ ਹੈਂ! ਸੰਗਤ ਵਿਚ ਬੈਠਾ ਭਾਵੇਂ ਮੈਂ 'ਸ਼ਾਂਤ' ਦਿਖਾਈ ਦੇ ਰਿਹਾ ਹੋਵਾਂਗਾ, ਪਰ ਮੇਰੇ ਅੰਦਰਲੀ ਸੋਚ ਲੜੀ ਵਿਚ ਫਸੀ ਪਈ 'ਤੜੱਕ' ਉਕਤ ਸ਼ਬਦ ਸੁਣਦਿਆਂ ਹੋਰ ਉਬਾਲੇ ਮਾਰਨ ਲੱਗ ਪਈ।

ਇਹ ਸ਼ਬਦ ਭਾਈ ਸਾਹਿਬ ਨੇ ਹੁਣ ਪਹਿਲੀ ਵਾਰ ਤਾਂ ਪੜ੍ਹਿਆ ਨਹੀਂ ਹੋਣਾ... ਇਸ ਦੇ ਅਰਥਾਂ ਤੋਂ ਵੀ ਉਹ ਚੰਗੀ ਤਰ੍ਹਾਂ ਵਾਕਫ ਹੋਣਗੇ, ਪਰ ਕੁਝ ਸਾਲ ਪਹਿਲਾਂ ਇਸ ਰਾਗੀ ਜੀ ਨੇ ਉਸ ਬੀਬੀ ਨੂੰ 'ਮਹਾਨ ਧਰਮੀ' ਅਤੇ 'ਗੁਰਮਤਿ ਦੀ ਧਾਰਨੀ' ਕੀ ਸੋਚ ਕੇ ਬਿਆਨਿਆ ਹੋਵੇਗਾ ਜਿਸ ਦੇ ਨਾਮ ਨਾਲ ਰਿਸ਼ਵਤ ਦਾ ਧਨ ਸਾਂਭਣ ਦੇ ਕਿੱਸੇ ਪੰਜਾਬੀਆਂ ਵਿਚ ਦੰਦ ਕਥਾਵਾਂ ਬਣ ਗਏ ਸਨ? ਉਥੇ ਬੀਬੀ ਜੀ ਦੇ ਪਤੀ ਅਤੇ ਪੁੱਤ ਨੇ ਪੰਜਾਬ ਨੂੰ ਜੋਕਾਂ ਵਾਂਗ ਚੂਸਿਆ! ਪਰ ਪੰਥ ਵਿਚ ਚੰਗਾ ਨਾਮ ਬਣਾਉਣ ਵਾਲੇ ਅਤੇ ਨਿਰੰਕਾਰ ਦੀ ਸਿਫਤ ਸਲਾਹ ਕਰਨ ਵਾਲੇ ਇਸ ਪੰਥਕ ਰਾਗੀ ਨੇ ਬਿਨਸਨਹਾਰ 'ਅਕਾਰ' ਦੀ ਚਾਪਲੂਸੀ ਵਰਗੀ 'ਸੋਭਾ' ਕਿਉਂ ਕੀਤੀ ਹੋਵੇਗੀ?




ਖੈਰ! ਲੰਗਰ ਛਕਣ ਤੋਂ ਬਾਅਦ ਜਦ ਮੈਂ ਜੋੜਾ ਪਾ ਕੇ ਅਖਬਾਰਾਂ ਚੁੱਕਣ ਲੱਗਾ, ਤਾਂ 'ਨੀਤ ਨੂੰ ਮੁਰਾਦਾਂ ਲੱਗਣ' ਵਾਂਗ ਇਕ ਕੌਤਕ ਮੇਰੇ ਨਾਲ ਹੋਰ ਹੋ ਗਿਆ। ਪਤਾ ਨਹੀਂ ਸ਼ਰਧਾਲੂ-ਜਨ ਪ੍ਰਚਾਰ ਵਿਚ 'ਯੋਗਦਾਨ' ਪਾਉਣ ਦੀ ਮਨਸ਼ਾ ਨਾਲ ਜਾਂ ਆਪਣੇ ਘਰਾਂ ਦਾ ਫਾਲਤੂ ਸਮਾਨ ਬਾਹਰ ਕੱਢਣ ਹਿੱਤ ਇਹ 'ਨੇਕ' ਕਾਰਜ ਕਰਦੇ ਹੋਣਗੇ! ਉਹ ਗੁਰਦੁਆਰੇ ਅਖਬਾਰਾਂ ਵਾਲੇ ਟੇਬਲ ਕੋਲ ਪੁਰਾਣੀਆਂ ਕੈਸਟਾਂ ਤੇ ਸੀਡੀਆਂ ਦੀ ਢੇਰੀ ਲਾ ਜਾਂਦੇ ਹਨ। ਮੇਰੀ ਨਿਗ੍ਹਾ ਇਕ ਕੈਸਿਟ 'ਤੇ ਪਈ। ਜਦ ਮੈਂ ਚੁੱਕ ਕੇ ਦੇਖੀ ਤਾਂ ਮੈਂ ਨਿਹਾਲੋ-ਨਿਹਾਲ ਹੋ ਗਿਆ। ਇਸ ਕੈਸਿਟ ਦਾ ਨਾਂ ਸੀ 'ਸਿੱਖ ਅਤੇ ਅਸਿੱਖ।' ਪ੍ਰਵਚਨ ਕਰਤਾ ਸਨ ਬਾਬਾ ਧਨਵੰਤ ਸਿੰਘ ਗੁਰਦਾਸਪੁਰ ਵਾਲੇ। ਇਸ ਕੈਸਿਟ 'ਤੇ ਲਿਖੇ ਅਨੁਸਾਰ 'ਗੁਰਮਤਿ ਚੇਤਨਾ ਲਹਿਰ' ਚਲਾਉਂਦੇ ਰਹੇ ਇਸ 'ਮਹਾਂਪੁਰਖ' ਦੀ 'ਬਾਪੂ' ਆਸਾ ਰਾਮ ਦੇ ਕਾਰਿਆਂ ਵਰਗੀ ਸੋਭਾ ਤੋਂ ਸ਼ਾਇਦ ਹੀ ਕੋਈ ਪੰਜਾਬੀ ਨਾ-ਵਾਕਫ ਹੋਵੇ।

ਮੈਨੂੰ ਲੱਗਿਆ ਕਿ ਸ੍ਰੀਨਗਰ ਵਾਲੇ ਭਾਈ ਸਾਹਿਬ ਤੋਂ ਕੀਰਤਨ ਸੁਣ ਕੇ ਮੇਰਾ ਬੇਟਾ ਵੀ ਬਹੁਤਾ ਪ੍ਰਸੰਨ ਨਾ ਹੋਇਆ। ਸ਼ਾਇਦ ਇਸੇ ਕਰ ਕੇ ਉਸ ਨੇ ਘਰੇ ਆ ਕੇ ਵੱਡੀ ਸਕਰੀਨ ਉਤੇ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਦਾ ਕੀਰਤਨ ਪ੍ਰੋਗਰਾਮ ਲਾ ਲਿਆ। ਯੂ-ਟਿਊਬ 'ਤੇ ਪਈ ਇਸ ਵੀਡੀਓ ਦਾ ਸਿਰਲੇਖ 'ਸਭ ਤੋਂ ਵੱਡੀ ਦੁਰਘਟਨਾ ਕੀ ਹੈ?' ਦੇਖ ਕੇ ਮੈਂ ਵੀ ਉਤਸੁਕਤਾ ਨਾਲ ਸੁਣਨ ਲੱਗ ਪਿਆ। ਉਦੋਂ ਮੇਰੇ ਕੰਨ ਖੜ੍ਹੇ ਹੋ ਗਏ ਜਦ ਮੈਂ ਦੇਖਿਆ ਕਿ ਇਹ ਭਾਈ ਜੀ, ਭਗਤ ਕਬੀਰ ਦੇ ਉਸ ਸ਼ਬਦ ਦੀ ਵਿਆਖਿਆ ਕਰ ਰਹੇ ਸਨ ਜਿਸ ਦੇ ਅਰਥਾਂ ਬਾਰੇ ਮੈਂ ਕਈ ਸਾਲਾਂ ਤੋਂ ਭਾਰੀ ਦੁਬਿਧਾ ਵਿਚ ਸਾਂ। ਰਾਗ ਗੋਂਡ ਵਿਚਲੇ ਇਸ ਸ਼ਬਦ ਦੇ ਹੁਣ ਤੱਕ ਇਹੀ ਅਰਥ ਸੁਣਦੇ ਆਏ ਹਾਂ ਕਿ ਮਨੁੱਖ ਮਰ ਜਾਵੇ ਤਾਂ ਮਨੁੱਖਾਂ ਦੇ ਕੰਮ ਵੀ ਨਹੀਂ ਆਉਂਦਾ, ਪਰ ਪਸ਼ੂ ਮਰ ਕੇ ਵੀ ਦਸ ਕਾਜ ਸਵਾਰਦਾ ਹੈ।

ਨਰੂ ਮਰੈ ਨਰੁ ਕਾਮਿ ਨ ਆਵੈ॥
ਪਸੂ ਮਰੈ ਦਸ ਕਾਜ ਸਵਾਰੈ॥

ਉਧਰ ਤਾਂ ਵਿਗਿਆਨ ਨੇ ਇੰਨੀ ਤਰੱਕੀ ਕਰ ਲਈ ਹੈ ਕਿ ਮ੍ਰਿਤਕ ਸਰੀਰ ਦੇ ਵੱਖ ਵੱਖ ਅੰਗ ਕੱਢ ਕੇ, ਲੋੜਵੰਦ ਜੀਵਤ ਸਰੀਰਾਂ ਵਿਚ ਜੜਨੇ ਸ਼ੁਰੂ ਹੋ ਗਏ, ਤੇ ਇੰਜ ਮਰਨ ਕਿਨਾਰੇ ਪਹੁੰਚੇ ਹੋਏ ਸਰੀਰਾਂ ਨੂੰ ਲਾਸ਼ਾਂ ਤੋਂ ਵੀ ਨਵਾਂ ਜੀਵਨ ਮਿਲਣ ਲੱਗ ਪਿਆ। ਇਧਰ ਸਾਡੇ ਕਈ ਸਾਧ ਬਾਬੇ ਅਤੇ ਗੀਤਕਾਰ ਉਪਰੋਕਤ ਸ਼ਬਦ ਨੂੰ ਆਧਾਰ ਬਣਾ ਕੇ ਬਹੁਤ ਕਰੁਣਾਮਈ ਆਵਾਜ਼ਾਂ ਕੱਢ ਕੱਢ ਕੇ ਇੰਜ ਗੀਤ ਜਾਂ ਧਾਰਨਾ ਗਾਉਂਦੇ ਸੁਣੀਏ ਹਨ,

ਤੇਰਾ ਚੰਮ ਵੀ ਕਿਸੇ ਨੀ ਕੰਮ ਆਉਣਾ
ਪਸ਼ੂਆਂ ਦੇ ਹੱਡ ਵਿਕਦੇ...।

ਗਾਹੇ-ਬ-ਗਾਹੇ ਮਿਲਦੇ ਰਹੇ ਗੁਣੀ-ਗਿਆਨੀਆਂ, ਪ੍ਰਚਾਰਕਾਂ ਪਾਸੋਂ ਮੌਕਾ ਮਿਲੇ ਤੋਂ ਉਕਤ ਸ਼ਬਦ ਦੇ ਅਰਥ ਪੁੱਛਦਾ ਰਿਹਾ ਹਾਂ, ਪਰ ਤਸੱਲੀਬਖਸ਼ ਅਰਥ ਕਿਸੇ ਕੋਲੋਂ ਵੀ ਸੁਣਨ ਨੂੰ ਨਹੀਂ ਮਿਲੇ। ਇਕ ਸੱਜਣ ਤਾਂ ਅਰਥ ਪੁੱਛਣ ਲੱਗਿਆਂ ਮੇਰੇ ਗਲ ਹੀ ਪੈ ਗਿਆ ਸੀ; ਅਖੇ, ਤੂੰ ਸਿੱਖ ਹੀ ਨਹੀਂ ਜੋ ਗੁਰਬਾਣੀ 'ਤੇ ਕਿੰਤੂ ਪ੍ਰੰਤੂ ਕਰਦਾ ਹੈਂ! ਇਕ ਹੋਰ ਦੋਸਤ ਜੋ ਖੁਦ ਆਮ ਲੋਕਾਂ ਨੂੰ ਪ੍ਰੇਰ ਕੇ ਉਨ੍ਹਾਂ ਪਾਸੋਂ ਅੰਗ ਦਾਨ ਲਈ ਪ੍ਰਣ ਪੱਤਰ ਭਰਵਾਉਣ ਦੀ ਨਿਸ਼ਕਾਮ ਸੇਵਾ ਕਰ ਰਿਹਾ ਹੈ, ਕਹਿਣ ਲੱਗਾ, "ਮੈਂ ਆਪ ਇਸ ਸਵਾਲ ਦਾ ਸਾਹਮਣਾ ਕਰਨ ਤੋਂ ਅਸਮਰੱਥ ਹਾਂ।" ਕਈ ਦਫਾ ਇਸ ਸ਼ਬਦ ਦੀਆਂ ਤੁਕਾਂ ਬੋਲ ਕੇ ਲੋਕ ਅਕਸਰ ਪੁੱਛਦੇ ਨੇ ਕਿ ਤੁਸੀਂ ਅੰਗ ਦਾਨ ਲਈ ਪ੍ਰਚਾਰ ਕਰਦੇ ਹੋ, ਪਰ ਗੁਰਬਾਣੀ ਤਾਂ ਇੰਜ ਕਹਿੰਦੀ ਹੈ...।

ਸੋ, ਮੈਂ ਆਪਣੀ ਚਿਰੋਕਣੀ ਜਿਗਿਆਸਾ ਦੀ ਚਰਚਾ ਸੁਣ ਕੇ ਅੱਖਾਂ ਤੇ ਕੰਨ ਖੋਲ੍ਹ ਕੇ ਬਹਿ ਗਿਆ। ਬਸ ਇਉਂ ਸਮਝੋ ਕਿ ਦਸਾਂ ਪੰਦਰਾਂ ਮਿੰਟਾਂ ਦੇ ਵਿਚ ਵਿਚ ਮੇਰੇ ਅਗਲੇ ਪਿਛਲੇ ਨਿਰੇ ਸ਼ੰਕੇ ਹੀ ਨਵਿਰਤ ਨਹੀਂ ਹੋਏ, ਸਗੋਂ ਸਹੀ ਅਰਥਾਂ ਵਿਚ ਇਨਸਾਨ ਬਣਨ ਦੀ ਪ੍ਰੇਰਨਾ ਵੀ ਮਿਲ ਗਈ। ਅਰਥਾਂ ਦੇ ਅਨਰਥ ਹੋਣ ਦੀ ਘੁੰਡੀ ਖੋਲ੍ਹਦਿਆਂ ਬੜੇ ਸਾਦ ਮੁਰਾਦੇ ਢੰਗ ਨਾਲ ਭਾਈ ਰਣਜੀਤ ਸਿੰਘ ਨੇ ਦੱਸਿਆ ਕਿ ਕਹਿਣ ਨੂੰ ਤਾਂ ਅਸੀਂ ਸਾਰੇ ਇਨਸਾਨ ਬਣੇ ਫਿਰਦੇ ਹਾਂ, ਪਰ ਅਸੀਂ ਆਪਣੇ ਕਰਮਾਂ (ਕੰਮਾਂ-ਕਰਤੂਤਾਂ) ਵੱਲ ਧਿਆਨ ਹੀ ਨਹੀਂ ਦਿੰਦੇ। ਕਿਸੇ ਨਾਲ ਛਲ ਕਪਟ ਕਰਨ ਵੇਲੇ ਸਾਡੇ ਅੰਦਰ ਲੂੰਬੜ, ਹਮਲਾਵਰ ਬਣ ਕੇ ਜਾਨ ਲੈਣ ਵੇਲੇ ਬਘਿਆੜ, ਅਕਾਰਨ ਜ਼ਿਦ ਜਾਂ ਖਹਿਬਾਜ਼ੀ ਕਰਨ ਵੇਲੇ ਝੋਟਾ ਜਾਂ ਢੱਠਾ ਅਤੇ ਚਲਾਕੀ ਕਰਨ ਵੇਲੇ ਲੂੰਬੜੀ ਉਠ ਖਲੋਂਦੇ ਹਨ। ਇਵੇਂ ਸਰੂਪ ਪੱਖੋਂ 'ਨਰ' ਬਣੇ ਫਿਰਦੇ ਮਨੁੱਖ ਵਿਚਲੇ ਪਸ਼ੂ ਜਦੋਂ ਮਰ ਜਾਂਦੇ ਹਨ, ਤਦ ਉਹ ਸਮਾਜ ਲਈ ਉਪਯੋਗੀ ਬਣਦਾ ਹੈ; ਲੇਕਿਨ ਜਿੰਨਾ ਚਿਰ ਉਸ ਵਿਚ ਮਾੜੀਆਂ ਬਿਰਤੀਆਂ (ਭਾਵ ਪਸ਼ੂ) ਰਹਿੰਦੀਆਂ ਨੇ ਤਾਂ ਉਸ ਵਿਚੋਂ ਇਨਸਾਨੀਅਤ ਮਰ ਜਾਂਦੀ ਹੈ। ਮਰੀ ਇਨਸਾਨੀਅਤ ਵਾਲਾ 'ਨਰ' ਤਾਂ ਦੂਸਰੇ ਨਰਾਂ ਦੇ ਕੰਮ ਵੀ ਨਹੀਂ ਆ ਸਕਦਾ।

ਬਹੁਤ ਪੁਰਾਣੀ ਅੜਾਉਣੀ ਹੱਲ ਹੋਣ 'ਤੇ ਹਲਕਾ ਫੁੱਲ ਮਹਿਸੂਸ ਹੁੰਦਿਆਂ ਮੈਂ ਸੋਚਿਆ ਕਿ ਧਰਮ ਪ੍ਰਚਾਰਕਾਂ ਦੇ ਨਾਮ ਬਤੀਤ ਹੋਈ ਸ਼ਾਮ ਦਾ ਕਾਫੀ ਲਾਹਾ ਮਿਲ ਗਿਆ!

# ਬਾਬਾ ਬੰਦਾ ਸਿੰਘ ਦੇ ਸਹਾਇਕ ਪੰਜ ਸ਼੍ਰੋਮਣੀ ਸਿੰਘ ਸਾਹਿਬਾਨ

ਡਾ. ਹਰਪਾਲ ਸਿੰਘ ਪੰਨੂ
ਫੋਨ: 91-94642-51454

1708 ਈਸਵੀ ਵਿਚ ਨਾਂਦੇੜ ਵਿਖੇ ਗੁਰੂ ਕਲਗੀਧਰ ਪਿਤਾ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਅਸੀਸ, ਪੰਜ ਤੀਰ, ਹੁਕਮਨਾਮਾ ਅਤੇ ਪੰਜ ਸਹਾਇਕ ਸੂਰਮੇ ਦੇ ਕੇ ਪੰਜਾਬ ਵਲ ਤੋਰਿਆ ਤਾਂ ਕਿ ਜ਼ੁਲਮ ਦੀ ਜੜ੍ਹ ਵੱਢੀ ਜਾ ਸਕੇ। ਇਨ੍ਹਾਂ ਪੰਜ ਯੋਧਿਆਂ ਦੇ ਨਾਮ ਵੱਖ ਵੱਖ ਸਨਾਤਨੀ ਗ੍ਰੰਥਾਂ ਵਿਚ ਵੱਖ ਵੱਖ ਲਿਖੇ ਹੋਏ ਮਿਲਦੇ ਹਨ। ਰਣਜੀਤ ਨਗਰ ਪਟਿਆਲਾ ਦੇ ਵਸਨੀਕ ਭਾਈ ਨਾਹਰ ਸਿੰਘ ਮੇਰੇ ਪਾਸ ਵੱਖ ਵੱਖ ਸ੍ਰੋਤ ਲੈ ਕੇ ਦਿਖਾਣ ਵਾਸਤੇ ਆਏ। ਅਸੀਂ ਫੈਸਲਾ ਕੀਤਾ ਕਿ ਇਹ ਨਾਮ ਪ੍ਰੈਸ ਰਾਹੀਂ ਇਤਿਹਾਸਕਾਰਾਂ ਦੇ ਵਾਚਣ ਵਾਸਤੇ ਭੇਜੇ ਜਾਣ ਤਾਂ ਕਿ ਨਿਤਾਰਾ ਕਰ ਸਕੀਏ ਕਿ ਸਹੀ ਨਾਮ ਕਿਹੜੇ ਕਿਹੜੇ ਹਨ। ਇਹ ਵੀ ਜਾਣਨਾ ਉਚਿਤ ਹੋਵੇਗਾ ਕਿ ਨਾਂਵਾਂ ਦੀ ਸੂਚੀ ਵਿਚ ਤਬਦੀਲੀ ਕਿਵੇਂ ਹੋ ਗਈ? ਸੁਝਵਾਨ ਪਾਠਕ ਸਾਰਥਕ ਹੁੰਗਾਰਾ ਦੇਣ! ਖਾਲਸਾ ਪੰਥ ਦੀ ਬੁਨਿਆਦ 1699 ਨੂੰ ਥਾਪੇ ਗਏ ਪੰਜ ਪਿਆਰੇ ਕਿਥੇ ਕਿਥੇ ਰਹੇ, ਸੰਸਾਰ ਵਿਚੋਂ ਕਿਵੇਂ ਕਿਵੇਂ ਰੁਖਸਤ ਹੋਏ, ਇਹ ਵੀ ਪਤਾ ਲਾ ਰਹੇ ਹਾਂ।

ੳ 1. ਭਾਈ ਬਿਨੋਦ ਸਿੰਘ
2. ਭਾਈ ਕਾਨ੍ਹ ਸਿੰਘ
3. ਭਾਈ ਬਾਜ ਸਿੰਘ
4. ਭਾਈ ਬਿਜੈ ਸਿੰਘ
5. ਭਾਈ ਰਾਮ ਸਿੰਘ

ਇਹ ਨਾਮ ਮਹਾਨ ਕੋਸ਼ ਦੇ ਪੰਨਾ 894 'ਤੇ ਬੰਦਾ ਬਹਾਦਰ ਦੇ ਕਾਲਮ ਹੇਠ ਅੰਕਿਤ ਹਨ। (ਛਾਪਕ, ਭਾਸ਼ਾ ਵਿਭਾਗ, ਪੰਜਾਬ, ਸੱਤਵੀਂ ਛਾਪ)

ਅ 1. ਭਾਈ ਬਿਨੋਦ ਸਿੰਘ
2. ਭਾਈ ਕਾਨ੍ਹ ਸਿੰਘ
3. ਭਾਈ ਬਾਜ ਸਿੰਘ
4. ਭਾਈ ਰਾਮ ਸਿੰਘ
5. ਭਾਈ ਬਿਜੈ ਸਿੰਘ

ਇਹ ਨਾਮ ਤਵਾਰੀਖ ਗੁਰੂ ਖਾਲਸਾ(ਪਹਿਲਾ ਭਾਗ), ਪੰਨਾ 1129, ਕ੍ਰਿਤ ਗਿਆਨੀ ਗਿਆਨ ਸਿੰਘ (ਛਾਪਕ, ਭਾਸ਼ਾ ਵਿਭਾਗ, 2011)

ੲ. 1. ਭਾਈ ਬਿਨੋਦ ਸਿੰਘ
2. ਭਾਈ ਕਾਨ੍ਹ ਸਿੰਘ
3. ਭਾਈ ਦਯਾ ਸਿੰਘ
4. ਭਾਈ ਔਨਿਨ ਸਿੰਘ
5. ਭਾਈ ਬਾਜ ਸਿੰਘ

ਇਹ ਨਾਮ ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ 128, ਕ੍ਰਿਤ ਭਾਈ ਰਤਨ ਸਿੰਘ ਭੰਗੂ, ਸੰਪਾਦਕ ਡਾ. ਜੀਤ ਸਿੰਘ 'ਸੀਤਲ' (ਪ੍ਰਕਾਸ਼ਕ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋ. ਗੁ. ਪ੍ਰੰ. ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ, 2005)

ਸ. 1. ਭਾਈ ਭਗਵੰਤ ਸਿੰਘ
2. ਭਾਈ ਕੋਇਰ ਸਿੰਘ
3. ਭਾਈ ਬਾਜ ਸਿੰਘ
4. ਭਾਈ ਬਿਨੋਦ ਸਿੰਘ
5. ਭਾਈ ਕਾਨ੍ਹ ਸਿੰਘ

ਇਹ ਨਾਮ ਗੁਰੂ ਕੀਆਂ ਸਾਖੀਆ, ਪੰਨਾ 199-200, ਕ੍ਰਿਤ ਭਾਈ ਸਰੂਪ ਸਿੰਘ ਕੌਸ਼ਿਕ, ਸੰਪਾਦਕ, ਪਿਆਰਾ ਸਿੰਘ 'ਪਦਮ' (ਪ੍ਰਕਾਸ਼ਕ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2008)

ਨੋਟ :

1. ਭਾਈ ਬਿਨੋਦ ਸਿੰਘ, ਭਾਈ ਬਾਜ ਸਿੰਘ ਅਤੇ ਭਾਈ ਕਾਨ੍ਹ ਸਿੰਘ ਦਾ ਨਾਮ ਚਾਰੇ ਸ੍ਰੋਤਾਂ ਵਿਚ ਹੈ।
2. ਭਾਈ ਬਿਜੈ ਸਿੰਘ (ੳ) ਅਤੇ (ਅ) ਦੋ ਸ੍ਰੋਤਾਂ ਵਿਚ ਹੈ।
3. ਕਿਤੇ ਲਿਖਾਰੀਆਂ ਨੇ ਭਾਈ ਬਾਜ ਸਿੰਘ ਨੂੰ ਹੀ ਭਾਈ ਬਿਜੈ ਸਿੰਘ ਤਾਂ ਨਹੀਂ ਲਿਖ ਦਿਤਾ? ਅਜਿਹਾ ਵੀ ਨਹੀਂ ਕਿਉਂਕਿ ਸ੍ਰੋਤ (ੳ) ਅਤੇ (ਅ) ਭਾਈ ਬਾਜ ਸਿੰਘ ਅਤੇ ਭਾਈ ਬਿਜੈ ਸਿੰਘ ਦੋਵਾਂ ਦੇ ਨਾਮ ਲਿਖਦੇ ਹਨ।
4. ਭਾਈ ਰਾਮ ਸਿੰਘ ਨਾਮ (ੳ) ਅਤੇ (ਅ) ਸ੍ਰੋਤ ਦੇ ਰਹੇ ਹਨ।
5. ਇਕ ਨਵਾਂ ਨਾਮ ਭਾਈ ਔਨਿਨ ਸਿੰਘ ਕੇਵਲ (ੲ) ਸ੍ਰੋਤ ਨੇ ਦਿੱਤਾ ਹੈ।
6. ਭਾਈ ਭਗਵੰਤ ਸਿੰਘ ਅਤੇ ਭਾਈ ਕੋਇਰ ਸਿੰਘ ਕੇਵਲ (ਸ) ਸ੍ਰੋਤ ਨੇ ਦਿੱਤੇ ਹਨ।
7. ਭਾਈ ਦਯਾ ਸਿੰਘ ਦਾ ਨਾਮ ਕੇਵਲ (ੲ) ਸ੍ਰੋਤ ਵਿਚ ਮਿਲਦਾ ਹੈ।
8. ਡਾ. ਗੰਡਾ ਸਿੰਘ ਨੇ ਭਾਈ ਰਾਮ ਸਿੰਘ ਦੀ ਥਾਂ ਭਾਈ ਰਣ ਸਿੰਘ ਲਿਖਿਆ ਹੈ।

## ਕਾਵਿ-ਜਗਤ

### ਪਗੜੀ

ਪਗੜੀ ਸੰਭਾਲ ਬੀਬਾ, ਪਗੜੀ ਸੰਭਾਲ ਓਏ,
ਨੰਗੇ ਹੁੰਦੇ ਵਾਲ ਤੇਰੇ, ਬਹੁਮੁੱਲੇ ਨੇ ਵਾਲ ਓਏ।

ਰੂਪ ਤੈਨੂੰ ਰੱਬ ਦਿੱਤਾ, ਸ਼ਹੀਦੀਆਂ ਸ਼ਿੰਗਾਰਿਆ,
ਲੱਖਾਂ ਵਿਚੋਂ ਉਚਾ ਦਿਸੇਂ, ਗੁਰੂ ਦੇ ਪਿਆਰਿਆ।
ਸਭਿਅਤਾ ਵਿਦੇਸ਼ੀ ਪਿੱਛੇ, ਮੰਦਾ ਕੀਤਾ ਹਾਲ ਓਏ,
ਪਗੜੀ ਸੰਭਾਲ ਬੀਬਾ, ਪਗੜੀ ਸੰਭਾਲ ਓਏ।
ਦਸਤਾਰ ਖਾਤਰ ਲੱਖਾਂ ਸਿੰਘਾਂ ਦਿੱਤੀਆਂ ਕੁਰਬਾਨੀਆਂ।
ਕੇਸਾਂ ਨੂੰ ਸਵਾਸਾਂ ਤੱਕ, ਨਿਭਾਈਆਂ ਜ਼ਿੰਦਗਾਨੀਆਂ।
ਕੌਮ ਦੀ ਚਾਦਰ ਪੱਗ ਹੈ ਤੇ ਮੋਹਰ ਤੇਰੇ ਵਾਲ ਓਏ,
ਪਗੜੀ ਸੰਭਾਲ ਬੀਬਾ, ਪਗੜੀ ਸੰਭਾਲ ਓਏ।

ਪੱਗ ਦਸਤਾਰ ਸੁਹਣੀ, ਸਿੱਖਾਂ ਦੀ ਇਹ ਸ਼ਾਨ ਹੈ।
ਤੇਰੀ ਪਗੜੀ ਦਾ ਲੋਹਾ ਸਾਰਾ ਮੰਨਦਾ ਜਹਾਨ ਹੈ।
ਦਾੜ੍ਹੀ-ਮੁੱਛਾਂ ਰੋਮ ਨਿਭਣ, ਜ਼ਿੰਦਗੀ ਦੇ ਨਾਲ ਓਏ।
ਪਗੜੀ ਸੰਭਾਲ ਬੀਬਾ, ਪਗੜੀ ਸੰਭਾਲ ਓਏ।

ਮੀਲ ਪੱਥਰ ਬਣ ਜਾ ਤੂੰ, ਸਿੱਖੀ ਦੀ ਪਨੀਰੀ ਦਾ।
ਪੀ ਅੰਮ੍ਰਿਤ ਖੰਡੇ ਵਾਲਾ, ਸੰਦੇਸ਼ ਮੀਰੀ ਪੀਰੀ ਦਾ।
ਵੈਲ ਦਾਰੂ ਨਸ਼ੇ ਮਾੜੇ ਸਾਰੇ, ਛੱਡ ਦੇ ਜੰਜਾਲ ਓਏ।
ਪਗੜੀ ਸੰਭਾਲ ਬੀਬਾ, ਪਗੜੀ ਸੰਭਾਲ ਓਏ।

ਕੌਮ ਦਾ ਤੂੰ ਵਾਰਿਸ, ਚੱਪੂ ਤੇਰੇ ਹੱਥ ਫੜੇ ਨੇ।
ਕਿਸ਼ਤੀ ਬਚਾ ਲੈ ਚੱਲ, ਤੂਫਾਨ ਅੱਗੇ ਬੜੇ ਨੇ।
ਆਲਸ ਨੂੰ ਛੱਡ, ਸੁੱਤੀ ਆਤਮਾ ਉਠਾਲ ਓਏ।
ਪਗੜੀ ਸੰਭਾਲ ਬੀਬਾ, ਪਗੜੀ ਸੰਭਾਲ ਓਏ।
ਹੱਕ ਸੱਚ ਇਨਸਾਫ ਦਾ, ਹੈਂ ਸੱਚਾ ਪਹਿਰੇਦਾਰ ਤੂੰ।
ਝੱਲਿਆ ਨਾ ਜਾਏ ਰੋਹਬ, ਜਦ ਬਣੇ ਸਰਦਾਰ ਤੂੰ।
ਸਾਬਤ ਸਰੂਪ ਗੱਭਰੂ, ਸਿੱਖੀ ਦੀ ਮਿਸਾਲ ਓਏ।
ਪਗੜੀ ਸੰਭਾਲ ਬੀਬਾ, ਪਗੜੀ ਸੰਭਾਲ ਓਏ।

*-ਚਰਨਜੀਤ ਸਿੰਘ ਪੰਨੂ, ਸੈਨ ਹੋਜ਼ੇ*

---

### ਸ਼ਬਦ ਵਿਚਾਰ

ਜਿਸ ਦੇ ਕੋਲ ਵਿਚਾਰ ਨਹੀਂ ਹੈ,
ਉਹ ਬੰਦਾ ਪਾਏਦਾਰ ਨਹੀਂ ਹੈ।
ਉਹ ਕਾਹਦਾ ਸੱਚ ਦਾ ਪ੍ਰਚਾਰਕ,
ਹੋਇਆ ਜੋ ਖੁਆਰ ਨਹੀਂ ਹੈ।
ਗਿਆਨ ਉਤੇ ਹੱਥ ਚੁੱਕਣ ਵਾਲਾ,
ਹੁੰਦਾ ਕੋਈ ਸਿਰਦਾਰ ਨਹੀਂ ਹੈ।

ਵਾਹ ਗੁਰੂ ਵਿਸਮਾਦੀ ਅੱਖਰ,
ਧੁਤਕੜਾ ਹਥਿਆਰ ਨਹੀਂ ਹੈ।
ਦੂਜੇ ਦੀ ਲਾਹ ਹੱਸਣ ਵਾਲੀ,
ਗੁਰ ਬਖਸ਼ੀ ਦਸਤਾਰ ਨਹੀਂ ਹੈ।
ਪੜ੍ਹੋ ਚਰਿੱਤਰ, ਕਰੋ ਚਲਿੱਤਰ,
ਉਸ ਵਰਗਾ ਬਦਕਾਰ ਨਹੀਂ ਹੈ।

ਧੁਤੇ, ਬਿੱਜੂ, ਬੁਝੜ ਵਰਗੀ,
ਸਮਝੋ ਤਾਂ ਫਿਟਕਾਰ ਨਹੀਂ ਹੈ।
ਧਰਮ ਗੁਣਾਂ ਦਾ ਧਾਰਨ ਹੁੰਦਾ,
ਵਰਗਾਂ ਦਾ ਪ੍ਰਚਾਰ ਨਹੀਂ ਹੈ।
ਸਿੱਖੀ ਜੀਵਨ-ਜਾਚ ਹੈ ਹੁੰਦੀ,
ਬਾਹਰੀ ਕੋਈ ਸ਼ਿੰਗਾਰ ਨਹੀਂ ਹੈ।
ਸ਼ਬਦ ਵਿਚਾਰਨ, ਧਾਰਨ ਤੋਂ ਬਿਨ,
ਗੁਰਮਤਿ ਦਾ ਸਤਿਕਾਰ ਨਹੀਂ ਹੈ।

*-ਗੁਰਮੀਤ ਸਿੰਘ ਬਰਸਾਲ*

# ਖਾਲਸਾ ਸਿਰਜਣਾ ਦਿਵਸ ਵਿਸਾਖੀ ਦੀ ਲੱਖ ਲੱਖ ਵਧਾਈ





ਸ. ਸ਼ਮਸ਼ੇਰ ਸਿੰਘ ਢਿੱਲੋਂ
ਪ੍ਰਧਾਨ



ਸ. ਪਰਵਿੰਦਰ ਸਿੰਘ ਢਿੱਲੋਂ
ਜਨਰਲ ਸਕੱਤਰ



ਸ. ਮੰਗਲ ਸਿੰਘ ਉਪਲ
ਚੇਅਰਮੈਨ



ਸ. ਪਰਮਿੰਦਰਜੀਤ ਸਿੰਘ ਪਰਮਾਰ
ਖਜਾਨਚੀ



ਸ. ਜਸਵੀਰ ਸਿੰਘ ਉਭੀ
ਪੀ.ਆਰ.ਓ.

ਸ. ਰਣਜੀਤ ਸਿੰਘ ਢਿੱਲੋਂ, ਸ. ਬਿੱਕਰ ਸਿੰਘ, ਸ. ਗੁਰਮੀਤ ਸਿੰਘ ਦਿਓਲ, ਸ. ਪਾਲ ਸਿੰਘ ਢਿੱਲੋਂ, ਸ. ਅਮਰਜੀਤ ਸਿੰਘ ਬੱਲ
ਸ. ਗੁਰਰਤਨ ਸਿੰਘ, ਸ. ਮੇਹਰਬਾਨ ਸਿੰਘ ਢਿੱਲੋਂ, ਸ. ਕੁਲਦੀਪ ਸਿੰਘ ਢਿੱਲੋਂ, ਸ. ਭੁਪਿੰਦਰ ਸਿੰਘ ਬਿਆਸ
ਸ. ਪਰਮਿੰਦਰ ਸਿੰਘ ਉਚਾ ਲਧਾਣਾ, ਸ. ਹਰਮੀਤਪਾਲ ਸਿੰਘ ਦਿਹਾਣਾ, ਸ. ਪ੍ਰਿਤਪਾਲ ਸਿੰਘ ਦਿਹਾਣਾ

ਵਲੋਂ: ਸ਼ਹੀਦ ਭਾਈ ਮਨੀ ਸਿੰਘ ਕਲਚਰਲ ਸੁਸਾਇਟੀ, ਨਿਊ ਯਾਰਕ



## ਪੰਜਾਬੀ ਵਿਰਸਾ ਸਪੋਰਟਸ ਕਲੱਬ, ਨਿਊ ਯਾਰਕ
## ਅਮਰੀਕਨ ਕਬੱਡੀ ਫੈਡਰੇਸ਼ਨ ਆਫ ਨਿਊ ਯਾਰਕ




# ਖਾਲਸਾ ਸਿਰਜਣਾ ਦਿਵਸ ਦੀ ਲੱਖ ਲੱਖ ਵਧਾਈ



ਬੇਗਾਨੀ ਧਰਤੀ 'ਤੇ ਗੋਰਿਆਂ ਅਤੇ ਕਾਲਿਆਂ ਵਿਚ ਮਾਂ ਖੇਡ ਕਬੱਡੀ ਦਾ ਜਾਗ ਲਾਉਣ ਅਤੇ ਵਿਸ਼ਵ ਕਬੱਡੀ ਕੱਪਾਂ ਵਿਚ ਗੋਰੀਆਂ ਲੜਕੀਆਂ ਦੀਆਂ ਟੀਮਾਂ ਲੈ ਕੇ ਆਉਣ ਦੇ ਯਤਨ ਨਿਰੰਤਰ ਜਾਰੀ ਰਖਾਂਗੇ



ਵਲੋਂ: ਸ. ਮਹਿੰਦਰ ਸਿੰਘ ਸਿੱਧੂ, ਫੋਨ: 516-503-9641

# ਪੰਜਾਬੀ ਸਾਹਿਤ ਸਭਾ ਦੀ ਮੀਟਿੰਗ ਵਿਚ ਚਲੰਤ ਮਾਮਲਿਆਂ 'ਤੇ ਚਰਚਾ

**ਨਿਊ ਯਾਰਕ (ਬਿਊਰੋ):** ਪੰਜਾਬੀ ਸਾਹਿਤ ਸਭਾ ਨਿਊ ਯਾਰਕ ਦੀ ਮਾਸਿਕ ਮੀਟਿੰਗ ਵਿਚ ਜਿੱਥੇ ਚਲੰਤ ਮਾਮਲਿਆਂ 'ਤੇ ਚਰਚਾ ਹੋਈ, ਉਥੇ ਸਾਹਿਤ ਦਾ ਦੌਰ ਵੀ ਚੱਲਿਆ।

ਮੀਟਿੰਗ ਦੀ ਸ਼ੁਰੂਆਤ ਡਾ. ਜੀਤ ਸਿੰਘ ਚੰਦਨ ਨੇ ਸ਼ਮ੍ਹਾਂ ਰੌਸ਼ਨ ਕਰ ਕੇ ਕੀਤੀ। ਸੰਦੀਪ ਨੂੰ ਬਿਆਨ ਕਰਦੀ ਸੀ।

ਡਾ. ਜੀਤ ਸਿੰਘ ਚੰਦਨ ਨੇ ਆਪਣੀਆਂ ਕੁਝ ਰੁਬਾਈਆਂ ਅਤੇ ਇਕ ਗਜ਼ਲ ਸੁਣਾ ਕੇ ਵਾਹ ਵਾਹ ਖੱਟੀ। ਜਸਬੀਰ ਕੈਂਥ ਨੇ ਆਪਣੀਆਂ ਦੋ ਗਜ਼ਲਾਂ ਸੁਣਾਈਆਂ। ਓਂਕਾਰ ਸਿੰਘ ਡੁਮੇਲੀ ਨੇ ਆਪਣੇ ਕੁਝ ਦੋਹਰੇ ਸੁਣਾਏ ਤੇ ਇਕ ਕਵਿਤਾ ਅਤੇ





ਸਿੰਘ ਨੇ ਆਪਣੀ ਕਹਾਣੀ 'ਫੁਲਕਾਰੀ' ਪੜ੍ਹੀ ਜਿਸ ਦੀ ਮੈਂਬਰਾਂ ਨੇ ਬਹੁਤ ਤਾਰੀਫ ਕੀਤੀ। ਇਹ ਕਹਾਣੀ ਇਕ ਪੰਜਾਬਣ ਦੇ ਇੰਗਲੈਂਡ ਵਿਚ ਵਸਦੇ ਪੰਜਾਬੀ ਨਾਲ ਵਿਆਹ ਪਿਛੋਂ ਉਸ ਦੇ ਅਰਮਾਨ ਕਿਵੇਂ ਚਕਨਾਚੂਰ ਹੁੰਦੇ ਹਨ, ਨੂੰ ਬਿਆਨ ਕਰਦੀ ਹੈ। ਤਰਲੋਚਨ ਸੱਚਰ ਨੇ ਪੰਜਾਬ ਤੋਂ ਅਮਰੀਕਾ ਆਏ ਬਜ਼ੁਰਗ ਜੋੜੇ ਦੇ ਦੁਖਾਂਤ ਨੂੰ ਬਿਆਨ ਕਰਦੀ ਕਹਾਣੀ ਪੜ੍ਹੀ ਜੋ ਆਪਣੇ ਪੁੱਤਰ-ਨੂੰਹ ਦੇ ਵਿਹਾਰ ਤੋਂ ਦੁਖੀ ਹਨ। ਬਲਬੀਰ ਡੁਮੇਲੀ ਨੇ ਆਪਣੀਆਂ ਦੋ ਕਵਿਤਾਵਾਂ ਪੜ੍ਹੀਆਂ ਜਿਨ੍ਹਾਂ 'ਚੋਂ ਪਹਿਲੀ ਬਜ਼ੁਰਗ ਔਰਤ ਦੇ ਬਚਪਨ ਤੇ ਜਵਾਨੀ ਦੇ ਦਿਨਾਂ ਨੂੰ ਯਾਦ ਬਾਰੇ ਸੀ ਅਤੇ ਦੂਸਰੀ ਬਦਲਦੇ ਪੰਜਾਬ ਦੇ ਦੁਖਾਂਤ ਜਸਵਿੰਦਰ ਡੁਮੇਲੀ ਨੇ ਆਪਣੀਆਂ ਦੋ ਕਵਿਤਾਵਾਂ ਪੜ੍ਹੀਆਂ। ਰਾਜਿੰਦਰ ਕੌਰ ਅਤੇ ਸੰਗੀਤ ਸ਼ਰਮਾ ਨੇ ਇਕ-ਇਕ ਗੀਤ ਸੁਣਾਇਆ। ਚੇਤਨ ਸੋਢੀ ਨੇ ਆਪਣੀਆਂ ਦੋ ਕਵਿਤਾਵਾਂ ਪੜ੍ਹੀਆਂ। ਰੀਤਾ ਕੋਹਲੀ ਨੇ ਪਹਿਲਾਂ ਸ਼ਿਵ ਕੁਮਾਰ ਦਾ ਗੀਤ 'ਭੱਠੀ ਵਾਲੀਏ ਚੰਬੇ ਦੀਏ ਡਾਲੀਏ' ਗਾਇਆ ਅਤੇ ਫਿਰ ਦੋ ਉਰਦੂ ਗਜ਼ਲਾਂ ਸੁਣਾਈਆਂ। ਮਨਮੋਹਨ ਪੂਨੀ ਨੇ 30 ਅਪਰੈਲ ਨੂੰ ਗਦਰੀ ਬਾਬਿਆਂ ਬਾਰੇ ਕਰਵਾਏ ਜਾ ਰਹੇ ਸਮਾਗਮ ਬਾਰੇ ਜਾਣਕਾਰੀ ਦਿੱਤੀ। ਇਸ ਮੀਟਿੰਗ ਵਿਚ ਅਜਾਇਬ ਸਿੰਘ, ਪ੍ਰੇਮ ਮਾਨ, ਸਰਬਜੀਤ ਮਾਨ, ਜਸਕੀਰਤ, ਰੋਹਨ ਸਿੰਘ, ਅਤੇ ਐਂਜਲਾ ਸਿੰਘ ਵੀ ਹਾਜ਼ਰ ਸਨ।

# ਬੜੇ ਲੰਮੇ ਹਨ ਰੇਤ ਮਾਫੀਆ ਦੇ ਹੱਥ...

**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਨੇ ਚੋਣਾਂ ਦੌਰਾਨ ਕਾਂਗਰਸ ਦੀ ਸਰਕਾਰ ਬਣਦਿਆਂ ਹੀ ਰੇਤ-ਬੱਜਰੀ ਦੀਆਂ ਕੀਮਤਾਂ ਕਾਬੂ ਹੇਠ ਲਿਆਉਣ ਦੇ ਦਾਅਵੇ ਕੀਤੇ ਸਨ, ਪਰ ਹੁਣ ਸਰਕਾਰ ਵੱਲੋਂ ਸਖਤੀ ਕਰਨ ਨਾਲ ਰੇਤ-ਬੱਜਰੀ ਦੀਆਂ ਕੀਮਤਾਂ ਨੇ ਹੋਰ ਛਲਾਂਗ ਮਾਰ ਦਿੱਤੀ ਹੈ। ਆਖਰ ਸਰਕਾਰ ਨੂੰ ਰੇਤ-ਬੱਜਰੀ ਦਾ ਮੁੱਦਾ



ਅਫਸਰਸ਼ਾਹੀ ਹੱਥ ਹੀ ਛੱਡਣਾ ਪਿਆ ਹੈ।

ਮੁੱਖ ਮੰਤਰੀ ਨੇ ਅਫ਼ਸਰਸ਼ਾਹੀ ਨੂੰ ਨਵੇਂ ਸਿਰਿਉਂ 30 ਦਿਨਾਂ ਵਿਚ ਪਾਰਦਰਸ਼ੀ ਮਾਈਨਿੰਗ ਨੀਤੀ ਬਣਾ ਕੇ ਖਰੜਾ ਸੌਂਪਣ ਦੇ ਹੁਕਮ ਦਿੱਤੇ ਹਨ, ਜਿਸ ਨਾਲ ਰੇਤ-ਬੱਜਰੀ ਦਾ ਮੁੱਦਾ ਵੀ ਹੁਣ ਅਫਸਰਸ਼ਾਹੀ ਅਤੇ ਸਰਕਾਰੀ ਫਾਈਲਾਂ ਦੀ ਸਰਕਾਰੀ ਪ੍ਰਕਿਰਿਆ ਵਿਚ ਉਲਝਣ ਦੇ ਆਸਾਰ ਬਣਦੇ ਜਾ ਰਹੇ ਹਨ। ਸਰਕਾਰ ਵੱਲੋਂ ਖਾਣਾਂ ਦੀ ਖੁਦਾਈ ਲਈ ਆਧੁਨਿਕ ਤਕਨੀਕਾਂ ਦੀ ਵਰਤੋਂ ਕਰ ਕੇ ਨਾਜਾਇਜ਼ ਖਣਨ ਰੋਕਣ ਦਾ ਵੀ ਟੈਸਟ ਕੀਤਾ ਜਾ ਰਿਹਾ ਹੈ। ਕਾਂਗਰਸ ਸਰਕਾਰ ਨੇ ਇਕ ਨਵਾਂ ਤਜਰਬਾ ਕਰਦਿਆਂ ਰੇਤਾ ਕੱਢਣ ਦੇ ਪਰਮਿਟ ਹੁਣ ਸਿੰਜਾਈ ਵਿਭਾਗ ਨੂੰ ਸੌਂਪਣ ਦਾ ਤਜਰਬਾ ਕਰਨ ਦਾ ਵੀ ਫੈਸਲਾ ਲਿਆ ਹੈ। ਇਸ ਕਾਰਨ ਹੁਣ ਸਿੰਜਾਈ ਵਿਭਾਗ ਦੇ ਮੰਤਰੀ ਰਾਣਾ ਗੁਰਜੀਤ ਸਿੰਘ ਮਾਰਕੀਟ ਵਿਚ ਵਾਜਬ ਕੀਮਤਾਂ ਉਪਰ ਰੇਤਾ-ਬੱਜਰੀ ਸਪਲਾਈ ਕਰਨ ਦੀ ਭੂਮਿਕਾ ਨਿਭਾਉਣਗੇ। ਇਸ ਵੇਲੇ ਸੂਬੇ ਵਿਚ ਪ੍ਰਮਾਨਿਤ ਕੁੱਲ 300 ਦੇ ਕਰੀਬ ਖੱਡਾਂ ਵਿਚੋਂ ਸਿਰਫ 81 ਖੱਡਾਂ 'ਚੋਂ ਹੀ ਮਾਲ ਨਿਕਲ ਰਿਹਾ ਹੈ। ਦਰਅਸਲ, ਪਿਛਲੀ ਬਾਦਲ ਸਰਕਾਰ ਵੇਲੇ 2 ਤੋਂ 75 ਹੈਕਟੇਅਰ ਦੇ ਰਕਬੇ ਵਾਲੀਆਂ ਸਿਰਫ 74 ਖੱਡਾਂ ਹੀ ਚੱਲਣ ਕਾਰਨ ਰੇਤ-ਬਜਰੀ ਦੀ ਕਿੱਲਤ ਪੈਦਾ ਹੋਈ ਸੀ। ਕੈਪਟਨ ਸਰਕਾਰ ਦੀ ਆਮਦ ਤੋਂ ਬਾਅਦ ਸੱਤ ਨਵੀਆਂ ਖੱਡਾਂ ਸ਼ੁਰੂ ਹੋ ਗਈਆਂ ਹਨ। ਇਸ ਤੋਂ ਇਲਾਵਾ 59 ਹੋਰ ਖਾਣਾਂ ਦੀ ਨਿਲਾਮੀ ਦੀ ਦਫਤਰੀ ਪ੍ਰਕਿਰਿਆ ਮੁਕੰਮਲ ਹੋ ਚੁੱਕੀ ਹੈ ਅਤੇ ਇਨ੍ਹਾਂ ਦੀ ਬੋਲੀ 18 ਅਪਰੈਲ ਨੂੰ ਹੋਵੇਗੀ। ਸਰਕਾਰ ਬੋਲੀ ਤੋਂ ਤੁਰਤ ਬਾਅਦ ਇਨ੍ਹਾਂ ਖਾਣਾਂ ਦੀ ਅਲਾਟਮੈਂਟ 20 ਅਪਰੈਲ ਤੱਕ ਕਰ ਕੇ 20 ਮਈ ਤੋਂ ਖੁਦਾਈ ਦਾ ਕੰਮ ਸ਼ੁਰੂ ਕਰਵਾਉਣ ਲਈ ਯਤਨਸ਼ੀਲ ਹੈ। ਇਸ ਤਹਿਤ ਪੰਜਾਬ ਮਾਈਨਿੰਗ ਮਿਨਰਲ ਰੂਲਜ਼-2013 ਅਨੁਸਾਰ ਜਲੰਧਰ 'ਚ 9, ਅੰਮ੍ਰਿਤਸਰ 'ਚ 7, ਫਿਰੋਜ਼ਪੁਰ ਵਿਚ 4, ਤਰਨ ਤਾਰਨ 'ਚ 1, ਫ਼ਾਜ਼ਿਲਕਾ ਵਿਚ 3, ਲੁਧਿਆਣਾ ਦੀਆਂ 3, ਗੁਰਦਾਸਪੁਰ ਵਿਚ 4, ਨਵਾਂ ਸ਼ਹਿਰ ਦੀਆਂ 11 ਤੇ ਰੋਪੜ ਦੀਆਂ 9 ਖੱਡਾਂ ਦੀ ਨਿਲਾਮੀ ਹੋਵੇਗੀ। ਇਸ ਤੋਂ ਇਲਾਵਾ ਸੂਬੇ ਦੀਆਂ 58 ਖਾਣਾਂ ਦਾ ਮੁੱਦਾ ਵਾਤਾਵਰਨ ਦੀ ਪ੍ਰਵਾਨਗੀ ਦੀ ਪ੍ਰਕਿਰਿਆ ਵਿਚ ਉਲਝਿਆ ਪਿਆ ਹੈ। ਮੁੱਖ ਮੰਤਰੀ ਨੇ ਇਨ੍ਹਾਂ 58 ਖਾਣਾਂ ਦੀ ਬੋਲੀ ਦੀ ਪ੍ਰਕਿਰਿਆ ਦੋ ਮਹੀਨਿਆਂ ਵਿਚ ਮੁਕੰਮਲ ਕਰ ਕੇ 15 ਅਗਸਤ ਤੱਕ ਇਹ ਖੱਡਾਂ ਚਾਲੂ ਕਰਨ ਲਈ ਅਫਸਰਾਂ ਨੂੰ ਆਦੇਸ਼ ਦਿੱਤੇ ਹਨ। ਸਰਕਾਰ ਵੱਲੋਂ ਨਾਜਾਇਜ਼ ਖਣਨ ਕਰਨ ਵਾਲਿਆਂ ਦੀ ਮਸ਼ੀਨਰੀ ਤੇ ਸਾਜ਼ੋ-ਸਾਮਾਨ ਹੇਠਲੀਆਂ ਅਦਾਲਤਾਂ ਵੱਲੋਂ ਰਿਲੀਜ਼ ਕਰਨ ਦੇ ਮੁੱਦੇ 'ਤੇ ਗ੍ਰਹਿ ਵਿਭਾਗ ਨੂੰ ਤਿੱਖੀ ਘੋਖ ਕਰਨ ਲਈ ਵੀ ਕਿਹਾ ਗਿਆ ਹੈ।

ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ 2006 ਦੌਰਾਨ ਖੱਡਾਂ ਦੀ ਬੋਲੀ ਤੇ ਖੁਦਾਈ ਭਾਰਤ ਸਰਕਾਰ ਕੋਲੋਂ ਐਨਵਾਇਰਮੈਂਟ ਸਰਟੀਫਿਕੇਟ (ਈ.ਸੀ.) ਲੈਣ ਤੋਂ ਬਾਅਦ ਹੀ ਕਰਨ ਦੀ ਸ਼ਰਤ ਲਾਉਣ ਕਾਰਨ ਹਰਿਆਣਾ ਸਮੇਤ ਪੰਜਾਬ ਵਿਚ ਰੇਤ-ਬੱਜਰੀ ਦੀ ਸਮੱਸਿਆ ਪੈਦਾ ਹੋਈ ਸੀ। ਇਹ ਮਾਮਲਾ ਲੰਬਾ ਸਮਾਂ ਹਾਈ ਕੋਰਟ ਅਤੇ ਸੁਪਰੀਮ ਕੋਰਟ ਵਿਚ ਚੱਲਦਾ ਰਿਹਾ ਹੈ ਅਤੇ ਅਦਾਲਤ ਦੀਆਂ ਹਦਾਇਤਾਂ ਅਨੁਸਾਰ ਖੱਡਾਂ ਦੀ ਬੋਲੀ ਲਾਉਣ ਤੋਂ ਪਹਿਲਾਂ ਠੇਕੇਦਾਰ ਦੀ ਥਾਂ ਪੰਜਾਬ ਸਰਕਾਰ ਨੂੰ ਭਾਰਤ ਸਰਕਾਰ ਕੋਲੋਂ ਈ.ਸੀ. ਹਾਸਲ ਕਰਨਾ ਲਾਜ਼ਮੀ ਕੀਤਾ ਗਿਆ ਹੈ।

ਪਹਿਲਾਂ ਈ.ਸੀ. ਹਾਸਲ ਕਰਨ ਲਈ ਤਕਰੀਬਨ 11-12 ਮਹੀਨੇ ਲੱਗਣ ਕਾਰਨ ਲੰਮਾ ਸਮਾਂ ਖੱਡਾਂ ਦੀ ਬੋਲੀ ਤੇ ਖੁਦਾਈ ਬੰਦ ਰਹਿਣ ਕਾਰਨ ਰੇਤ-ਬੱਜਰੀ ਦੀਆਂ ਕੀਮਤਾਂ ਅਸਮਾਨ ਨੂੰ ਛੂਹ ਗਈਆਂ ਸਨ। ਇਸ ਤੋਂ ਬਾਅਦ ਭਾਰਤ ਸਰਕਾਰ ਵਲੋਂ ਢਿੱਲ ਦੇਣ ਕਾਰਨ ਪੰਜ ਹੈਕਟੇਅਰ ਦੇ ਨਾਲ ਪਿਛਲੇ ਵਰ੍ਹੇ 25 ਹੈਕਟੇਅਰ ਰਕਬੇ ਵਾਲੀਆਂ ਖੱਡਾਂ ਨੂੰ ਵੀ ਬੀ-2 ਸ਼੍ਰੇਣੀ ਵਿਚ ਪਾ ਦਿੱਤਾ ਗਿਆ ਸੀ। ਭਾਰਤ ਸਰਕਾਰ ਵੱਲੋਂ ਈ.ਸੀ. ਲੈਣ ਲਈ ਪਟਿਆਲਾ ਵਿਚ ਸਟੇਟ ਇੰਪੈਕਟ ਐਨਵਾਇਰਮੈਂਟ ਅਸੈਸਮੈਂਟ ਅਥਾਰਟੀ ਸਥਾਪਤ ਕਰਨ ਕਾਰਨ ਹੁਣ ਈ.ਸੀ. ਦੋ-ਢਾਈ ਮਹੀਨਿਆਂ ਵਿਚ ਹੀ ਮਿਲ ਜਾਂਦਾ ਹੈ। ਸਿਰਫ 50 ਹੈਕਟੇਅਰ ਰਕਬੇ ਵਾਲੀਆਂ ਖੱਡਾਂ ਦਾ ਈ.ਸੀ. ਪਟਿਆਲੇ ਤੋਂ ਮਿਲਦਾ ਹੈ, ਜਦਕਿ ਵੱਡੇ ਰਕਬੇ ਵਾਲੀਆਂ ਖੱਡਾਂ ਦਾ ਈ.ਸੀ. ਦਿੱਲੀ ਤੋਂ ਲੈਣਾ ਪੈਂਦਾ ਹੈ।

## ਪੰਜਾਬੀ ਨੌਜਵਾਨ ਦਾ ਕਤਲ

**ਵਾਸ਼ਿੰਗਟਨ:** ਇਥੇ ਇਕ ਗੈਸ ਸਟੇਸ਼ਨ 'ਤੇ ਦੋ ਲੁਟੇਰਿਆਂ ਨੇ ਗੋਲੀ ਮਾਰ ਕੇ 26 ਸਾਲਾ ਪੰਜਾਬੀ ਨੌਜਵਾਨ ਦਾ ਕਤਲ ਕਰ ਦਿੱਤਾ। ਵਿਕਰਮ ਜਰਿਆਲ, ਜੋ ਯਾਕਿਮਾ ਸਿਟੀ ਵਿਚ ਗੈਸ ਸਟੇਸ਼ਨ ਦੇ ਸਟੋਰ ਉਤੇ ਕਲਰਕ ਵਜੋਂ ਕੰਮ ਕਰਦਾ ਸੀ, ਕਾਊਂਟਰ ਪਿੱਛੇ ਖੜ੍ਹਾ ਸੀ ਜਦੋਂ ਮੂੰਹ ਉਤੇ ਮਾਸਕ ਪਾਈ ਦੋ ਵਿਅਕਤੀ ਸਟੋਰ ਲੁੱਟਣ ਆਏ। ਇਕ ਲੁਟੇਰੇ ਨੇ ਉਸ ਉਤੇ ਗੋਲੀ ਦਾਗ ਦਿੱਤੀ।


TRUCK STOP 40

SAYRE, OK 73662

ਰੋਟੀ ਬਣਾਉਣ ਵਾਲੇ ਅਤੇ ਗੈਸ ਸਟੇਸ਼ਨ ਲਈ ਕੈਸ਼ੀਅਰ ਦੀ ਲੋੜ ਹੈ



ਮਕੈਨਿਕ ਅਤੇ ਮਕੈਨਿਕ ਹੈਲਪਰ ਦੀ ਲੋੜ ਹੈ

ਸੰਪਰਕ ਕਰੋ:

ਫੋਨ: 832-512-7172

580-447-9366

ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



Rates as low as 2.0%

ਸੰਪਰਕ ਕਰੋ: ਪਾਲ ਫੋਨ 1-800-705-3863

Trucking Companies-Improve Your Cash Flow


*Low Rates *One-Time Discounts *No Minimums

Call Paul at 1-800-705-3863

www.Transportationfunding.com

Transportation Funding Group, Inc.

Minneapolis , MN 55426



# ਖਾਲਸਾ ਸਿਰਜਣਾ ਦਿਹਾੜੇ ਅਤੇ ਵਿਸਾਖੀ ਦੀ ਕੋਟਾਨਿ ਕੋਟਿ ਵਧਾਈ

ਵਾਹਿਗੁਰੂ ਅੱਗੇ ਅਰਦਾਸ ਹੈ, ਵਿਸਾਖੀ ਦਾ ਤਿਓਹਾਰ ਸਭਨਾਂ ਲਈ
ਖੁਸ਼ੀਆਂ ਭਰਿਆ ਰਹੇ




ਮਹਿੰਦਰ ਸਿੰਘ ਗਿਲਜੀਆਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ

## ਮਹਿੰਦਰ ਸਿੰਘ ਗਿਲਜੀਆਂ

ਪ੍ਰਧਾਨ, ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ, ਯੂ ਐਸ ਏ
ਫੋਨ: 646-732-5119

# ਰੰਗਮੰਚ ਦਾ ਆਧਾਰ ਪਾਰਸੀ ਥੀਏਟਰ



## ਕਲਾ ਪਰਿਕਰਮਾ

ਕੁਲਵਿੰਦਰ ਚਾਨੀ
ਫੋਨ: +91-97807-08788


ਬਸਤੀਵਾਦੀ ਕਾਲ ਤਕ ਭਾਰਤੀ ਲੋਕਾਂ ਦੇ ਮਨੋਰੰਜਨ ਦਾ ਸਾਧਨ ਮੰਦਰਾਂ ਵਿਚ ਹੁੰਦੇ ਨਾਚ, ਗੀਤਾਂ ਤੋਂ ਇਲਾਵਾ ਰਮਾਇਣ, ਮਹਾਂਭਾਰਤ, ਰਵਾਇਤੀ ਲੋਕ-ਨਾਟਕ ਅਤੇ ਹਰੀ ਕਥਾਵਾਂ ਆਦਿ ਮੁਖ ਸਨ। ਅੰਗਰੇਜ਼ੀ ਕਾਲ ਵਿਚ ਭਾਰਤ ਦੀ ਰਾਜਧਾਨੀ ਕਲਕੱਤਾ (ਹੁਣ ਕੋਲਕਾਤਾ) ਵਿਚ 1954 ਵਿਚ ਪਹਿਲੀ ਵਾਰ ਅੰਗਰੇਜ਼ੀ ਨਾਟਕ ਖੇਡਿਆ ਗਿਆ ਜਿਸ ਤੋਂ ਪ੍ਰਭਾਵਿਤ ਹੋ ਕੇ ਨਵ-ਸਿਖਿਅਕ ਭਾਰਤੀ ਨੌਜਵਾਨਾਂ ਨੇ ਆਪਣਾ ਰੰਗਮੰਚ ਬਣਾਉਣ ਦਾ ਫ਼ੈਸਲਾ ਕੀਤਾ। ਨਾਟਕ ਕੰਪਨੀ ਖੋਲ੍ਹ ਕੇ ਪਾਰਸੀਆਂ ਨੇ ਇਸ ਕੰਮ ਵਿਚ ਪਹਿਲ ਕੀਤੀ ਅਤੇ ਹੌਲੀ-ਹੌਲੀ ਇਹ ਮਨੋਰੰਜਨ ਦਾ ਲੋਕਪ੍ਰਿਯਾ ਸਾਧਨ ਬਣ ਗਈ।

ਪਾਰਸੀ ਥੀਏਟਰ ਦਾ ਇਹ ਨਾਂ ਇਸ ਕਰ ਕੇ ਪਿਆ ਕਿਉਂਕਿ ਇਸ ਨਾਲ ਪਾਰਸੀ ਵਪਾਰੀ ਜੁੜੇ ਹੋਏ ਸਨ। ਉਹ ਇਸ ਉਪਰ ਪੈਸਾ ਖ਼ਰਚ ਕਰਦੇ ਸਨ। ਪਾਰਸੀ ਰੰਗਮੰਚ ਬ੍ਰਿਟੇਨ ਥੀਏਟਰ ਦੇ ਮਾਡਲ ਉਤੇ ਆਧਾਰਿਤ ਸੀ ਅਤੇ ਸਟੇਜ ਤੋਂ ਸਟੇਜ ਦੇ ਪਿੱਛੇ ਤਕ ਕੰਮ ਆਉਣ ਵਾਲੀ ਸਾਰੀ ਜਟਿਲ ਮਸ਼ੀਨਰੀ ਬ੍ਰਿਟੇਨ ਤੋਂ ਹੀ ਮੰਗਵਾਈ ਗਈ ਸੀ। ਪਾਰਸੀ ਥੀਏਟਰ ਨੇ ਆਪਣੀ ਕਥਾ ਕਹਿਣ ਲਈ ਰਵਾਇਤੀ ਗੀਤ, ਨਾਚ, ਇਤਿਹਾਸ-ਮਿਥਿਹਾਸ ਦੇ ਕੁਝ ਤੱਤ ਆਦਿ ਸਭ ਕੁਝ ਆਪਣੀ ਸ਼ੈਲੀ ਵਿਚ ਸ਼ਾਮਲ ਕਰ ਲਿਆ ਅਤੇ ਇਸ ਤਰ੍ਹਾਂ ਪਾਰਸੀ ਥੀਏਟਰ ਨੇ ਲੋਕ ਰੰਗਮੰਚ ਦਾ ਰੂਪ ਲੈ ਲਿਆ।

ਇਸ ਲੋਕ ਰੰਗਮੰਚ ਦੀਆਂ ਸਾਰੀਆਂ ਪੇਸ਼ਕਾਰੀਆਂ ਪੌਰਾਣਿਕ ਹੁੰਦੀਆਂ ਸਨ ਅਤੇ ਇਸ ਵਿਚ ਰਵਾਇਤੀ ਗੀਤਾਂ ਅਤੇ ਪ੍ਰਚਲਿਤ ਪ੍ਰਭਾਵੀ ਉਕਤੀਆਂ ਦੀ ਵਰਤੋਂ ਵਧੇਰੇ ਕੀਤਾ ਜਾਂਦੀ ਸੀ। ਭੁਲੇਖੇ ਤਹਿਤ ਇਕ ਬੰਦੇ ਨੂੰ ਦੂਜਾ ਬੰਦਾ ਮੰਨਣਾ, ਘਟਨਾਵਾਂ ਵਿਚ ਸੰਯੋਗ ਦੀ ਭੂਮਿਕਾ, ਜੋਸ਼ੀਲੇ ਭਾਸ਼ਣ, ਨਾਟਕੀ ਵਾਰਤਾਲਾਪ ਅਤੇ ਅੰਤ ਵਿਚ ਨਾਇਕ ਦੀ ਖਲਨਾਇਕ ਉਤੇ ਜਿੱਤ ਦਿਖਾਈ ਜਾਂਦੀ ਸੀ। ਇਸ ਵਿਚ ਗੀਤ-ਸੰਗੀਤ ਨਾਲ ਦ੍ਰਿਸ਼ ਨੂੰ ਹੋਰ ਰੁਮਾਂਚਕ ਬਣਾਇਆ ਜਾਂਦਾ ਸੀ।

ਆਧੁਨਿਕ ਰੰਗਮੰਚ ਅਤੇ ਫ਼ਿਲਮਾਂ ਤੋਂ ਪਹਿਲਾਂ ਮਨੋਰੰਜਨ ਦੇ ਕਲਾ ਮਾਧਿਅਮਾਂ ਵਿਚ ਆਲ੍ਹਾ ਕਵਾਲੀ ਆਦਿ ਮੁਖ ਸਨ, ਪਰ ਪਾਰਸੀ ਰੰਗਮੰਚ ਦੀ ਆਮਦ ਨਾਲ ਲੋਕਾਂ ਨੇ ਗੀਤਾਂ ਦੇ ਜ਼ਰੀਏ ਬਹੁਤ ਸਾਰੀਆਂ ਗੱਲਾਂ ਕਹਿਣ ਦੀ ਪਰੰਪਰਾ ਤੋਰੀ। 1954 ਵਿਚ ਇਸ ਦੀ ਸ਼ੁਰੂਆਤ ਤੋਂ ਬਾਅਦ ਭਾਰਤ ਦੇ ਹਰ ਕੋਨੇ ਤੋਂ ਲੋਕ ਨਾਟਕ ਵੇਖਣ ਆਉਣ ਲੱਗੇ। ਪਾਰਸੀ ਥੀਏਟਰ ਵਿਚ 'ਮੈਲੋਡਰਾਮਾ' ਮੁਖ ਸੀ ਅਤੇ ਸੰਵਾਦ ਦੀ ਅਦਾਇਗੀ ਬੜੇ ਨਾਟਕੀ ਤਰੀਕੇ ਨਾਲ ਹੁੰਦੀ ਸੀ। ਪਾਰਸੀ ਥੀਏਟਰ ਦੀਆਂ ਆਪਣੀਆਂ ਵਿਸ਼ੇਸ਼ਤਾਵਾਂ ਹਨ ਜਿਨ੍ਹਾਂ ਵਿਚੋਂ ਪਹਿਲੀ ਹੈ ਪਰਦਿਆਂ ਦੀ ਵਰਤੋਂ। ਵੱਖ-ਵੱਖ ਦ੍ਰਿਸ਼ ਉਭਾਰਨ ਲਈ ਪਰਦਿਆਂ ਦੀ ਵਰਤੋਂ ਕੀਤੀ ਜਾਂਦੀ ਸੀ ਜਿਸ ਕਰ ਕੇ ਇਸ ਰੰਗਮੰਚ ਦੀ ਸਟੇਜ-ਸਜਾਵਟ ਔਖੀ ਹੁੰਦੀ ਸੀ। ਫਿਲਮਾਂ ਵਿਚ ਵੰਨ-ਸੁਵੰਨੀਆਂ ਲੋਕੇਸ਼ਨਾਂ ਦਿਖਾਉਣਾ ਪਾਰਸੀ ਥੀਏਟਰ ਦੀ ਇਸ ਵਿਸ਼ੇਸ਼ਤਾ ਦਾ ਹੀ ਪ੍ਰਭਾਵ ਹੈ। ਨਾਚ ਅਤੇ ਗਾਇਨ ਦੀ ਮੌਜੂਦਗੀ ਪਾਰਸੀ ਰੰਗਮੰਚ ਨੂੰ ਪੱਛਮੀ ਥੀਏਟਰ ਨਾਲੋਂ ਵੱਖ ਕਰਦੀ ਹੈ। ਨਾਇਕ ਅਤੇ ਨਾਇਕਾ ਦੇ ਕੱਪੜਿਆਂ ਦੇ ਰੰਗਾਂ ਦਾ ਖ਼ਾਸ ਖ਼ਿਆਲ ਰੱਖਿਆ ਜਾਂਦਾ ਹੈ। ਇਨ੍ਹਾਂ ਤੋਂ ਇਲਾਵਾ ਇਕ ਹੋਰ ਬਹੁਤ ਹੀ ਅਹਿਮ ਅੰਗ ਹੈ ਗੀਤ। ਗੀਤ ਦਾ ਸਹਾਰਾ ਲੈ ਕੇ ਅਦਾਕਾਰ ਆਪਣੀਆਂ ਭਾਵਨਾਵਾਂ ਨੂੰ ਗੂੜ੍ਹੇ ਰੂਪ ਵਿਚ ਪੇਸ਼ ਕਰਦਾ ਹੈ।

80 ਸਾਲਾਂ ਤਕ ਪਾਰਸੀ ਥੀਏਟਰ ਅਤੇ ਉਸ ਦੇ ਕਈ ਰੂਪਾਂ ਨੇ ਮਨੋਰੰਜਨ ਦੇ ਖੇਤਰ ਵਿਚ ਆਪਣਾ ਸਿੱਕਾ ਜਮਾ ਕੇ ਰੱਖਿਆ। ਫਿਲਮਾਂ ਦੇ ਆਗਮਨ ਮਗਰੋਂ ਪਾਰਸੀ ਰੰਗਮੰਚ ਨੇ ਆਪਣੀ ਸਾਰੀ ਪਰੰਪਰਾ ਫਿਲਮਾਂ ਨੂੰ ਸੌਂਪ ਦਿੱਤੀ। ਕਈ ਪੇਸ਼ੇਵਰ ਨਾਇਕ, ਨਾਇਕਾਵਾਂ, ਨਿਰਦੇਸ਼ਕ, ਗੀਤਕਾਰ, ਸਹਾਇਕ ਕਲਾਕਾਰ ਅਤੇ ਸੰਗੀਤਕਾਰ ਸਿਨੇਮਾ ਦੇ ਖੇਤਰ ਵਿਚ ਆ ਗਏ ਜਿਨ੍ਹਾਂ ਵਿਚੋਂ ਪ੍ਰਿਥਵੀ ਰਾਜ ਕਪੂਰ ਅਤੇ ਸੋਹਰਾਬ ਮੋਦੀ ਵਰਗੇ ਨਾਮ ਜ਼ਿਕਰਯੋਗ ਹਨ।





ਹਿੰਦੀ ਫਿਲਮਾਂ ਦੀਆਂ ਪਾਰਸੀ ਹਸਤੀਆਂ: (ਖੱਬਿਉਂ) ਸੋਹਰਾਬ ਮੋਦੀ, ਬੋਮਨ ਇਰਾਨੀ ਅਤੇ ਅਮਾਇਰਾ ਦਸਤੂਰ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 22 ਅਪਰੈਲ 2017 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-269



*ਦਾਦੀ-ਬਾਬੇ ਪੋਤੇ ਤਾਂਈਂ ਢੋਲਕੀ ਲਿਆ ਕੇ ਦਿੱਤੀ
ਫੁੱਲ ਵਾਂਗ ਖਿੜਿਆ ਏ ਚੰਦ ਜਿਹਾ ਬਾਲ ਹੈ।
ਮਿੱਠੜੀ ਮੁਰਾਦ ਦੇ ਕੇ ਦਾਤੇ ਨੇ ਮਿਹਰ ਕੀਤੀ
ਜਿਨ੍ਹਾਂ ਦੇ ਸੁਭਾਗੇ ਘਰ ਵੱਜਦੀ ਇਹ ਤਾਲ ਹੈ।*

## ਕੈਪਸ਼ਨ ਮੁਕਾਬਲਾ-267



ਨੀਂਦਰ ਨਾ ਪੁੱਛਦੀ ਲੇਫ-ਤਲਾਈਆਂ
ਨੀਂਦਰ ਨਾ ਭਾਲੇ ਥਾਂ ਕੋਈ ਕੂਲੀ।
ਨੀਂਦਰ ਦਾ ਝੰਬਿਆ ਸੌਂ ਜਾਂਦਾ ਹੈ
ਭਾਵੇਂ ਟੰਗਿਆ ਹੋਵੇ ਉਤੇ ਸੂਲੀ।
ਨਾ ਕੁਝ ਚੋਰੀ ਹੋਣ ਦੀ ਚਿੰਤਾ
ਨਾ ਹੀ ਹੁਣ ਸਤਾਵੇ ਭੁੱਖ।
ਦੇਖੋ ਰੁੱਖੀ-ਮਿੱਸੀ ਖਾ ਕੇ ਸੁੱਤੇ
ਡੂੰਘੀ ਨੀਂਦਰ ਪਸ਼ੂ ਤੇ ਮਨੁੱਖ।
**-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ**

---

ਭਟਕਣ ਭਰੇ ਇਸ ਸੰਸਾਰ ਦੇ ਅੰਦਰ
ਕੁਝ ਜਿੰਦਾਂ ਹਾਲੇ ਥਿਆਉਂਦੀਆਂ ਨੇ।
ਬਿਨਾ ਗਰਜ ਤੋਂ ਜਿਹੜੀਆਂ ਅੱਜ ਵੀ
ਮੋਹ ਦਾ ਸਾਥ ਨਿਭਾਉਂਦੀਆਂ ਨੇ।
ਲਾ ਸਿਰਹਾਣਾ ਇੱਕ ਦੂਜੇ ਦਾ
ਅਸਲੀ ਅਨੰਦ ਹੰਢਾਉਂਦੀਆ ਨੇ।
**-ਜਗਮੀਤ ਸਿੰਘ ਪੰਧੇਰ**

---

ਫੱਕਰਾਂ ਵਾਲੀ ਜ਼ਿੰਦਗੀ ਜੀਵੇ
ਤਿਆਗ ਕੇ ਘਰ ਬਾਰ।
ਅਲਵਿਦਾ ਕਹਿ ਕੇ ਪਰਿਵਾਰ ਨੂੰ
ਬਾਂਦਰ ਨਾਲ ਪਾਇਆ ਪਿਆਰ।
ਪੂੰਜੀਪਤੀ ਨੀਂਦ ਨੂੰ ਤਰਸਣ
ਦੁਨੀਆਂ ਤੋਂ ਬੇਖਬਰ ਨੇ ਸੁੱਤੇ
ਇਹ ਦੋਵੇਂ ਗੂੜ੍ਹੇ ਯਾਰ।
ਲੋੜ ਪਈ ਤਾਂ ਮਜਮਾ ਲਾ ਲਿਆ
ਖਾਣ ਪੀਣ ਦਾ ਕਰ ਲੈਣ ਜੁਗਾੜ।
**-ਅਮਰਜੀਤ ਸਿੰਘ ਤੂਰ**

---

ਭਾਵੇਂ ਹੈ ਫੁੱਟਪਾਥ ਦਾ ਵਾਸੀ,
ਬਾਂਦਰ ਨੂੰ ਲਿਆ ਹੈ ਪੁੱਤ ਬਣਾ।
ਸਾਰਾ ਦਿਨ ਫਿਰੇ ਮੋਢੀਂ ਚੁੱਕ ਕੇ,
ਜੋ ਮਿਲਿਆ ਰਲਮਿਲ ਲਿਆ ਹੈ ਖਾ।
ਪੱਥਰ ਜੋੜ ਕੰਬਲ ਵਿਛਾ ਲੈ,
ਪੈ ਗਿਆ ਉਸ ਨੂੰ ਢਿੱਡ ਨਾਲ ਲਾ।
**-ਦਵਿੰਦਰ ਕੌਰ**

---

ਸਾਦ ਮੁਰੀਦੀ ਜਿਹੀ ਫਕੀਰੀ
ਨਾ ਹੋਵੇ ਵਿਚ ਅਮੀਰਾਂ।
ਪਾਉਣ ਲਈ ਸੋਹਣੇ ਰੱਬ ਨੂੰ
ਛੱਡਣੀਆਂ ਪੈਣ ਜਗੀਰਾਂ।
ਪਰ ਪਖੰਡੀ ਸਾਧ ਬਥੇਰੇ
ਜਿਧਰ ਨਜ਼ਰ ਉਠਾਵਾਂ।
ਸੱਚਾ ਬੰਦਾ, ਰੱਬ ਦਾ ਨੂਰ
ਅੱਜ ਮਿਲਦਾ ਟਾਂਵਾਂ ਟਾਂਵਾਂ।
**-ਗੋਰਾ ਪ੍ਰਜਾਪਤ, ਨਿਊ ਯਾਰਕ**

---

ਪਿਆਰ ਇਕ ਕੁਦਰਤੀ ਜਜਬਾ
ਹਰ ਜਿੰਦਾ ਰੂਹ ਅਨੰਦ ਮਾਣੇ।
ਦੇਖੋਗੇ, ਸੁਣੋਗੇ ਕਹਿ ਰਹੇ ਜੋ
'ਜਤੀ ਸਤੀ ਹਾਂ ਸਾਧੂ ਬਾਬਾ
ਮੁੱਖ ਨਾ ਦੇਖੀਏ ਨਾਰ ਦਾ।'
ਮਸਤ ਮਲੰਗ ਛੱਡ ਦੁਨੀਆਂਦਾਰੀ
ਪੀ ਧਤੂਰਾ ਮਸਤ ਜਾਂਦੇ ਹੋ।
ਪਾ ਦੋਸਤੀ ਬਾਂਦਰ ਨਾਲ ਦਰ ਦਰ ਘੁੰਮਦੇ
ਹਨ ਸਭ ਵਿਹਲੜ ਆਲਸੀ ਕੰਮਚੋਰ।
ਨਹੀਂ ਬੱਝਣਾ ਚਾਹੁੰਦੇ
ਸਮਾਜਕ ਰਿਸ਼ਤਿਆਂ 'ਚ
ਕਿੱਥੇ ਖੜ੍ਹਾ ਹੈ ਇਹ ਦੇਸ਼
ਜਿਥੇ ਬਾਂਦਰਾਂ ਨੂੰ ਅੱਜ ਵੀ ਪੂਜ ਰਹੇ।
**-ਦਰਸ਼ਨਪਾਲ ਦੋਸਾਂਝ**

# ਗਊ ਰਾਖਿਆਂ ਦੀ ਬੁਰਛਾਗਰਦੀ ਸਿਖਰ ਉਤੇ

**ਨਵੀਂ ਦਿੱਲੀ:** ਭਾਰਤ ਵਿਚ ਗਊ ਰੱਖਿਆ ਦੇ ਨਾਂ ਉਤੇ ਗੁੰਡਾਗਰਦੀ ਹੱਦਾਂ ਪਾਰ ਕਰ ਗਈ ਹੈ। ਰਾਜਸਥਾਨ ਦੇ ਅਲਵਰ ਵਿਚ ਗਊ ਰਾਖਿਆਂ ਨੇ ਹਰਿਆਣਾ ਦੇ ਕੁਝ ਲੋਕਾਂ ਨੂੰ ਘੇਰ ਲਿਆ ਤੇ ਬੁਰੀ ਤਰ੍ਹਾਂ ਕੁੱਟ ਮਾਰ ਕੀਤੀ। ਇਨ੍ਹਾਂ ਵਿਚੋਂ ਇਕ ਜਣੇ ਦੀ ਮੌਤ ਹੋ ਗਈ। ਮ੍ਰਿਤਕ ਤੇ ਉਸ ਦੇ ਸਾਥੀ ਜੈਪੁਰ ਦੇ ਪਸ਼ੂ ਮੇਲੇ ਤੋਂ ਕੁਝ ਦੁਧਾਰੂ ਗਾਵਾਂ ਖਰੀਦ ਕੇ ਲਿਆਏ ਸਨ। ਅਲਵਰ ਵਿਖੇ ਕੁਝ ਲੋਕਾਂ ਦੀ ਭੀੜ ਨੇ ਉਨ੍ਹਾਂ ਨੂੰ ਰੋਕ ਲਿਆ ਅਤੇ ਉਨ੍ਹਾਂ 'ਤੇ ਗਊ ਤਸਕਰੀ ਦਾ ਦੋਸ਼ ਲਾ ਕੇ ਬੇਰਹਿਮੀ ਨਾਲ ਕੁੱਟਮਾਰ ਸ਼ੁਰੂ ਕਰ ਦਿੱਤੀ।

ਪੀੜਤਾਂ ਨੇ ਜੈਪੁਰ ਦੇ ਨਗਰ ਨਿਗਮ ਵੱਲੋਂ ਗਾਵਾਂ ਦੀ ਖਰੀਦ ਦੇ ਜਾਰੀ ਕੀਤੇ ਗਏ ਕਾਗਜ਼ਾਤ ਵੀ ਦਿਖਾਉਣ ਦੀ ਕੋਸ਼ਿਸ਼ ਕੀਤੀ, ਪਰ ਇਨ੍ਹਾਂ ਲੋਕਾਂ ਨੇ ਕੋਈ ਪਰਵਾਹ ਨਹੀਂ ਕੀਤੀ। ਇਸ ਕੁੱਟਮਾਰ ਵਿਚ ਪਹਿਲੂ ਖਾਨ ਦੀ ਮੌਤ ਹੋ ਗਈ ਅਤੇ ਉਨ੍ਹਾਂ ਦੇ ਸਾਥੀ ਜ਼ਖ਼ਮੀ ਹੋ ਗਏ। ਭਾਰਤ ਵਿਚ ਅਜਿਹੀਆਂ ਘਟਨਾਵਾਂ ਗਲਾਤਾਰ ਵਾਪਰ ਰਹੀਆਂ ਹਨ। ਤਕਰੀਬਨ ਇਕ ਸਾਲ ਪਹਿਲਾਂ ਉਤਰ ਪ੍ਰਦੇਸ਼ ਦੇ ਜ਼ਿਲ੍ਹੇ ਦਾਦਰੀ ਦੇ ਪਿੰਡ ਬਿਸ਼ੇਹਰਾ ਵਿਚ ਮੁਹੰਮਦ ਇਖਲਾਕ ਨਾਂ ਦੇ ਵਿਅਕਤੀ 'ਤੇ ਗਾਂ ਦਾ ਮੀਟ ਰੱਖਣ ਦੇ ਸ਼ੱਕ ਵਿਚ ਘਰ ਵਿਚ ਦਾਖਲ ਹੋ ਕੇ ਕੁਝ ਲੋਕਾਂ ਨੇ ਕੁੱਟ-ਕੁੱਟ ਕੇ ਮਾਰ ਦਿੱਤਾ ਸੀ। ਇਸ ਤੋਂ ਬਾਅਦ ਗੁਜਰਾਤ ਦੇ ਇਕ ਸ਼ਹਿਰ ਵਿਚ ਮਰੀ ਗਾਂ ਦੀ ਖੱਲ ਲਾਹੁਣ ਵਾਲੇ ਦਲਿਤ ਨੌਜਵਾਨਾਂ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ ਗਈ ਅਤੇ ਕਾਰ ਪਿੱਛੇ ਬੰਨ੍ਹ ਕੇ ਉਨ੍ਹਾਂ ਦਾ ਜਲੂਸ ਕੱਢਿਆ ਗਿਆ।

ਯਾਦ ਰਹੇ ਕਿ ਇਹ ਗਊ ਰਾਖੇ ਕੇਂਦਰ ਵਿਚ ਭਾਜਪਾ ਸਰਕਾਰ ਆਉਣ ਪਿੱਛੋਂ ਸਰਗਰਮ ਹੋਏ ਹਨ। ਨਰੇਂਦਰ ਮੋਦੀ ਸਰਕਾਰ ਦੀ ਇਨ੍ਹਾਂ ਨੂੰ ਗੁੰਝੀ ਹੱਲਾਸ਼ੇਰੀ ਨਾਲ ਇਨ੍ਹਾਂ ਦੇ ਹੌਂਸਲੇ ਬੁਲੰਦ ਹਨ। ਅਸਲ ਵਿਚ ਰਾਸ਼ਟਰੀ ਸੋਇਮ ਸੇਵਕ ਸੰਘ, ਭਾਰਤੀ ਜਨਤਾ ਪਾਰਟੀ ਅਤੇ ਸੰਘ ਪਰਿਵਾਰ ਨਾਲ ਸਬੰਧਤ ਹੋਰ ਬਹੁਤ ਸਾਰੇ ਸੰਗਠਨ ਦੇਸ਼ ਦੇ ਧਰਮ-ਨਿਰਪੱਖ ਖਾਸੇ ਨੂੰ ਬਦਲ ਕੇ ਇਸ ਨੂੰ ਹਿੰਦੂ ਰਾਸ਼ਟਰ ਦੇ ਢਾਂਚੇ ਵਿਚ ਢਾਲਣਾ ਚਾਹੁੰਦੇ ਹਨ। ਆਪਣਾ ਇਹ ਮਕਸਦ ਹਾਸਲ ਕਰਨ ਅਤੇ ਫਿਰਕੂ ਆਧਾਰ 'ਤੇ ਆਪਣੇ ਲਈ ਇਕ ਪੱਕਾ ਵੋਟ ਬੈਂਕ ਕਾਇਮ ਕਰਨ ਲਈ ਇਹ ਸਭ ਕੁਝ ਕੀਤਾ ਜਾ ਰਿਹਾ ਹੈ।



## ਗਊ ਹੱਤਿਆ ਪਾਪ: ਮੋਹਨ ਭਾਗਵਤ

**ਨਵੀਂ ਦਿੱਲੀ:** ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਨੇ ਕਿਹਾ ਕਿ ਗਊ ਰੱਖਿਆ ਗਰੁੱਪਾਂ ਵੱਲੋਂ ਕੀਤੀ ਜਾ ਰਹੀ ਹਿੰਸਾ ਕਾਰਨ ਮੂਲ ਉਦੇਸ਼ ਦੀ 'ਬਦਨਾਮੀ' ਹੁੰਦੀ ਹੈ। ਇਸ ਮੁਹਿੰਮ ਵਿਚ ਹੋਰ ਲੋਕਾਂ ਨੂੰ ਲਿਆ ਕੇ ਗਾਵਾਂ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਵਿਚ ਤੇਜ਼ੀ ਲਿਆਉਣੀ ਚਾਹੀਦੀ ਹੈ, ਪਰ ਇਹ ਸਾਰਾ ਕੁਝ ਕਾਨੂੰਨ ਤੇ ਸੰਵਿਧਾਨ ਦੇ ਦਾਇਰੇ ਵਿਚ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਗਊ ਹੱਤਿਆ 'ਪਾਪ' ਹੈ, ਜੋ ਲਾਜ਼ਮੀ ਖਤਮ ਹੋਣਾ ਚਾਹੀਦਾ ਹੈ।



## ਬੁਰਛਾਗਰਦੀ ਖਿਲਾਫ ਸੁਪਰੀਮ ਕੋਰਟ ਸਖਤ

**ਨਵੀਂ ਦਿੱਲੀ:** ਰਾਜਸਥਾਨ ਦੇ ਅਲਵਰ ਵਿਚ ਗਊ ਰਾਖਿਆਂ ਵੱਲੋਂ ਕੀਤੀ ਗੁੰਡਾਗਰਦੀ ਪਿੱਛੋਂ ਸੁਪਰੀਮ ਕੋਰਟ ਨੇ ਕੇਂਦਰ ਤੇ ਛੇ ਰਾਜ ਸਰਕਾਰਾਂ ਤੋਂ ਇਸ ਮੁੱਦੇ ਉਤੇ ਜਵਾਬ ਮੰਗਿਆ ਹੈ। ਕੋਰਟ ਨੇ ਪੁੱਛਿਆ ਹੈ ਕਿ ਗਊ ਰੱਖਿਆ ਦੇ ਨਾਂ ਉਤੇ ਗੁੰਡਾਗਰਦੀ ਕਰਨ ਵਾਲੇ ਅਜਿਹੇ ਸੰਗਠਨਾਂ ਉਤੇ ਬੈਨ ਕਿਉਂ ਨਹੀਂ ਲਾਉਣਾ ਚਾਹੀਦਾ। ਅਦਾਲਤ ਨੇ ਜਿਨ੍ਹਾਂ ਰਾਜਾਂ ਵਿਚ ਨੋਟਿਸ ਜਾਰੀ ਕੀਤਾ ਗਿਆ ਹੈ, ਉਨ੍ਹਾਂ ਵਿਚ ਰਾਜਸਥਾਨ, ਝਾਰਖੰਡ, ਉਤਰ ਪ੍ਰਦੇਸ਼, ਗੁਜਰਾਤ, ਕਰਨਾਟਕਾ ਤੇ ਮਹਾਰਾਸ਼ਟਰ ਸ਼ਾਮਲ ਹੈ। ਮਾਮਲੇ ਦੀ ਅਗਲੀ ਸੁਣਵਾਈ 3 ਮਈ ਨੂੰ ਹੋਵੇਗੀ। ਕਾਂਗਰਸ ਆਗੂ ਸ਼ਹਿਜਾਦ ਪੂਨਾਵਾਲਾ ਦੀ ਪਟੀਸ਼ਨ ਉਤੇ ਕੋਰਟ ਨੇ ਇਹ ਨੋਟਿਸ ਜਾਰੀ ਕੀਤਾ ਹੈ। ਪੂਨਾਵਾਲਾ ਦੀ ਪਟੀਸ਼ਨ ਵਿਚ ਗਊ ਹੱਤਿਆ ਤੇ ਗੌਮੂਤਰ ਦੇ ਦਸ ਮਾਮਲਿਆਂ ਵਿਚ ਹੋਈ ਹਿੰਸਾ ਦਾ ਜ਼ਿਕਰ ਕੀਤਾ ਗਿਆ ਹੈ।

ਰਾਸ਼ਟਰੀ ਸੋਇਮ ਸੇਵਕ ਸੰਘ ਦੇ ਸੰਚਾਲਕ ਮੋਹਨ ਭਾਗਵਤ ਕਈ ਵਾਰ ਇਹ ਕਹਿ ਚੁੱਕੇ ਹਨ ਕਿ ਭਾਰਤ ਵਿਚ ਰਹਿਣ ਵਾਲੇ ਸਾਰੇ ਲੋਕ ਹੀ ਹਿੰਦੂ ਹਨ। ਜਦੋਂ 2014 'ਚ ਨਰੇਂਦਰ ਮੋਦੀ ਨੇ ਭਾਜਪਾ ਦੇ ਸਪੱਸ਼ਟ ਬਹੁਮਤ ਨਾਲ ਕੇਂਦਰ ਵਿਚ ਸਰਕਾਰ ਬਣਾਈ ਸੀ ਤਾਂ ਉਸ ਸਮੇਂ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਉਘੇ ਆਗੂ ਮਰਹੂਮ ਸ੍ਰੀ ਅਸ਼ੋਕ ਸਿੰਘਲ ਨੇ ਬਿਆਨ ਦਿੱਤਾ ਸੀ ਕਿ 800 ਸਾਲਾਂ ਬਾਅਦ ਦੇਸ਼ ਵਿਚ ਹਿੰਦੂਆਂ ਦਾ ਰਾਜ ਸਥਾਪਤ ਹੋ ਗਿਆ ਹੈ। 2014 ਤੋਂ ਬਾਅਦ ਲਗਾਤਾਰ ਦੇਸ਼ ਭਰ ਵਿਚ ਹਿੰਦੂਤਵੀ ਸੰਗਠਨਾਂ ਵੱਲੋਂ ਘੱਟ-ਗਿਣਤੀਆਂ ਅਤੇ ਖਾਸ ਕਰ ਕੇ ਮੁਸਲਮਾਨ ਭਾਈਚਾਰੇ ਨੂੰ ਵੱਖ-ਵੱਖ ਢੰਗਾਂ ਨਾਲ ਨਿਸ਼ਾਨਾ ਬਣਾਇਆ ਗਿਆ ਹੈ।

ਆਜ਼ਾਦ ਅਤੇ ਨਿਰਪੱਖ ਵਿਚਾਰ ਰੱਖਣ ਵਾਲੇ ਬੁੱਧੀਜੀਵੀਆਂ 'ਤੇ ਹਮਲੇ ਕੀਤੇ ਗਏ ਹਨ। ਕਿਸੇ ਸਮੇਂ ਭਾਜਪਾ ਦੇ ਬੜੇ ਨੇੜੇ ਰਹੇ ਉਘੇ ਚਿੰਤਕ ਕੁਲਕਰਨੀ ਦਾ ਮੁੰਬਈ ਵਿਚ ਇਕ ਕਾਨਫਰੰਸ ਦੌਰਾਨ ਸ਼ਰੇਆਮ ਸਿਆਹੀ ਸੁੱਟ ਕੇ ਮੂੰਹ ਕਾਲਾ ਕੀਤਾ ਗਿਆ। ਦਿੱਲੀ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿਚ ਅਨੇਕਾਂ ਵਾਰ ਇਹੋ ਜਿਹੀਆਂ ਘਟਨਾਵਾਂ ਵਾਪਰੀਆਂ ਹਨ।

ਰਾਸ਼ਟਰੀ ਸੋਇਮ ਸੇਵਕ ਸੰਘ ਦੇ ਵਿਦਿਆਰਥੀ ਵਿੰਗ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਵੱਲੋਂ ਵੀ ਵੱਖਰੇ ਵਿਚਾਰ ਰੱਖਣ ਵਾਲੇ ਵਿਦਿਆਰਥੀ ਸੰਗਠਨਾਂ ਅਤੇ ਉਨ੍ਹਾਂ ਦੇ ਆਗੂਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀ ਆਗੂ ਕਨੱਈਆ ਨਾਲ ਕੀ ਕੁਝ ਵਾਪਰਿਆ ਹੈ ਅਤੇ ਕਿਸ ਤਰ੍ਹਾਂ ਉਨ੍ਹਾਂ 'ਤੇ ਦੇਸ਼ ਧ੍ਰੋਹ ਦੇ ਦੋਸ਼ ਲਾਏ ਗਏ ਅਤੇ ਦਿੱਲੀ ਦੀ ਇਕ ਅਦਾਲਤ ਵਿਚ ਉਨ੍ਹਾਂ ਦੀ ਸ਼ਰੇਆਮ ਕੁੱਟਮਾਰ ਕੀਤੀ ਗ। ਹੈਦਰਾਬਾਦ ਦੇ ਦਲਿਤ ਵਿਦਿਆਰਥੀ ਵਾਮੂਲਾ ਨੂੰ ਅਖਿਲ ਭਾਰਤੀ ਵਿਦਿਆਰਥੀ ਸੰਗਠਨ ਅਤੇ ਹੋਰ ਹਿੰਦੂਤਵੀ ਸੰਗਠਨਾਂ ਦੇ ਦਬਾਅ ਕਾਰਨ ਹੀ ਖੁਦਕੁਸ਼ੀ ਕਰਨੀ ਪਈ। ਦਿੱਲੀ ਦੇ ਰਾਮਜਸ ਕਾਲਜ ਵਿਚ ਇਕ ਸੈਮੀਨਾਰ ਨੂੰ ਰੋਕਣ ਲਈ ਕਿਸ ਤਰ੍ਹਾਂ ਉਕਤ ਸੰਗਠਨ ਵੱਲੋਂ ਧੱਕੇਸ਼ਾਹੀ ਦਾ ਮੁਜ਼ਾਹਰਾ ਕੀਤਾ ਗਿਆ, ਉਹ ਵੀ ਸਭ ਦੇ ਸਾਹਮਣੇ ਹੈ। ਜਦੋਂ ਇਸੇ ਕਾਲਜ ਵਿਚ ਪੜ੍ਹਦੀ ਜਲੰਧਰ ਦੀ ਇਕ ਲੜਕੀ ਗੁਰਮੇਹਰ ਕੌਰ ਨੇ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਦੀ ਇਸ ਬੁਰਸ਼ਾਗਰਦੀ ਵਿਰੁੱਧ ਆਵਾਜ਼ ਉਠਾਈ ਤਾਂ ਉਸ ਨੂੰ ਤਰ੍ਹਾਂ-ਤਰ੍ਹਾਂ ਦੇ ਦੋਸ਼ ਲਾ ਕੇ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਗਈ ਅਤੇ ਇਥੋਂ ਤੱਕ ਕਿ ਰੇਪ ਦੀਆਂ ਧਮਕੀਆਂ ਵੀ ਦਿੱਤੀਆਂ ਗਈਆਂ। ਦੇਸ਼ ਦੇ ਹੋਰ ਵਿਦਿਅਕ ਅਦਾਰਿਆਂ ਵਿਚ ਵੀ ਹਿੰਦੂਤਵੀ ਸੰਗਠਨਾਂ ਵੱਲੋਂ ਵੱਖਰੇ ਵਿਚਾਰ ਰੱਖਣ ਵਾਲੇ ਸੰਗਠਨਾਂ ਦੀਆਂ ਸਰਗਰਮੀਆਂ ਰੋਕੀਆਂ ਜਾ ਰਹੀਆਂ ਹਨ।

ਉਤਰ ਪ੍ਰਦੇਸ਼ ਦੇ ਨਵੇਂ ਬਣੇ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਅਤੇ ਇਕ ਹੋਰ ਭਾਜਪਾ ਦੇ ਸੰਸਦ ਮੈਂਬਰ ਸਾਕਸ਼ੀ ਮਹਾਰਾਜ ਨੇ ਫਿਰਕੂ ਆਧਾਰ 'ਤੇ ਵੋਟਰਾਂ ਦਾ ਧਰੁਵੀਕਰਨ ਕਰਨ ਲਈ ਕਿਹੋ ਜਿਹੀ ਬਿਆਨਬਾਜ਼ੀ ਕੀਤੀ ਹੈ, ਮੀਡੀਆ ਉਸ ਦਾ ਗਵਾਹ ਹੈ। ਬਹੁਤ ਸਾਰੇ ਬੁੱਚੜਖਾਨਿਆਂ ਨੂੰ ਨਵਾਂ ਮੰਤਰੀ ਮੰਡਲ ਬਣਨ ਤੋਂ ਪਹਿਲਾਂ ਹੀ ਪੁਲਿਸ ਅਤੇ ਪ੍ਰਸ਼ਾਸਨ ਨੇ ਵਧੇਰੇ ਉਤਸ਼ਾਹ ਦਿਖਾਉਂਦਿਆਂ ਨਾਜਾਇਜ਼ ਕਰਾਰ ਦੇ ਕੇ ਬੰਦ ਕਰਵਾ ਦਿੱਤਾ। ਬਾਅਦ ਵਿਚ ਇਹ ਸਚਾਈ ਸਾਹਮਣੇ ਆਈ ਕਿ ਇਹ ਬੁੱਚੜਖਾਨੇ ਨਿੱਜੀ ਨਹੀਂ ਸਨ, ਸਗੋਂ ਉੱਤਰ ਪ੍ਰਦੇਸ਼ ਦੇ ਵੱਖ-ਵੱਖ ਸ਼ਹਿਰਾਂ ਦੇ ਨਗਰ ਨਿਗਮਾਂ ਅਤੇ ਮਿਊਂਸਪਲ ਕਮੇਟੀਆਂ ਵੱਲੋਂ ਹੀ ਚਲਾਏ ਜਾ ਰਹੇ ਸਨ। ਇਸੇ ਤਰ੍ਹਾਂ ਰੋਮੀਓ ਸਕੁਐਡ ਬਣਾ ਕੇ ਅਤੇ ਨੌਜਵਾਨਾਂ ਨੂੰ ਸ਼ਰੇਆਮ ਵੱਖ-ਵੱਖ ਢੰਗਾਂ ਨਾਲ ਜ਼ਲੀਲ ਕਰ ਕੇ ਵੀ ਸਮਾਜ ਵਿਚ ਦਹਿਸ਼ਤ ਫੈਲਾਉਣ ਦੀ ਕੋਸ਼ਿਸ਼ ਕੀਤੀ ਗਈ, ਜਦੋਂ ਕਿ ਲੜਕੀਆਂ ਨਾਲ ਛੇੜਖਾਨੀ ਕਰਨ ਵਾਲਿਆਂ ਵਿਰੁੱਧ ਕਾਰਵਾਈ ਕਰਨੀ ਪੁਲਿਸ ਦੀ ਇਕ ਆਮ ਜ਼ਿੰਮੇਵਾਰੀ ਹੈ।

# ਸੀਰੀਆ 'ਚ ਹੋਇਆ ਮਨੁੱਖਤਾ ਦਾ ਘਾਣ

**ਬੈਰੂਤ:** ਸੀਰੀਆ ਦੇ ਇੰਦਲੀਬ ਸੂਬੇ ਦੇ ਖਾਨ ਸ਼ੇਖੂਨ ਕਸਬੇ ਉਤੇ ਰਸਾਇਣਕ ਹਮਲੇ ਨੇ ਦੁਨੀਆਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਇਸ ਹਮਲੇ ਵਿਚ ਤਕਰੀਬਨ 100 ਲੋਕਾਂ ਦੀ ਮੌਤ ਹੋ ਗਈ ਤੇ 200 ਤੋਂ ਵੱਧ ਸਖਤ ਬਿਮਾਰ ਹਨ। ਹਮਲੇ ਤੋਂ ਬਾਅਦ ਮ੍ਰਿਤਕ ਬੱਚਿਆਂ ਦੀਆਂ ਖੌਫ਼ਨਾਕ ਤਸਵੀਰਾਂ ਅਤੇ ਜ਼ਖ਼ਮੀ ਬੱਚਿਆਂ ਨੂੰ ਬਚਾਉਣ ਲਈ ਮਾਪਿਆਂ ਵੱਲੋਂ ਕੀਤੀਆਂ ਜਾ ਰਹੀਆਂ ਸਿਰਤੋੜ ਕੋਸ਼ਿਸ਼ਾਂ ਦੇ ਦਰਦਨਾਕ ਵੀਡੀਓਜ਼ ਮਨੁੱਖਤਾ ਦੇ ਘਾਣ ਦੀਆਂ ਵੱਡੀਆਂ ਉਦਾਹਰਨਾਂ ਹਨ। ਮਨੁੱਖੀ ਅਧਿਕਾਰਾਂ ਬਾਰੇ ਸੀਰੀਅਨ ਨਿਗਰਾਨ ਮੁਤਾਬਕ ਹਮਲੇ ਕਾਰਨ ਕਈ ਲੋਕਾਂ ਦਾ ਦਮ ਘੁਟਣ ਲੱਗਾ ਜਾਂ ਬੇਹੋਸ਼ ਹੋ ਗਏ ਅਤੇ ਕੁਝ ਦੇ ਮੂੰਹ ਵਿਚੋਂ ਝੱਗ ਨਿਕਲਣ ਲੱਗੀ। ਇਸ ਤੋਂ ਬਾਅਦ ਸ਼ਹਿਰ ਖਾਨ ਸ਼ੇਖੂਨ ਉਤੇ ਹਵਾਈ ਹਮਲੇ ਵਿਚ ਸੈਂਕੜੇ ਲੋਕ ਜ਼ਖ਼ਮੀ ਹੋਏ ਹਨ। ਰਸਾਇਣਕ ਹਥਿਆਰਾਂ ਦੀ ਵਰਤੋਂ ਉਤੇ ਸੰਯੁਕਤ ਰਾਸ਼ਟਰ ਵੱਲੋਂ ਦੁਨੀਆਂ ਭਰ ਵਿਚ ਪਾਬੰਦੀ ਹੈ, ਪਰ ਸੀਰੀਆ ਵਿਚ ਚੱਲ ਰਹੀ ਖਾਨਾਜੰਗੀ ਦੌਰਾਨ ਇਨ੍ਹਾਂ ਦੀ ਵਰਤੋਂ ਲਗਾਤਾਰ ਕੀਤੀ ਜਾ ਰਹੀ ਹੈ।

ਹਮਲੇ ਪਿੱਛੋਂ ਸੀਰੀਆ ਦੀ ਖਾਨਾਜੰਗੀ ਬੰਦ ਕਰਵਾਉਣ ਤੇ ਰਸਾਇਣਕ ਹਥਿਆਰਾਂ ਦੇ ਵਰਤੋਂਕਾਰਾਂ ਵਿਰੁੱਧ ਮਿਸਾਲੀ ਕਾਰਵਾਈ ਕਰਨ ਦੀ ਮੰਗ ਦੁਨੀਆਂ ਭਰ ਵਿਚ ਉਠੀ ਹੈ। ਪਿਛਲੇ ਛੇ ਸਾਲਾਂ ਦੌਰਾਨ ਸੀਰੀਆਈ ਲੋਕ ਇਸ ਤਰ੍ਹਾਂ ਦੇ ਦਰਦਨਾਕ ਮੰਜ਼ਰਾਂ ਦਾ ਲਗਾਤਾਰ ਸਾਹਮਣਾ ਕਰ ਰਹੇ ਹਨ। ਇੰਦਲੀਬ ਸੂਬੇ ਉਤੇ ਅਸਦ ਸਰਕਾਰ-ਵਿਰੋਧੀ ਬਾਗੀਆਂ ਦਾ ਕਬਜ਼ਾ ਹੈ। ਖਾਨ ਸ਼ੇਖੂਨ ਬਾਗੀਆਂ ਦਾ ਗੜ੍ਹ ਹੈ। ਇਸੇ ਲਈ ਉਥੇ ਬੰਬਾਂ ਰਾਹੀਂ ਅਤਿਅੰਤ ਜ਼ਹਿਰੀਲੀ



ਕੀਮੀਆਈ ਗੈਸ ਛੱਡੇ ਜਾਣ ਦਾ ਸ਼ੱਕ ਸੀਰੀਆ ਸਰਕਾਰ ਉਤੇ ਹੈ। ਸਰਕਾਰ ਤੇ ਉਸ ਦੇ ਹਮਾਇਤੀ ਰੂਸ ਨੇ ਇਸ ਸ਼ੱਕ ਨੂੰ ਬੇਬੁਨਿਆਦ ਦੱਸਦਿਆਂ ਦਾਅਵਾ ਕੀਤਾ ਹੈ ਕਿ ਸੀਰੀਆਈ ਤੇ ਰੂਸੀ ਜੈੱਟਾਂ ਵੱਲੋਂ ਕੀਤੀ ਗਈ ਬੰਬਾਰੀ ਕਾਰਨ ਬਾਗੀਆਂ ਦੇ ਰਸਾਇਣਕ ਹਥਿਆਰਾਂ ਦੇ ਜ਼ਖ਼ੀਰੇ ਨੂੰ ਨੁਕਸਾਨ ਪੁੱਜਾ ਅਤੇ ਉਸ ਕਰ ਕੇ ਜ਼ਹਿਰੀਲੀ ਗੈਸ ਫੈਲੀ। ਤਬਾਹੀ ਦੇ ਮੰਜ਼ਰ ਨੇ ਦੁਨੀਆਂ ਨੂੰ ਜਜ਼ਬਾਤੀ ਤੌਰ 'ਤੇ ਹਲੂਣਿਆ ਹੈ। ਦਰਅਸਲ, ਸੀਰੀਆ ਦੀ ਛੇ ਸਾਲਾਂ ਦੀ ਖਾਨਾਜੰਗੀ ਦੌਰਾਨ ਪੰਜ ਲੱਖ ਤੋਂ ਵੱਧ ਲੋਕਾਂ ਦੇ ਮਾਰੇ ਜਾਣ ਅਤੇ 1.15 ਕਰੋੜ ਹੋਰ ਦੇ ਉਜਾੜੇ ਦੇ ਅੰਕੜੇ ਸਾਹਮਣੇ ਆਏ ਹਨ। ਰਾਜਧਾਨੀ ਦਮਸ਼ਕ ਦੇ ਬਾਹਰਵਾਰ ਪੈਂਦੇ ਕਸਬੇ ਗੂਟਾ ਵਿਚ 2013 ਵਾਲੇ ਹਮਲੇ ਮਗਰੋਂ ਅਮਰੀਕਾ ਤੇ ਰੂਸ ਦਰਮਿਆਨ ਸੀਰੀਆ ਵਿਚੋਂ ਸਾਰੇ ਰਸਾਇਣਕ ਹਥਿਆਰ ਹਟਾਉਣ ਸਬੰਧੀ ਸਮਝੌਤਾ ਹੋਇਆ ਸੀ। ਇਸੇ ਸਮਝੌਤੇ ਤਹਿਤ 1300 ਟਨ ਰਸਾਇਣਕ ਸਮੱਗਰੀ ਸੀਰੀਆ ਵਿਚੋਂ ਬਾਹਰ ਲਿਜਾ ਕੇ ਨਸ਼ਟ ਕੀਤੀ ਗਈ। ਇਸ ਦੇ ਬਾਵਜੂਦ ਹੁਣ ਫਿਰ ਰਸਾਇਣਕ ਹਥਿਆਰਾਂ ਦੇ ਜ਼ਖ਼ੀਰੇ ਸਾਹਮਣੇ ਆਉਣੇ ਚਿੰਤਾ ਦਾ ਵਿਸ਼ਾ ਹੈ।

**ਰੂਸ ਨੇ ਸੀਰੀਆ ਦਾ ਪੱਖ ਪੂਰਿਆ**: ਰਸਾਇਣਕ ਹਮਲੇ ਬਾਰੇ ਕੌਮਾਂਤਰੀ ਪੱਧਰ ਉਤੇ ਆਲੋਚਨਾ ਦਾ ਸਾਹਮਣਾ ਕਰ ਰਹੇ ਸੀਰੀਆ ਦਾ ਬਚਾਅ ਕਰਦਿਆਂ ਰੂਸ ਨੇ ਕਿਹਾ ਕਿ ਇਸ ਹਵਾਈ ਹਮਲੇ ਦੌਰਾਨ 'ਅਤਿਵਾਦੀਆਂ ਦਾ ਮਾਲਖਾਨਾ' ਨਿਸ਼ਾਨਾ ਬਣਿਆ ਸੀ। ਅਮਰੀਕਾ ਤੇ ਬਰਤਾਨੀਆ ਨੇ ਇਸ ਹਮਲੇ ਲਈ ਰਾਸ਼ਟਰਪਤੀ ਬਸ਼ਰ ਅਲ-ਅਸਦ ਦੀ ਸਰਕਾਰ ਉਤੇ ਉਂਗਲ ਚੁੱਕੀ ਹੈ, ਜਦੋਂ ਕਿ ਸਰਕਾਰ ਨੇ ਕਿਸੇ ਵੀ ਤਰ੍ਹਾਂ ਦੇ ਰਸਾਇਣਕ ਹਥਿਆਰਾਂ ਦੀ ਵਰਤੋਂ ਤੋਂ ਇਨਕਾਰ ਕੀਤਾ ਹੈ।

## ਅਬਦੁਲ ਯੂਸਫ ਦਾ ਦਰਦ...

**ਬੈਰੂਤ:** ਬੱਚਿਆਂ ਨੂੰ ਪਿਆਰ ਨਾਲ ਗੋਦੀ ਚੁੱਕਣਾ ਸਾਰੇ ਮਾਪਿਆਂ ਲਈ ਸਕੂਨ ਵਾਲੀ ਗੱਲ ਹੈ, ਪਰ ਆਪਣੇ ਮਰੇ ਹੋਏ ਬੱਚਿਆਂ ਦੇ ਮ੍ਰਿਤਕ ਸਰੀਰਾਂ ਨੂੰ ਚੁੱਕਣਾ ਤੇ ਫਿਰ ਜ਼ਮੀਨ 'ਚ ਦਫਨ ਕਰਨਾ, ਕਿੰਨਾ ਮੁਸ਼ਕਲ ਹੈ। ਇਹ ਤਾਂ ਉਹ ਮਾਪੇ ਹੀ ਜਾਣ ਸਕਦੇ ਹਨ ਜਿਨ੍ਹਾਂ ਉਤੇ ਅਜਿਹਾ ਦੁੱਖ ਭਰਿਆ ਭਾਣਾ ਵਾਪਰਦਾ ਹੈ। ਅਬਦੁਲ ਯੂਸਫ ਨੇ ਜਦੋਂ ਆਪਣੇ 9 ਮਹੀਨੇ ਦੇ ਜੁੜਵਾ ਮ੍ਰਿਤਕ ਬੱਚਿਆਂ ਨੂੰ ਦੋਵਾਂ ਬਾਂਹਾਂ 'ਚ ਲੈ ਕੇ ਸੀਨੇ ਨਾਲ ਲਾਇਆ ਸੀ, ਉਸ ਸਮੇਂ ਦੁਨੀਆਂ ਦੀ ਕੋਈ ਵੀ ਤਾਕਤ ਯੂਸਫ ਨੂੰ ਰਾਹਤ ਨਹੀਂ ਦੇ ਸਕਦੀ ਸੀ। ਰਸਾਇਣਕ ਹਮਲੇ 'ਚ ਉਸ ਦੇ ਪਰਵਾਰ ਦੇ 22 ਮੈਂਬਰ ਮਾਰੇ ਗਏ। ਯੂਸਫ ਨੇ ਉਨ੍ਹਾਂ ਸਾਰਿਆਂ ਨੂੰ ਇਕ ਵੱਡੀ ਕਬਰ 'ਚ ਇਕੱਠਿਆਂ ਹੀ ਦਫਨ ਕਰ ਦਿੱਤਾ। ਇਸ ਹਮਲੇ 'ਚ ਸਾਰਿਨ ਨਾਮਕ ਰੰਗ-ਰਹਿਤ ਮਾਰੂ ਰਸਾਇਣਕ ਗੈਸ ਦੀ ਵਰਤੋਂ ਕੀਤੀ ਗਈ, ਜੋ ਕਿ ਨਾੜੀ ਤੰਤਰ ਉਪਰ ਅਜਿਹਾ ਹਮਲਾ ਕਰਦੀ ਹੈ ਕਿ ਕੁਝ ਸਮੇਂ 'ਚ ਹੀ ਇਨਸਾਨ ਦੀ ਮੌਤ ਹੋ ਜਾਂਦੀ ਹੈ।



## ਰੂਸ ਤੇ ਅਮਰੀਕਾ ਹੋਏ ਆਹਮੋ-ਸਾਹਮਣੇ

**ਫਲੋਰੀਡਾ:** ਰਸਾਇਣਕ ਹਮਲੇ ਤੋਂ ਬਾਅਦ ਅਮਰੀਕਾ ਨੇ ਸੀਰੀਆ ਉਤੇ ਦਬਾਅ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਇਸ ਸਬੰਧੀ ਡੋਨਲਡ ਟਰੰਪ ਪ੍ਰਸ਼ਾਸਨ ਨੇ ਸੀਰੀਆ ਉਤੇ ਪਾਬੰਦੀਆਂ ਲਾ ਦਿੱਤੀਆਂ ਹਨ। ਪੈਂਟਾਗਨ ਨੇ ਇਸ ਗੱਲ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਕਿ ਕੈਮੀਕਲ ਹਮਲੇ 'ਚ ਰੂਸ ਦਾ ਹੱਥ ਸੀ ਜਾਂ ਨਹੀਂ। ਦੱਸ ਦੇਈਏ ਕਿ ਅਮਰੀਕਾ ਨੇ ਸੱਤ ਅਪਰੈਲ ਨੂੰ ਮੈਡੇਟੇਰਨੀਅਨ ਸਮੁੰਦਰ ਵਿਚੋਂ 59 ਟਾਮਹਾਕ ਮਿਜ਼ਾਈਲਾਂ ਦਾਗੀਆਂ ਸਨ।



# ਬੇਮੌਸਮੇ ਮੀਂਹ ਨੇ ਡੋਬੇ ਪੰਜਾਬ ਦੇ ਕਿਸਾਨ



**ਚੰਡੀਗੜ੍ਹ:** ਪੰਜਾਬ ਵਿਚ ਮੀਂਹ ਤੇ ਗੜਿਆਂ ਕਾਰਨ ਤੀਹ ਹਜ਼ਾਰ ਏਕੜ ਤੋਂ ਵੱਧ ਫਸਲ ਨੁਕਸਾਨੀ ਗਈ ਹੈ। ਹਨੇਰੀ ਨਾਲ ਪੱਕੀ ਕਣਕ ਡਿੱਗ ਪਈ ਹੈ। ਸਭ ਤੋਂ ਵੱਧ ਨੁਕਸਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਜ਼ਿਲ੍ਹੇ ਪਟਿਆਲਾ 'ਚ ਹੋਇਆ ਹੈ, ਜਿਸ ਵਿਚ ਅਠਾਰਾਂ ਹਜ਼ਾਰ ਏਕੜ ਫਸਲ ਦਾ 25 ਤੋਂ 75 ਫੀਸਦੀ ਨੁਕਸਾਨ ਹੋਇਆ ਦੱਸਿਆ ਜਾਂਦਾ ਹੈ। ਖੇਤੀਬਾੜੀ ਵਿਭਾਗ ਨੇ ਮੁਢਲੀ ਅਨੁਮਾਨ ਰਿਪੋਰਟ ਪੰਜਾਬ ਸਰਕਾਰ ਨੂੰ ਸੌਂਪ ਦਿੱਤੀ ਹੈ।

ਪੰਜਾਬ ਦੇ ਖੇਤੀਬਾੜੀ ਵਿਭਾਗ ਨੇ ਰਿਪੋਰਟ ਜ਼ਿਲ੍ਹਾ ਖੇਤੀਬਾੜੀ ਅਫਸਰਾਂ ਵੱਲੋਂ ਮੌਕੇ 'ਤੇ ਜਾ ਕੇ ਲਏ ਜਾਇਜ਼ੇ ਨੂੰ ਆਧਾਰ ਬਣਾ ਕੇ ਤਿਆਰ ਕੀਤੀ ਹੈ। ਮੁਢਲੇ ਅਨੁਮਾਨ ਮੁਤਾਬਕ ਪਟਿਆਲਾ ਜ਼ਿਲ੍ਹੇ ਵਿਚ ਮੀਂਹ ਤੇ ਗੜਿਆਂ ਨਾਲ ਅਠਾਰਾਂ ਹਜ਼ਾਰ ਏਕੜ ਫਸਲ ਦਾ 25 ਤੋਂ 75 ਫੀਸਦੀ ਨੁਕਸਾਨ ਹੋਇਆ ਹੈ। ਸੰਗਰੂਰ ਵਿਚ ਢਾਈ ਹਜ਼ਾਰ ਏਕੜ ਫਸਲ ਨੂੰ ਨੁਕਸਾਨ ਪੁੱਜਾ ਹੈ। ਸੰਗਰੂਰ ਵਿਚ ਨੁਕਸਾਨ 15 ਤੋਂ 25 ਫੀਸਦੀ ਦੱਸਿਆ ਗਿਆ ਹੈ। ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਜ਼ਿਲ੍ਹੇ ਮੁਕਤਸਰ ਵਿਚ ਸਾਢੇ ਅੱਠ ਸੌ ਏਕੜ ਫਸਲ ਨੂੰ 15 ਤੋਂ 20 ਪ੍ਰਤੀਸ਼ਤ ਨੁਕਸਾਨ ਹੋਇਆ ਹੈ। ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿਚ ਦੋ ਹਜ਼ਾਰ ਏਕੜ ਕਣਕ 10 ਤੋਂ 15 ਫੀਸਦੀ ਤੱਕ ਨੁਕਸਾਨੀ ਗਈ ਹੈ। ਕਈ ਨੀਵੇਂ ਥਾਵਾਂ 'ਤੇ ਪਾਣੀ ਖੜ੍ਹ ਗਿਆ ਹੈ। ਫਾਜ਼ਿਲਕਾ ਵਿਚ ਸਾਢੇ ਚਾਰ ਸੌ ਏਕੜ ਵਿਚ ਗੜੇਮਾਰੀ ਹੋਈ ਹੈ ਅਤੇ ਕਣਕ ਦੀ ਫਸਲ ਨੂੰ 10 ਤੋਂ 20 ਫੀਸਦੀ ਤੱਕ ਨੁਕਸਾਨ ਪੁੱਜਾ ਹੈ।

ਲੁਧਿਆਣਾ, ਫਰੀਦਕੋਟ, ਅੰਮ੍ਰਿਤਸਰ ਤੇ ਫਿਰੋਜ਼ਪੁਰ ਵਿਚ ਵੀ ਗੜਿਆਂ ਤੇ ਹਨੇਰੀ ਨਾਲ ਫਸਲ ਵਿੱਛ ਗਈ ਹੈ, ਪਰ ਇਸ ਨੂੰ ਹਲ ਦੀ ਘੜੀ ਨੁਕਸਾਨ ਵਾਲੇ ਏਰੀਏ ਵਿਚ ਨਹੀਂ ਜੋੜਿਆ ਗਿਆ। ਵਿਭਾਗ ਨੇ ਫਸਲ ਦੇ ਮੁੜ ਖੜ੍ਹੀ ਹੋਣ ਦੀ ਸੰਭਾਵਨਾ ਦੱਸੀ ਹੈ। ਸਰ੍ਹੋਂ ਦੀ ਫਸਲ ਤਾਂ 70 ਫੀਸਦੀ ਤੋਂ ਵੱਧ ਖਰਾਬ ਹੋ ਗਈ ਹੈ ਤੇ ਕੱਟੀ ਹੋਈ ਫਸਲ ਦੇ ਦਾਣੇ ਕਿਰ ਗਏ ਹਨ। ਪੰਜਾਬ ਵਿਚ ਦੋ ਦਿਨਾਂ ਦੌਰਾਨ ਔਸਤਨ 6.5 ਮਿਲੀਮੀਟਰ ਮੀਂਹ ਰਿਕਾਰਡ ਕੀਤਾ ਗਿਆ ਹੈ। ਸਭ ਤੋਂ ਵੱਧ ਮੀਂਹ ਫਰੀਦਕੋਟ ਵਿਚ 22.8 ਐਮ.ਐਮ. ਪਿਆ ਹੈ। ਉਸ ਤੋਂ ਘੱਟ ਪਟਿਆਲਾ ਵਿਚ 21.2 ਐਮ.ਐਮ. ਮੀਂਹ ਪਿਆ ਹੈ। ਪਠਾਨਕੋਟ ਵਿਚ 17 ਐਮ.ਐਮ. ਬਾਰਸ਼ ਹੋਈ ਹੈ।

### ਕੈਪਟਨ ਵੱਲੋਂ ਵਿਸ਼ੇਸ਼ ਗਿਰਦਾਵਰੀ ਦੇ ਹੁਕਮ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬਾ ਭਰ ਵਿਚ ਬੇਮੌਸਮੇ ਮੀਂਹ ਅਤੇ ਗੜੇਮਾਰੀ ਨਾਲ ਕਣਕ ਦੀ ਫਸਲ ਨੂੰ ਹੋਏ ਨੁਕਸਾਨ ਦਾ ਅਨੁਮਾਨ ਲਾਉਣ ਲਈ ਵਿਸ਼ੇਸ਼ ਗਿਰਦਾਵਰੀ ਕਰਨ ਦੇ ਹੁਕਮ ਦਿੱਤੇ ਹਨ। ਮੁੱਖ ਮੰਤਰੀ ਨੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਹਦਾਇਤ ਕੀਤੀ ਹੈ ਕਿ ਕਿਸਾਨਾਂ ਨੂੰ ਹੋਏ ਨੁਕਸਾਨ ਦੀ ਜਾਣਕਾਰੀ ਫੌਰੀ ਤੌਰ 'ਤੇ ਇਕੱਤਰ ਕੀਤੀ ਜਾਵੇ ਤਾਂ ਜੋ ਕਿਸਾਨਾਂ ਨੂੰ ਸਮੇਂ ਸਿਰ ਢੁਕਵਾਂ ਮੁਆਵਜ਼ਾ ਦੇਣਾ ਯਕੀਨੀ ਬਣਾਇਆ ਜਾ ਸਕੇ।

### ਨਾੜ ਸਾੜਨ ਵਾਲੇ ਕਿਸਾਨਾਂ 'ਤੇ ਉਪਗ੍ਰਹਿ ਰਾਹੀਂ ਨਜ਼ਰ

**ਜਲੰਧਰ:** ਵੱਧ ਰਹੇ ਪ੍ਰਦੂਸ਼ਣ ਤੇ ਧਰਤੀ ਦੀ ਉਪਜਾਊ ਸ਼ਕਤੀ 'ਤੇ ਪੈਂਦੇ ਅਸਰ ਨੂੰ ਰੋਕਣ ਲਈ ਨੈਸ਼ਨਲ ਗਰੀਨ ਟ੍ਰਿਬਿਊਨਲ ਇਸ ਵਾਰ ਕਾਫੀ ਸਖਤ ਦਿਖਾਈ ਦੇ ਰਿਹਾ ਹੈ। ਪਹਿਲੀ ਵਾਰ ਨਾੜ ਨੂੰ ਅੱਗ ਲਾਉਣ ਵਾਲੇ ਕਿਸਾਨਾਂ 'ਤੇ ਨਜ਼ਰ ਰੱਖਣ ਲਈ ਉਪਗ੍ਰਹਿ ਦੀ ਵਰਤੋਂ ਕੀਤੀ ਜਾਵੇਗੀ ਜਿਸ ਸਬੰਧੀ ਪੰਜਾਬ ਪ੍ਰਦੂਸ਼ਣ ਕੰਟਰੋਲ ਵੱਲੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ.) ਦੇ ਰਿਮੋਟ ਸੈਂਸਿੰਗ ਸੈੱਲ ਦੀਆਂ ਸੇਵਾਵਾਂ ਲਈਆਂ ਜਾ ਰਹੀਆਂ ਹਨ। ਇਸ ਸੈੱਲ ਵੱਲੋਂ ਉਪਗ੍ਰਹਿ ਰਾਹੀਂ ਪੰਜਾਬ 'ਚ ਕਿਤੇ ਵੀ ਅੱਗ ਲਾਉਣ ਵਾਲੇ ਕਿਸਾਨ ਬਾਰੇ ਜਾਣਕਾਰੀ ਹਾਸਲ ਕਰ ਕੇ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਦਿੱਤੀ ਜਾਵੇਗੀ ਤੇ ਅੱਗੇ ਬੋਰਡ ਵੱਲੋਂ ਸਬੰਧਤ ਕਿਸਾਨ ਖਿਲਾਫ ਕਾਰਵਾਈ ਕੀਤੀ ਜਾਵੇਗੀ।

### ਵੀਹ ਹਜ਼ਾਰ ਪ੍ਰਤੀ ਏਕੜ ਮੁਆਵਜ਼ਾ ਮਿਲੇ: ਫੂਲਕਾ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਹਰਵਿੰਦਰ ਸਿੰਘ ਫੂਲਕਾ ਨੇ ਗੜਿਆਂ ਤੇ ਮੀਂਹ ਨਾਲ ਤਬਾਹ ਹੋਈਆਂ ਫਸਲਾਂ ਦਾ 20 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੂੰ ਮੁਆਵਜ਼ਾ ਦੇਣ ਦੀ ਨੀਤੀ ਦਿੱਲੀ ਦੀ ਕੇਜਰੀਵਾਲ ਸਰਕਾਰ ਵਰਗੀ ਹੋਣੀ ਚਾਹੀਦੀ ਹੈ।

# ਸੁਪਰੀਮ ਕੋਰਟ ਵਿਚ ਕਾਨਪੁਰ ਸਿੱਖ ਕਤਲੇਆਮ ਪਟੀਸ਼ਨ ਬਾਰੇ ਸੁਣਵਾਈ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 1984 ਸਿੱਖ ਕਤਲੇਆਮ ਦੌਰਾਨ ਕਾਨਪੁਰ ਵਿਚ ਮਾਰੇ ਗਏ 127 ਸਿੱਖਾਂ ਦੇ ਪਰਿਵਾਰਾਂ ਨੂੰ ਇਨਸਾਫ ਦਿਵਾਉਣ ਲਈ ਵਿਸ਼ੇਸ਼ ਜਾਂਚ ਟੀਮ (ਸਿੱਟ) ਦੇ ਗਠਨ ਬਾਰੇ ਦਾਖਲ ਕੀਤੀ ਜਨਹਿਤ ਪਟੀਸ਼ਨ 'ਤੇ ਸੁਪਰੀਮ ਕੋਰਟ ਨੇ ਸੁਣਵਾਈ ਕੀਤੀ। ਜਸਟਿਸ ਦੀਪਕ ਮਿਸ਼ਰਾ ਤੇ ਜਸਟਿਸ ਏ.ਐਮ. ਖਾਨਵਿਲਕਰ ਦੀ ਬੈਂਚ ਨੇ ਸੁਪਰੀਮ ਕੋਰਟ ਵਿਚ 'ਸਿੱਟ' ਨਾਲ ਸਬੰਧਤ ਚੱਲ ਰਹੇ ਇਕ ਹੋਰ ਮਾਮਲੇ ਦੇ ਨਾਲ ਹੀ ਦਿੱਲੀ ਕਮੇਟੀ ਦੀ ਇਸ ਪਟੀਸ਼ਨ ਉਤੇ ਵੀ ਸੁਣਵਾਈ ਦਾ ਆਦੇਸ਼ ਦਿੱਤਾ ਹੈ।



ਕਮੇਟੀ ਦੇ ਕਾਨੂੰਨੀ ਵਿਭਾਗ ਦੇ ਮੁਖੀ ਜਸਵਿੰਦਰ ਸਿੰਘ ਜੌਲੀ ਨੇ ਦੱਸਿਆ ਕਿ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਯੂ.ਪੀ. ਸਰਕਾਰ ਤੇ ਪੁਲਿਸ ਦੀ ਢਿੱਲੀ ਕਾਰਗੁਜ਼ਾਰੀ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਅਦਾਲਤ ਨੂੰ ਇਸ ਮਾਮਲੇ ਦੀ 'ਸਿੱਟ' ਜਾਂ ਸੀ.ਬੀ.ਆਈ. ਤੋਂ ਜਾਂਚ ਕਰਾਉਣ ਲਈ ਬੇਨਤੀ ਕੀਤੀ ਗਈ ਹੈ ਕਿਉਂਕਿ ਪਿਛਲੇ 32 ਸਾਲਾਂ ਦੌਰਾਨ ਯੂ.ਪੀ. ਪੁਲਿਸ ਨੇ ਦਰਜ ਐਫ.ਆਈ.ਆਰਜ਼. ਉਤੇ ਸਬੂਤ ਲੱਭਣ ਦੀ ਬਜਾਏ ਮਾਮਲੇ ਬੰਦ ਕਰਾਉਣ 'ਚ ਜ਼ਿਆਦਾ ਦਿਲਚਸਪੀ ਦਿਖਾਈ ਸੀ। ਸਿੱਖ ਕਤਲੇਆਮ ਉਤੇ ਬਣਾਏ ਗਏ ਰੰਗਨਾਥ ਮਿਸ਼ਰਾ ਅਤੇ ਨਾਨਾਵਤੀ ਕਮਿਸ਼ਨ ਵੱਲੋਂ ਵੀ ਕਾਨਪੁਰ ਕਤਲੇਆਮ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਬਣਾਉਣ ਦੀ ਸਿਫਾਰਸ਼ ਕੀਤੀ ਗਈ ਸੀ।

# ਕਬੱਡੀ ਕੱਪ ਘਪਲੇ ਦੀ ਪੜਤਾਲ ਦੀ ਮੰਗ ਨੇ ਫੜਿਆ ਜ਼ੋਰ

**ਬਠਿੰਡਾ:** ਪੰਜਾਬ ਸਰਕਾਰ ਵੱਲੋਂ 2011 ਵਿਚ ਕਰਵਾਏ ਵਿਸ਼ਵ ਕਬੱਡੀ ਕੱਪ ਵਿਚ ਹੋਇਆ ਘਪਲਾ ਭਾਵੇਂ ਕੈਗ ਦੀ ਰਿਪੋਰਟ ਨੇ ਹੁਣ ਉਭਾਰਿਆ ਹੈ, ਪਰ ਪਿੰਡ ਮਹਿਰਾਜ ਦੇ ਮਿਨੀ ਬੱਸ ਮਾਲਕ ਨੇ ਤਿੰਨ ਵਰ੍ਹੇ ਪਹਿਲਾਂ ਇਸ ਘਪਲੇ ਬਾਰੇ ਦੱਸਿਆ ਸੀ।



ਉਦੋਂ ਗੱਠਜੋੜ ਸਰਕਾਰ ਨੇ ਕਾਰਵਾਈ ਤੋਂ ਟਾਲਾ ਵੱਟੀ ਰੱਖਿਆ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪੁਰਖਿਆਂ ਦੇ ਪਿੰਡ ਮਹਿਰਾਜ ਦੇ ਮਿਨੀ ਬੱਸ ਮਾਲਕ ਹਰਮੀਤ ਸਿੰਘ ਮਹਿਰਾਜ ਨੇ ਪੰਜਾਬ ਸਰਕਾਰ ਨੂੰ ਸਬੂਤਾਂ ਸਮੇਤ ਸ਼ਿਕਾਇਤਾਂ ਵੀ ਭੇਜੀਆਂ, ਪਰ ਸਰਕਾਰ ਨੇ ਮਾਮਲੇ ਨੂੰ ਠੰਢੇ ਬਸਤੇ ਵਿਚ ਪਾਈ ਰੱਖਿਆ। ਹੁਣ ਹਰਮੀਤ ਸਿੰਘ ਨੇ ਨਵੇਂ ਮੁੱਖ ਮੰਤਰੀ ਨੂੰ ਘਪਲੇ ਦੀ ਜਾਂਚ ਲਈ ਪੱਤਰ ਲਿਖਿਆ ਹੈ। ਦੱਸਣਯੋਗ ਹੈ ਕਿ ਦੂਜੇ ਵਿਸ਼ਵ ਕਬੱਡੀ ਕੱਪ ਦੇ ਇਕ ਨਵੰਬਰ 2011 ਨੂੰ ਬਠਿੰਡਾ ਵਿਚ ਹੋਏ ਉਦਘਾਟਨੀ ਸਮਾਗਮਾਂ ਅਤੇ 18 ਨਵੰਬਰ 2011 ਨੂੰ ਹੋਏ ਸੈਮੀਫਾਈਨਲ ਮੈਚਾਂ ਖਾਤਰ ਪਿੰਡਾਂ 'ਚੋਂ ਲੋਕਾਂ ਨੂੰ ਬੱਸਾਂ ਵਿਚ ਲਿਆਂਦਾ ਗਿਆ ਸੀ। ਘਪਲਾ ਇਹ ਹੋਇਆ ਕਿ ਖੇਡ ਵਿਭਾਗ ਵੱਲੋਂ ਬਠਿੰਡਾ ਖਿੱਤੇ ਦੇ ਬੱਸ ਮਾਲਕਾਂ ਨੂੰ ਜਿਨ੍ਹਾਂ ਬੱਸਾਂ ਦੀ ਅਦਾਇਗੀ ਕੀਤੀ ਗਈ ਹੈ, ਉਹ ਅਸਲ ਵਿਚ ਬੱਸਾਂ ਨਹੀਂ ਸਨ ਬਲਕਿ ਸਕੂਟਰ ਅਤੇ ਮੋਟਰਸਾਈਕਲ ਸਨ।

# ਸੀ.ਬੀ.ਆਈ. ਵੱਲੋਂ ਭੁਪਿੰਦਰ ਹੁੱਡਾ ਵਿਰੁਧ ਕੇਸ ਦਰਜ

**ਚੰਡੀਗੜ੍ਹ:** ਸੀ.ਬੀ.ਆਈ. ਨੇ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਖਿਲਾਫ਼ ਨੇਮਾਂ ਦੀ ਉਲੰਘਣਾ ਕਰ ਕੇ ਜ਼ਮੀਨ ਅਲਾਟ ਕੀਤੇ ਜਾਣ ਦੇ ਮਾਮਲੇ 'ਚ ਕੇਸ ਦਰਜ ਕੀਤਾ ਹੈ। ਹੁੱਡਾ ਖਿਲਾਫ਼ ਦਰਜ ਐਫ.ਆਈ.ਆਰ. ਮੁਤਾਬਕ ਏ.ਜੇ.ਐਲ. ਨੂੰ 1982 ਵਿਚ ਪੰਚਕੂਲਾ 'ਚ ਪਲਾਟ ਅਲਾਟ ਕੀਤਾ ਗਿਆ ਸੀ, ਪਰ ਜਦੋਂ ਦਸ ਸਾਲ ਦੇ ਵਕਫੇ ਬਾਅਦ ਵੀ ਇਸ 'ਤੇ ਕੋਈ ਉਸਾਰੀ ਨਾ ਹੋਈ ਤਾਂ ਹਰਿਆਣਾ ਸ਼ਹਿਰੀ ਵਿਕਾਸ ਅਥਾਰਿਟੀ (ਹੁੱਡਾ) ਨੇ ਪਲਾਟ ਦਾ ਕਬਜ਼ਾ ਵਾਪਸ ਲੈ ਲਿਆ। ਸ੍ਰੀ ਹੁੱਡਾ ਨੇ 2005 ਵਿਚ ਮੁੱਖ ਮੰਤਰੀ ਤੇ ਹੁੱਡਾ ਦੇ ਚੇਅਰਮੈਨ ਵਜੋਂ ਨੇਮਾਂ ਦੀ ਉਲੰਘਣਾ ਕਰਦਿਆਂ ਇਸੇ ਪਲਾਟ ਨੂੰ ਪੁਰਾਣੀ ਕੀਮਤ 'ਤੇ ਮੁੜ ਏ.ਜੇ.ਐਲ. ਨੂੰ ਅਲਾਟ ਕਰ ਦਿੱਤਾ। ਯਾਦ ਰਹੇ ਕਿ ਏ.ਜੇ.ਐਲ. 'ਤੇ ਗਾਂਧੀ ਪਰਿਵਾਰ ਸਮੇਤ ਹੋਰਨਾਂ ਸੀਨੀਅਰ ਕਾਂਗਰਸੀ ਆਗੂਆਂ ਦਾ ਕਬਜ਼ਾ ਹੈ ਤੇ ਇਸ ਵੱਲੋਂ 'ਨੈਸ਼ਨਲ ਹੈਰਲਡ' ਅਖਬਾਰ ਚਲਾਇਆ ਜਾਂਦਾ ਹੈ।

# ਅਫਸਰਸ਼ਾਹੀ ਹੀ ਛਕ ਗਈ ਗਰੀਬਾਂ ਦੀ ਆਟਾ-ਦਾਲ


**ਚੰਡੀਗੜ੍ਹ:** ਪੰਜਾਬ ਰਾਜ ਖੁਰਾਕ ਕਮਿਸ਼ਨ ਵੱਲੋਂ ਆਪਣੀ ਤਰ੍ਹਾਂ ਦੀ ਪਹਿਲੀ ਜਾਂਚ ਵਿਚ ਆਟਾ-ਦਾਲ ਸਕੀਮ ਅਧੀਨ ਸਬਸਿਡੀ ਵਾਲੀ ਕਣਕ ਦੀ ਵੰਡ ਵਿਚ ਚਾਰ ਕਰੋੜ ਰੁਪਏ ਦੇ ਘਪਲੇ ਦਾ ਪਰਦਾਫਾਸ਼ ਹੋਇਆ ਹੈ।



ਕਮਿਸ਼ਨ ਨੇ ਪਾਇਆ ਕਿ ਸਿਰਫ ਗਿਆਰਾਂ ਮਹੀਨਿਆਂ ਵਿਚ 18 ਹਜ਼ਾਰ ਕੁਇੰਟਲ ਕਣਕ ਦਾ ਘਪਲਾ ਹੋਇਆ। ਇਹ ਕਣਕ ਅੰਮ੍ਰਿਤਸਰ ਜ਼ਿਲ੍ਹੇ ਦੇ ਜੰਡਿਆਲਾ ਗੁਰੂ ਸ਼ਹਿਰ ਅਤੇ 61 ਪਿੰਡਾਂ ਦੇ ਛੋਟੇ ਜਿਹੇ ਇਲਾਕੇ ਲਈ ਸੀ।

ਅਧਿਕਾਰੀਆਂ ਨੇ ਕਿਹਾ ਕਿ ਵਾਰ-ਵਾਰ ਸ਼ਿਕਾਇਤਾਂ ਮਿਲਣ ਮਗਰੋਂ ਕਮਿਸ਼ਨ ਨੇ ਜੰਡਿਆਲਾ ਗੁਰੂ ਵਿਚ ਦਸੰਬਰ 2014 ਤੋਂ ਸਤੰਬਰ 2015 ਵਿਚ ਕਣਕ ਦੀ ਵੰਡ ਦੇ ਆਡਿਟ ਲਈ ਪਿਛਲੇ ਸਾਲ ਦਸੰਬਰ ਵਿਚ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਇੰਸਪੈਕਟਰਾਂ ਤੇ ਅਧਿਕਾਰੀਆਂ ਦੀ 17 ਮੈਂਬਰੀ ਟੀਮ ਤਾਇਨਾਤ ਕੀਤੀ ਸੀ। ਜਾਂਚ ਰਿਪੋਰਟ ਵਿਚ ਕਿਹਾ ਗਿਆ ਕਿ ਜਿਹੜੇ ਲਾਭਪਾਤਰੀਆਂ ਦੇ ਨੀਲੇ ਕਾਰਡ ਆਧਾਰ ਨੰਬਰ ਨਾਲ ਜੁੜੇ ਹੋਏ ਨਹੀਂ ਸਨ, ਉਨ੍ਹਾਂ ਨੂੰ ਅਸਲ ਵਿਚ ਕਣਕ ਵੰਡੀ ਹੀ ਨਹੀਂ ਗਈ, ਜਦੋਂ ਕਿ ਵਿਕਰੀ ਰਜਿਸਟਰਾਂ ਵਿਚ ਅਜਿਹੇ ਲਾਭਪਾਤਰੀਆਂ ਨੂੰ ਕਣਕ ਦੀ ਵੰਡ ਦਰਸਾਈ ਗਈ ਸੀ।

# ਹਰ ਅੱਠਵਾਂ ਪੰਜਾਬੀ ਡਿਪਰੈਸ਼ਨ ਦਾ ਸ਼ਿਕਾਰ



**ਚੰਡੀਗੜ੍ਹ:** ਚੰਡੀਗੜ੍ਹ ਦੇ ਗੌਰਮਿੰਟ ਮੈਡੀਕਲ ਕਾਲਜ ਅਤੇ ਹਸਪਤਾਲ ਸੈਕਟਰ 32 ਦੀ ਇਕ ਰਿਪੋਰਟ ਤੋਂ ਪੰਜਾਬ ਬਾਰੇ ਚਿੰਤਾਜਨਕ ਅੰਕੜੇ ਸਾਹਮਣੇ ਆਏ ਹਨ। ਕੈਂਸਰ ਅਤੇ ਨਸ਼ਿਆਂ ਤੋਂ ਬਾਅਦ ਪੰਜਾਬੀਆਂ ਨੂੰ ਘੋਰ ਉਦਾਸੀ (ਡਿਪਰੈਸ਼ਨ) ਨੇ ਘੇਰ ਲਿਆ ਹੈ। ਹਰ ਅੱਠਵਾਂ ਪੰਜਾਬੀ ਡਿਪਰੈਸ਼ਨ ਦਾ ਸ਼ਿਕਾਰ ਹੈ। ਡਿਪਰੈਸ਼ਨ ਤੋਂ ਪੀੜਤ 80 ਫੀਸਦੀ ਵਿਅਕਤੀਆਂ ਨੂੰ ਇਲਾਜ ਨਹੀਂ ਮਿਲ ਰਿਹਾ ਹੈ। ਇਲਾਜ ਨਾ ਹੋਣ ਕਰ ਕੇ ਖੁਦਕੁਸ਼ੀਆਂ ਵਧ ਰਹੀਆਂ ਹਨ। ਇਹ ਰਿਪੋਰਟ ਇਕ ਸਰਵੇ 'ਤੇ ਆਧਾਰਤ ਹੈ, ਜੋ ਅਗਸਤ 2016 ਵਿਚ ਕਰਾਇਆ ਗਿਆ ਸੀ।

ਰਿਪੋਰਟ ਵਿਚ ਤੱਥ ਸਾਹਮਣੇ ਆਏ ਹਨ ਕਿ ਪੰਜਾਬ ਵਿਚ ਸ਼ਹਿਰੀਆਂ ਨਾਲੋਂ ਪੇਂਡੂ ਲੋਕ ਡਿਪਰੈਸ਼ਨ ਦਾ ਵੱਧ ਸ਼ਿਕਾਰ ਹਨ। ਦੂਜਾ ਇਸ ਬਿਮਾਰੀ ਨੇ ਵੱਡੀ ਉਮਰ ਦੇ ਲੋਕਾਂ ਨੂੰ ਜ਼ਿਆਦਾ ਘੇਰਿਆ ਹੈ। ਵੱਡੀ ਉਮਰ ਦੇ ਲੋਕ ਬੱਚਿਆਂ ਦੇ ਨਸ਼ਿਆਂ ਵਿਚ ਫਸ ਜਾਣ ਕਾਰਨ ਚਿੰਤਤ ਰਹਿੰਦੇ ਹਨ, ਜਦੋਂਕਿ ਕਿਸਾਨ ਖੇਤੀ ਵਿਚ ਪੈ ਰਹੇ ਘਾਟੇ ਕਾਰਨ ਚਿੰਤਾ ਵਿਚ ਰਹਿੰਦੇ ਹਨ। ਰਿਪੋਰਟ ਮੁਤਾਬਕ ਪੰਜਾਬ ਵਿਚ ਅਠਾਰਾਂ ਸਾਲ ਤੋਂ ਵੱਧ ਉਮਰ ਦੇ 21.9 ਲੱਖ ਲੋਕ ਡਿਪਰੈਸ਼ਨ ਦਾ ਦੁੱਖ ਭੋਗ ਰਹੇ ਹਨ ਅਤੇ ਇਨ੍ਹਾਂ ਵਿਚੋਂ 4.38 ਲੱਖ ਭਾਵ ਸਿਰਫ ਵੀਹ ਫੀਸਦੀ ਨੂੰ ਹੀ ਇਲਾਜ ਮਿਲ ਰਿਹਾ ਹੈ। ਢਾਈ ਲੱਖ ਪਿੱਛੇ ਮਨੋਰੋਗ ਦਾ ਇਕ ਡਾਕਟਰ ਹੈ ਅਤੇ ਮੌਜੂਦਾ ਸਥਿਤੀ ਦੇ ਚਲਦਿਆਂ ਅਗਲੇ ਸਾਢੇ ਗਿਆਰਾਂ ਸਾਲਾਂ ਵਿਚ ਮਨੋਰੋਗ ਦੇ ਮਾਹਿਰ ਡਾਕਟਰਾਂ ਦੀ ਘਾਟ ਪੂਰੀ ਹੁੰਦੀ ਨਜ਼ਰ ਨਹੀਂ ਆ ਰਹੀ ਹੈ। ਸਰਵੇ ਵਿਚ ਪੰਜਾਬ ਦੇ ਚਾਰ ਜ਼ਿਲ੍ਹਿਆਂ ਫਰੀਦਕੋਟ, ਲੁਧਿਆਣਾ, ਮੋਗਾ ਤੇ ਪਟਿਆਲਾ ਨੂੰ ਸ਼ਾਮਲ ਕੀਤਾ ਗਿਆ ਹੈ। ਸਰਵੇ ਟੀਮ ਵਿਚ ਪੰਜਾਬ ਅਤੇ ਯੂ.ਟੀ. ਦੇ ਡਾਕਟਰਾਂ ਦੀ ਟੀਮ ਸ਼ਾਮਲ ਸੀ। ਸਰਵੇ ਵਿਚ ਸ਼ਾਮਲ ਕੀਤੇ ਲੋਕਾਂ ਵਿਚੋਂ 70 ਫੀਸਦੀ ਵਿਆਹੇ ਹੋਏ ਸਨ ਅਤੇ 80 ਫੀਸਦੀ ਨੇ ਦਸਵੀਂ ਤੱਕ ਪੜ੍ਹਾਈ ਕੀਤੀ ਹੋਈ ਸੀ। ਇਹ ਵੀ ਦੱਸਿਆ ਗਿਆ ਹੈ ਕਿ ਸਰਵੇ ਵਿਚ ਸ਼ਾਮਲ ਸੁਆਣੀਆਂ ਵਿਚੋਂ 70 ਫੀਸਦੀ ਘਰੇਲੂ ਸਨ, ਜਦੋਂਕਿ ਪੁਰਸ਼ਾਂ ਵਿਚੋਂ 30 ਫੀਸਦੀ ਕਿਸਾਨ ਜਾਂ ਜ਼ਿਮੀਂਦਾਰ ਸਨ।

ਗੌਰਮਿੰਟ ਮੈਡੀਕਲ ਕਾਲਜ ਤੇ ਹਸਪਤਾਲ ਚੰਡੀਗੜ੍ਹ ਦੇ ਮਨੋਰੋਗ ਵਿਭਾਗ ਦੇ ਡਾਕਟਰ ਬੀ.ਐਸ. ਚਵਾਨ ਅਤੇ ਗੌਰਮਿੰਟ ਮੈਡੀਕਲ ਕਾਲਜ ਪਟਿਆਲਾ ਦੇ ਡਾਕਟਰ ਰੋਹਿਤ ਗਰਗ ਦੀ ਅਗਵਾਈ ਹੇਠ ਇਹ ਸਰਵੇ ਕੀਤਾ ਗਿਆ ਤੇ ਇਨ੍ਹਾਂ ਡਾਕਟਰਾਂ ਨੇ ਸਰਕਾਰ ਨੂੰ ਕਈ ਸੁਝਾਅ ਵੀ ਦਿੱਤੇ ਹਨ। ਸੁਝਾਵਾਂ ਵਿਚ ਸਿਹਤ ਬਜਟ ਦਾ ਪੰਜ ਫੀਸਦੀ ਹਿੱਸਾ ਮੈਂਟਲ ਹੈਲਥ ਵਾਸਤੇ ਰੱਖਣ ਲਈ ਕਿਹਾ ਗਿਆ ਹੈ। ਇਸ ਦੇ ਨਾਲ ਹੀ ਮਨੋਰੋਗ ਦੇ ਮਾਹਿਰ ਡਾਕਟਰਾਂ ਦੀ ਭਰਤੀ ਕਰਨ ਅਤੇ ਜ਼ਿਲ੍ਹਾ ਲੈਵਲ 'ਤੇ ਦਸ ਬੈੱਡ ਦੀ ਸਾਈਕੈਟਰੀ ਯੂਨਿਟ ਸਥਾਪਤ ਕਰਨ ਦਾ ਸੁਝਾਅ ਵੀ ਦਿੱਤਾ ਗਿਆ।

# ਸਕੂਲ ਬੱਸ ਹਾਦਸੇ 'ਚ ਤਿੰਨ ਬੱਚੇ ਹਲਾਕ

**ਦਸੂਹਾ:** ਪਿੰਡ ਸਿੰਘਪੁਰ ਨੇੜੇ ਸਕੂਲੀ ਬੱਸ ਅਤੇ ਮਹਿੰਦਰਾ ਪਿਕਅੱਪ ਦੀ ਆਹਮੋ-ਸਾਹਮਣੀ ਟੱਕਰ ਵਿਚ ਤਿੰਨ ਬੱਚਿਆਂ ਤੇ ਡਰਾਈਵਰ ਦੀ ਮੌਤ ਹੋ ਗਈ, ਜਦੋਂ ਕਿ 12 ਬੱਚੇ ਤੇ ਅੱਧੀ ਦਰਜਨ ਹੋਰ ਵਿਅਕਤੀ ਗੰਭੀਰ ਜ਼ਖ਼ਮੀ ਹਨ। ਬੱਸ ਵਿਚ ਦੋ ਨਿਗਰਾਨ ਵੀ ਸਵਾਰ ਸਨ ਅਤੇ ਇਸ ਨੂੰ ਰਣਜੀਤ ਸਿੰਘ ਚਲਾ ਰਿਹਾ ਸੀ। ਜਦੋਂ ਬੱਸ ਦਸੂਹਾ-ਹਾਜੀਪੁਰ ਰੋਡ 'ਤੇ ਪਿੰਡ ਸਿੰਘਪੁਰ ਨੇੜੇ ਪੁੱਜੀ ਤਾਂ ਦਸੂਹਾ ਵੱਲੋਂ ਤੇਜ਼ ਰਫਤਾਰ ਆ ਰਹੀ ਆਲੂਆਂ ਨਾਲ ਭਰੀ ਮਹਿੰਦਰਾ ਪਿਕਅੱਪ ਗੱਡੀ ਨੇ ਬੱਸ ਨੂੰ ਟੱਕਰ ਮਾਰ ਦਿੱਤੀ। ਰਾਹਗੀਰਾਂ ਨੇ ਜ਼ਖ਼ਮੀ ਬੱਚਿਆਂ ਤੇ ਵਾਹਨ ਚਾਲਕਾਂ ਨੂੰ ਬਾਹਰ ਕੱਢਿਆ। ਮ੍ਰਿਤਕ ਬੱਚਿਆਂ ਦੀ ਪਛਾਣ ਤਨਿਸ਼ਕ ਪੁੱਤਰ ਅਨਿਲ ਕੁਮਾਰ ਵਾਸੀ ਤਲਵਾੜਾ, ਸੁਰਭੀ ਪੁੱਤਰੀ ਰੋਹਿਤ ਸ਼ਰਮਾ, ਅਨਿਰੁਧ ਪੁੱਤਰ ਰੋਹਿਤ ਸ਼ਰਮਾ ਵਾਸੀ ਤਲਵਾੜਾ ਤੇ ਬੱਸ ਚਾਲਕ ਰਣਜੀਤ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਦੇਪਰ (ਦਤਾਰਪੁਰ) ਵਜੋਂ ਹੋਈ ਹੈ।

# ਭਾਰਤ ਤੇ ਬੰਗਲਾਦੇਸ਼ ਸਬੰਧਾਂ 'ਚ ਨਵਾਂ ਦੌਰ



**ਨਵੀਂ ਦਿੱਲੀ:** ਭਾਰਤ ਤੇ ਬੰਗਲਾਦੇਸ਼ ਸਬੰਧਾਂ ਵਿਚ ਉਦੋਂ ਨਵੇਂ ਦੌਰ ਦੀ ਸ਼ੁਰੂਆਤ ਹੋਈ ਜਦੋਂ ਦੋਵਾਂ ਗੁਆਂਢੀ ਦੇਸ਼ਾਂ ਵਿਚ 22 ਸਮਝੌਤਿਆਂ ਉਤੇ ਹਸਤਾਖਰ ਹੋਏ ਅਤੇ ਭਾਰਤ ਨੇ ਬੰਗਲਾਦੇਸ਼ ਨੂੰ 4.5 ਅਰਬ ਦੀ ਆਰਥਿਕ ਸਹਾਇਤਾ ਦੇਣ ਦਾ ਐਲਾਨ ਕੀਤਾ। ਇਸ ਤੋਂ ਇਲਾਵਾ 50 ਕਰੋੜ ਅਮਰੀਕੀ ਡਾਲਰ ਦੀ ਸਹਾਇਤਾ ਫੌਜੀ ਸਾਜੋ ਸਾਮਾਨ ਦੀ ਖਰੀਦੋ ਫਰੋਖਤ ਲਈ ਵੱਖਰੀ ਦਿੱਤੀ ਜਾਵੇਗੀ।

ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਅਸੀਂ ਭਾਰਤ ਵਿਚ ਬੰਗਲਾਦੇਸ਼ ਨਾਲ ਆਪਣੇ ਸਬੰਧਾਂ ਦਾ ਨਿੱਘ ਮਹਿਸੂਸ ਕਰਦੇ ਹਾਂ। ਦੋਵਾਂ ਦੇਸ਼ਾਂ ਵਿਚਲੇ ਗੂੜ੍ਹੇ ਸਬੰਧਾਂ ਨਾਲ ਸਾਡੇ ਲੋਕਾਂ ਦਾ ਭਵਿੱਖ ਬਿਹਤਰ ਅਤੇ ਸੁਰੱਖਿਅਤ ਹੋਵੇਗਾ। ਦੋਵਾਂ ਦੇਸ਼ਾਂ ਨੇ ਇਸ ਮੌਕੇ ਵਿਵਾਦਗ੍ਰਸਤ ਤੀਸਤਾ ਪਾਣੀ ਸਮਝੌਤੇ ਨੂੰ ਨਹੀਂ ਛੋਹਿਆ। ਦੋਵਾਂ ਦੇਸ਼ਾਂ ਵੱਲੋਂ ਅਤਿਵਾਦ ਦੀ ਬੁਰਾਈ ਨਾਲ ਨਜਿੱਠਣ ਲਈ ਦੁਵੱਲੇ ਰੱਖਿਆ, ਸੁਰੱਖਿਆ ਦੇ ਖੇਤਰ ਵਿਚ ਸਹਿਯੋਗ ਉਤੇ ਜ਼ੋਰ ਦਿੰਦਿਆਂ ਦ੍ਰਿੜ੍ਹ ਇੱਛਾ ਸ਼ਕਤੀ ਦਾ ਪ੍ਰਗਟਾਵਾ ਕੀਤਾ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਵੱਧ ਰਹੇ ਕੱਟੜਵਾਦ ਤੋਂ ਨਾ ਸਿਰਫ ਦੋਵਾਂ ਦੋਵਾਂ ਦੇਸ਼ਾਂ ਨੂੰ, ਸਗੋਂ ਸਮੁੱਚੇ ਖਿੱਤੇ ਨੂੰ ਗੰਭੀਰ ਖਤਰਾ ਹੈ। ਸ੍ਰੀ ਮੋਦੀ ਨੇ ਕਿਹਾ ਕਿ ਭਾਰਤ ਬੰਗਲਾਦੇਸ਼, ਭੁਟਾਨ ਅਤੇ ਨੇਪਾਲ ਵਿਚ ਸੜਕ ਲਿੰਕ ਸਥਾਪਤ ਕਰਨ ਦੀ ਦਿਸ਼ਾ ਵੱਲ ਵਧਣ ਲਈ ਸਾਂਝਾ ਮੋਟਰਵਹੀਕਲ ਐਕਟ ਲਾਗੂ ਕਰਨ ਲਈ ਯਤਨ ਜਾਰੀ ਹਨ।

ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਜੋ ਸੱਤ ਸਾਲ ਬਾਅਦ ਭਾਰਤ ਦੇ ਦੌਰੇ ਉਤੇ ਆਈ ਹੈ, ਨੇ ਕਿਹਾ ਕਿ ਉਨ੍ਹਾਂ ਦਾ ਦੇਸ਼ ਅਤਿਵਾਦ ਨੂੰ ਕਿਸੇ ਵੀ ਕੀਮਤ ਉਤੇ ਬਰਦਾਸ਼ਤ ਨਹੀਂ ਕਰੇਗਾ ਅਤੇ ਸਰਹੱਦ ਉਤੇ ਸ਼ਾਂਤੀ ਅਤੇ ਸੁਰੱਖਿਆ ਕਾਇਮ ਰੱਖਣ ਲਈ ਹਰ ਯਤਨ ਕੀਤਾ ਜਾਵੇਗਾ। ਸਮਝੌਤਿਆਂ ਦੇ ਵੇਰਵੇ ਦਿੰਦਿਆਂ ਭਾਰਤ ਦੇ ਵਿਦੇਸ਼ ਸਕੱਤਰ ਐਸ.ਜੈ. ਸ਼ੰਕਰ ਨੇ ਕਿਹਾ ਕਿ ਦੋਵਾਂ ਆਗੂਆਂ ਨੇ ਦੁਵੱਲੇ ਸਬੰਧਾਂ ਦੀ ਪੜਚੋਲ ਕੀਤੀ ਹੈ ਅਤੇ ਦੋਵਾਂ ਦੇਸ਼ਾਂ ਦੇ ਸਬੰਧ ਬੇਹੱਦ ਸੁਖਾਵੇਂ ਹੋ ਰਹੇ ਹਨ। ਦੋਵੇਂ ਦੇਸ਼ਾਂ ਨੇ ਇਕ ਬੰਦਰਗਾਹ ਵਿਕਸਤ ਕਰਨ ਦੇ ਨਾਲ 17 ਨਵੇਂ ਉਦਮਾਂ ਉਤੇ ਕੰਮ ਕਰਨ ਲਈ ਪਹਿਲਾਂ ਹੀ ਸਹਿਮਤੀ ਬਣਾਈ ਹੋਈ ਹੈ। ਇਸ ਤੋਂ ਇਲਾਵਾ ਬੰਗਲਾਦੇਸ਼ ਦੇ ਨਾਗਰਿਕਾਂ ਲਈ ਵੀਜ਼ਾ ਸ਼ਰਤਾਂ ਵੀ ਨਰਮ ਕੀਤੀਆਂ ਜਾਣਗੀਆਂ। ਇਨ੍ਹਾਂ ਵਿਚ ਮੈਡੀਕਲ ਵੀਜ਼ਾ ਵੀ ਸ਼ਾਮਲ ਹੈ।

### ਰੇਲ ਤੇ ਬੱਸ ਸੇਵਾ ਦੀ ਸ਼ੁਰੂਆਤ

**ਕੋਲਕਾਤਾ:** ਇੰਡੋ-ਬੰਗਲਾ ਦੁਵੱਲੇ ਰਿਸ਼ਤਿਆਂ ਨੂੰ ਅੱਗੇ ਲਿਜਾਣ ਦੇ ਉਦੇਸ਼ ਨਾਲ ਕੋਲਕਾਤਾ-ਖੁਲਨਾ-ਢਾਕਾ ਬੱਸ ਸੇਵਾ ਅਜ਼ਮਾਇਸ਼ੀ ਤੌਰ 'ਤੇ ਸ਼ੁਰੂ ਕੀਤੀ ਗਈ ਹੈ। ਇਹ ਸੇਵਾ ਜੂਨ ਤੋਂ ਸ਼ੁਰੂ ਕੀਤੀ ਜਾਵੇਗੀ। ਦੋਵਾਂ ਦੇਸ਼ਾਂ ਵਿਚ ਰੇਲ ਸੰਪਰਕ ਸਥਾਪਤ ਕਰਨ ਲਈ ਟਰਾਇਲ ਵਜੋਂ ਪਹਿਲੀ ਰੇਲ ਗੱਡੀ ਬੰਗਲਾਦੇਸ਼ ਦੇ ਸ਼ਹਿਰ ਖੁਲਨਾ ਤੋਂ ਭਾਰਤ-ਬੰਗਲਾਦੇਸ਼ ਸਰਹੱਦ ਉਤੇ ਪੇਟਰਾਪੋਲ ਵਿਖੇ ਪੁੱਜੀ। ਦੋਵਾਂ ਦੇਸ਼ਾਂ ਵਿਚ ਨਿਯਮਤ ਰੇਲ ਸੰਪਰਕ ਪਹਿਲੀ ਜੁਲਾਈ ਤੋਂ ਸ਼ੁਰੂ ਹੋਵੇਗਾ।

# ਸੋਨਮ ਕਪੂਰ ਦੀ ਫਿਲਮ 'ਨੀਰਜਾ' ਨੂੰ ਇਨਾਮ



**ਨਵੀਂ ਦਿੱਲੀ:** 64ਵੇਂ ਰਾਸ਼ਟਰੀ ਐਵਾਰਡ ਦੇ ਐਲਾਨ 'ਚ ਸੋਨਮ ਕਪੂਰ ਦੀ ਫਿਲਮ 'ਨੀਰਜਾ' ਨੂੰ ਸਰਬੋਤਮ ਫਿਲਮ ਦੇ ਰਾਸ਼ਟਰੀ ਐਵਾਰਡ ਨਾਲ ਨਵਾਜ਼ਿਆ ਗਿਆ। ਫਿਲਮ 'ਰੁਸਤਮ' ਲਈ ਅਕਸ਼ੈ ਕੁਮਾਰ ਨੂੰ ਸਰਬੋਤਮ ਅਦਾਕਾਰ ਦਾ ਐਵਾਰਡ ਮਿਲਿਆ ਹੈ ਜਦਕਿ ਮਰਾਠੀ ਫਿਲਮ 'ਕਾਸਵ' ਨੂੰ ਸਰਬੋਤਮ ਫਿਲਮ ਚੁਣਿਆ ਗਿਆ ਹੈ? ਅਕਸ਼ੈ ਕੁਮਾਰ ਦਾ ਇਹ ਪਹਿਲਾ ਰਾਸ਼ਟਰੀ ਪੁਰਸਕਾਰ ਹੈ। ਸਾਲ 1959 ਦੇ ਨਾਨਾਵਤੀ ਮਾਮਲੇ ਦੇ ਆਧਾਰਤ ਫਿਲਮ ਰੁਸਤਮ 'ਚ ਅਕਸ਼ੈ ਨੇ ਦੇਸ਼ ਭਗਤ ਨੌਸੈਨਿਕ ਦਾ ਕਿਰਦਾਰ ਨਿਭਾਇਆ ਸੀ।

ਜ਼ਿਕਰਯੋਗ ਹੈ ਕਿ 'ਨੀਰਜਾ' ਤੇ 'ਰੁਸਤਮ' ਦੋਵੇਂ ਹੀ ਅਸਲ ਜ਼ਿੰਦਗੀ ਦੇ ਅਧਾਰਤ ਫਿਲਮਾਂ ਹਨ, ਦੋਵਾਂ ਹੀ ਫਿਲਮਾਂ ਨੂੰ ਦਰਸ਼ਕਾਂ ਵੱਲੋਂ ਚੰਗੀ ਪ੍ਰਤੀਕਿਰਿਆ ਮਿਲੀ ਸੀ। ਰਾਜੇਸ਼ ਮਾਪੁਸ਼ਕਰ ਨੂੰ ਉਸ ਦੀ ਮਰਾਠੀ ਫਿਲਮ 'ਵੈਂਟੀਲੇਟਰ' ਲਈ ਸਰਬੋਤਮ ਨਿਰਦੇਸ਼ਕ ਚੁਣਿਆ ਗਿਆ। ਉਤਰ ਪ੍ਰਦੇਸ਼ ਨੂੰ ਮੋਸਟ ਫਿਲਮ ਫ੍ਰੈਂਡਲੀ ਸਟੇਟ ਦੇ ਤੌਰ 'ਤੇ ਚੁਣਿਆ ਗਿਆ ਹੈ। 'ਦੰਗਲ ਗਰਲ' ਜਾਇਰਾ ਵਸੀਮ ਲਈ ਵੀ ਇਹ ਰਾਸ਼ਟਰੀ ਐਵਾਰਡ ਖਾਸ ਰਿਹਾ, ਉਸ ਨੂੰ 'ਸਰਬੋਤਮ ਸਹਾਇਕ ਅਦਾਕਾਰ' ਦਾ ਐਵਾਰਡ ਦਿੱਤਾ ਗਿਆ ਹੈ। ਫਿਲਮ ਨਿਰਦੇਸ਼ਕ ਪ੍ਰਿਯਦਰਸ਼ਨ ਦੀ ਅਗਵਾਈ ਵਾਲੀ ਜਿਊਰੀ ਨੇ ਅਮਿਤਾਭ ਬੱਚਨ ਦੀ ਅਦਾਕਾਰੀ ਵਾਲੀ ਫਿਲਮ 'ਪਿੰਕ' ਨੂੰ ਸਮਾਜਿਕ ਮੁੱਦਿਆਂ 'ਤੇ ਸੰਦੇਸ਼ ਦੇਣ ਵਾਲੀ 'ਸਰਬੋਤਮ ਫਿਲਮ' ਲਈ ਚੁਣਿਆ ਹੈ। 64ਵੇਂ ਰਾਸ਼ਟਰੀ ਐਵਾਰਡ 'ਚ ਅਜੇ ਦੇਵਗਨ ਦੀ ਫਿਲਮ 'ਸ਼ਿਵਾਏ' ਨੂੰ ਸਪੈਸ਼ਲ ਇਫੈਕਟਸ ਸ਼੍ਰੇਣੀ ਵਿਚ ਐਵਾਰਡ ਦਿੱਤਾ ਗਿਆ ਹੈ, ਉਥੇ ਹੀ ਸਰਬੋਤਮ ਬਾਲ ਫਿਲਮ ਦਾ ਐਵਾਰਡ 'ਧਨਕ' ਨੂੰ ਮਿਲਿਆ ਹੈ।

# ਪੁਲਿਸ ਨੇ ਬੇਗੁਨਾਹ ਨੂੰ ਇਸ਼ਤਿਹਾਰੀ ਮੁਲਜ਼ਮ ਐਲਾਨਿਆ

**ਖੰਨਾ:** ਪੰਜਾਬ ਪੁਲਿਸ ਵੱਲੋਂ ਕੁਝ ਅਖ਼ਬਾਰਾਂ ਵਿਚ ਦਿੱਤੇ ਇਸ਼ਤਿਹਾਰ 'ਵਾਂਟਿਡ-ਇਨਾਮ 50 ਲੱਖ ਰੁਪਏ ਅਤੇ ਸਬ-ਇੰਸਪੈਕਟਰ ਦੀ ਨੌਕਰੀ ਪਾਓ' ਨੂੰ ਵੇਖ ਕੇ ਖੰਨਾ ਦੇ ਇਕ ਪਰਿਵਾਰ ਵਿਚ ਖਲਬਲੀ ਮੱਚ ਗਈ। ਇਸ਼ਤਿਹਾਰ ਵਿਚ ਛਪੀ ਫੋਟੋ ਇਸ ਪਰਿਵਾਰ ਦੇ ਲੜਕੇ ਦੀ ਹੈ।

ਜ਼ਿਕਰਯੋਗ ਹੈ ਕਿ ਖੰਨਾ ਦੇ ਲਲਹੇੜੀ ਰੋਡ ਚੌਕ ਵਿਚ ਹਿੰਦੂ ਨੇਤਾ ਦੁਰਗਾ ਪ੍ਰਸਾਦ ਗੁਪਤਾ ਨੂੰ 23 ਅਪਰੈਲ 2016 ਨੂੰ ਗੋਲੀਆਂ ਨਾਲ ਮਾਰ ਦਿੱਤਾ ਗਿਆ ਸੀ। ਇਸ ਪਿੱਛੋਂ 25 ਫਰਵਰੀ 2017 ਨੂੰ ਡੇਰਾ ਸਿਰਸਾ ਦੇ ਪ੍ਰੇਮੀ ਸਤਪਾਲ ਤੇ ਉਸ ਦੇ ਪੁੱਤਰ ਰਮੇਸ਼ ਕੁਮਾਰ ਨੂੰ ਪਿੰਡ ਜਗੇੜਾ ਵਿਚ ਸਥਿਤ ਨਾਮ ਚਰਚਾ ਘਰ ਵਿਚ ਗੋਲੀਆਂ ਮਾਰ ਦਿੱਤੀਆਂ ਗਈਆਂ ਸਨ। ਇਸ ਸਬੰਧੀ ਪੰਜਾਬ ਪੁਲਿਸ ਵੱਲੋਂ ਕੁਝ ਸ਼ੱਕੀ ਤਸਵੀਰਾਂ ਵਾਲਾ ਇਸ਼ਤਿਹਾਰ ਛਪਵਾਇਆ ਗਿਆ।




ਅਖ਼ਬਾਰਾਂ ਵਿਚ ਆਪਣੀ ਫੋਟੋ ਵੇਖ ਕੇ ਖੰਨਾ ਦੀ ਬਿੱਲਾ ਵਾਲੀ ਛੱਪੜੀ ਦਾ ਵਸਨੀਕ ਨੌਜਵਾਨ ਦੀਪਕ ਕੁਮਾਰ ਆਪਣੇ ਵਾਰਡ ਦੀ ਮਹਿਲਾ ਕੌਂਸਲਰ ਦੇ ਪਤੀ ਨੂੰ ਲੈ ਕੇ ਖੰਨਾ ਪੁਲਿਸ ਕੋਲ ਪੁੱਜਿਆ ਅਤੇ ਦੱਸਿਆ ਕਿ ਅਖ਼ਬਾਰ ਵਿੱਚ ਛਪੀ ਫੋਟੋ ਉਸ ਦੀ ਹੈ। ਦੀਪਕ ਨੂੰ ਦੇਖ ਕੇ ਪੁਲਿਸ ਵੀ ਹੱਕੀ ਬੱਕੀ ਰਹਿ ਗਈ। ਪੁਲਿਸ ਮੁਲਾਜ਼ਮਾਂ ਨੇ ਤੁਰਤ ਉਚ ਅਧਿਕਾਰੀਆਂ ਨੂੰ ਸੂਚਿਤ ਕੀਤਾ ਅਤੇ ਉਸ ਨੂੰ ਮੌਕੇ 'ਤੇ ਹੀ ਹਿਰਾਸਤ ਵਿਚ ਲੈ ਕੇ ਪੁੱਛ-ਪੜਤਾਲ ਸ਼ੁਰੂ ਕਰ ਦਿੱਤੀ।

ਜਾਣਕਾਰੀ ਅਨੁਸਾਰ ਦੀਪਕ ਇਥੋਂ ਦੀ ਚਾਂਦਲਾ ਮਾਰਕਿਟ ਵਿਚ ਇਕ ਦੁਕਾਨ 'ਤੇ ਕੰਮ ਕਰਦਾ ਹੈ, ਜਿਥੋਂ ਦੇ ਦੁਕਾਨਦਾਰਾਂ ਦਾ ਕਹਿਣਾ ਹੈ ਕਿ ਇਹ ਸਾਊ ਤੇ ਮਿਹਨਤੀ ਨੌਜਵਾਨ ਹੈ ਅਤੇ ਇਸ ਦਾ ਕਿਸੇ ਵੀ ਅਜਿਹੀ ਘਟਨਾ ਨਾਲ ਕੋਈ ਸਬੰਧ ਨਹੀਂ ਹੈ। ਪਤਾ ਲੱਗਿਆ ਹੈ ਕਿ ਇਸ਼ਤਿਹਾਰ ਵਿਚ ਜੋ ਬੁਲੇਟ ਮੋਟਰ ਸਾਈਕਲ ਦਿਖਾਇਆ ਗਿਆ ਹੈ, ਉਹ ਦੀਪਕ ਦੀ ਦੁਕਾਨ ਦੇ ਮਾਲਕ ਦੇ ਮਿੱਤਰ ਦਾ ਹੈ ਅਤੇ ਅਕਸਰ ਦੀਪਕ ਇਹ ਮੋਟਰ ਸਾਈਕਲ ਲੈ ਕੇ ਆਪਣੇ ਘਰ ਆਉਂਦਾ-ਜਾਂਦਾ ਹੈ।

# ਕੇਜਰੀਵਾਲ ਦੀ 12 ਹਜ਼ਾਰ ਵਾਲੀ ਥਾਲੀ ਨੇ ਪਾਏ ਪੁਆੜੇ

**ਦਿੱਲੀ:** ਦਿੱਲੀ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਲਗਾਤਾਰ ਸਵਾਲਾਂ ਦੇ ਘੇਰੇ ਵਿਚ ਘਿਰਦੀ ਨਜ਼ਰ ਆ ਰਹੀ ਹੈ। ਤਾਜ਼ਾ ਮਾਮਲੇ ਵਿਚ 'ਆਪ' 12 ਹਜ਼ਾਰ ਰੁਪਏ ਦੀ ਥਾਲੀ ਕਾਰਨ ਵਿਰੋਧੀਆਂ ਦੇ ਨਿਸ਼ਾਨੇ ਉਤੇ ਹੈ। ਭਾਜਪਾ ਨੇ 'ਆਪ' ਉਤੇ ਤਿੱਖੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ ਹਨ। ਭਾਜਪਾ ਦੇ ਦਿੱਲੀ ਪ੍ਰਦੇਸ਼ ਪ੍ਰਧਾਨ ਮਨੋਜ ਤਿਵਾੜੀ ਨੇ ਇੰਨੇ ਵੱਡੇ ਬਿੱਲ 'ਤੇ ਹੈਰਾਨੀ ਪ੍ਰਗਟ ਕਰਦਿਆਂ ਕਿਹਾ ਕਿ, ਜਦੋਂ ਮੈਂ ਇਹ ਸੁਣਿਆ ਤਾਂ ਹੈਰਾਨ ਰਹਿ ਗਿਆ, ਮੈਨੂੰ ਯਕੀਨ ਨਹੀਂ ਹੋਇਆ। ਮੈਨੂੰ ਲੱਗਾ ਕਿ 1200 ਰੁਪਏ ਪ੍ਰਤੀ ਥਾਲੀ ਹੋਵੇਗਾ, ਪਰ ਥਾਲੀ ਅਸਲ 'ਚ 12 ਹਜ਼ਾਰ ਤੋਂ ਮਹਿੰਗੀ ਸੀ। ਜੋ ਕਿ ਦਿੱਲੀ ਵਾਸੀਆਂ ਦਾ ਪੈਸਾ ਸੀ।



ਦਰਅਸਲ, ਜਿਸ ਥਾਲੀ ਦੀ ਗੱਲ ਕੀਤੀ ਜਾ ਰਹੀ ਹੈ, ਉਹ ਆਮ ਆਦਮੀ ਪਾਰਟੀ ਸਰਕਾਰ ਦੀ ਪਹਿਲੀ ਵਰ੍ਹੇਗੰਢ ਮੌਕੇ ਕੇਜਰੀਵਾਲ ਦੇ ਘਰ 12 ਫਰਵਰੀ 2016 ਨੂੰ ਮਨਾਏ ਗਏ ਜਸ਼ਨ ਵਿਚ ਮਹਿਮਾਨਾਂ ਨੂੰ ਦਿੱਤੀਆਂ ਗਈਆਂ ਥਾਲੀਆਂ ਦੀ ਹੈ, ਜਿਨ੍ਹਾਂ 'ਚ ਪਾਰਟੀ ਵਿਧਾਇਕ, ਮੰਤਰੀ ਅਤੇ ਪਾਰਟੀ ਦੇ ਕਈ ਕਰੀਬੀਆਂ ਸਮੇਤ 30 ਲੋਕਾਂ ਲਈ ਇਹ ਥਾਲੀਆਂ ਮੰਗਵਾਈਆਂ ਗਈਆਂ ਸਨ। ਸ਼ੁੰਗਲੂ ਕਮੇਟੀ ਨੇ ਵੀ ਇਸ ਫਜ਼ੂਲ ਖਰਚੇ 'ਤੇ ਸਵਾਲ ਚੁੱਕੇ ਹਨ। ਆਮ ਆਦਮੀ ਪਾਰਟੀ ਨੇ ਸਫਾਈ ਦਿੰਦਿਆਂ ਸਾਰੇ ਇਲਜ਼ਾਮਾਂ ਨੂੰ ਬੇਬੁਨਿਆਦ ਦੱਸਿਆ ਹੈ ਅਤੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਬਿੱਲ ਜਾਰੀ ਕਰਨ ਵਾਲੇ ਵੈਂਡਰ ਖਿਲਾਫ ਜਾਂਚ ਦੇ ਆਦੇਸ਼ ਦਿੱਤੇ ਹਨ।

# ਮਾਲਿਆ ਦਾ ਕਿੰਗਫਿਸ਼ਰ ਵਿਲਾ 73 ਕਰੋੜ 'ਚ ਵਿਕਿਆ

**ਨਵੀਂ ਦਿੱਲੀ:** ਨਾਮਵਰ ਸ਼ਰਾਬ ਕਾਰੋਬਾਰੀ ਤੇ ਹਜ਼ਾਰਾਂ ਕਰੋੜ ਦਾ ਕਰਜ਼ ਅਦਾ ਕੀਤੇ ਬਿਨਾਂ ਦੇਸ਼ ਵਿਚੋਂ ਭਗੌੜਾ ਹੋਏ ਵਿਜੈ ਮਾਲਿਆ ਦਾ ਗੋਆ ਸਥਿਤ 'ਕਿੰਗਫਿਸ਼ਰ ਵਿਲਾ' ਆਖਰਕਾਰ 73.1 ਕਰੋੜ 'ਚ ਵਿਕ ਗਿਆ ਹੈ, ਜਿਸ ਨੂੰ ਸਚਿਨ ਜੋਸ਼ੀ ਨਾਂ ਦੇ ਇਕ ਅਦਾਕਾਰ ਤੇ ਕਾਰੋਬਾਰੀ ਨੇ ਖਰੀਦਿਆ ਹੈ। ਮਾਲਿਆ ਦਾ ਇਹ ਵਿਲਾ (ਬੰਗਲਾ) ਉਨ੍ਹਾਂ ਸੰਪਤੀਆਂ 'ਚ ਸ਼ਾਮਲ ਸੀ ਜਿਸ ਦੇ ਬਦਲੇ ਬੈਂਕਾਂ ਨੇ ਮਾਲਿਆ ਨੂੰ ਕਿੰਗਫਿਸ਼ਰ ਏਅਰਲਾਈਨਜ਼ ਲਈ ਕਰਜ਼ਾ ਦਿੱਤਾ ਸੀ।

ਸਟੇਟ ਬੈਂਕ ਦੀ ਚੇਅਰਪ੍ਰਸਨ ਅਰੁੰਧਤੀ ਭੱਟਾਚਾਰੀਆ ਨੇ ਕਿੰਗਫਿਸ਼ਰ ਵਿਲਾ ਦੇ ਵਿਕ ਜਾਣ ਦੀ ਪੁਸ਼ਟੀ ਕੀਤੀ ਹੈ। ਮਾਲਿਆ ਦੇ ਇਸ ਬੰਗਲੇ ਦੀ ਨਿਲਾਮੀ ਲਈ ਪਹਿਲਾਂ ਵੀ 3 ਵਾਰ ਕੋਸ਼ਿਸ਼ ਹੋ ਚੁੱਕੀ ਸੀ। ਪਹਿਲਾਂ ਇਸ ਦੀ ਰਿਜ਼ਰਵ ਕੀਮਤ 85.29 ਕਰੋੜ, ਦੂਜੀ ਵਾਰ 81 ਕਰੋੜ ਤੇ ਤੀਜੀ ਵਾਰ 73 ਕਰੋੜ ਰੱਖੀ ਗਈ ਸੀ, ਪਰ ਇਸ ਦੀ ਨਿਲਾਮੀ ਨਹੀਂ ਸੀ ਹੋ ਸਕੀ, ਪਰ ਚੌਥੀ ਵਾਰ 'ਚ 9000 ਕਰੋੜ ਤੋਂ ਵੱਧ ਦੀਆਂ ਲੈਣਦਾਰ ਬੈਂਕਾਂ ਨੇ ਇਸ ਨੂੰ ਨਿਲਾਮ ਕਰ ਕੇ ਆਪਣੇ ਕਰਜ਼ੇ ਦਾ ਕੁਝ ਹਿੱਸਾ ਵਸੂਲ ਕਰ ਲਿਆ ਹੈ।

# ਹਰ ਘੰਟੇ ਇਕ ਵਿਦਿਆਰਥੀ ਕਰਦਾ ਹੈ ਖੁਦਕੁਸ਼ੀ

**ਚੰਡੀਗੜ੍ਹ:** ਕੌਮੀ ਅਪਰਾਧ ਰਿਕਾਰਡ ਬਿਊਰੋ ਵੱਲੋਂ ਜਾਰੀ ਰਿਪੋਰਟ ਮੁਤਾਬਕ ਭਾਰਤ ਵਿਚ ਹਰ ਘੰਟੇ ਵਿਚ ਇਕ ਵਿਦਿਆਰਥੀ ਖੁਦਕੁਸ਼ੀ ਕਰਦਾ ਹੈ। 7 ਅਪਰੈਲ ਨੂੰ ਹਰ ਸਾਲ ਕੌਮਾਂਤਰੀ ਸਿਹਤ ਦਿਵਸ ਮਨਾਇਆ ਜਾਂਦਾ ਹੈ ਅਤੇ ਇਸ ਤੋਂ ਪਹਿਲਾਂ ਤਿੰਨ ਅਪਰੈਲ ਨੂੰ ਮੁੰਬਈ ਵਿਚ ਅਰਜੁਨ ਭਾਰਦਵਾਜ ਨਾਂ ਦੇ 24 ਸਾਲਾ ਮੈਨੇਜਮੈਂਟ ਦੇ ਵਿਦਿਆਰਥੀ ਨੇ ਇਕ ਪੰਜ ਤਾਰਾ ਹੋਟਲ ਦੇ ਕਮਰੇ 'ਚੋਂ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ ਸੀ। ਮੀਡੀਆ ਰਿਪੋਰਟ ਮੁਤਾਬਕ ਅਰਜੁਨ ਡਿਪਰੈਸ਼ਨ ਦਾ ਸ਼ਿਕਾਰ ਸੀ।

ਭਾਰਦਵਾਜ ਦੀ ਖੁਦਕੁਸ਼ੀ ਦੀ ਖਬਰ ਸੁਰਖੀਆਂ ਦਾ ਹਿੱਸਾ ਬਣੀ ਸੀ ਕਿ ਕਿਵੇਂ ਹੋਟਲ 'ਚ ਬਹਿ ਕੇ ਅਰਜੁਨ ਨੇ ਫੇਸਬੁਕ ਉਤੇ ਖੁਦਕੁਸ਼ੀ ਦੇ ਤਰੀਕੇ ਲੱਭੇ ਸਨ ਅਤੇ ਫੇਸਬੁਕ ਉਤੇ ਖੁਦਕੁਸ਼ੀ ਦਾ ਲਾਈਵ ਵੀਡੀਓ ਬਣਾਇਆ ਸੀ। ਸਾਲ 2015 ਵਿਚ 8,934 ਵਿਦਿਆਰਥੀਆਂ ਨੇ ਖੁਦਕੁਸ਼ੀ ਕੀਤੀ ਸੀ, ਪਰ ਖੁਦਕੁਸ਼ੀਆਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ। 2015 ਤੱਕ ਮਹਾਂਰਾਸ਼ਟਰ ਵਿਚ ਸਭ ਤੋਂ ਵੱਧ 1230



ਵਿਦਿਆਰਥੀਆਂ, ਤਾਮਿਲਨਾਡੂ ਵਿਚ 955 ਅਤੇ ਛੱਤੀਸਗੜ੍ਹ ਵਿਚ 625 ਵਿਦਿਆਰਥੀਆਂ ਨੇ ਖੁਦਕੁਸ਼ੀ ਕੀਤੀ। ਦਿੱਲੀ ਅਤੇ ਛੱਤੀਸਗੜ੍ਹ ਤੋਂ ਬਾਅਦ ਸਿੱਕਮ ਭਾਰਤ ਦਾ ਤੀਜਾ ਸਭ ਤੋਂ ਅਮੀਰ ਸੂਬਾ ਹੈ, ਸਾਖਰਤਾ ਦਰ ਇਥੇ ਸਭ ਤੋਂ ਵੱਧ ਹੈ, ਇਸੇ ਹੀ ਸੂਬੇ ਵਿਚ ਬੇਰੁਜ਼ਗਾਰੀ ਅਤੇ ਖੁਦਕੁਸ਼ੀ ਦਰ ਸਭ ਤੋਂ ਵੱਧ ਹੈ। ਰਿਪੋਰਟ ਵਿਚ ਸਾਹਮਣੇ ਆਇਆ ਹੈ ਕਿ ਸੂਬੇ ਵਿਚ 27 ਫੀਸਦੀ ਖੁਦਕੁਸ਼ੀਆਂ ਦਾ ਕਾਰਨ ਬੇਰੁਜ਼ਗਾਰੀ ਦਰਜ ਕੀਤਾ ਗਿਆ ਹੈ ਤੇ ਜ਼ਿਆਦਾਤਰ 21 ਤੋਂ 30 ਸਾਲ ਦੀ ਉਮਰ ਦੇ ਨੌਜਵਾਨ ਖੁਦਕੁਸ਼ੀ ਦਾ ਰਾਹ ਅਪਣਾਉਂਦੇ ਹਨ। ਕੌਮੀ ਅਪਰਾਧ ਰਿਕਾਰਡ ਬਿਊਰੋ ਨੇ ਇਹ ਰਿਪੋਰਟ 2015 ਲਈ ਜਾਰੀ ਕੀਤੀ ਹੈ।

# ਭਾਰਤੀ ਜੇਲ੍ਹ ਵਿਚ ਜੰਮੀ ਬੱਚੀ ਨੂੰ ਮਿਲੇਗੀ ਪਾਕਿ ਦੀ ਨਾਗਰਿਕਤਾ

**ਸੁਲਤਾਨਪੁਰ ਲੋਧੀ/ਸਤਲਾਣੀ ਸਾਹਿਬ:** ਸਮਝੌਤਾ ਐਕਸਪ੍ਰੈਸ ਰੇਲ ਗੱਡੀ ਰਾਹੀਂ 2006 ਵਿਚ ਭਾਰਤ ਆਉਣ ਤੇ ਅਟਾਰੀ ਰੇਲਵੇ ਸਟੇਸ਼ਨ ਉਤੇ ਹੈਰੋਇਨ ਸਮੇਤ ਫੜੀਆਂ ਗਈਆਂ ਤਿੰਨ ਪਾਕਿਸਤਾਨੀ ਔਰਤਾਂ ਵਿਚੋਂ ਇਕ ਵੱਲੋਂ ਭਾਰਤੀ ਜੇਲ੍ਹ 'ਚ ਬੱਚੀ ਨੂੰ ਜਨਮ ਦਿੱਤਾ ਸੀ, ਜਿਸ ਨੂੰ ਹੁਣ ਪਾਕਿਸਤਾਨ ਨਾਗਰਿਕਤਾ ਦਿੱਤੀ ਜਾਵੇਗੀ।

ਭਾਰਤ ਸਥਿਤ ਪਾਕਿਸਤਾਨ ਦੇ ਹਾਈ ਕਮਿਸ਼ਨ ਅਬਦੁਲ ਬਾਸਿਦ ਨੇ ਦੱਸਿਆ ਕਿ ਪਾਕਿਸਤਾਨੀ ਔਰਤਾਂ ਜੋ ਜੇਲ੍ਹ ਵਿਚ ਬੰਦ ਹਨ, ਉਨ੍ਹਾਂ 'ਚ ਇਕ ਔਰਤ ਵੱਲੋਂ ਜੰਮੀ ਬੱਚੀ ਹੀਨਾ ਨੂੰ ਐਮਰਜੈਂਸੀ ਪਾਸਪੋਰਟ ਦੇ ਕੇ ਪਰਿਵਾਰ ਨਾਲ ਹੀ ਪਾਕਿਸਤਾਨ ਭੇਜਿਆ ਜਾਵੇਗਾ। ਦੱਸਣਯੋਗ ਹੈ ਕਿ 11 ਸਾਲ ਪਹਿਲਾਂ ਦੋ ਭੈਣਾਂ ਆਪਣੀ ਮਾਂ ਦੇ ਨਾਲ ਭਾਰਤ ਰਹਿੰਦੇ ਰਿਸ਼ਤੇਦਾਰਾਂ ਨੂੰ ਮਿਲਣ ਆਈਆਂ ਸਨ, ਜਿਨ੍ਹਾਂ ਦੇ ਸਾਮਾਨ ਦੀ ਅਟਾਰੀ ਰੇਲਵੇ ਸਟੇਸ਼ਨ ਉਤੇ ਤਲਾਸ਼ੀ ਦੌਰਾਨ ਹੈਰੋਇਨ ਦੀ ਖੇਪ ਫੜੀ ਸੀ ਤੇ ਉਨ੍ਹਾਂ ਨੂੰ ਦਸ ਸਾਲ ਸਜ਼ਾ ਹੋਈ।

ਜੇਲ੍ਹ ਵਿਚ ਉਕਤ ਪਾਕਿਸਤਾਨੀ ਔਰਤਾਂ ਦੀ ਮਾਂ ਦੀ ਮੌਤ ਹੋ ਜਾਣ ਕਾਰਨ ਲਾਸ਼ ਪਾਕਿਸਤਾਨ ਭੇਜੀ ਸੀ। ਹੁਣ ਦੋਵੇਂ ਭੈਣਾਂ ਦੀ ਸਜ਼ਾ ਖਤਮ ਹੋਣ 'ਤੇ ਜੇਲ੍ਹ ਵਿਚ 10 ਸਾਲ ਪਹਿਲਾਂ ਜੰਮੀ ਬੱਚੀ ਆਪਣੀ ਮਾਂ ਅਤੇ ਮਾਸੀ ਨਾਲ ਵਤਨ ਜਾ ਸਕੇਗੀ।

# ਉਤਰ ਪ੍ਰਦੇਸ਼ ਦੀ ਨਵੀਂ ਸਿਆਸਤ ਅਤੇ ਖੱਬੇ ਪੱਖੀ

ਉਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨੂੰ ਵੱਖ ਵੱਖ ਪਹਿਲੂਆਂ ਤੋਂ ਸਮਝਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਇਸ ਬੌਧਿਕ ਕਵਾਇਦ ਵਿਚ ਉਨ੍ਹਾਂ ਬੁੱਧੀਜੀਵੀਆਂ ਨੂੰ ਸਭ ਤੋਂ ਜ਼ਿਆਦਾ ਮੁਸ਼ਕਿਲਾਂ ਆ ਰਹੀਆਂ ਹਨ ਜੋ ਖ਼ੁਦ ਨੂੰ ਉਦਾਰਤਾਵਾਦੀ, ਧਰਮ ਨਿਰਪੱਖ, ਮੱਧ ਵਰਗ ਅਤੇ ਖੱਬੇ ਪੱਖੀ ਸ਼੍ਰੇਣੀ ਵਿਚ ਰੱਖਦੇ ਹਨ। ਉਨ੍ਹਾਂ ਦੀ ਮੁੱਖ ਸਮੱਸਿਆ ਇਹ ਹੈ ਕਿ ਜਾਤੀਆਂ ਵਿਚ

**ਅਭੈ ਕੁਮਾਰ ਦੂਬੇ**

ਵੰਡੇ ਜਿਸ ਭਾਰਤੀ ਸਮਾਜ ਨੂੰ ਉਹ ਕੁਦਰਤੀ ਤੌਰ 'ਤੇ ਹਿੰਦੂ ਸਮਾਜ ਦੀ ਏਕਤਾ ਵਿਚ ਰੁਕਾਵਟ ਮੰਨਦੇ ਸਨ, ਉਸੇ ਹਿੰਦੂ ਸਮਾਜ ਦੀਆਂ ਵੱਖ ਵੱਖ ਜਾਤੀਆਂ ਨੇ ਇਕਜੁਟ ਹੋ ਕੇ ਅਜਿਹੇ ਮਜ਼ਬੂਤ ਚੁਣਾਵੀ ਲੋਕ ਆਧਾਰ ਦੀ ਰਚਨਾ ਕਰ ਲਈ ਹੈ ਜੋ ਮੁਸਲਮਾਨਾਂ ਜਾਂ ਘੱਟ-ਗਿਣਤੀਆਂ ਦਾ ਵਿਰੋਧੀ ਭਾਵੇਂ ਨਾ ਹੋਵੇ, ਪਰ ਉਨ੍ਹਾਂ ਤੋਂ ਕੱਟਿਆ ਹੋਇਆ ਜ਼ਰੂਰ ਹੈ। ਇਨ੍ਹਾਂ ਬੁੱਧੀਜੀਵੀਆਂ ਦਾ ਦੂਜਾ ਪੱਖ ਇਹ ਹੈ ਕਿ ਇਸ ਚੁਣਾਵੀ ਲੋਕ ਆਧਾਰ ਨੂੰ ਹਿੰਦੂ ਵੋਟ ਦਾ ਨਾਂ ਦਿੱਤਾ ਜਾਵੇ ਜਾਂ ਨਹੀਂ?

ਉਪਰੋਂ ਭਾਰਤੀ ਜਨਤਾ ਪਾਰਟੀ ਨੇ 'ਹਿੰਦੂਤਵ ਦੇ ਵੱਡੇ ਹੰਭਲੇ' ਦਾ ਅਕਸ ਰੱਖਣ ਵਾਲੇ ਯੋਗੀ ਅਦਿਤਿਅਨਾਥ ਨੂੰ ਸੂਬੇ ਦਾ ਮੁੱਖ ਮੰਤਰੀ ਬਣਾ ਦਿੱਤਾ ਹੈ। ਇਸ ਫ਼ੈਸਲੇ ਤੋਂ ਤਾਂ ਇਹ ਸਰਵੇਖਣਕਾਰ ਹੋਰ ਵੀ ਹੈਰਾਨ ਰਹਿ ਗਏ ਹਨ। ਉਨ੍ਹਾਂ ਦੇ ਪ੍ਰਤੀਕਰਮ 'ਤੇ ਪਹਿਲੀ ਨਜ਼ਰ ਮਾਰਦਿਆਂ ਹੀ ਉਨ੍ਹਾਂ ਦੀ ਨਿਰਾਸ਼ਾ ਦੀ ਝਲਕ ਮਿਲ ਸਕਦੀ ਹੈ। ਜਿਸ ਵਿਚੋਂ ਉਨ੍ਹਾਂ ਦਾ ਮਨ ਇਸ ਸਮੇਂ ਗੁਜ਼ਰ ਰਿਹਾ ਹੈ। ਸਾਡੇ ਵਿਚੋਂ ਇਸ ਤਰ੍ਹਾਂ ਦੇ ਨਤੀਜਿਆਂ ਦੀ ਉਮੀਦ ਨਾ ਕਰਨ ਵਾਲੇ ਇਹ ਦੱਸਣ ਦੀ ਸਥਿਤੀ ਵਿਚ ਹੀ ਨਹੀਂ ਹਨ ਕਿ ਇਨ੍ਹਾਂ ਨਤੀਜਿਆਂ ਦਾ ਮਤਲਬ ਕੀ ਹੈ? ਕੀ ਮੋਦੀ ਕੋਈ ਵਿਲੱਖਣ ਘਟਨਾ ਹਨ? ਜਾਂ ਕੀ ਭਾਜਪਾ ਦੇ ਅਸਾਧਾਰਨ ਪ੍ਰਭਾਵ ਦਾ ਨਵਾਂ ਯੁੱਗ ਸ਼ੁਰੂ ਹੋ ਗਿਆ ਹੈ? ਜੇ ਯੋਗੀ ਅਦਿਤਿਅਨਾਥ ਨੂੰ ਚੁਣਨ ਵਾਲਾ ਵਿਧਾਇਕ ਮੰਡਲ ਹੀ ਇਨ੍ਹਾਂ ਨਤੀਜਿਆਂ ਦੀ ਸਭ ਤੋਂ ਚੰਗੀ ਵਿਆਖਿਆ ਹੈ ਤਾਂ ਫਿਰ ਮੰਨਣਾ ਪਵੇਗਾ ਕਿ ਭਾਰਤੀ ਲੋਕਤੰਤਰ ਖੁਰ ਰਿਹਾ ਹੈ। ਇਹ ਸ਼ਬਦ ਸਮਾਜ-ਵਿਗਿਆਨ ਦੀ ਦੁਨੀਆ ਤੋਂ ਆਏ ਅਤਿਅੰਤ ਸਨਮਾਨਯੋਗ ਟਿੱਪਣੀਕਾਰ ਦੇ ਹਨ। ਇਸੇ ਕਤਾਰ ਵਿਚ ਖੜ੍ਹੇ ਕੁਝ ਹੋਰ ਦਰਸ਼ਕਾਂ ਨੂੰ ਲੱਗ ਰਿਹਾ ਹੈ ਕਿ ਸੱਜੇ ਪੱਖੀ ਲੋਕ ਲੁਭਾਉਣਵਾਦ ਰਾਹੀਂ ਮੋਦੀ ਨੇ ਇੰਦਰਾ ਗਾਂਧੀ ਵਰਗੀ ਹੈਸੀਅਤ ਪ੍ਰਾਪਤ ਕਰ ਲਈ ਹੈ, ਜਾਂ ਬਹੁ-ਸੰਖਿਆਵਾਦ ਨੇ ਪ੍ਰਤੀ-ਲੋਕਤੰਤਰ ਸਥਾਪਤ ਕਰ ਦਿੱਤਾ ਹੈ। ਆਪਣੇ ਸਖ਼ਤ ਧਰਮ ਨਿਰਪੱਖ ਵਤੀਰੇ ਲਈ ਚਰਚਿਤ ਬੁੱਧੀਜੀਵੀ ਦੇ ਗੁੱਸੇ ਦਾ ਅੰਦਾਜ਼ਾ ਇਸ ਕਥਨ ਤੋਂ ਲਗਾਇਆ ਜਾ ਸਕਦਾ ਹੈ ਕਿ ਜਿਸ ਦਿਨ ਭਾਰਤੀ ਜਨਤਾ ਪਾਰਟੀ ਦੇ ਇਸ ਉਛਾਲ ਦਾ ਅੰਤ ਹੋਵੇਗਾ ਅਤੇ ਜ਼ਖ਼ਮੀ ਹੋ ਚੁੱਕਿਆ ਭਾਰਤੀ ਲੋਕਤੰਤਰ ਮੁੜ ਮੱਧ ਵਰਗ ਵੱਲ ਪਰਤੇਗਾ, ਉਸ ਦਿਨ ਇਸ ਰਾਜਨੀਤਕ ਸਮੇਂ ਦੇ ਇਤਿਹਾਸਕਾਰ ਦੱਸਣਗੇ ਕਿ ਸੱਜੀ ਬਾਂਹ ਦੇ ਟਿੱਪਣੀਕਾਰਾਂ ਨੇ ਹਿੰਦੂ ਜਾਤੀ ਦੇ ਦਬਦਬੇ ਵਾਲੀ ਇਸ ਘਟਨਾ ਨੂੰ ਸਨਮਾਨਯੋਗ ਆਭਾ ਮੁਹੱਈਆ ਕਰਨ ਦੀ ਕੋਸ਼ਿਸ਼ ਕਿਉਂ ਕੀਤੀ ਸੀ ਅਤੇ ਅਜਿਹਾ ਕਰ ਕੇ ਉਹ ਲੋਕ 'ਚੱਲਦੇ-ਫਿਰਦੇ ਲਾਸ਼ਾਂ' ਦੀਆਂ ਕਤਾਰਾਂ ਵਿਚ ਸ਼ਾਮਿਲ ਹੋ ਕੇ ਕਿਸ ਤਰ੍ਹਾਂ 'ਬੌਧਿਕ ਖ਼ੁਦਕੁਸ਼ੀ' ਕਰ ਬੈਠੇ ਸਨ? ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਇਹ ਬੁੱਧੀਜੀਵੀ ਅਫ਼ਸੋਸ ਪ੍ਰਗਟ ਕਰ ਰਹੇ ਹਨ, ਚੁਣੌਤੀ ਵੀ ਦੇ ਰਹੇ ਹਨ, ਪਰ ਇਨ੍ਹਾਂ ਵਿਚੋਂ ਕੋਈ ਇਹ ਨਹੀਂ ਕਹਿ ਰਿਹਾ ਕਿ ਉਤਰ ਪ੍ਰਦੇਸ਼ ਵਿਚ ਜੋ ਹੋਇਆ ਹੈ, ਉਹ ਹਿੰਦੂ ਵੋਟ ਦੀ ਰਚਨਾ ਹੈ।

ਦਰਅਸਲ, ਇਨ੍ਹਾਂ ਬੁੱਧੀਜੀਵੀਆਂ ਨੂੰ ਯਕੀਨ ਸੀ ਕਿ ਮੁੱਖ ਮੰਤਰੀ ਚਾਹੇ ਕੋਈ ਵੀ ਬਣੇ, ਪਰ ਪਾਰਟੀ ਦੀ ਆਲ੍ਹਾ ਕਮਾਨ ਯੋਗੀ ਅਦਿਤਿਅਨਾਥ ਨੂੰ ਕਿਸੇ ਕੀਮਤ 'ਤੇ ਇਹ ਗੱਦੀ ਨਹੀਂ ਸੌਂਪੇਗੀ। ਇਸ ਵਿਸ਼ਵਾਸ ਦੇ ਮੁੱਖ ਤੌਰ 'ਤੇ ਦੋ ਆਧਾਰ ਸਨ। ਪਹਿਲਾ, ਯੋਗੀ ਅਦਿਤਿਅਨਾਥ ਦਾ ਰਾਜਨੀਤਕ ਇਤਿਹਾਸ ਜਿਸ ਮੁਤਾਬਿਕ ਉਹ ਭਾਜਪਾ ਦੀ ਕੇਂਦਰੀ ਤੇ ਸੂਬਾਈ ਨੁਮਾਇੰਦਗੀ ਨੂੰ ਵਾਰ-ਵਾਰ ਚੁਣੌਤੀ ਦੇਣ ਵਾਲੀ ਹੈਸੀਅਤ ਦੇ ਰੂਪ ਵਿਚ ਉਭਰਦੇ ਸਨ। ਦੂਜਾ, ਘੱਟ-ਗਿਣਤੀਆਂ ਦੇ ਖ਼ਿਲਾਫ਼ ਦਿੱਤੇ ਗਏ ਉਨ੍ਹਾਂ ਦੇ ਬਿਆਨ ਇੰਨੇ ਜ਼ਹਿਰੀਲੇ ਸਨ ਕਿ ਸੰਘ ਪਰਿਵਾਰ ਦੇ ਆਪਣੇ ਘੱਟ-ਗਿਣਤੀ ਵਿਰੋਧ ਦੀ ਕਸੌਟੀ 'ਤੇ ਵੀ ਇਨ੍ਹਾਂ ਬਿਆਨਾਂ ਨੂੰ ਰਾਜਨੀਤਕ ਤੌਰ 'ਤੇ ਗ਼ਲਤ ਮੰਨਿਆ ਜਾ ਰਿਹਾ ਸੀ। ਜੇ ਇਹ ਬੁੱਧੀਜੀਵੀ ਇਹ ਮੰਨ ਲੈਂਦੇ ਕਿ ਉਤਰ ਪ੍ਰਦੇਸ਼ ਵਿਚ ਹਿੰਦੂ ਵੋਟ ਤਿਆਰ ਹੋ ਗਿਆ ਹੈ, ਤਾਂ ਫਿਰ ਉਨ੍ਹਾਂ ਨੂੰ ਇਹ ਦਲੀਲ ਦੇਣੀ ਪੈਂਦੀ ਕਿ ਜਦੋਂ ਹਿੰਦੂ ਵੋਟ ਬਣ ਗਿਆ ਹੈ ਤਾਂ ਫਿਰ ਕਿਸੇ ਹਿੰਦੂ ਦਿਲ ਵਾਲੇ ਸਮਰਾਟ ਨੂੰ ਮੁੱਖ ਮੰਤਰੀ ਬਣਾਉਣ ਵਿਚ ਭਾਜਪਾ ਨੂੰ ਗੁਰੇਜ਼ ਕਿਉਂ ਹੋਣਾ ਚਾਹੀਦਾ ਸੀ। ਇਥੇ ਸਪਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਜਿਨ੍ਹਾਂ ਬੁੱਧੀਜੀਵੀਆਂ ਅਤੇ ਦਰਸ਼ਕਾਂ ਦੀ ਇਥੇ ਚਰਚਾ ਕੀਤੀ ਗਈ ਹੈ, ਮੈਂ ਉਨ੍ਹਾਂ ਤੋਂ ਵੱਖ ਨਾ ਹੋ ਕੇ ਉਨ੍ਹਾਂ ਵਿਚ ਸ਼ਾਮਿਲ ਹਾਂ। ਮੈਂ ਉਸ ਸੰਵਾਦ ਵਿਚ ਹਿੱਸੇਦਾਰ ਰਿਹਾ ਹਾਂ ਜਿਸ ਦੀ ਉਹ ਪੈਰੋਕਾਰੀ ਕਰ ਰਹੇ ਹਨ। ਮੈਂ ਖ਼ੁਦ ਨੂੰ ਵੀ ਉਨ੍ਹਾਂ ਗ਼ਲਤੀਆਂ ਦਾ ਵਾਹਕ ਮੰਨਦਾ ਹਾਂ, ਜਿਨ੍ਹਾਂ ਦੇ ਪ੍ਰਭਾਵ ਵਿਚ ਇਸ ਵਿਸ਼ਾਲ ਹਿੰਦੂ ਵੋਟ ਤਿਆਰ ਕਰਨ ਦੀ ਭਾਜਪਾਈ ਯੋਜਨਾ ਦੀ ਗੰਭੀਰਤਾ ਨੂੰ ਸਾਡੇ ਵਿਚੋਂ ਕੋਈ ਵੀ ਨਹੀਂ ਸਮਝ ਸਕਿਆ। ਭਾਜਪਾ ਜਿਸ ਰਣਨੀਤੀ 'ਤੇ ਯੋਜਨਾਬੱਧ ਢੰਗ ਨਾਲ ਅਮਲ ਕਰ ਰਹੀ ਸੀ, ਉਸ ਵੱਲ ਮੇਰਾ ਧਿਆਨ



ਉਸ ਸਮੇਂ ਗਿਆ ਜਦੋਂ ਉਤਰ ਪ੍ਰਦੇਸ਼ ਦਾ ਚੋਣ ਆਖ਼ਰੀ ਦੌਰ ਵਿਚ ਪਹੁੰਚ ਚੁੱਕਾ ਸੀ। ਹੋਣਾ ਤਾਂ ਇਹ ਚਾਹੀਦਾ ਸੀ ਕਿ ਜਿਸ ਸਮੇਂ ਲੋਕਨੀਤੀ-ਸੀ.ਐਸ.ਡੀ.ਐਸ. ਦੀ ਪਹਿਲੀ ਰਾਇਸ਼ੁਮਾਰੀ (ਓਪੀਨਿਅਨ ਪੋਲ) ਏ.ਬੀ.ਪੀ. ਚੈਨਲ ਉਤੇ ਜਨਵਰੀ ਦੇ ਪਹਿਲੇ ਹਫ਼ਤੇ ਵਿਚ ਪ੍ਰਸਾਰਿਤ ਹੋਈ ਸੀ, ਉਸੇ ਸਮੇਂ ਮੇਰੇ ਵਰਗੇ ਲੋਕਾਂ ਨੂੰ ਇਸ ਦੀ ਭਿਣਕ ਲੱਗ ਜਾਣੀ ਚਾਹੀਦੀ ਸੀ। ਉਸ ਰਾਇਸ਼ੁਮਾਰੀ ਵਿਚ ਸਪਸ਼ਟ ਰੂਪ ਨਾਲ ਸੰਕੇਤ ਮਿਲ ਰਿਹਾ ਸੀ ਕਿ ਭਾਜਪਾ ਉਚੀਆਂ ਜਾਤੀਆਂ ਨਾਲ ਗ਼ੈਰ-ਯਾਦਵ ਪਛੜੀਆਂ ਅਤੇ ਗ਼ੈਰ-ਜਾਟਵ ਦਲਿਤਾਂ ਨੂੰ ਜੋੜਨ ਦੀ ਦਿਸ਼ਾ ਵਿਚ ਸ਼ੁਰੂਆਤੀ ਸਫਲਤਾ ਪ੍ਰਾਪਤ ਕਰ ਚੁੱਕੀ ਹੈ।

ਧਿਆਨ ਰਹੇ ਕਿ ਇਨ੍ਹਾਂ ਉਦਾਰਤਾਵਾਦੀ ਧਰਮ ਨਿਰਪੱਖ ਬੁੱਧੀਜੀਵੀਆਂ ਨੇ 2014 ਵਿਚ ਉਸ ਸਮੇਂ ਸੋਨੀਆ ਗਾਂਧੀ ਦੀ ਆਲੋਚਨਾ ਕਰਨ ਤੋਂ ਪਰਹੇਜ਼ ਕੀਤਾ ਸੀ, ਜਦੋਂ ਉਨ੍ਹਾਂ ਨੇ ਜਾਮਾ ਮਸਜਿਦ ਦੇ ਇਮਾਮ ਨੂੰ ਮਿਲ ਕੇ ਧਰਮ ਨਿਰਪੱਖ ਵੋਟ ਨਾਲ ਉਨ੍ਹਾਂ ਨੂੰ ਇਕਜੁਟ ਹੋਣ ਦੀ ਅਪੀਲ ਕੀਤੀ ਸੀ। ਦਰਅਸਲ, ਉਹ ਮੁਸਲਿਮ ਵੋਟਾਂ ਦੀ ਏਕਤਾ ਨੂੰ ਧਰਮ ਨਿਰਪੱਖ ਵੋਟ ਕਹਿ ਰਹੇ ਸਨ। ਸੋਨੀਆ ਦੇ ਉਸ ਕਥਨ ਜਾਂ ਬਿਆਨ ਨੂੰ ਫ਼ਿਰਕੂ ਨਹੀਂ ਸੀ ਠਹਿਰਾਇਆ ਗਿਆ। ਕਿਸੇ ਨੇ ਨਹੀਂ ਸੀ ਪੁੱਛਿਆ ਕਿ ਜੇ ਮੁਸਲਿਮ ਵੋਟ ਧਰਮ ਨਿਰਪੱਖ ਹੈ ਤਾਂ ਹਿੰਦੂ ਵੋਟ ਫ਼ਿਰਕੂ ਕਿਵੇਂ ਹੋਵੇਗਾ? ਅਜਿਹਾ ਲਗਦਾ ਹੈ ਕਿ ਬੁੱਧੀਜੀਵੀਆਂ ਦਾ ਤਬਕਾ ਹਿੰਦੂ ਵੋਟ ਨੂੰ ਹੀ ਫ਼ਿਰਕੂ ਮੰਨਦਾ ਹੈ। ਇਸ ਲਈ ਉਹ ਭਾਜਪਾ ਨੂੰ ਮਿਲੇ ਵੋਟਾਂ ਨੂੰ ਹਿੰਦੂ ਨਹੀਂ ਕਹਿਣਾ ਚਾਹੁੰਦਾ, ਤਾਂ ਕਿ ਉਹ ਸਮਾਜ ਦੇ 40 ਫ਼ੀਸਦੀ ਹਿੱਸੇ ਨੂੰ ਫ਼ਿਰਕੂਆਂ ਦੀ ਸ਼੍ਰੇਣੀ ਵਿਚ ਪਾਉਣ ਤੋਂ ਬਚ ਸਕੇ।

ਅੱਜ ਇਹ ਬੁੱਧੀਜੀਵੀ ਚਾਹੁਣ ਤਾਂ ਸਮਝ ਸਕਦੇ ਹਨ ਕਿ ਜੇ ਉਨ੍ਹਾਂ ਨੇ ਚੁਣਾਵੀ ਰਾਜਨੀਤੀ ਵਿਚ ਧਰਮ ਨਿਰਪੱਖ ਵੋਟ ਨੂੰ ਮੁਸਲਿਮ ਵੋਟ ਦੇ ਰੂਪ ਵਿਚ ਕਲਪਿਤ ਨਾ ਕੀਤਾ ਹੁੰਦਾ ਤਾਂ ਭਾਜਪਾ ਆਪਣੇ ਵਿਚਾਰਧਾਰਾਈ ਹਿੰਦੂ ਵੋਟ ਨੂੰ ਜ਼ਮੀਨ 'ਤੇ ਨਹੀਂ ਉਤਾਰ ਸਕਦੀ ਸੀ। ਇਸ ਤੋਂ ਪਹਿਲਾਂ ਕਿ ਭਾਜਪਾ ਹਿੰਦੂਆਂ ਦੇ ਚੋਣ ਵੋਟਰ ਨੂੰ ਪੂਰੀ ਤਰ੍ਹਾਂ ਹੜੱਪ ਲੈਂਦੀ, ਇਹ ਇਸ ਤਰ੍ਹਾਂ ਦੇ ਵਿਚਾਰ-ਵਟਾਂਦਰੇ ਕਰਨ ਵਾਲਿਆਂ ਦਾ ਕਰਤੱਵ ਸੀ ਕਿ ਉਹ ਇਸ ਸ਼੍ਰੇਣੀ ਨੂੰ ਅਪਣਾ ਲੈਂਦੇ, ਪਰ ਉਨ੍ਹਾਂ ਨੇ ਅਜਿਹਾ ਕਰਨ ਤੋਂ ਲਗਾਤਾਰ ਪਰਹੇਜ਼ ਕੀਤਾ ਅਤੇ ਅੱਜ ਜਦੋਂ ਹਿੰਦੂ ਵੋਟ ਉਨ੍ਹਾਂ ਦੇ ਵਿਰੋਧੀਆਂ ਨੇ ਬਣਾ ਲਿਆ ਹੈ ਤਾਂ ਉਹ ਉਸ ਨੂੰ ਸਵੀਕਾਰ ਕਰਨ ਤੋਂ ਕਤਰਾ ਰਹੇ ਹਨ।

ਜੇ ਭਾਰਤੀ ਲੋਕਤੰਤਰ ਨੂੰ ਆਪਣੇ ਉਦਾਰ ਮੱਧ ਵਰਗ ਸਵਰਗ ਨੂੰ ਮੁੜ ਤੋਂ ਹਾਸਲ ਕਰਨਾ ਹੈ ਤਾਂ ਕੀ ਉਸ ਦੇ ਪੈਰੋਕਾਰਾਂ ਦਾ ਪਹਿਲਾ ਕਦਮ ਇਹ ਨਹੀਂ ਹੋਣਾ ਚਾਹੀਦਾ ਹੈ ਕਿ ਉਹ ਵਰਤਮਾਨ ਰਾਜਨੀਤਕ ਹਾਲਾਤ ਨੂੰ ਉਸ ਦੇ ਸਮੁੱਚੀ ਰੂਪ ਵਿਚ ਕਬੂਲ ਕਰਨ? ਦਰਅਸਲ, ਉਤਰ ਪ੍ਰਦੇਸ਼ ਦੀ ਰਾਜਨੀਤਕ ਜ਼ਮੀਨ 'ਤੇ ਖੜ੍ਹਾ ਕੀਤਾ ਗਿਆ ਵਿਸ਼ਾਲ ਹਿੰਦੂ ਵੋਟ ਬੈਂਕ ਗੁਜਰਾਤ ਦੀ ਹਿੰਦੂਤਵਵਾਦੀ ਪ੍ਰਯੋਗਸ਼ਾਲਾ ਵਿਚ ਖੜ੍ਹੇ ਗਏ ਹਿੰਦੂ ਵੋਟ ਬੈਂਕ ਤੋਂ ਵੀ ਕਿਤੇ ਵੱਡਾ, ਵਿਆਪਕ ਅਤੇ ਵੰਨ-ਸੁਵੰਨਾ ਹੈ। ਦਰਅਸਲ, ਇਹ ਹਿੰਦੂ ਸਮਾਜ ਦੀ ਲਗਪਗ ਸਮੁੱਚੀ ਨੁਮਾਇੰਦਗੀ ਕਰਦਾ ਹੈ।

ਅਜੇ ਇਨ੍ਹਾਂ ਬੁੱਧੀਜੀਵੀਆਂ ਨੇ ਇਕ ਹੋਰ ਗੱਲ ਸਮਝਣੀ ਹੈ। ਫਿਲਹਾਲ ਉਨ੍ਹਾਂ ਨੂੰ ਹੈਰਾਨੀ ਹੋ ਰਹੀ ਹੋਵੇਗੀ ਕਿ ਭਗਵਾ ਵਸਤਰ ਧਾਰੀ ਮੁੱਖ ਮੰਤਰੀ ਨੂੰ ਆਪਣਾ ਫ਼ਿਰਕੂ ਰੰਗ ਦਿਖਾਉਣ ਵਿਚ ਇੰਨੀ ਦੇਰ ਕਿਉਂ ਲੱਗ ਰਹੀ ਹੈ। ਵਾਤਾਵਰਨ ਸੁਰੱਖਿਆ ਦੇ ਨਾਂ 'ਤੇ ਕਸਾਈਖਾਨਿਆਂ ਅਤੇ ਇਸਤਰੀ-ਸੁਰੱਖਿਆ ਦੇ ਨਾਂ 'ਤੇ ਪ੍ਰੇਮੀ ਜੋੜਿਆਂ ਖ਼ਿਲਾਫ਼ ਚੱਲ ਰਹੀ ਹਮਲਾਵਰ ਕਾਰਵਾਈ ਨੇ ਬੁੱਧੀਜੀਵੀਆਂ ਨੂੰ ਯੋਗੀ ਸਰਕਾਰ ਦੀ ਆਲੋਚਨਾ ਲਈ ਕੁਝ ਮਸਾਲਾ ਜ਼ਰੂਰ ਦਿੱਤਾ ਹੈ, ਪਰ ਅਜੇ ਤੱਕ ਅਜਿਹਾ ਕੋਈ ਸਪਸ਼ਟ ਰੁਝੇਵਾਂ ਸਾਹਮਣੇ ਨਹੀਂ ਆਇਆ ਹੈ ਜਿਸ ਦੇ ਆਧਾਰ 'ਤੇ ਕਿਹਾ ਜਾ ਸਕੇ ਕਿ ਇਹ ਸਰਕਾਰ ਘੱਟ-ਗਿਣਤੀਆਂ ਨੂੰ ਦੋਇਮ ਦਰਜੇ ਦਾ ਨਾਗਰਿਕ ਬਣਾਉਣ ਦੀ ਕਿਸੇ ਦੂਰਗਾਮੀ ਯੋਜਨਾ 'ਤੇ ਅਮਲ ਕਰ ਰਹੀ ਹੈ। ਅਜਿਹਾ ਲਗਦਾ ਹੈ ਕਿ ਇਨ੍ਹਾਂ ਬੁੱਧੀਜੀਵੀਆਂ ਨੂੰ ਇਨ੍ਹਾਂ ਹਾਲਾਤ ਦਾ ਸਾਹਮਣਾ ਕਰਨ ਲਈ ਵੀ ਤਿਆਰ ਰਹਿਣਾ ਚਾਹੀਦਾ ਹੈ ਜੋ ਹਿੰਦੂਤਵਵਾਦੀ ਦਬਦਬਾ ਸਥਾਪਤ ਹੋਣ ਤੋਂ ਬਾਅਦ ਵਿਕਸਿਤ ਹੋਣ ਵਾਲੀ ਹੈ। ਜੇ ਅਜਿਹਾ ਹੋਇਆ ਤਾਂ ਛੇਤੀ ਹੀ ਉਦਾਰਤਾਵਾਦ ਦੇ ਅਜੀਬ ਕਿਸਮ ਦੇ ਤਿੱਖੇ ਸੱਜੇ ਪੱਖੀ ਰੂਪ ਨਾਲ ਉਨ੍ਹਾਂ ਦਾ ਸਾਹਮਣਾ ਹੋ ਸਕਦਾ ਹੈ। ਇਹ ਅਜਿਹੀ ਰਾਜਨੀਤਕ ਬਣਤਰ ਹੋਵੇਗੀ ਜਿਸ ਵਿਚ ਘੱਟ-ਗਿਣਤੀ ਰਾਜਨੀਤੀ ਦੀਆਂ ਦਾਅਵੇਦਾਰੀਆਂ ਲਈ ਘੱਟ ਤੋਂ ਘੱਟ ਗੁੰਜਾਇਸ਼ ਰਹਿ ਜਾਵੇਗੀ, ਪਰ ਘੱਟ-ਗਿਣਤੀ ਭਾਈਚਾਰੇ ਆਰਥਿਕ ਜੀਵਨ ਵਿਚ ਆਪਣੀ ਥੋੜ੍ਹੀ-ਬਹੁਤ ਹਿੱਸੇਦਾਰੀ ਕਰਦੇ ਰਹਿਣਗੇ ਜਿਸ ਤਰ੍ਹਾਂ ਕਿ ਪਹਿਲਾਂ ਗੁਜਰਾਤ ਵਿਚ ਹੋਇਆ ਹੈ। ਉਤਰ ਪ੍ਰਦੇਸ਼ ਵਿਚ ਅਜਿਹਾ ਹੋਣ ਤੋਂ ਬਾਅਦ ਇਹ ਮਾਡਲ ਪੂਰੇ ਦੇਸ਼ ਵਿਚ ਲਾਗੂ ਹੋਣ ਲਈ ਤਿਆਰ ਹੋ ਜਾਵੇਗਾ।

# ਖੇਤੀਬਾੜੀ ਅਤੇ ਜੋਖਮ

ਖੇਤੀ ਉਪਰ ਦੇਸ਼ ਦੀ 50 ਪ੍ਰਤੀਸ਼ਤ ਤੋਂ ਵੱਧ ਆਬਾਦੀ ਨਿਰਭਰ ਹੈ। ਹਰ ਵੇਲੇ ਕਿਸਾਨੀ ਨੂੰ ਤਰ੍ਹਾਂ ਤਰ੍ਹਾਂ ਦੇ ਅਚਨਚੇਤ ਜਾਂ ਲੰਮੇ ਸਮੇਂ ਤਕ ਮਾਰ ਕਰਨ ਵਾਲੇ ਜੋਖ਼ਮ ਦੇ ਅਸਰ ਹੇਠ ਫ਼ਸਲਾਂ ਦੇ ਉਤਪਾਦਨ, ਉਤਪਾਦਨ-ਕੁਸ਼ਲਤਾ ਤੇ ਮੁਨਾਫ਼ੇ ਵਿਚ ਘਾਟ, ਅਸਥਿਰਤਾ ਤੇ ਅਨਿਸ਼ਚਿਤਤਾ ਵਧਣ ਦਾ ਸਾਹਮਣਾ ਕਰਨਾ ਪੈਂਦਾ ਹੈ। ਖੇਤੀਬਾੜੀ ਵਿਚ ਆਉਂਦੇ ਜੋਖ਼ਮਾਂ ਦੇ ਕਈ ਕਾਰਨ ਹੋ ਸਕਦੇ ਹਨ, ਜਿਵੇਂ ਜਲਵਾਯੂ ਵਿਚ ਤਬਦੀਲੀ, ਤਾਪਮਾਨ ਵਿਚ ਅਚਾਨਕ ਵਾਧਾ, ਕੋਰਾ ਪੈਣਾ, ਗੜ੍ਹੇਮਾਰ, ਬੇਵਕਤ ਬਾਰਸ਼, ਤੇਜ਼ ਹਨ੍ਹੇਰੀਆਂ ਜਾਂ ਝੱਖੜ, ਔੜ-ਹੜ੍ਹ, ਅੱਗਾਂ, ਮੰਡੀ (ਦੇਸੀ ਤੇ ਵਿਦੇਸ਼ੀ) ਕੀਮਤਾਂ ਵਿਚ ਉਤਰਾਅ-ਚੜ੍ਹਾਅ, ਖਾਦਾਂ-ਬੀਜਾਂ, ਕੀਟਨਾਸ਼ਕ ਦਵਾਈਆਂ ਦੀਆਂ ਕੀਮਤਾਂ ਵਿਚ ਅਚਾਨਕ

**ਡਾ. ਮੁਹਿੰਦਰ ਸਿੰਘ ਬਾਜਵਾ**

ਉਤਰਾਅ-ਚੜ੍ਹਾਅ, ਸਰਕਾਰੀ ਨੀਤੀਆਂ ਵਿਚ ਤਬਦੀਲੀਆਂ (ਜਿਵੇਂ ਨੋਟਬੰਦੀ ਨਾਲ ਸਬਜ਼ੀਆਂ ਤੇ ਹੋਰ ਉਤਪਾਦਾਂ ਦੀਆਂ ਕੀਮਤਾਂ ਡਿੱਗੀਆਂ), ਮਾਲੀ ਸਹਾਇਤਾ ਮਿਲਣ ਵਿਚ ਅਨਿਸ਼ਚਿਤਤਾ, ਕਿਸਾਨਾਂ (ਖਾਸ ਕਰ ਕੇ ਛੋਟੇ) ਦੀ ਆਧੁਨਿਕ ਖੇਤੀ ਤਕਨੀਕਾਂ ਤਕ ਪਹੁੰਚ ਨਾ ਹੋਣੀ, ਫ਼ਸਲਾਂ ਉਪਰ ਅਚਾਨਕ ਕੀੜੇ ਤੇ ਬਿਮਾਰੀਆਂ ਦੇ ਹਮਲੇ, ਨਕਲੀ ਖਾਦਾਂ ਤੇ ਕੀਟਨਾਸ਼ਕ ਜ਼ਹਿਰਾਂ ਆਦਿ। ਇਸ ਤੋਂ ਇਲਾਵਾ ਸ਼ਹਿਰੀ ਇਲਾਕਿਆਂ ਵਿਚ ਜਾਂ ਹੋਰ ਥਾਈਂ ਗੰਦੇ ਪਾਣੀ ਨਾਲ ਸਿੰਜਾਈ, ਭੂਮੀ ਅਤੇ ਧਰਤੀ ਹੇਠਲੇ ਪਾਣੀ ਵਿਚ ਪ੍ਰਦੂਸ਼ਣ ਕਰ ਕੇ ਫ਼ਸਲਾਂ, ਇਨਸਾਨੀ ਅਤੇ ਜੀਵ-ਜੰਤੂਆਂ ਦੀ ਸਿਹਤ ਲਈ ਵੱਡਾ ਖ਼ਤਰਾ ਬਣ ਜਾਂਦੇ ਹਨ।

ਇਨ੍ਹਾਂ ਖ਼ਤਰਿਆਂ ਦੇ ਮਾੜੇ ਅਸਰਾਂ ਕਾਰਨ ਕਈ ਵਾਰ ਕਿਸਾਨ ਭਾਈਚਾਰੇ ਨੂੰ ਨਾ ਸਿਰਫ਼ ਅਸਹਿ ਆਰਥਿਕ ਨੁਕਸਾਨ ਪੁੱਜਦਾ ਹੈ, ਸਗੋਂ ਖੇਤੀ ਉਤਪਾਦਕਾਂ ਵਿਚ ਵਿਕਾਸ ਕਾਇਮ ਰੱਖਣ ਦੀ ਸਮਰੱਥਾ ਨੂੰ ਵੀ ਢਾਹ ਲੱਗ ਜਾਂਦੀ ਹੈ। ਜਦੋਂ ਇਨ੍ਹਾਂ ਖ਼ਤਰਿਆਂ ਦੇ ਮਾੜੇ ਅਸਰ ਬਹੁਤ ਵੱਡੇ ਇਲਾਕੇ ਵਿਚ ਹੋ ਜਾਣ ਤਾਂ ਦੇਸ਼ ਜਾਂ ਸੂਬਾ ਪੱਧਰ ਦੇ ਕੁੱਲ ਘਰੇਲੂ ਉਤਪਾਦਨ ਵਿਚ ਉਤਰਾਅ-ਚੜ੍ਹਾਅ ਆਉਣ ਕਰ ਕੇ ਸਰਕਾਰਾਂ ਵੱਲੋਂ ਪੀੜਤ ਲੋਕਾਂ ਨੂੰ ਰਾਹਤ ਅਤੇ ਹੋਰ ਸਹੂਲਤਾਂ ਦੇਣ ਵਾਸਤੇ ਭਾਰੀ ਰਕਮ ਖ਼ਰਚਣੀ ਪੈ ਜਾਂਦੀ ਹੈ।

ਇਨ੍ਹਾਂ ਖ਼ਤਰਿਆਂ ਦੇ ਖੇਤੀ ਉਤਪਾਦਨ ਉਪਰ ਮਾੜੇ ਅਸਰਾਂ 'ਤੇ ਕਾਬੂ ਪਾਉਣਾ ਤੇ ਆਰਥਿਕ ਵਾਧੇ ਦਾ ਰੁਝਾਨ ਕਾਇਮ ਰੱਖਣਾ ਸਰਕਾਰਾਂ, ਨੀਤੀਆਂ ਬਣਾਉਣ ਵਾਲਿਆਂ, ਖੇਤੀ ਮਾਹਿਰਾਂ ਅਤੇ ਕਿਸਾਨਾਂ ਵਾਸਤੇ ਵੱਡੀ ਚੁਣੌਤੀ ਬਣੀ ਹੋਈ ਹੈ। ਇਹ ਅਹਿਸਾਸ ਕੀਤਾ ਜਾ ਰਿਹਾ ਹੈ ਕਿ ਖੇਤੀ ਖੇਤਰ ਦਾ ਦੇਸ਼ ਦੀ ਜੀ.ਡੀ.ਪੀ. ਵਿਚ ਹਿੱਸਾ ਜੋ ਘਟਦੇ-ਘਟਦੇ 17 ਫ਼ੀਸਦੀ ਰਹਿ ਗਿਆ ਹੈ ਅਤੇ 2019-20 ਤਕ ਇਹ 10 ਫ਼ੀਸਦੀ ਤਕ ਰਹਿਣ ਦਾ ਖ਼ਦਸ਼ਾ ਹੈ, ਇਸ ਹਿੱਸੇ ਨੂੰ ਫੇਰ ਤੋਂ ਵਾਧੇ ਵੱਲ ਲੈ ਕੇ ਜਾਣਾ ਕੇਂਦਰ ਸਰਕਾਰ ਵੱਲੋਂ ਅਨਾਜ ਉਤਪਾਦਨ ਦੀ ਮਿੱਥੀ ਗਈ ਸਾਲਾਨਾ ਵਾਧੇ ਦੀ ਦਰ 4.1 ਫ਼ੀਸਦੀ ਨੂੰ ਪ੍ਰਾਪਤ ਕਰਨਾ, ਦੇਸ਼ ਵਿਚ ਦੂਜਾ ਹਰਾ ਇਨਕਲਾਬ ਪੈਦਾ ਕਰਨਾ ਅਤੇ ਵਧਦੀ ਆਬਾਦੀ ਵਾਸਤੇ ਖ਼ੁਰਾਕ ਦੀ ਲੋੜ ਤੇ ਸੁਰੱਖਿਅਤਾ ਯਕੀਨਨ ਕਾਇਮ ਰੱਖਣਾ ਤਾਂ ਹੀ ਸੰਭਵ ਹੋ ਸਕੇਗਾ, ਜੇ ਖੇਤੀਬਾੜੀ ਉਪਰ ਵੱਖ-ਵੱਖ ਖ਼ਤਰਿਆਂ ਦੇ ਮਾੜੇ ਅਸਰਾਂ 'ਤੇ ਵੀ ਕਾਬੂ ਪਾਇਆ ਜਾਏਗਾ।

ਆਮ ਤੌਰ 'ਤੇ ਆਫ਼ਤ ਆ ਜਾਣ 'ਤੇ ਸਰਕਾਰਾਂ, ਖੇਤੀ ਮਾਹਿਰਾਂ ਤੇ ਹੋਰ ਸਬੰਧਤ ਅਦਾਰਿਆਂ ਵੱਲੋਂ ਜੋਖ਼ਮ-ਪ੍ਰਬੰਧ ਕਰਨ, ਮਾਲੀ ਰਾਹਤ ਦੇਣ ਤੇ ਹੋਰ ਬਦਲਵੀਆਂ ਫ਼ਸਲਾਂ ਵਾਸਤੇ ਬੀਜ, ਖਾਦਾਂ, ਕੀਟਨਾਸ਼ਕ ਦਵਾਈਆਂ ਆਦਿ ਪੀੜਤ

> *ਆਫ਼ਤ ਆ ਜਾਣ 'ਤੇ ਸਰਕਾਰਾਂ, ਖੇਤੀ ਮਾਹਿਰਾਂ ਤੇ ਹੋਰ ਸਬੰਧਤ ਅਦਾਰਿਆਂ ਵੱਲੋਂ ਜੋਖ਼ਮ-ਪ੍ਰਬੰਧ ਕਰਨ, ਮਾਲੀ ਰਾਹਤ ਦੇਣ ਤੇ ਹੋਰ ਬਦਲਵੀਆਂ ਫ਼ਸਲਾਂ ਵਾਸਤੇ ਬੀਜ, ਖਾਦਾਂ, ਕੀਟਨਾਸ਼ਕ ਦਵਾਈਆਂ ਆਦਿ ਪੀੜਤ ਲੋਕਾਂ ਤਕ ਪਹੁੰਚਾਉਣ ਲਈ ਹਫੜਾ-ਦਫੜੀ ਮੱਚ ਜਾਂਦੀ ਹੈ; ਜਦਕਿ ਲੋੜ ਸਰਬਪੱਖੀ ਨੀਤੀ ਬਣਾਉਣ ਤੇ ਲਾਗੂ ਕਰਨ ਦੀ ਹੈ।... ਪੰਜਾਬ ਵਿਚ ਲਗਾਤਾਰ ਝੋਨਾ-ਕਣਕ ਫ਼ਸਲੀ ਪ੍ਰਣਾਲੀ ਅਪਨਾਏ ਜਾਣਾ ਇਨ੍ਹਾਂ ਖ਼ਤਰਿਆਂ ਦੇ ਵਧਣ ਦਾ ਵੱਡਾ ਕਾਰਨ ਸਮਝਿਆ ਜਾਂਦਾ ਹੈ। ਇਸ ਕਰ ਕੇ ਫ਼ਸਲਾਂ ਵਿਚ ਵੰਨ-ਸੁਵੰਨਤਾ ਦੀਆਂ ਸਿਫ਼ਾਰਸ਼ਾਂ ਕੀਤੀਆਂ ਜਾ ਰਹੀਆਂ ਹਨ। ਖਾਦਾਂ, ਕੀਟਨਾਸ਼ਕ ਜ਼ਹਿਰਾਂ ਦੀ ਅੰਧਾਧੁੰਦ ਵਰਤੋਂ ਕਰਦੇ ਜਾਣ ਨਾਲ ਨਾ ਸਿਰਫ਼ ਭੂਮੀ ਦੀ ਉਪਜਾਊ ਗੁਣਵੱਤਾ 'ਤੇ ਮਾੜੇ ਅਸਰ ਪੈਂਦੇ ਹਨ*

ਲੋਕਾਂ ਤਕ ਪਹੁੰਚਾਉਣ ਲਈ ਹਫੜਾ-ਦਫੜੀ ਮੱਚ ਜਾਂਦੀ ਹੈ; ਜਦਕਿ ਲੋੜ ਸਰਬਪੱਖੀ ਨੀਤੀ ਬਣਾਉਣ ਤੇ ਲਾਗੂ ਕਰਨ ਦੀ ਹੈ।

ਪੰਜਾਬ ਵਿਚ ਲਗਾਤਾਰ ਝੋਨਾ-ਕਣਕ ਫ਼ਸਲੀ ਪ੍ਰਣਾਲੀ ਅਪਨਾਏ ਜਾਣਾ ਇਨ੍ਹਾਂ ਖ਼ਤਰਿਆਂ ਦੇ ਵਧਣ ਦਾ ਵੱਡਾ ਕਾਰਨ ਸਮਝਿਆ ਜਾਂਦਾ ਹੈ। ਇਸ ਕਰ ਕੇ ਫ਼ਸਲਾਂ ਵਿਚ ਵੰਨ-ਸੁਵੰਨਤਾ ਦੀਆਂ ਸਿਫ਼ਾਰਸ਼ਾਂ ਕੀਤੀਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਖਾਦਾਂ, ਕੀਟਨਾਸ਼ਕ ਜ਼ਹਿਰਾਂ ਦੀ ਅੰਧਾਧੁੰਦ ਵਰਤੋਂ ਕਰਦੇ ਜਾਣ ਨਾਲ ਨਾ ਸਿਰਫ਼ ਭੂਮੀ ਦੀ ਉਪਜਾਊ ਗੁਣਵੱਤਾ 'ਤੇ ਮਾੜੇ ਅਸਰ ਪੈਂਦੇ ਹਨ, ਸਗੋਂ ਭੂਮੀ ਤੇ ਪਾਣੀ ਵਿਚ ਪ੍ਰਦੂਸ਼ਣ ਵਧਦਾ ਜਾਂਦਾ ਹੈ। ਇਸ ਵਾਸਤੇ ਲੋੜ ਹੈ ਕਿ ਭੂਮੀ, ਪਾਣੀ, ਖਾਦਾਂ, ਕੀਟਨਾਸ਼ਕ ਜ਼ਹਿਰਾਂ ਆਦਿ ਦੀ ਲੋੜ ਅਨੁਸਾਰ ਵਰਤੋਂ ਕਰਨ ਵਾਸਤੇ ਅਸਰਦਾਰ ਸਿਸਟਮ ਬਣਾਇਆ ਜਾਏ। ਇਸ ਵਾਸਤੇ ਵੱਡੀ ਗਿਣਤੀ ਵਿਚ ਸਥਾਪਿਤ ਭੂਮੀ ਪਰਖ ਪ੍ਰਯੋਗਸ਼ਾਲਾਵਾਂ ਤੇ ਖੇਤੀਬਾੜੀ ਮਾਹਿਰਾਂ ਨੂੰ ਕਿਸਾਨਾਂ ਦੇ ਭਰੋਸੇਯੋਗ ਸਲਾਹਕਾਰ ਬਣਨਾ ਚਾਹੀਦਾ ਹੈ।

ਤੇਜ਼ੀ ਨਾਲ ਜਲਵਾਯੂ ਵਿਚ ਤਬਦੀਲੀ ਆਉਣ ਅਤੇ ਤਪਸ਼ ਦੇ ਵਧਣ ਕਰ ਕੇ ਗੰਭੀਰ ਖ਼ਤਰੇ ਪੈਦਾ ਹੋ ਸਕਦੇ ਹਨ। ਇਨ੍ਹਾਂ ਦੇ ਨਤੀਜੇ ਵਜੋਂ ਦੇਸ਼ ਵਿਚ ਖੇਤੀ ਉਤਪਾਦਨ ਦੀ ਸਮਰੱਥਾ 40 ਫ਼ੀਸਦੀ ਤਕ ਘਟਣ ਦੀ ਉਮੀਦ ਕੀਤੀ ਜਾ ਰਹੀ ਹੈ। ਬਾਰਸ਼ ਨਿਰਭਰ ਖੇਤਰਾਂ ਵਿਚ ਖੇਤੀ ਉਤਪਾਦਨ ਵਿਚ 50 ਫ਼ੀਸਦੀ ਤਕ ਗਿਰਾਵਟ ਆ ਸਕਦੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਇੱਕ ਖੋਜ ਅਨੁਸਾਰ ਆਮ ਤਾਪਮਾਨ ਤੋਂ ਇਕ ਡਿਗਰੀ ਸੈਂਟੀਗਰੇਡ ਵਧਣ ਨਾਲ ਕਣਕ ਦਾ 2 ਮਣ ਪ੍ਰਤੀ ਏਕੜ ਝਾੜ ਘਟ ਸਕਦਾ ਹੈ।

ਵੱਡਾ ਖ਼ਤਰਾ ਮੰਡੀਆਂ ਵਿਚ ਖੇਤੀ ਉਤਪਾਦਾਂ ਦੀਆਂ ਕੀਮਤਾਂ ਵਿਚ ਅਸਥਿਰਤਾ ਜਾਂ ਅਚਨਚੇਤ ਗਿਰਾਵਟ ਆਉਣ ਕਰ ਕੇ ਪੈਦਾ ਹੁੰਦਾ ਹੈ ਜੋ ਕਿਸਾਨ ਦੀ ਆਰਥਿਕਤਾ ਨੂੰ ਢਾਹ ਲਾਉਂਦਾ ਹੈ। ਸਰਕਾਰ ਵੱਲੋਂ ਅਚਾਨਕ ਬਰਾਮਦ ਤੇ ਦਰਾਮਦ ਕਰਨ ਦੀ ਥਾਂ ਕਈ ਹੋਰ ਨੀਤੀਆਂ ਵਿਚ ਤਬਦੀਲੀਆਂ ਅਤੇ ਗ਼ੈਰ-ਯੋਜਨਾਬੱਧ ਫ਼ਸਲਾਂ ਦੇ ਰਕਬੇ ਵਧਣ ਨਾਲ ਉਤਪਾਦਾਂ ਦੀ ਬਹੁਤਾਤ ਹੋਣ ਕਰ ਕੇ ਮੰਡੀਆਂ ਵਿਚ ਕੀਮਤਾਂ ਅੰਦਰ ਅਸਥਿਰਤਾ ਜਾਂ ਘਾਟ ਹੋ ਸਕਦੀ ਹੈ। ਇਨ੍ਹਾਂ ਖ਼ਤਰਿਆਂ ਨੂੰ ਧਿਆਨ ਵਿਚ ਰੱਖਦੇ ਹੋਏ ਸਰਕਾਰ ਵੱਲੋਂ ਖੇਤੀ ਉਤਪਾਦਾਂ ਨੂੰ ਘੱਟੋ-ਘੱਟ ਸਮਰਥਨ ਮੁੱਲ 'ਤੇ ਖ਼ਰੀਦਣ ਦੀ ਨੀਤੀ ਨੂੰ ਅਪਨਾਇਆ ਗਿਆ ਹੈ। ਇਸ ਖ਼ਰੀਦ ਪ੍ਰਣਾਲੀ ਹੇਠ ਕਣਕ ਤੇ ਝੋਨੇ ਦੇ ਨਾਲ-ਨਾਲ ਬਾਕੀ ਸਾਰੀਆਂ ਫ਼ਸਲਾਂ ਵੀ ਆਉਣੀਆਂ ਚਾਹੀਦੀਆਂ ਹਨ। ਕਿਸਾਨਾਂ ਦੀ ਆਰਥਿਕਤਾ ਸਰਬਪੱਖੀ ਤੌਰ 'ਤੇ ਸਥਿਰ ਅਤੇ ਲਾਹੇਵੰਦ ਰੱਖਣ ਵਾਸਤੇ ਸਵਾਮੀਨਾਥਨ ਕਮੇਟੀ ਦੀ ਸਿਫ਼ਾਰਸ਼ ਕੀਤੀ ਭਾਅ ਪ੍ਰਣਾਲੀ ਲਾਗੂ ਕਰਨੀ ਚਾਹੀਦੀ ਹੈ।

ਖੇਤੀ ਖ਼ਤਰਿਆਂ ਤੋਂ ਪੀੜਤ ਕਿਸਾਨਾਂ ਨੂੰ ਰਾਹਤ ਦੇਣ ਵਾਸਤੇ ਕੌਮੀ ਪੱਧਰ 'ਤੇ ਅਚਨਚੇਤ ਬਿਪਤਾ ਫੰਡ ਅਤੇ ਸੂਬਾ ਪੱਧਰੀ ਰਾਹਤ ਫੰਡ ਸਥਾਪਿਤ ਕੀਤੇ ਗਏ ਹਨ ਤਾਂ ਜੋ ਔੜ, ਹੜ੍ਹ, ਗੜ੍ਹੇਮਾਰ, ਤੂਫ਼ਾਨ, ਸੁਨਾਮੀ ਆਦਿ ਹਾਲਾਤ ਵਿਚ ਲੋੜੀਂਦੀ ਰਾਹਤ ਦਾ ਭੁਗਤਾਨ ਕੀਤਾ ਜਾ ਸਕੇ। ਇਨ੍ਹਾਂ ਫੰਡਾਂ ਤੋਂ ਇਲਾਵਾ ਖੇਤੀ ਬੀਮਾ ਯੋਜਨਾਵਾਂ, ਅਚਾਨਕ ਖੇਤੀ ਅਸਫ਼ਲਤਾ ਕਰ ਕੇ ਹੁੰਦੇ ਮਾਲੀ ਨੁਕਸਾਨ ਦੇ ਖ਼ਤਰੇ ਘਟਾਉਣ ਲਈ ਬਹੁਤ ਵੱਡਾ ਹਿੱਸਾ ਪਾ ਸਕਦੀਆਂ ਹਨ।


## ਆਰ.ਐਸ.ਐਸ. ਸਭ ਤੋਂ ਵੱਡੀ ਦਹਿਸ਼ਤਗਰਦ ਸੰਸਥਾ-2

# ਬੇਕਸੂਰ ਮੁਸਲਿਮ ਪੰਜ ਸਾਲ ਬਾਅਦ ਰਿਹਾ

*ਆਰ.ਐਸ.ਐਸ. ਵਲੋਂ ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਅਤੇ ਅਦਾਲਤਾਂ ਉਪਰ ਸਿਆਸੀ ਦਬਾਓ ਪਾ ਕੇ ਹਿੰਦੂਤਵੀ ਅਤਿਵਾਦੀ ਸਰਗਨਿਆਂ ਨੂੰ ਕਲੀਨ ਚਿਟਾਂ ਦਿਵਾਈਆਂ ਜਾ ਰਹੀਆਂ ਹਨ। ਮਹਾਰਾਸ਼ਟਰ ਦੇ ਸਾਬਕਾ ਪੁਲਿਸ ਅਫਸਰ ਐਸ.ਐਮ. ਮੁਸ਼ਰਿਫ ਨੇ ਆਰ.ਐਸ.ਐਸ. ਦਾ ਪਰਦਾਪਾਸ਼ ਕਰਦਿਆਂ ਕਿਤਾਬਚਾ 'ਆਰ.ਐਸ.ਐਸ. ਸਭ ਤੋਂ ਵੱਡੀ ਦਹਿਸ਼ਤਗਰਦ ਸੰਸਥਾ' ਲਿਖਿਆ ਹੈ। ਇਸ ਕਿਤਾਬਚੇ ਤੋਂ ਆਰ.ਐਸ.ਐਸ. ਦੇ ਇਰਾਦਿਆਂ ਨੂੰ ਸਮਝਿਆ ਜਾ ਸਕਦਾ ਹੈ। ਅਸੀਂ ਆਪਣੇ ਪਾਠਕਾਂ ਲਈ ਇਹ ਅਹਿਮ ਕਿਤਾਬਚੇ ਲੜੀਵਾਰ ਛਾਪ ਰਹੇ ਹਾਂ ਜਿਸ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ*

**ਅਧਿਆਏ ਤਿੰਨ: ਮੁੜ ਜਾਂਚ ਨਾਲ ਪਲਟਿਆ ਪਾਸਾ / ਅਜਮੇਰ ਸ਼ਰੀਫ਼ ਅਤੇ ਮੱਕਾ ਮਸਜਿਦ (ਹੈਦਰਾਬਾਦ) ਬੰਬ ਧਮਾਕਾ**

ਅਜਮੇਰ ਸ਼ਰੀਫ਼ ਦਰਗਾਹ (ਰਾਜਸਥਾਨ) ਵਿਚ 11 ਅਕਤੂਬਰ 2007 ਨੂੰ ਬੰਬ ਧਮਾਕਾ ਹੋਇਆ ਸੀ। ਉਸ ਵਿਚ ਦੋ ਬੰਦਿਆਂ ਦੀ ਥਾਂ 'ਤੇ ਹੀ ਮੌਤ ਹੋ ਗਈ ਅਤੇ 15 ਲੋਕ ਜ਼ਖ਼ਮੀ ਹੋਏ ਸਨ। ਉਸ ਤੋਂ ਦੋ ਮਹੀਨੇ ਪਹਿਲਾਂ, ਭਾਵ 18 ਅਗਸਤ 2007 ਨੂੰ ਮੱਕਾ ਮਸਜਿਦ (ਹੈਦਰਾਬਾਦ) ਵਿਚ ਵੀ ਇਸੇ ਤਰ੍ਹਾਂ ਦਾ ਧਮਾਕਾ ਹੋਇਆ ਜਿਸ ਵਿਚ 9 ਲੋਕਾਂ ਦੀ ਮੌਤ ਹੋਈ ਸੀ ਅਤੇ ਕਈ ਲੋਕ ਜ਼ਖ਼ਮੀ ਹੋਏ ਸਨ। ਇਨ੍ਹਾਂ ਦੋਵਾਂ ਬੰਬ ਧਮਾਕਿਆਂ ਤੋਂ ਬਾਅਦ ਆਈ.ਬੀ. ਅਤੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਸ਼ੱਕ ਜ਼ਾਹਿਰ ਕੀਤਾ ਕਿ ਇਨ੍ਹਾਂ ਵਾਰਦਾਤਾਂ ਪਿੱਛੇ ਲਸ਼ਕਰ-ਏ-ਤੋਇਬਾ, ਹੂਜੀ, ਜੈਸ਼-ਏ-ਮੁਹੰਮਦ, ਸਿਮੀ ਆਦਿ ਮੁਸਲਿਮ ਜਥੇਬੰਦੀਆਂ ਦਾ ਹੱਥ ਹੈ। ਕਿਸੇ ਵੀ ਤਰ੍ਹਾਂ ਦੀ ਜਾਂਚ ਜਾਂ ਛਾਣਬੀਣ



ਐਸ.ਐਮ. ਮੁਸ਼ਰਿਫ

ਕੀਤੇ ਬਗੈਰ ਮੀਡੀਆ ਨੇ ਵੀ ਇਸ ਨੂੰ ਖ਼ੂਬ ਪ੍ਰਸਾਰਿਆ।

ਹਕੀਕਤ ਵਿਚ ਇਨ੍ਹਾਂ ਦੋਵਾਂ ਵਾਰਦਾਤਾਂ ਜਿਨ੍ਹਾਂ ਮੋਬਾਈਲ ਫ਼ੋਨਾਂ ਨਾਲ ਬੰਬ ਧਮਾਕੇ ਕੀਤੇ ਸਨ, ਵਿਚ ਉਨ੍ਹਾਂ ਦੇ ਸਿਮ ਕਾਰਡ ਹਫ਼ਤੇ ਅੰਦਰ ਹੀ ਪੁਲਿਸ ਨੂੰ ਮਿਲ ਗਏ ਸਨ। ਬੰਬ ਧਮਾਕੇ ਦੀ ਜਾਂਚ ਵਿਚ ਸਿਮ ਕਾਰਡ ਮਿਲਣਾ ਪੁਲਿਸ ਲਈ ਅਹਿਮ ਗੱਲ ਹੁੰਦੀ ਹੈ, ਵਾਰਦਾਤ ਦੀ ਪੂਰੀ ਪੋਲ ਖੁੱਲ੍ਹ ਗਈ ਮੰਨੀ ਜਾਂਦੀ ਹੈ; ਲੇਕਿਨ ਖ਼ੁਫ਼ੀਆ ਏਜੰਸੀਆਂ ਦੇ ਦਬਾਓ ਹੇਠ ਦੋਵਾਂ ਮਾਮਲਿਆਂ ਵਿਚ ਮੁਕਾਮੀ ਪੁਲਿਸ ਨੇ ਜਾਣ-ਬੁਝ ਕੇ ਇਨ੍ਹਾਂ ਸਬੂਤਾਂ ਨੂੰ ਨਜ਼ਰਅੰਦਾਜ਼ ਕੀਤਾ ਅਤੇ ਪੂਰੀ ਜਾਂਚ ਨਹੀਂ ਕੀਤੀ, ਬਲਕਿ ਵਾਰਦਾਤਾਂ ਪਿੱਛੇ ਮੁਸਲਿਮ ਜਥੇਬੰਦੀਆਂ ਦਾ ਹੱਥ ਹੋਣ ਦੀ ਗੱਲ ਨੂੰ ਤੂਲ ਦਿੰਦੇ ਰਹੇ, ਮੀਡੀਆ ਵੀ ਇਸ ਤਰ੍ਹਾਂ ਦੀਆਂ ਬੇਬੁਨਿਆਦ ਖ਼ਬਰਾਂ ਪ੍ਰਕਾਸ਼ਿਤ ਕਰਦਾ ਰਿਹਾ। ਇਉਂ 2007 ਤੋਂ 2010 ਤਕ ਤਿੰਨ ਸਾਲ ਫਰਜ਼ੀ ਸਬੂਤਾਂ ਦੇ ਆਧਾਰ 'ਤੇ ਕਈ ਮੁਸਲਿਮ ਨੌਜਵਾਨਾਂ ਨੂੰ ਪੁਲਿਸ ਗ੍ਰਿਫ਼ਤਾਰ ਕਰਦੀ ਰਹੀ।

ਲੇਕਿਨ ਮਾਲੇਗਾਓਂ 2008 ਦੀ ਜਾਂਚ ਕਰਦੇ ਵਕਤ ਜਦੋਂ ਨਵੰਬਰ 2008 ਵਿਚ ਲੈਫਟੀਨੈਂਟ ਕਰਨਲ ਪੁਰੋਹਿਤ ਦਾ ਨਾਰਕੋ ਟੈਸਟ ਕੀਤਾ ਗਿਆ, ਤਾਂ ਉਸ ਨੇ ਮੰਨਿਆ ਕਿ ਅਜਮੇਰ ਸ਼ਰੀਫ਼ ਬੰਬ ਧਮਾਕੇ ਦੇ ਲਈ ਆਰ.ਡੀ.ਐਕਸ. ਉਸੇ ਨੇ ਪਹੁੰਚਾਇਆ ਸੀ। ਸਾਧਵੀ ਪ੍ਰੱਗਿਆ ਸਿੰਘ ਅਤੇ ਅਜੈ ਰਾਹੀਰਕਰ ਨੇ ਵੀ ਇਹ ਗੱਲ ਮੰਨੀ। ਇਸ ਤੋਂ ਇਲਾਵਾ ਹੇਮੰਤ ਕਰਕਰੇ ਨੇ ਜੋ ਲੈਪਟਾਪ ਜ਼ਬਤ ਕੀਤੇ ਸਨ, ਉਨ੍ਹਾਂ ਵਿਚੋਂ ਇਕ ਵਿਚ ਰਿਕਾਰਡ ਇਕ ਮੀਟਿੰਗ ਦੇ ਵੇਰਵੇ ਤੋਂ ਸਪਸ਼ਟ ਹੁੰਦਾ ਹੈ ਕਿ 'ਅਭਿਨਵ ਭਾਰਤ' ਇਸ ਤਰ੍ਹਾਂ ਦੇ ਬੰਬ ਧਮਾਕਿਆਂ ਵਿਚ ਸ਼ਾਮਲ ਸੀ।

ਇਨ੍ਹਾਂ ਸਾਰੀਆਂ ਗੱਲਾਂ ਤੋਂ ਬੰਬ ਧਮਾਕੇ ਦੀ ਮੁੜ ਜਾਂਚ ਕਰਨ ਨੂੰ ਲੈ ਕੇ ਸਰਕਾਰ ਉਪਰ ਅਵਾਮ ਦਾ ਦਬਾਅ ਵਧਦਾ ਗਿਆ ਜਿਸ ਨਾਲ ਰਾਜਸਥਾਨ ਸਰਕਾਰ ਅਵਾਮ ਅੱਗੇ ਝੁਕ ਗਈ ਅਤੇ ਉਸ ਨੇ ਅਜਮੇਰ ਸ਼ਰੀਫ਼ ਬੰਬ ਧਮਾਕੇ ਦੀ ਮੁੜ ਜਾਂਚ ਕਰਨ ਲਈ 2010 ਵਿਚ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਬਣਾਈ। ਐਸ.ਆਈ.ਟੀ. ਨੇ ਵਾਰਦਾਤ ਦੀ ਕਰੜੀ ਜਾਂਚ ਕੀਤੀ, ਤੇ ਇਸ ਵਾਰਦਾਤ ਪਿੱਛੇ ਆਰ.ਐਸ.ਐਸ., ਅਭਿਨਵ ਭਾਰਤ ਅਤੇ ਜੈ ਵੰਦੇ ਮਾਤਰਮ ਜਥੇਬੰਦੀਆਂ ਦਾ ਹੱਥ ਹੋਣ ਦੀ ਗੱਲ ਸਾਹਮਣੇ ਆਈ। ਐਸ.ਆਈ.ਟੀ. ਨੇ ਇਨ੍ਹਾਂ ਤਿੰਨਾਂ ਜਥੇਬੰਦੀਆਂ ਦੇ ਖ਼ਿਲਾਫ਼ ਸਬੂਤ ਇਕੱਠੇ ਕੀਤੇ ਅਤੇ ਉਨ੍ਹਾਂ ਦੇ ਖ਼ਿਲਾਫ਼ ਚਾਰਜਸ਼ੀਟ ਅਦਾਲਤ ਵਿਚ ਭੇਜ ਦਿੱਤੀ। ਐਸ.ਆਈ.ਟੀ. ਦੀ ਚਾਰਜਸ਼ੀਟ ਵਿਚ ਸਪਸ਼ਟ ਦਸਿਆ ਗਿਆ ਹੈ ਕਿ ਸਾਰੇ ਦੋਸ਼ੀ ਆਰ.ਐਸ.ਐਸ. ਦੇ ਮੈਂਬਰ ਸਨ ਅਤੇ ਉਨ੍ਹਾਂ ਵਿਚੋਂ ਕੁਝ ਜਥੇਬੰਦੀਆਂ ਦੇ ਅਹਿਮ ਅਹੁਦਿਆਂ 'ਤੇ ਸਨ।

ਇਸ ਤੋਂ ਅੱਗੇ ਐਨ.ਆਈ.ਏ. (ਕੌਮੀ ਜਾਂਚ ਏਜੰਸੀ) ਨੇ ਅਜਮੇਰ ਸ਼ਰੀਫ਼ ਬੰਬ ਧਮਾਕੇ ਦੀ ਦੁਬਾਰਾ ਜਾਂਚ ਕੀਤੀ। ਉਨ੍ਹਾਂ ਨੇ ਰਾਜਸਥਾਨ ਐਸ.ਆਈ.ਟੀ. ਵੱਲੋਂ ਕੀਤੀ ਗਈ ਜਾਂਚ ਨਾਲ ਸਹਿਮਤੀ ਪ੍ਰਗਟਾਈ ਅਤੇ ਉਸ ਨਾਲ ਮਿਲਦੀ-ਜੁਲਦੀ ਚਾਰਜਸ਼ੀਟ ਤਿਆਰ ਕਰ ਕੇ ਅਦਾਲਤ ਵਿਚ ਭੇਜ ਦਿੱਤੀ। ਨਾਲ ਹੀ ਐਨ.ਆਈ.ਏ. ਨੇ ਮੱਕਾ ਮਸਜਿਦ (ਹੈਦਰਾਬਾਦ) ਵਾਰਦਾਤ ਦੀ ਵੀ ਜਾਂਚ ਕੀਤੀ। ਇਸ ਵਿਚ ਵੀ ਆਰ.ਐਸ.ਐਸ., ਅਭਿਨਵ ਭਾਰਤ ਅਤੇ ਜੈ ਵੰਦੇ ਮਾਤਰਮ ਵਰਗੀਆਂ ਜਥੇਬੰਦੀਆਂ ਦੇ ਹੀ ਸ਼ਾਮਲ ਹੋਣ ਦੀ ਗੱਲ ਸਾਹਮਣੇ ਆਈ। ਇਨ੍ਹਾਂ ਦੋਵਾਂ ਵਾਰਦਾਤਾਂ ਦੇ ਦੋਸ਼ੀ ਮਿਲਦੇ-ਜੁਲਦੇ ਸਨ। ਉਨ੍ਹਾਂ ਦੇ ਨਾਂ ਅਤੇ ਉਹ ਆਰ.ਐਸ.ਐਸ. ਅਤੇ ਹੋਰ ਕਿਹੜੀ ਜਥੇਬੰਦੀ ਦੇ ਕਿਸ ਅਹੁਦੇ ਉਪਰ ਕੰਮ ਕਰਦੇ ਸਨ, ਉਸ ਦੀ ਜਾਣਕਾਰੀ ਇਉਂ ਹੈ: 1) ਸੁਨੀਲ ਜੋਸ਼ੀ ਆਰ.ਐਸ.ਐਸ. ਦੇ ਮਹੂ (ਮੱਧ ਪ੍ਰਦੇਸ਼) ਦਾ ਜ਼ਿਲ੍ਹਾ ਪ੍ਰਚਾਰਕ, 2) ਸੰਦੀਪ ਡਾਂਗੇ: ਸ਼ਾਜਾਪੁਰ (ਮੱਧ ਪ੍ਰਦੇਸ਼) ਜ਼ਿਲ੍ਹੇ ਦਾ ਆਰ.ਐਸ.ਐਸ. ਦਾ ਸਾਬਕਾ ਜ਼ਿਲ੍ਹਾ ਪ੍ਰਚਾਰਕ, 3) ਦਵਿੰਦਰ ਗੁਪਤਾ: ਜਾਮਤਾੜਾ (ਝਾਰਖੰਡ) ਜ਼ਿਲ੍ਹੇ ਦੇ ਆਰ.ਐਸ.ਐਸ. ਦਾ ਜ਼ਿਲ੍ਹਾ ਪ੍ਰਚਾਰਕ, 4) ਚੰਦਰ ਸ਼ੇਖਰ ਲੇਵੇ: ਸ਼ਾਜਾਪੁਰ (ਮੱਧ ਪ੍ਰਦੇਸ਼) ਜ਼ਿਲ੍ਹੇ ਦੇ ਆਰ.ਐਸ.ਐਸ. ਦਾ ਸਾਬਕਾ ਜ਼ਿਲ੍ਹਾ ਪ੍ਰਚਾਰਕ, 5) ਰਾਮਜੀ ਕਾਲਸੰਗਰਾ: ਆਰ.ਐਸ.ਐਸ. ਅਤੇ ਅਭਿਨਵ ਭਾਰਤ ਦਾ ਕੱਟੜ ਕਾਰਕੁਨ, 6) ਲੋਕੇਸ਼ ਸ਼ਰਮਾ: ਜੈ ਵੰਦੇ ਮਾਤਰਮ ਅਤੇ ਆਰ.ਐਸ.ਐਸ. ਦਾ ਕੱਟੜ ਕਾਰਕੁਨ, 7) ਸ਼ਿਵਮ ਧਾਕੜ: ਜੈ ਵੰਦੇ ਮਾਤਰਮ ਅਤੇ ਆਰ.ਐਸ.ਐਸ. ਦਾ ਕੱਟੜ ਕਾਰਕੁਨ, 8) ਸਮੰਦਰ: ਜੈ ਵੰਦੇ ਮਾਤਰਮ ਅਤੇ ਆਰ.ਐਸ.ਐਸ. ਦਾ ਕੱਟੜ ਕਾਰਕੁਨ, 9) ਪ੍ਰੱਗਿਆ ਸਿੰਘ ਠਾਕੁਰ: ਜੈ ਵੰਦੇ ਮਾਤਰਮ ਅਤੇ ਅਭਿਨਵ ਭਾਰਤ ਦਰਮਿਆਨ ਕੜੀ, 10) ਸਵਾਮੀ ਅਸੀਮਾਨੰਦ: ਆਰ.ਐਸ.ਐਸ. ਦਾ ਉਘਾ ਆਗੂ ਅਤੇ ਮੁਖ ਰਾਹਨੁਮਾ।

**ਸਮਝੌਤਾ ਐਕਸਪ੍ਰੈੱਸ ਧਮਾਕਾ 2007**

ਹਿੰਦੁਸਤਾਨ ਅਤੇ ਪਾਕਿਸਤਾਨ ਦਰਮਿਆਨ ਮਿੱਤਰਤਾਪੂਰਨ ਰਿਸ਼ਤੇ ਕਾਇਮ ਕਰਨ ਦੇ ਮਨੋਰਥ ਨਾਲ ਚਲਾਈ ਜਾਣ ਵਾਲੀ ਸਮਝੌਤਾ ਐਕਸਪ੍ਰੈੱਸ ਰੇਲ ਗੱਡੀ ਵਿਚ 19 ਫਰਵਰੀ 2007 ਨੂੰ ਧਮਾਕਾ ਹੋਇਆ। ਉਦੋਂ ਗੱਡੀ ਹਰਿਆਣਾ ਸੂਬੇ ਦੇ ਪਾਣੀਪਤ ਤੋਂ ਗੁਜ਼ਰ ਰਹੀ ਸੀ। ਉਸ ਵਿਚ 68 ਲੋਕਾਂ ਦੀ ਥਾਂ 'ਤੇ ਹੀ ਮੌਤ ਹੋ ਗਈ ਅਤੇ ਕਈ ਜ਼ਖ਼ਮੀ ਹੋਏ। ਇਸ ਧਮਾਕੇ ਨਾਲ ਜੁੜੇ ਸਬੂਤ ਮਹੀਨੇ ਦੇ ਅੰਦਰ, ਯਾਨੀ ਮਾਰਚ 2007 ਵਿਚ ਹੀ ਸਾਹਮਣੇ ਆ ਗਏ ਸਨ; ਲੇਕਿਨ ਆਈ.ਬੀ. ਦੇ ਦਬਾਅ ਕਾਰਨ ਅਗਲੇ ਚਾਰ ਸਾਲ ਤਕ ਵਾਰਦਾਤ ਦੀ ਜਾਂਚ ਨਹੀਂ ਹੋ ਸਕੀ। ਇਸ ਬਾਰੇ ਹੋਰ ਜਾਣਕਾਰੀ ਹੇਠਾਂ ਦਿੱਤੀ ਜਾ ਰਹੀ ਹੈ:

ਮਾਰਚ 2007 ਵਿਚ ਹਰਿਆਣਾ ਪੁਲਿਸ ਨੂੰ ਵਾਰਦਾਤ ਬਾਰੇ ਕੁਝ ਅਹਿਮ ਸਬੂਤ ਮਿਲੇ ਸਨ ਅਤੇ ਉਹ ਹੋਰ ਜਾਂਚ ਲਈ ਇੰਦੌਰ (ਮੱਧ ਪ੍ਰਦੇਸ਼) ਗਏ ਸਨ, ਲੇਕਿਨ ਕਿਸੇ ਕਾਰਨ ਮੱਧ ਪ੍ਰਦੇਸ਼ ਪੁਲਿਸ ਨੇ ਉਨ੍ਹਾਂ ਨੂੰ ਸਹਿਯੋਗ ਦੇਣ ਤੋਂ ਨਾਂਹ ਕਰ ਦਿੱਤੀ ਜਿਸ ਕਾਰਨ ਹਰਿਆਣਾ ਪੁਲਿਸ ਵਾਪਸ ਆ ਗਈ। ਉਸ ਤੋਂ ਬਾਅਦ ਨਵੰਬਰ 2008 ਵਿਚ ਮਾਲੇਗਾਓਂ 2008 ਵਾਰਦਾਤ ਦੇ ਦੋਸ਼ੀ ਲੈਫਟੀਨੈਂਟ ਕਰਨਲ ਪੁਰੋਹਿਤ ਦੇ ਨਾਰਕੋ ਟੈਸਟ ਕਰਨ ਤੋਂ ਬਾਅਦ ਉਸ ਦੇ ਸਮਝੌਤਾ ਐਕਸਪ੍ਰੈੱਸ ਵਿਚ ਸ਼ਾਮਲ ਹੋਣ ਦੀ ਗੱਲ ਸਾਹਮਣੇ ਆਈ; ਲੇਕਿਨ ਆਈ.ਬੀ. ਵਲੋਂ 'ਵਿਸ਼ਵ ਵਿਚ ਭਾਰਤ ਦੀ ਬਦਨਾਮੀ ਹੋ ਜਾਵੇਗੀ' ਕਾਰਨ ਦੱਸ ਕੇ ਮਹਾਰਾਸ਼ਟਰ ਏ.ਟੀ.ਐਸ. ਨੂੰ ਅੱਗੇ ਜਾਂਚ ਕਰਨ ਤੋਂ ਰੋਕ ਦਿੱਤਾ ਗਿਆ।

ਹੇਮੰਤ ਕਰਕਰੇ ਦੁਆਰਾ ਕੀਤੀ ਮਾਲੇਗਾਓਂ 2008 ਧਮਾਕੇ ਦੀ ਜਾਂਚ ਵਿਚ ਅਤੇ ਉਸੇ ਜਾਂਚ ਦੇ ਤਹਿਤ ਕੀਤੀ ਗਈ ਕੁਝ ਹੋਰ ਧਮਾਕਿਆਂ ਦੀ ਜਾਂਚ ਵਿਚ ਆਰ.ਐਸ.ਐਸ., ਅਭਿਨਵ ਭਾਰਤ ਅਤੇ ਹੋਰ ਬ੍ਰਾਹਮਣਵਾਦੀ ਜਥੇਬੰਦੀਆਂ ਦੇ ਦੇਸ਼ਵਿਆਪੀ, ਦੇਸ਼ ਧ੍ਰੋਹੀ ਸਾਜ਼ਿਸ਼ ਵਿਚ ਸ਼ਾਮਲ ਹੋਣ ਦੀ ਗੱਲ ਸਾਹਮਣੇ ਆਈ। ਇਸ ਲਈ ਸਮਝੌਤਾ ਐਕਸਪ੍ਰੈੱਸ ਧਮਾਕੇ ਦੀ ਜਾਂਚ ਵੀ ਕਿਸੇ ਆਜ਼ਾਦ ਅਤੇ ਨਿਰਪੱਖ ਜਾਂਚ ਏਜੰਸੀ ਦੁਆਰਾ ਕੀਤੇ ਜਾਣ ਦੀ ਮੰਗ ਨੇ ਜ਼ੋਰ ਫੜ ਲਿਆ। ਇਸੇ ਕਾਰਨ 2010 ਵਿਚ ਇਸ ਵਾਰਦਾਤ ਦੀ ਜਾਂਚ ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਨੂੰ ਸੌਂਪੀ ਗਈ। ਜਿਵੇਂ ਪਹਿਲਾਂ ਦੱਸਿਆ ਗਿਆ ਹੈ, ਹਰਿਆਣਾ ਪੁਲਿਸ ਨੇ ਵਾਰਦਾਤ ਨਾਲ ਸਬੰਧਤ ਕੁਝ ਪੱਕੇ ਸਬੂਤ ਇਕੱਠੇ ਕਰ ਲਏ ਸਨ। ਐਨ.ਆਈ.ਏ. ਨੇ ਉਸੇ ਦੇ ਆਧਾਰ 'ਤੇ ਅੱਗੇ ਜਾਂਚ ਸ਼ੁਰੂ ਕੀਤੀ।

ਇਸ ਦੌਰਾਨ ਅਜਮੇਰ ਸ਼ਰੀਫ਼ ਅਤੇ ਮੱਕਾ ਮਸਜਿਦ ਵਾਰਦਾਤਾਂ ਵਿਚ ਗ੍ਰਿਫ਼ਤਾਰ ਦੋਸ਼ੀ ਆਰ.ਐਸ.ਐਸ. ਦੇ ਉਘੇ ਆਗੂ ਸਵਾਮੀ ਅਸੀਮਾਨੰਦ ਨੇ ਅਦਾਲਤ ਦੇ ਸਾਹਮਣੇ ਦਸੰਬਰ 2010 ਨੂੰ ਮੱਕਾ ਮਸਜਿਦ ਮਾਮਲੇ ਵਿਚ ਅਤੇ ਜਨਵਰੀ 2011 ਵਿਚ ਅਜਮੇਰ ਸ਼ਰੀਫ਼ ਮਾਮਲੇ ਵਿਚ ਆਪਣਾ ਇਕਬਾਲੀਆ ਬਿਆਨ ਦਿੱਤਾ। ਉਸ ਨੇ ਅਦਾਲਤ ਨੂੰ ਦੱਸਿਆ ਕਿ ਇਨ੍ਹਾਂ ਦੋ ਧਮਾਕਿਆਂ ਤੋਂ ਇਲਾਵਾ ਮਾਲੇਗਾਓਂ 2006 ਅਤੇ ਸਮਝੌਤਾ ਐਕਸਪ੍ਰੈੱਸ 2007 ਦੇ ਧਮਾਕੇ ਵੀ ਆਰ.ਐਸ.ਐਸ., ਅਭਿਨਵ ਭਾਰਤ ਅਤੇ ਜੈ ਬੰਦੇ ਮਾਤਰਮ ਨੇ ਹੀ ਕੀਤੇ ਸਨ। ਇਹ ਵੀ ਮੰਨਿਆ ਕਿ, 1) ਉਸ (ਅਸੀਮਾਨੰਦ) ਦੇ ਅਭਿਨਵ ਭਾਰਤ ਤੇ ਜੈ ਵੰਦੇ ਮਾਤਰਮ ਇਨ੍ਹਾਂ ਦਹਿਸ਼ਤਗਰਦ ਜਥੇਬੰਦੀਆਂ ਨਾਲ ਸਬੰਧ ਸਨ; 2) ਜਿਸ ਮੀਟਿੰਗ ਵਿਚ ਬੰਬ ਧਮਾਕੇ ਕਰਨ ਦੀ ਯੋਜਨਾ ਬਣਾਈ ਗਈ ਸੀ, ਉਸ ਮੀਟਿੰਗ ਵਿਚ ਉਹ ਹਾਜ਼ਰ ਸੀ; 3) ਉਸ ਨੇ ਦਹਿਸ਼ਤਗਰਦ ਜਥੇਬੰਦੀਆਂ ਨੂੰ ਆਰਥਿਕ ਸਹਾਇਤਾ ਦਿੱਤੀ ਸੀ; 4) ਉਸ ਨੇ ਬੰਬ ਧਮਾਕੇ ਕਰਵਾਉਣ ਵਾਲੇ ਦੋਸ਼ੀਆਂ ਨੂੰ ਆਸਰਾ ਵੀ ਦਿੱਤਾ ਸੀ, ਵਗੈਰਾ।



*2006 ਵਿਚ ਮਾਲੇਗਾਓਂ ਧਮਾਕੇ ਕਾਰਨ ਮੱਚੀ ਤਬਾਹੀ ਦਾ ਮੰਜ਼ਰ।*

ਹਰਿਆਣਾ ਪੁਲਿਸ ਵਲੋਂ ਇਸ ਵਾਰਦਾਤ ਵਿਚ ਇਕੱਠੇ ਕੀਤੇ ਸਬੂਤਾਂ ਅਤੇ ਸਵਾਮੀ ਅਸੀਮਾਨੰਦ ਦੁਆਰਾ ਦਿਤਾ ਇਕਬਾਲੀਆ ਬਿਆਨ, ਇਸ ਦੇ ਆਧਾਰ 'ਤੇ ਐਨ.ਆਈ.ਏ. ਨੇ ਜਾਂਚ ਪੂਰੀ ਕੀਤੀ ਅਤੇ ਆਰ.ਐਸ.ਐਸ., ਅਭਿਨਵ ਭਾਰਤ ਅਤੇ ਜੈ ਵੰਦੇ ਮਾਤਰਮ ਦੇ ਦੋਸ਼ੀਆਂ ਖ਼ਿਲਾਫ਼ 2011 ਵਿਚ ਚਾਰਜਸ਼ੀਟ ਅਦਾਲਤ ਵਿਚ ਭੇਜ ਦਿੱਤੀ। ਦੋਸ਼ੀਆਂ ਵਿਚ ਸੁਨੀਲ ਜੋਸ਼ੀ, ਸਵਾਮੀ ਅਸੀਮਾਨੰਦ, ਸੰਦੀਪ ਡਾਂਗੇ, ਲੋਕੇਸ਼ ਸ਼ਰਮਾ, ਰਾਮਜੀ ਕਾਲਸੰਗਰਾ ਤੇ ਦੇਵਿੰਦਰ ਗੁਪਤਾ ਆਦਿ ਸ਼ਾਮਲ ਸਨ।

**ਅਧਿਆਏ 4: ਮਾਲੇਗਾਓਂ 2006 ਦੀ ਮੁੜ ਜਾਂਚ / ਬੇਕਸੂਰ ਮੁਸਲਿਮ ਪੰਜ ਸਾਲ ਬਾਦ ਰਿਹਾ**

8 ਸਤੰਬਰ 2006 ਨੂੰ ਦੁਪਹਿਰ 1.50 ਵਜੇ ਮਾਲੇਗਾਓਂ ਵਿਚ ਚਾਰ ਬੰਬ ਧਮਾਕੇ ਹੋਏ ਸਨ। ਉਸ ਵਿਚ ਹਮੀਦੀਆ ਮਸਜਿਦ ਅਤੇ ਬੜਾ ਕਬਰਸਤਾਨ ਅਹਾਤੇ ਵਿਚ ਤਿੰਨ ਅਤੇ ਮੁਸ਼ਾਵਰਤ ਚੌਕ ਵਿਚ ਧਮਾਕਾ ਹੋਇਆ ਸੀ। ਸ਼ੁਰੂ ਵਿਚ ਮੁਕਾਮੀ ਪੁਲਿਸ ਸਹੀ ਦਿਸ਼ਾ ਵਿਚ ਜਾਂਚ ਕਰ ਰਹੀ ਸੀ। ਉਨ੍ਹਾਂ ਨੂੰ ਵਾਰਦਾਤ ਨਾਲ ਸਬੰਧਤ ਕੁਝ ਸਬੂਤ ਵੀ ਮਿਲੇ ਸਨ। ਨਾਸਿਕ ਵਿਭਾਗ ਦੇ ਆਈ.ਜੀ. ਨੇ ਛੇਤੀ ਹੀ ਦੋਸ਼ੀਆਂ ਤਕ ਪਹੁੰਚਣ ਦੀ ਸੰਭਾਵਨਾ ਦਰਸਾਈ; ਲੇਕਿਨ ਅਗਲੇ ਦੋ ਦਿਨਾਂ ਵਿਚ ਜਾਂਚ ਵਿਚ ਆਈ.ਬੀ. ਦੀ ਦਖ਼ਲਅੰਦਾਜ਼ੀ ਹੋਣੀ ਸ਼ੁਰੂ ਹੋ ਗਈ ਅਤੇ ਆਈ.ਬੀ. ਦੀ ਕਠਪੁਤਲੀ ਮਹਾਰਾਸ਼ਟਰ ਏ ਟੀ ਐਸ. ਦੇ ਤੱਤਕਾਲੀ ਮੁਖੀ ਕੇ.ਪੀ. ਰਘੂਵੰਸ਼ੀ ਦੀ ਸਹਾਇਤਾ ਨਾਲ ਜਾਂਚ ਦੀ ਦਿਸ਼ਾ ਹੀ ਬਦਲ ਦਿੱਤੀ ਗਈ। ਏ.ਟੀ.ਐਸ. ਨੇ ਬਿਨਾ ਸਬੂਤਾਂ ਦੇ ਮੁਸਲਿਮ ਨੌਜਵਾਨਾਂ ਨੂੰ ਹਿਰਾਸਤ ਵਿਚ ਲੈਣਾ ਸ਼ੁਰੂ ਕਰ ਦਿੱਤਾ ਅਤੇ ਕੁਝ ਹੀ ਦਿਨਾਂ ਵਿਚ ਵਾਰਦਾਤ ਦੀ ਫਰਜ਼ੀ ਜਾਂਚ ਕਰ ਕੇ 13 ਦੋਸ਼ੀਆਂ ਦੇ ਖ਼ਿਲਾਫ਼ ਚਾਰਜਸ਼ੀਟ ਅਦਾਲਤ ਵਿਚ ਭੇਜ ਦਿੱਤੀ। ਉਨ੍ਹਾਂ ਵਿਚੋਂ 9 ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਚਾਰ ਮਫ਼ਰੂਰ ਦਿਖਾਏ ਗਏ। ਚਾਰਜਸ਼ੀਟ ਵਿਚ ਦੋਸ਼ੀਆਂ ਖ਼ਿਲਾਫ਼ ਜੋ ਸਬੂਤ ਦਿਖਾਏ ਗਏ ਸਨ, ਉਨ੍ਹਾਂ ਦਾ ਵੇਰਵਾ ਇਉਂ ਹੈ:

ਚਾਰ ਮੁਲਜ਼ਿਮਾਂ ਦਾ ਇਕਬਾਲੀਆ ਬਿਆਨ (ਜਿਸ ਤੋਂ ਬਾਅਦ ਵਿਚ ਇਨਕਾਰ ਕੀਤਾ ਗਿਆ); ਜਿਨ੍ਹਾਂ ਦੇ ਨਾਵਾਂ ਦਾ ਜ਼ਿਕਰ ਨਹੀਂ, ਅਜਿਹੇ ਦੋ ਗੁਪਤ ਗਵਾਹਾਂ ਦੇ ਜਵਾਬ। ਇਕ ਮੁਲਜ਼ਮ ਦੇ ਗੈਰਾਜ ਦੇ ਮਿੱਟੀ ਦੇ ਨਮੂਨੇ ਅਤੇ ਧਮਾਕੇ ਤੋਂ ਬਾਅਦ ਬਰਾਮਦ ਹੋਏ ਨਕਲੀ ਬੰਬ ਦੇ ਬਾਰੂਦ ਦੇ ਨਮੂਨੇ ਰਲਦੇ-ਮਿਲਦੇ ਹੋਣ ਦੀ ਫ਼ਾਰੈਂਸਕ ਜਾਂਚ ਰਿਪੋਰਟ।

ਮੁਲਜ਼ਮਾਂ ਦੇ ਖ਼ਿਲਾਫ਼ ਦੱਸੇ ਇਹ ਸਬੂਤ ਹਾਸੋਹੀਣੇ ਅਤੇ ਝੂਠੀ ਬੁਨਿਆਦ ਉਪਰ ਸਨ ਜਿਨ੍ਹਾਂ ਦੀ ਸਚਾਈ ਸਹਿਜੇ-ਸਹਿਜੇ ਸਾਹਮਣੇ ਆਉਣ ਲੱਗੀ। ਮਸਲਨ: ਏ.ਟੀ.ਐਸ. ਦੀ ਚਾਰਜਸ਼ੀਟ ਵਿਚ ਦੱਸਿਆ ਗਿਆ ਸੀ ਕਿ ਮੁਹੰਮਦ ਜ਼ਾਹਿਦ ਅੰਸਾਰੀ ਨਾਂ ਦੇ ਮੁਲਜ਼ਿਮ ਨੇ 8 ਦਸੰਬਰ ਨੂੰ ਮੁਸ਼ਾਵਰਤ ਚੌਕ ਵਿਚ ਬੰਬ ਰੱਖਿਆ ਸੀ, ਲੇਕਿਨ ਏ.ਐਨ.ਆਈ. ਦੀ ਜਾਂਚ ਵਿਚ ਖ਼ੁਲਾਸਾ ਹੋਇਆ ਕਿ ਉਸ ਵਕਤ ਅੰਸਾਰੀ ਮਾਲੇਗਾਓਂ ਤੋਂ 700 ਕਿਲੋਮੀਟਰ ਦੇ ਫ਼ਾਸਲੇ ਉਪਰ ਸਥਿਤ ਏਵਤਮਹਲ ਜ਼ਿਲ੍ਹੇ ਦੇ ਫੂਲਸੰਗਵੀ ਪਿੰਡ 'ਚ ਨਮਾਜ਼ ਅਦਾ ਕਰ ਰਿਹਾ ਸੀ। ਪਿੰਡ ਦੇ ਸਾਰੇ ਮੁਸਲਮਾਨਾਂ ਨੇ ਇਸ ਬਾਰੇ ਹਲਫ਼ਨਾਮਾ ਦਿੱਤਾ ਹੈ।

ਏ.ਟੀ.ਐਸ. ਦੀ ਚਾਰਜਸ਼ੀਟ ਵਿਚ ਮਾਲੇਗਾਓਂ ਬੰਬ ਧਮਾਕੇ ਦੇ ਮੁੱਖ ਸੂਤਰਧਾਰ ਦੇ ਤੌਰ 'ਤੇ ਜਿਸ ਸ਼ਬੀਰ ਮਸੀਹੁਲਾਹ ਦਾ ਜ਼ਿਕਰ ਕੀਤਾ ਗਿਆ ਸੀ, ਉਸ ਨੂੰ ਮੁੰਬਈ ਪੁਲਿਸ ਨੇ ਪਿਛਲੇ ਦੋ ਮਹੀਨਿਆਂ ਤੋਂ ਹੋਰ ਕਿਸੇ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਹੋਇਆ ਸੀ ਅਤੇ ਉਹ ਉਦੋਂ ਤੋਂ ਜੇਲ੍ਹ ਵਿਚ ਬੰਦ ਸੀ।

ਨੂਰੁਲ ਹੁਦਾ, ਇਹ ਮੁਲਜ਼ਿਮ ਬੰਬ ਧਮਾਕੇ ਤੋਂ ਕਈ ਦਿਨ ਪਹਿਲਾਂ ਤੋਂ ਪੁਲਿਸ ਦੀ ਕਰੜੀ ਨਿਗਰਾਨੀ ਹੇਠ ਸੀ।

ਇਸ ਤਰ੍ਹਾਂ ਏ.ਟੀ.ਐਸ. ਦੇ ਝੂਠੇ ਬਿਆਨ ਸਹਿਜੇ-ਸਹਿਜੇ ਸਾਹਮਣੇ ਆਉਣੇ ਸ਼ੁਰੂ ਹੋ ਗਏ। ਏ.ਟੀ.ਐਸ. ਨੂੰ ਝਟਕਾ ਉਦੋਂ ਲੱਗਿਆ ਜਦੋਂ ਅਜਮੇਰ ਸ਼ਰੀਫ਼ ਅਤੇ ਮੱਕਾ ਮਸਜਿਦ ਬੰਬ ਧਮਾਕੇ ਦੇ ਮਾਮਲੇ ਵਿਚ ਗ੍ਰਿਫ਼ਤਾਰ ਮੁਲਜ਼ਮ ਸਵਾਮੀ ਅਸੀਮਾਨੰਦ ਨੇ ਦਸੰਬਰ 2010 ਵਿਚ ਮੰਨਿਆ ਕਿ ਮਾਲੇਗਾਓਂ ਬੰਬ ਧਮਾਕਾ ਵੀ ਜੈ ਵੰਦੇ ਮਾਤਰਮ, ਅਭਿਨਵ ਭਾਰਤ ਤੇ ਆਰ.ਐਸ.ਐਸ. ਦੇ ਦਹਿਸ਼ਤਗਰਦਾਂ ਨੇ ਹੀ ਕੀਤਾ ਸੀ ਅਤੇ ਉਸ ਵਿਚ ਉਹ ਖ਼ੁਦ ਵੀ ਸ਼ਾਮਲ ਸੀ। ਨਾਲ ਹੀ ਉਸ ਨੇ ਦੱਸਿਆ ਕਿ ਇਸ ਮਾਮਲੇ ਵਿਚ ਗ੍ਰਿਫ਼ਤਾਰ ਮੁਸਲਿਮ ਨੌਜਵਾਨ ਬੇਕਸੂਰ ਹਨ।

ਉਸ ਦੇ ਤੋਂ ਬਾਅਦ ਇਸ ਘਟਨਾ ਦੀ ਮੁੜ ਆਜ਼ਾਦਾਨਾ ਜਾਂਚ ਕਰਨ ਦੀ ਮੰਗ ਹੋਣ ਲੱਗੀ। ਆਖ਼ਿਕਾਰ ਮਾਰਚ 2009 'ਚ ਕੇਂਦਰ ਸਰਕਾਰ ਨੇ ਆਦੇਸ਼ ਦਿੱਤਾ ਅਤੇ ਜਾਂਚ ਦਾ ਕੰਮ ਏਜੰਸੀ (ਐਨ.ਏ.ਆਈ.) ਦੇ ਸਪੁਰਦ ਕਰ ਦਿੱਤਾ ਗਿਆ। ਉਸ ਵਕਤ ਮੁਲਜ਼ਿਮ ਜੇਲ੍ਹ ਵਿਚ ਹੀ ਸਨ, ਕਿਉਂਕਿ ਉਨ੍ਹਾਂ ਦੀ ਜ਼ਮਾਨਤ ਦੀਆਂ ਸਾਰੀਆਂ ਦਰਖ਼ਾਸਤਾਂ ਹਾਈਕੋਰਟ ਨੇ ਵੀ ਨਾਮਨਜ਼ੂਰ ਕਰ ਦਿੱਤੀਆਂ ਸਨ। ਮਾਮਲੇ ਦੀ ਦੁਬਾਰਾ ਜਾਂਚ ਐਨ.ਏ.ਆਈ. ਨੇ ਕਰਨੀ ਸ਼ੁਰੂ ਕਰ ਦਿੱਤੀ। ਸਵਾਮੀ ਅਸੀਮਾਨੰਦ ਦੇ ਬਿਆਨ ਤੋਂ ਬਾਅਦ ਜਾਂਚ ਦੀ ਦਿਸ਼ਾ ਹੀ ਬਦਲ ਗਈ ਸੀ। ਏ.ਐਨ.ਆਈ. ਨੂੰ ਉਨ੍ਹਾਂ ਦੀ ਜਾਂਚ ਵਿਚ ਗ੍ਰਿਫ਼ਤਾਰ ਮੁਲਜ਼ਮਾਂ ਦੇ ਖ਼ਿਲਾਫ਼ ਵੀ ਕੋਈ ਸਬੂਤ ਨਹੀਂ ਮਿਲੇ। ਲਿਹਾਜ਼ਾ 5 ਨਵੰਬਰ 2011 ਨੂੰ, ਯਾਨੀ ਪੂਰੇ ਪੰਜ ਸਾਲ ਬਾਅਦ ਇਨ੍ਹਾਂ ਮੁਲਜ਼ਿਮਾਂ ਨੂੰ ਜ਼ਮਾਨਤ ਮਿਲੀ।

ਐਨ.ਆਈ.ਏ. ਦੀ ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਗ੍ਰਿਫ਼ਤਾਰ ਕੀਤੇ ਸਾਰੇ ਮੁਸਲਿਮ ਨੌਜਵਾਨ ਬੇਕਸੂਰ ਸਨ ਅਤੇ ਆਰ.ਐਸ.ਐਸ., ਜੈ ਵੰਦੇ ਮਾਤਰਮ ਅਤੇ ਅਭਿਨਵ ਭਾਰਤ ਦੇ ਇਨ੍ਹਾਂ ਕਾਰਕੁਨਾਂ ਨੇ ਮਾਲੇਗਾਓਂ 2006 ਦੇ ਬੰਬ ਧਮਾਕੇ ਕਰਵਾਏ ਸਨ: ਸੁਨੀਲ ਜੋਸ਼ੀ, ਸੰਦੀਪ ਡਾਂਗੇ, ਲੋਕੇਸ਼ ਸ਼ਰਮਾ, ਰਾਮਚੰਦਰ ਕਾਲਸੰਗਰਾ, ਰਮੇਸ਼ ਵਿਅੰਕਟ ਮਹਾਲਕਰ, ਮਨੋਹਰ ਨਰਵਾਰਿਆ, ਰਾਜਿੰਦਰ ਉਰਫ਼ ਲਕਸ਼ਮਣਰਾਓ ਮਹਾਰਾਜ ਤੇ ਧਨਸਿੰਘ ਸ਼ਿਵਸਿੰਘ ਉਰਫ਼ ਰਾਮ ਲਖਨਦਾਸ ਮਹਾਰਾਜ। ਇਨ੍ਹਾਂ ਮੁਲਜ਼ਮਾਂ ਵਿਚੋਂ ਲੋਕੇਸ਼ ਸ਼ਰਮਾ, ਮਨੋਹਰ ਨਰਵਾਰਿਆ, ਰਾਜਿੰਦਰ ਉਰਫ਼ ਲਕਸ਼ਮਣਰਾਓ ਮਹਾਰਾਜ ਤੇ ਧਨਸਿੰਘ ਸ਼ਿਵਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਸੁਨੀਲ ਜੋਸ਼ੀ ਦੀ ਹੱਤਿਆ ਹੋ ਗਈ ਹੈ ਅਤੇ ਬਾਕੀ ਤਿੰਨ ਫ਼ਰਾਰ ਹਨ।

ਜਾਂਚ ਵਿਚ ਸਪਸ਼ਟ ਹੋਇਆ ਕਿ ਮੁਲਜ਼ਮਾਂ ਨੇ 2006 'ਚ ਬਗਲੀ (ਮੱਧ ਪ੍ਰਦੇਸ਼) ਵਿਚ ਸਿਖਲਾਈ ਕੈਂਪ ਲਾਇਆ ਸੀ ਅਤੇ ਉਸ ਵਿਚ ਸੁਨੀਲ ਜੋਸ਼ੀ ਅਤੇ ਲੋਕੇਸ਼ ਸ਼ਰਮਾ ਨੇ ਬੰਬ ਬਣਾਉਣ ਦੀ ਅਤੇ ਹੋਰ ਸਿਖਲਾਈ ਦਿੱਤੀ ਸੀ। ਉਸ ਤੋਂ ਬਾਅਦ ਜੂਨ/ਜੁਲਾਈ 2006 ਵਿਚ ਇੰਦੌਰ ਦੇ ਇਕ ਮਕਾਨ ਵਿਚ ਉਹ ਇਕੱਠੇ ਹੋਏ ਸਨ। ਉਸ ਮਕਾਨ ਵਿਚ ਰਾਮਚੰਦਰ ਕਾਲਸੰਗਰਾ ਅਤੇ ਰਮੇਸ਼ ਮਹਾਲਕਰ ਨੇ ਪਹਿਲਾਂ ਤੋਂ ਹੀ ਬੰਬ ਤਿਆਰ ਕਰਨ ਦੀ ਸਮੱਗਰੀ ਰੱਖੀ ਹੋਈ ਸੀ। ਉਸ ਮਕਾਨ ਵਿਚ ਸੰਦੀਪ ਪਾਂਡੇ ਦੀ ਰਾਹਨੁਮਾਈ ਵਿਚ ਬੰਬ ਬਣਾਏ ਗਏ। ਕੁਝ ਮੁਲਜ਼ਮਾਂ ਨੇ ਮਾਲੇਗਾਓਂ ਵਿਚ ਜਾ ਕੇ ਬੰਬ ਰੱਖਣ ਦੇ ਲਈ ਜਗ੍ਹਾ ਤੈਅ ਕੀਤੀ ਅਤੇ 8 ਸਤੰਬਰ 2006 ਨੂੰ ਮੁਸਲਿਮ ਪੁਰਬ ਸ਼ਬੇ-ਬਰਾਤ ਦੇ ਦਿਨ ਰਾਮਚੰਦਰ ਕਾਲਸੰਗਰਾ, ਧਨਸਿੰਘ ਸ਼ਿਵਸਿੰਘ ਅਤੇ ਮਨੋਹਰ ਨਰਵਾਰਿਆ ਨੇ ਪਹਿਲੀ ਹੀ ਤੈਅ ਕੀਤੀ ਥਾਂ ਉਪਰ ਬੰਬ ਰੱਖੇ, ਜੋ ਮਿੱਥੇ ਵਕਤ ਉਪਰ ਫਟ ਗਏ।

ਇਉਂ ਜਾਂਚ ਪੂਰੀ ਕਰ ਕੇ ਮਈ 2013 ਵਿਚ ਐਨ.ਏ.ਆਈ. ਨੇ ਉਪਰ ਦਿੱਤੇ ਅੱਠ ਮੁਲਜ਼ਮਾਂ ਦੇ ਖ਼ਿਲਾਫ਼ ਚਾਰਜਸ਼ੀਟ ਦਾਖ਼ਲ ਕਰ ਦਿੱਤੀ; ਲੇਕਿਨ ਹੁਣ ਤਕ ਇਨ੍ਹਾਂ ਪਹਿਲਾਂ ਗ੍ਰਿਫ਼ਤਾਰ ਕੀਤੇ ਗਏ 9 ਬੇਕਸੂਰ ਮੁਸਲਿਮ ਨੌਜਵਾਨਾਂ ਨੂੰ ਬਾਹਰ ਕੱਢਣ ਲਈ ਅਦਾਲਤ ਵਿਚ ਕੋਈ ਵੀ ਰਿਪੋਰਟ ਨਹੀਂ ਭੇਜੀ ਗਈ।

**ਬ੍ਰਾਹਮਣਵਾਦੀਆਂ ਦੀ ਸਾਜ਼ਿਸ਼ ਪ੍ਰਤੀ ਮੀਡੀਆ ਦੀ ਹਮਦਰਦੀ**

ਐਨ.ਏ.ਆਈ. ਦੀ ਮੁੜ ਜਾਂਚ ਵਿਚ ਇਕ ਹੋਰ ਵਾਰਦਾਤ ਸਾਹਮਣੇ ਆਈ: ਬੰਬ ਧਮਾਕਾ ਹੋਣ ਤੋਂ ਬਾਅਦ ਉਨ੍ਹਾਂ ਦੇ ਹੀ ਇਕ ਮੈਂਬਰ ਲੋਕੇਸ਼ ਸ਼ਰਮਾ ਨੇ ਤੈਅ ਵਿਉਂਤ ਅਨੁਸਾਰ ਦਿੱਲੀ ਦੇ ਪਹਾੜਗੰਜ ਖੇਤਰ ਦੇ ਐਸ.ਟੀ.ਡੀ. ਬੂਥ ਤੋਂ ਫ਼ੋਨ ਕਰ ਕੇ ਮੀਡੀਆ ਨੂੰ ਦੱਸਿਆ ਕਿ ਇਸ ਵਾਰਦਾਤ ਦੀ ਜ਼ਿੰਮੇਵਾਰੀ 'ਧਰਮਸੈਨਾ' ਲੈ ਰਹੀ ਹੈ। ਇਹ ਗੱਲ ਚਾਰਜਸ਼ੀਟ ਵਿਚ ਵੀ ਦਰਜ ਹੈ; ਲੇਕਿਨ ਇਕ ਵੀ ਪ੍ਰਸਾਰਨ ਮਾਧਿਅਮ ਨੇ ਉਸ ਦਾ ਨੋਟਿਸ ਨਹੀਂ ਲਿਆ ਅਤੇ ਕਿਸੇ ਨੇ ਵੀ ਇਹ ਸਨਸਨੀਖ਼ੇਜ਼ ਖ਼ਬਰ ਪ੍ਰਕਾਸ਼ਿਤ ਨਹੀਂ ਕੀਤੀ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਮੀਡੀਆ ਵਿਚ ਬੈਠੇ ਬ੍ਰਾਹਮਣਵਾਦੀ ਕਿਸ ਤਰ੍ਹਾਂ ਬ੍ਰਾਹਮਣਵਾਦੀ ਜਥੇਬੰਦੀਆਂ ਦੇ ਦਹਿਸ਼ਤਗਰਦਾਂ ਦੀ ਮਦਦ ਕਰਦੇ ਹਨ। ਇਸ ਤੋਂ ਇਹ ਵੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਆਰ.ਐਸ.ਐਸ. ਅਤੇ ਅਭਿਨਵ ਭਾਰਤ ਦੀ ਜੋ ਦੇਸ਼ਵਿਆਪੀ ਦੇਸ਼ ਧ੍ਰੋਹੀ ਸਾਜ਼ਿਸ਼ ਚੱਲ ਰਹੀ ਸੀ, ਉਸ ਨਾਲ ਮੀਡੀਆ ਦੇ ਬ੍ਰਾਹਮਣਵਾਦੀਆਂ ਨੂੰ ਪੂਰੀ ਹਮਦਰਦੀ ਸੀ।

**(ਚਲਦਾ)**

ਗੁਰਮਤਿ ਵਿਚਾਰ

# ਨਾਸਿਰੋ ਮਨਸੂਰ ਗੁਰ ਗੋਬਿੰਦ ਸਿੰਘ: ਵਿਸਾਖੀ 1699



ਡਾ. ਗੁਰਨਾਮ ਕੌਰ, ਕੈਨੇਡਾ

ਦਸਮ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਦੇ ਇਸ ਧਰਤੀ 'ਤੇ ਹੋਏ ਪ੍ਰਕਾਸ਼ ਨੂੰ ਸੰਨ 2016 ਵਿਚ ਪੂਰੇ 350 ਸਾਲ ਹੋ ਗਏ ਅਤੇ ਇਹ ਸਾਢੇ ਤਿੰਨ ਸੌ ਸਾਲਾ ਜਨਮ ਦਿਹਾੜਾ ਦੁਨੀਆਂ ਭਰ ਵਿਚ ਸਿੱਖ ਭਾਈਚਾਰੇ ਵੱਲੋਂ ਪੂਰੇ ਜੋਸ਼ ਨਾਲ ਮਨਾਇਆ ਗਿਆ। ਗੁਰੂ ਗੋਬਿੰਦ ਸਿੰਘ ਗੁਰੂ ਜੋਤਿ ਅਤੇ ਗੁਰੂ ਜੁਗਤਿ ਦੇ ਰੂਪ ਵਿਚ ਸਿੱਖ ਧਰਮ ਦੇ ਇਸ ਧਰਤੀ ਤੇ ਇਲਹਾਮ ਦੀ ਨਿਰੰਤਰਤਾ ਵਿਚ ਦਸਵੀਂ ਅਤੇ ਆਖਰੀ ਸਰੀਰਕ ਜੋਤਿ ਹਨ। ਸਿੱਖ ਧਰਮ ਦੀ ਪਹਿਲੀ ਗੁਰੂ ਜੋਤਿ ਦਾ ਪ੍ਰਕਾਸ਼ ਗੁਰੂ ਨਾਨਕ ਦੇ ਰੂਪ ਵਿਚ 1469 ਈਸਵੀ ਨੂੰ ਅਣਵੰਡੇ ਪੰਜਾਬ ਵਿਚ ਰਾਏ ਭੋਇ ਦੀ ਤਲਵੰਡੀ ਵਿਖੇ ਹੋਇਆ ਜਿਸ ਨਾਲ ਭਾਰਤ ਦੀ ਧਰਤੀ 'ਤੇ ਅਜਿਹੇ ਸਮੇਂ ਵਿਚ ਇੱਕ ਰੌਸ਼ਨ ਯੁੱਗ ਦਾ ਅਰੰਭ ਹੋਇਆ ਜਿਸ ਨੂੰ ਸੰਸਾਰ ਭਰ ਵਿਚ ਡਾਰਕ ਪੀਰੀਅਡ ਅਰਥਾਤ ਹਨੇਰੇ ਯੁਗ ਦੇ ਤੌਰ 'ਤੇ ਲਿਖਿਆ ਅਤੇ ਯਾਦ ਕੀਤਾ ਜਾਂਦਾ ਹੈ। ਬਿਲਕੁਲ ਹੀ ਇਕ ਨਿਵੇਕਲੇ ਮਿਸ਼ਨ ਦੀ ਨੀਂਹ ਗੁਰੂ ਨਾਨਕ ਸਾਹਿਬ ਦੇ 1499 ਈ. ਵਿਚ 'ਵੇਈਂ ਨਦੀ ਪ੍ਰਵੇਸ਼' ਤੋਂ ਰੱਖੀ ਗਈ ਮੰਨੀ ਜਾਂਦੀ ਹੈ। ਇਸ ਮਿਸ਼ਨ ਨੂੰ ਆਪਣੀ ਮੰਜ਼ਿਲ ਵੱਲ ਲੈ ਜਾਣ ਲਈ ਦੂਸਰੀ ਨਾਨਕ ਜੋਤਿ ਗੁਰੂ ਅੰਗਦ ਦੇਵ ਤੋਂ ਲੈ ਕੇ ਨੌਵੀਂ ਨਾਨਕ ਜੋਤਿ ਗੁਰੂ ਤੇਗ ਬਹਾਦਰ ਤੱਕ ਸਾਰੇ ਗੁਰੂ ਸਾਹਿਬਾਨ ਨੇ ਆਪੋ ਆਪਣਾ ਯੋਗਦਾਨ ਪਾਇਆ।

ਇਸ ਮਿਸ਼ਨ ਨੂੰ ਪੂਰਾ ਕਰਨ ਲਈ ਗੁਰੂ ਤੇਗ ਬਹਾਦਰ ਅਤੇ ਮਾਤਾ ਗੁਜਰੀ ਦੇ ਘਰ ਪਟਨੇ ਵਿਚ 22 ਦਸੰਬਰ 1666 ਈ. ਨੂੰ ਦਸਵੀਂ ਨਾਨਕ ਜੋਤਿ ਗੁਰੂ ਗੋਬਿੰਦ ਸਿੰਘ ਦਾ ਜਨਮ ਹੁੰਦਾ ਹੈ ਜੋ 1499 ਵਿਚ 'ਵੇਈਂ ਨਦੀ ਪ੍ਰਵੇਸ਼' ਤੋਂ ਅਰੰਭ ਕੀਤੇ ਗਏ ਮਿਸ਼ਨ ਨੂੰ 1699 ਦੀ ਵਿਸਾਖੀ ਨੂੰ ਖਾਲਸਾ ਸਾਜ ਕੇ ਪੂਰਾ ਕਰਦੇ ਹਨ ਅਤੇ 'ਵੇਈਂ ਨਦੀ ਪ੍ਰਵੇਸ਼' ਤੋਂ 1699 ਦੀ ਵਿਸਾਖੀ ਤੱਕ ਦਾ ਸਮਾਂ ਪੂਰਾ 200 ਸਾਲ ਦਾ ਹੈ। ਸਮੇਂ ਦੀ ਇਹ ਯਾਤਰਾ ਰਾਇ ਭੋਇ ਦੀ ਤਲਵੰਡੀ ਵਿਚ 1469 ਈ. ਤੋਂ ਸ਼ੁਰੂ ਹੋ ਕੇ ਦੱਖਣ ਵਿਚ ਨਾਂਦੇੜ (ਹਜ਼ੂਰ ਸਾਹਿਬ) ਜਾ ਕੇ 1708 ਨੂੰ ਪੂਰੀ ਹੁੰਦੀ ਹੈ। ਸਿੱਖ ਧਰਮ ਦੇ ਸਾਰ-ਤੱਤ ਤੋਂ ਇਸ ਮਿਸ਼ਨ ਦੀ ਅਸਲੀਅਤ ਨੂੰ ਨਾ ਸਮਝ ਸਕਣ ਵਾਲੇ ਅਣਜਾਣ ਲੋਕ ਕਈ ਵਾਰ ਇਹ ਵਿਚਾਰ ਪ੍ਰਗਟ ਕਰਦੇ ਦੇਖੇ ਗਏ ਹਨ ਕਿ ਗੁਰੂ ਨਾਨਕ ਸਾਹਿਬ ਨੇ ਮਨੁੱਖ ਨੂੰ ਭਗਤੀ ਦਾ ਮਾਰਗ ਦਿੱਤਾ ਸੀ ਪਰ ਗੁਰੂ ਗੋਬਿੰਦ ਸਿੰਘ ਨੇ ਖਾਲਸੇ ਦੀ ਸਿਰਜਣਾ ਕਰਕੇ ਇੱਕ ਵੱਖਰਾ ਹੀ ਜੁਝਾਰੂ ਰੂਪ ਦੇ ਦਿੱਤਾ। ਇਸ ਕਿਸਮ ਦੀ ਸੋਚ ਸਿੱਖ ਧਰਮ ਦੀ ਅਸਲੀ ਭਾਵਨਾ ਅਤੇ ਮਿਸ਼ਨ ਤੋਂ ਅਣਜਾਣ ਲੋਕਾਂ ਦੀ ਹੀ ਹੋ ਸਕਦੀ ਹੈ। ਅਸਲ ਵਿਚ ਗੁਰੂ ਨਾਨਕ ਸਾਹਿਬ ਨੇ ਇੱਕ ਪਾਸੇ ਸਦੀਆਂ ਤੋਂ ਦੱਬੀ-ਕੁਚਲੀ, ਆਪਣੇ ਹੀ ਤਾਕਤਵਰ ਲੋਕਾਂ ਹੱਥੋਂ ਲਿਤਾੜੀ ਜਾ ਰਹੀ ਤੇ ਸ਼ੋਸ਼ਿਤ ਹੋ ਰਹੀ, ਦੂਸਰੇ ਪਾਸੇ ਬਾਹਰੋਂ ਆਏ ਹੁਕਮਰਾਨਾਂ ਦੇ ਜਬਰ-ਜ਼ੁਲਮ ਨੂੰ ਸਹਿ ਰਹੀ ਲੋਕਾਈ ਦੇ ਉਧਾਰ ਅਤੇ ਸੁਧਾਰ ਲਈ ਜੋ ਅਭਿਆਨ ਸ਼ੁਰੂ ਕੀਤਾ ਸੀ, ਉਸੇ ਜਨ-ਸਧਾਰਨ ਰੂਪੀ ਗੁਰੂ ਦੀ ਸੰਗਤਿ ਨੂੰ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਸਾਜ ਕੇ ਲਿਤਾੜੇ ਜਾਣ ਅਤੇ ਸ਼ੋਸ਼ਿਤ ਹੋਣ ਤੋਂ ਇਨਕਾਰ ਕਰਨ ਅਤੇ ਜ਼ੁਲਮ ਨਾਲ ਟੱਕਰ ਲੈਣ ਦੇ ਸਮਰੱਥ ਬਣਾਇਆ। ਗੁਰੂ ਗੋਬਿੰਦ ਸਿੰਘ ਦਾ ਗੁਰੂ ਨਾਨਕ ਸਾਹਿਬ ਨਾਲੋਂ ਕੋਈ ਸਿਧਾਂਤਕ ਵਖਰੇਵਾਂ ਨਹੀਂ ਹੈ ਅਤੇ ਨਾ ਹੀ ਅਮਲੀ ਪ੍ਰਗਟਾਵਾ ਵੱਖਰਾ ਹੈ ਬਲਕਿ ਗੁਰੂ ਨਾਨਕ ਸਾਹਿਬ ਦੇ ਮਿਸ਼ਨ "ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥ ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥" ਨੂੰ ਹੀ ਪੂਰਾ ਕੀਤਾ। ਉਨ੍ਹਾਂ ਨੇ ਫਾਰਸੀ ਲਫਜ਼ਾਂ ਵਿਚ ਜੋ 'ਜ਼ਫਰਨਾਮਾ' (ਜਿੱਤ ਦੀ ਚਿੱਠੀ) ਔਰੰਗਜ਼ੇਬ ਨੂੰ ਲਿਖ ਕੇ ਭੇਜਿਆ, ਉਸ ਵਿਚ ਸਪੱਸ਼ਟ ਲਿਖਿਆ ਹੈ ਕਿ ਜਦੋਂ ਹੋਰ ਸਾਰੇ ਹੀਲੇ ਮੁੱਕ ਜਾਣ ਤਾਂ ਹੱਥ ਵਿਚ ਤਲਵਾਰ ਉਠਾਉਣੀ ਹੀ ਠੀਕ ਹੁੰਦੀ ਹੈ। ਦਿੱਲੀ ਦੀ ਗੱਦੀ 'ਤੇ ਬੈਠੇ ਸਾਰੇ ਹਿੰਦੁਸਤਾਨ ਦਾ 'ਸ਼ਹਿਨਸ਼ਾਹ' ਕਹਾਉਣ ਵਾਲੇ, ਰਾਜੇ-ਮਹਾਰਾਜੇ ਕਹਾਉਣ ਵਾਲਿਆਂ ਤੱਕ ਨੂੰ ਖੌਫਜ਼ਦਾ ਕਰਨ ਵਾਲੇ ਔਰੰਗਜ਼ੇਬ ਨੂੰ 'ਜ਼ਫਰਨਾਮਾ' ਲਿਖ ਭੇਜਣ ਦੀ ਜੁਰਅਤ ਗੁਰੂ ਗੋਬਿੰਦ ਸਿੰਘ ਜਿਹਾ 'ਮਰਦ ਅਗੰਮੜਾ' ਹੀ ਕਰ ਸਕਦਾ ਹੈ:

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ।
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।

ਸਿੱਖ ਧਰਮ ਦੇ ਪ੍ਰਕਾਸ਼ਨ ਤੋਂ ਪਹਿਲਾਂ ਭਾਰਤੀ ਜਨਤਾ ਦੂਹਰੀ ਗੁਲਾਮੀ ਹੰਢਾ ਰਹੀ ਸੀ। ਸਦੀਆਂ ਤੋਂ ਉਸ ਦਾ ਸ਼ੋਸ਼ਣ ਵਰਣ-ਵੰਡ ਦੇ ਆਧਾਰ 'ਤੇ ਕੀਤਾ ਜਾ ਰਿਹਾ ਸੀ, ਜਿਸ ਨੇ ਕੱਟੜ ਜਾਤ-ਪਾਤ ਦਾ ਰੂਪ ਧਾਰਨ ਕਰਕੇ ਸਮਾਜ ਦੇ ਦੋ ਤਿਹਾਈ ਹਿੱਸੇ ਤੋਂ ਮਨੁੱਖ ਹੋਣ ਦਾ ਅਧਿਕਾਰ ਹੀ ਖੋਹ ਲਿਆ ਹੋਇਆ ਸੀ ਅਤੇ ਇਸ ਗੁਲਾਮੀ ਦੀਆਂ ਜੰਜੀਰਾਂ ਬਹੁਤ ਹੀ ਸੂਖਮ ਸਨ, ਜਿਨ੍ਹਾਂ ਨੂੰ ਤੋੜਨਾ ਬੇਹੱਦ ਮੁਸ਼ਕਿਲ ਕਾਰਜ ਸੀ। ਗੁਲਾਮੀ ਦੀ ਇਹ ਬਹੁਤ ਹੀ ਘਿਨਾਉਣੀ ਕਿਸਮ ਸੀ ਜਿਸ 'ਤੇ ਧਰਮ ਦਾ ਲਬਾਦਾ ਪਾਇਆ ਹੋਇਆ ਸੀ ਤਾਂ ਕਿ ਇਸ ਕਿਸਮ ਦੀ ਗੁਲਾਮੀ ਨੂੰ ਕੋਈ ਵੀ ਚੁਣੌਤੀ ਦੇਣ ਦੀ ਹਿੰਮਤ ਨਾ ਕਰ ਸਕੇ। ਦੂਜੇ ਪਾਸੇ ਵਿਦੇਸ਼ੀ ਹਮਲਾਵਰਾਂ ਦੀ ਲੁੱਟ-ਖਸੁੱਟ ਤੇ ਗੁਲਾਮੀ, ਜਿਨ੍ਹਾਂ ਨੇ ਨਾ ਸਿਰਫ ਰਾਜਸੀ ਤਾਕਤ ਹਥਿਆ ਲਈ ਸੀ ਬਲਕਿ ਆਪਣਾ ਧਰਮ ਵੀ ਲੋਕਾਂ 'ਤੇ ਜ਼ਬਰੀ ਥੋਪਣਾ ਸ਼ੁਰੂ ਕਰ ਦਿੱਤਾ ਸੀ। ਇਸ ਦੋਹਰੀ ਗੁਲਾਮੀ ਤੋਂ ਨਿਜ਼ਾਤ ਦੁਆਉਣ ਦਾ ਮਿਸ਼ਨ ਗੁਰੂ ਨਾਨਕ ਸਾਹਿਬ ਨੇ ਅਰੰਭ ਕੀਤਾ ਜਿਸ ਵਿਚੋਂ ਸਮਾਜ ਨੂੰ ਕੱਢਣ ਲਈ ਲੋਕਾਂ ਦੀ ਮਾਨਸਿਕਤਾ ਨੂੰ ਬਦਲਨਾ ਅਤੇ ਸਵੈ-ਸਮਰੱਥ ਬਣਾਉਣਾ ਜ਼ਰੂਰੀ ਸੀ। ਸਦੀਆਂ ਤੋਂ ਚਲੀ ਆ ਰਹੀ ਇਸ ਹੀਣ-ਭਾਵਨਾ ਤੇ ਗੁਲਾਮ ਮਾਨਸਿਕਤਾ ਅਤੇ ਆਮ ਮਨੁੱਖ ਨੂੰ ਬਦਲਣ ਲਈ ਇੱਕ ਲੰਬੇ ਅਭਿਆਨ ਦੀ ਲੋੜ ਸੀ ਜਿਸ ਲਈ ਦਸ ਜਾਮਿਆਂ ਤੱਕ ਅਮਲੀ ਅਭਿਆਸ ਲਗਾਤਾਰ ਜਾਰੀ ਰਿਹਾ, ਕਿਉਂਕਿ ਸਦੀਆਂ ਤੋਂ ਪਰਪੱਕ ਹੋ ਚੁਕੀ ਗੁਲਾਮ ਮਨੁੱਖੀ ਮਾਨਸਿਕਤਾ ਨੂੰ ਬਦਲਨਾ ਏਨਾ ਸੌਖਾ ਕਾਰਜ ਨਹੀਂ ਹੁੰਦਾ।

ਮਨੁੱਖੀ ਬਰਾਬਰੀ ਦਾ ਅਹਿਸਾਸ ਪੈਦਾ ਕਰਨ ਲਈ ਗੁਰੂ ਨਾਨਕ ਨੇ ਸਭ ਤੋਂ ਪਹਿਲਾਂ ੴ ਦਾ ਮੰਤਰ ਸੁਣਾਇਆ ਅਰਥਾਤ ਮਨੁੱਖ ਨੂੰ ਇਹ ਅਹਿਸਾਸ ਕਰਾਇਆ ਕਿ ਅਕਾਲ ਪੁਰਖ ਕੇਵਲ ਇੱਕੋ ਇੱਕ ਹਸਤੀ ਹੈ ਜਿਸ ਤੋਂ ਇਹ ਸਾਰਾ ਬ੍ਰਹਿਮੰਡ ਹੋਂਦ ਵਿਚ ਆਇਆ ਹੈ ਅਤੇ ਸਾਰੇ ਜੀਵਾਂ ਵਿਚ ਉਸ ਇੱਕ ਦੀ ਹੀ ਜੋਤਿ ਵਿਆਪਕ ਹੈ। ਇਸ ਲਈ ਸਾਰੇ ਮਨੁੱਖ ਬਰਾਬਰ ਹਨ ਅਤੇ ਇੱਕੋ ਹਸਤੀ ਤੋਂ ਪੈਦਾ ਹੋਣ ਕਰਕੇ ਅਧਿਆਤਮਕ ਤੇ ਸਮਾਜਿਕ ਅਧਿਕਾਰਾਂ ਦੇ ਇੱਕੋ ਜਿਹੇ ਹੱਕਦਾਰ ਹਨ। ਕੋਈ ਵੀ ਮਨੁੱਖ ਜਨਮ, ਜਾਤ, ਰੰਗ, ਨਸਲ, ਇਸਤਰੀ/ਪੁਰਖ ਹੋਣ ਦੇ ਨਾਤੇ ਉਚਾ ਜਾਂ ਨੀਵਾਂ, ਛੋਟਾ ਜਾਂ ਵੱਡਾ ਨਹੀਂ ਹੈ। ਦੱਬੀ-ਕੁਚਲੀ ਲੋਕਾਈ ਵਿਚ ਸਵੈ-ਵਿਸ਼ਵਾਸ ਪੈਦਾ ਕਰਨ ਲਈ, ਅਹਿਮੀਅਤ ਦਾ ਅਹਿਸਾਸ ਪੈਦਾ ਕਰਨ ਲਈ ਗੁਰੂ ਨਾਨਕ ਨੇ ਆਪਣੀ ਬਾਣੀ ਵਿਚ ਐਲਾਨ ਵੀ ਕੀਤਾ ਅਤੇ ਰੱਬ ਅੱਗੇ ਅਰਦਾਸ ਵੀ ਕੀਤੀ ਕਿ ਉਹ ਉਨ੍ਹਾਂ ਬੰਦਿਆਂ ਨਾਲ ਖੜੇ ਹਨ, ਉਨ੍ਹਾਂ ਦੇ ਸੰਗੀ ਸਾਥੀ ਹਨ ਜਿਨ੍ਹਾਂ ਨੂੰ ਨੀਵੇਂ ਅਤੇ ਨੀਵਿਆਂ ਤੋਂ ਵੀ ਨੀਵੇਂ ਕਿਹਾ ਜਾਂਦਾ ਹੈ; ਅਮੀਰ ਜਾਂ ਉਚਾ ਕਹਾਉਣ ਵਾਲਿਆਂ ਨਾਲ ਉਨ੍ਹਾਂ ਦਾ ਸਾਥ ਨਹੀਂ ਹੈ ਕਿਉਂਕਿ ਉਹ ਜਾਣਦੇ ਹਨ ਕਿ ਅਕਾਲ ਪੁਰਖ ਦੀ ਮਿਹਰ ਦੀ ਨਜ਼ਰ ਉਥੇ ਹੁੰਦੀ ਹੈ ਜਿਥੇ ਗਰੀਬਾਂ ਦੀ ਸਾਰ ਲਈ ਜਾਂਦੀ ਹੈ, ਸੰਭਾਲ ਹੁੰਦੀ ਹੈ:

ਨੀਚਾ ਅੰਦਰਿ ਨੀਚ ਜਾਤਿ
ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ
ਤਿਥੈ ਨਦਰਿ ਤੇਰੀ ਬਖਸੀਸ॥ (ਪੰਨਾ 15)

ਗੁਰੂ ਗੋਬਿੰਦ ਸਿੰਘ ਨੇ ਗੁਰੂ ਨਾਨਕ ਵੱਲੋਂ ਵਰੋਸਾਈ ਇਸੇ ਸੰਗਤ ਨੂੰ ਖਾਲਸੇ ਦਾ ਰੂਪ ਦੇਣ ਲਈ 'ਸਿਰੁ ਦੀਜੈ ਕਾਣਿ ਨ ਕੀਜੈ' ਨੂੰ ਅਮਲੀ ਜਾਮਾ ਪਹਿਨਾਉਂਦਿਆਂ ਇਨ੍ਹਾਂ ਹੀ ਛੋਟੇ ਕਹੇ ਜਾਣ ਵਾਲੇ ਆਮ ਲੋਕਾਂ ਵਿਚੋਂ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਪੰਜ ਪਿਆਰੇ ਸਾਜੇ। ਇੱਕੋ ਬਾਟੇ ਵਿਚੋਂ ਅੰਮ੍ਰਿਤ ਛਕਾ ਕੇ ਉਚ-ਨੀਚ ਦਾ ਸਭ ਭਿੰਨ-ਭੇਦ ਮਿਟਾ ਦਿੱਤਾ। ਫਿਰ ਇਨ੍ਹਾਂ ਪੰਜਾਂ ਪਾਸੋਂ ਆਪ ਅੰਮ੍ਰਿਤ ਪਾਨ ਕਰਕੇ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣੇ ਅਤੇ ਗੁਰੂ ਨਾਨਕ ਦਰਸ਼ਨ 'ਪੰਚ ਪਰਵਾਣ ਪੰਚ ਪਰਧਾਨੁ' ਦਾ ਅਮਲੀ ਪ੍ਰਕਾਸ਼ਨ ਕਰ ਦਿੱਤਾ। ਇਨ੍ਹਾਂ ਦੱਬੇ-ਕੁਚਲੇ ਲਿਤਾੜੇ ਹੋਇਆਂ ਨੂੰ ਨਾ ਸਿਰਫ ਆਪਣੇ ਸਵੈਮਾਨ ਦੀ ਰੱਖਿਆ ਕਰਨ ਦੇ ਯੋਗ ਬਣਾਇਆ ਬਲਕਿ ਉਨ੍ਹਾਂ ਨੂੰ ਸਰਬੱਤ ਦੇ ਭਲੇ ਲਈ ਹਰ ਤਰ੍ਹਾਂ ਦੇ ਜ਼ੁਲਮ ਨਾਲ ਟੱਕਰ ਲੈਣ ਦੇ ਵੀ ਸਮਰੱਥ ਕੀਤਾ।

ਹਿੰਦੂ ਸ਼ਾਸਤਰਾਂ ਵਿਚ ਜਿੱਥੇ ਵਰਣ-ਵੰਡ ਅਨੁਸਾਰ 'ਸ਼ੂਦਰ' ਕਹਿ ਕੇ ਭਾਰਤੀ ਸਮਾਜ ਦੇ ਵੱਡੇ ਹਿੱਸੇ ਨੂੰ ਉਸ ਦੇ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਅਧਿਆਤਮਕ ਅਧਿਕਾਰਾਂ ਤੋਂ ਵੀ ਵਾਂਝੇ ਰੱਖਿਆ ਗਿਆ, ਉਥੇ ਇਸਤਰੀ ਵਰਗ ਨੂੰ ਵੀ ਇਹੀ ਦਰਜਾ ਦਿੱਤਾ ਗਿਆ ਜਿਸ ਵਿਰੁਧ ਅਵਾਜ਼ ਉਠਾਉਂਦਿਆਂ ਗੁਰੂ ਨਾਨਕ ਨੇ "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ" ਦਾ ਐਲਾਨ ਕਰਕੇ ਉਸ ਨੂੰ ਪੁਰਸ਼ ਦੇ ਬਰਾਬਰ ਦੀ ਹਸਤੀ ਸਵੀਕਾਰ ਕੀਤਾ। ਆਪਣੇ ਆਪ ਨੂੰ ਖਾਲਸੇ ਦਾ ਪਿਤਾ ਅਤੇ ਮਾਤਾ ਸਾਹਿਬ ਕੌਰ (ਜੋ ਅੰਮ੍ਰਿਤ ਪਾਨ ਕਰਕੇ ਸਾਹਿਬ ਦੇਵਾਂ ਤੋਂ ਸਾਹਿਬ ਕੌਰ ਬਣੇ) ਨੂੰ ਖਾਲਸੇ ਦੀ ਮਾਤਾ ਐਲਾਨ ਕਰਕੇ ਗੁਰੂ ਗੋਬਿੰਦ ਸਿੰਘ ਨੇ ਗੁਰੂ ਨਾਨਕ ਦੇ ਦਿੱਤੇ ਸਿਧਾਂਤ ਦਾ ਪ੍ਰਤੱਖ ਪ੍ਰਗਟਾਵਾ ਕਰਦਿਆਂ 'ਏਕ ਪਿਤਾ ਏਕਸ ਕੇ ਹਮ ਬਾਰਿਕ' ਹੋਣ ਦਾ ਸਬੂਤ ਦਿੱਤਾ।



ਭਾਈ ਗੁਰਦਾਸ ਦੂਜੇ ਨੇ 1699 ਵਿਚ ਅਨੰਦਪੁਰ ਦੀ ਧਰਤੀ 'ਤੇ ਰਚਾਏ ਗਏ ਇਸ ਅਨੋਖੇ ਕੌਤਕ ਦਾ ਬਿਆਨ ਇਸ ਤਰ੍ਹਾਂ ਕੀਤਾ ਹੈ:

ਪੀਓ ਪਾਹੁਲ ਖੰਡਧਾਰ ਹੋਇ ਜਨਮ ਸੁਹੇਲਾ।
ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।

ਗੁਰੂ ਨਾਨਕ ਨੇ ਮਨੁੱਖ ਮਾਤਰ ਨੂੰ ਹਰ ਤਰ੍ਹਾਂ ਦੇ ਕਰਮ-ਕਾਂਡ ਅਤੇ ਧਾਰਮਿਕ ਪਖੰਡ ਵਿਚੋਂ ਕੱਢ ਕੇ ਕੇਵਲ ਤੇ ਕੇਵਲ ਉਸ ਇੱਕ ਅਕਾਲ ਪੁਰਖ ਦੇ ਨਾਮ ਸਿਮਰਨ ਨਾਲ ਜੋੜਿਆ। ਭਾਈ ਮਰਦਾਨੇ ਨੂੰ ਗੁਰੂ ਨਾਨਕ ਸਾਹਿਬ ਵੱਲੋਂ ਆਪਣਾ ਰਬਾਬੀ ਸਾਥੀ ਚੁਣਨਾ ਅਤੇ ਮਲਿਕ ਭਾਗੋ ਦੇ ਛੱਤੀ ਪ੍ਰਕਾਰ ਦੇ ਭੋਜਨ ਦੀ ਥਾਂ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਨੂੰ ਖਿੜੇ ਮੱਥੇ ਸਵੀਕਾਰ ਕਰਨਾ, ਮਨੁੱਖੀ ਏਕਤਾ ਅਤੇ ਬਰਾਬਰੀ ਦੇ ਵੱਡੇ ਪ੍ਰਤੀਕ ਹਨ। ਇਸੇ ਮਨੁੱਖੀ ਏਕਤਾ ਅਤੇ ਬਰਾਬਰੀ ਦੇ ਪ੍ਰਤੀਕ ਦਾ ਪ੍ਰਕਾਸ਼ਨ ਪੀਰ ਬੁੱਧੂ ਸ਼ਾਹ ਵੱਲੋਂ ਆਪਣੇ ਮੁਰੀਦਾਂ ਸਮੇਤ ਮੁਗਲੀਆ ਫੌਜ ਦੇ ਉਲਟ ਗੁਰੂ ਗੋਬਿੰਦ ਸਿੰਘ ਦਾ ਸਾਥ ਦੇਣ, ਗਨੀ ਖਾਂ ਅਤੇ ਮਨੀ ਖਾਂ, ਰਾਏ ਕਲਹਾ ਦੀ ਸ਼ਰਧਾ ਅਤੇ ਨੀਵੇਂ ਕਹੇ ਜਾਣ ਵਾਲੇ ਸਿਦਕਵਾਨਾਂ ਨੂੰ ਇੱਕੋ ਬਾਟੇ ਵਿਚੋਂ ਖੰਡੇ ਦੀ ਪਾਹੁਲ ਛਕਾਉਣ ਵਿਚ ਹੁੰਦਾ ਹੈ।

ਦਸਮ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਨੇ ਮਹਿਜ ਨੌਂ ਸਾਲ ਦੀ ਉਮਰ ਵਿਚ, ਜਦੋਂ ਇੱਕ ਆਮ ਬੱਚੇ ਨੂੰ ਆਪਣੇ ਆਪ ਬਾਰੇ ਵੀ ਬਹੁਤੀਆਂ ਗੱਲਾਂ ਦੀ ਸੋਝੀ ਨਹੀਂ ਹੁੰਦੀ, ਆਪਣੇ ਗੁਰੂ-ਪਿਤਾ ਤੇਗ ਬਹਾਦਰ ਨੂੰ ਆਪਣੀ ਸ਼ਹੀਦੀ ਦੇਣ ਲਈ ਇਹ ਕਹਿ ਕੇ ਬੇਨਤੀ ਕੀਤੀ ਕਿ ਇਨ੍ਹਾਂ ਲੋਕਾਂ ਦਾ ਇਸ ਹੋ ਰਹੇ ਜ਼ੁਲਮ ਦੇ ਸਮੇਂ ਵਿਚ, ਇਸ ਔਖੀ ਘੜੀ ਵਿਚ ਇਸ ਵੇਲੇ ਤੁਹਾਡੇ ਤੋਂ ਬਿਨਾ ਬਾਂਹ ਫੜਨ ਵਾਲਾ ਹੋਰ ਕੌਣ ਹੋ ਸਕਦਾ ਹੈ? ਗੁਰੂ ਗੋਬਿੰਦ ਸਿੰਘ ਨੂੰ ਆਪਣੇ ਇਨ੍ਹਾਂ ਲੋਕਾਂ ਦੀ ਸੰਗਤ ਕਿੰਨੀ ਚੰਗੀ ਲਗਦੀ ਹੈ, ਉਨ੍ਹਾਂ ਨੂੰ ਆਪਣੇ ਖਾਲਸੇ ਨਾਲ ਕਿੰਨਾ ਪ੍ਰੇਮ ਹੈ, ਇਸ ਤੱਥ ਦਾ ਅਹਿਸਾਸ ਇਸ ਤੋਂ ਹੁੰਦਾ ਹੈ ਜਦੋਂ ਉਹ ਐਲਾਨ ਕਰਦੇ ਹਨ:

ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ
ਇਨ ਹੀ ਕੇ ਪ੍ਰਸਾਦਿ ਸੋ ਦਾਨ ਕਰੇ।
ਅਘ ਓਘ ਟਰੇ ਇਨ ਹੀ ਕੇ ਪ੍ਰਸਾਦਿ
ਕ੍ਰਿਪਾ ਇਨ ਕੀ ਪੁਨਿ ਧਾਮ ਭਰੇ।
ਇਨ ਹੀ ਕੇ ਪ੍ਰਸਾਦਿ ਸੁਬਿਦਿਯ ਭਏ
ਇਨ ਹੀ ਕੀ ਕ੍ਰਿਪਾ ਸਭ ਸਤ੍ਰ ਮਰੇ।
ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ
ਨਹੀਂ ਮੋਸੋ ਗਰੀਬ ਕਰੋਰ ਪਰੇ॥52

ਬਾਬਰ ਨੇ ਜਦੋਂ ਭਾਰਤ 'ਤੇ ਹਮਲਾ ਕੀਤਾ ਤਾਂ ਗੁਰੂ ਨਾਨਕ ਦੇਵ ਐਮਨਾਬਾਦ ਵਿਚ ਸਨ। ਉਨ੍ਹਾਂ ਨੇ ਬਾਬਰ ਦੇ ਹਮਲੇ ਅਤੇ ਉਸ ਵੱਲੋਂ ਕੀਤੀ ਗਈ ਕਤਲੋ-ਗਾਰਤ, ਲੁੱਟ-ਖਸੁੱਟ ਆਪਣੇ ਅੱਖੀਂ ਦੇਖੀ। ਉਨ੍ਹਾਂ ਇਸ ਖਿਲਾਫ ਆਵਾਜ਼ ਬੁਲੰਦ ਕੀਤੀ ਤੇ ਬਾਬਰ ਦੇ ਹਮਲੇ ਨੂੰ 'ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ' ਕਿਹਾ ਅਤੇ ਲੋਕਾਂ ਨੂੰ ਦੱਸਿਆ ਕਿ ਮਹਿਜ ਪੂਜਾ ਕਰਨ ਤੇ ਪੀਰ ਧਿਆਉਣ ਨਾਲ ਜ਼ਾਲਮ ਨੂੰ ਨਹੀਂ ਰੋਕਿਆ ਜਾ ਸਕਦਾ। ਜ਼ੁਲਮ ਨਾਲ ਟੱਕਰ ਲੈਣ ਅਤੇ ਸਵੈਮਾਣ ਦੀ ਰੱਖਿਆ ਲਈ ਮਨੁੱਖ ਨੂੰ ਖੁਦ ਤਿਆਰ ਹੋਣਾ ਪੈਂਦਾ ਹੈ। ਜ਼ੁਲਮ ਨਾਲ ਟੱਕਰ ਲੈਣ ਜੋਗੇ ਹੋਣ ਦਾ ਸਪੱਸ਼ਟ ਸੰਦੇਸ਼ ਗੁਰੂ ਨਾਨਕ ਦੀ ਬਾਣੀ ਵਿਚੋਂ ਮਿਲਦਾ ਹੈ ਜਦੋਂ ਉਹ ਕਹਿੰਦੇ ਹਨ:

ਕੋਟੀ ਹੂ ਪੀਰ ਵਰਜਿ ਰਹਾਏ
ਜਾ ਮੀਰੁ ਸੁਣਿਆ ਧਾਇਆ॥
ਥਾਨ ਮੁਕਾਮ ਜਲੇ ਬਿਜ ਮੰਦਰ
ਮੁਛਿ ਮੁਛਿ ਕੁਇਰ ਰੁਲਾਇਆ॥
ਕੋਈ ਮੁਗਲੁ ਨ ਹੋਆ ਅੰਧਾ
ਕਿਨੈ ਨ ਪਰਚਾ ਲਾਇਆ॥

ਨਿਓਟੇ ਅਤੇ ਕਮਜ਼ੋਰ ਕਹੇ ਜਾਣ ਵਾਲੇ ਲੋਕ ਗੁਰੂ ਨਾਨਕ ਰਾਹੀਂ ਕਾਇਮ ਕੀਤੀ ਸੰਗਤ ਵਿਚ 'ਨਾਮ ਸਿਮਰਨ, ਕਿਰਤ ਕਰਨ ਤੇ ਵੰਡ ਛਕਣ' ਦੇ ਰਸਤੇ 'ਤੇ ਅਮਲ ਕਰਦੇ ਹੋਏ ਗੁਰੂ ਗੋਬਿੰਦ ਸਿੰਘ ਤੋਂ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕਰਕੇ ਇੱਕ ਇੱਕ, ਸਵਾ ਸਵਾ ਲੱਖ 'ਤੇ ਭਾਰੂ ਹੋਣ ਦੇ ਕਾਬਲ ਹੋਏ। ਚਮਕੌਰ ਦੀ ਕੱਚੀ ਗੜ੍ਹੀ ਵਿਚ 40 ਸਿੱਖਾਂ ਨੇ ਲੱਖਾਂ ਦੀ ਗਿਣਤੀ ਵਿਚ ਚੜ੍ਹ ਕੇ ਆਏ ਮੁਗਲ ਅਤੇ ਪਹਾੜੀ ਰਾਜਿਆਂ ਦੇ ਲਸ਼ਕਰ ਦਾ ਮੁਕਾਬਲਾ ਬੜੀ ਬਹਾਦਰੀ ਨਾਲ ਕੀਤਾ। ਇਸੇ ਅੰਮ੍ਰਿਤ ਦੀ ਬਰਕਤ ਨਾਲ ਵੱਡੇ ਸਾਹਿਬਜ਼ਾਦਿਆਂ ਨੇ ਚਮਕੌਰ ਦੀ ਜੰਗ ਵਿਚ ਹੱਸਦੇ ਹੱਸਦੇ ਦੁਸ਼ਮਨ ਨਾਲ ਦੋ ਹੱਥ ਕਰਕੇ ਸ਼ਹੀਦੀ ਪ੍ਰਾਪਤ ਕੀਤੀ ਅਤੇ ਛੋਟੇ ਸਾਹਿਬਜ਼ਾਦਿਆਂ ਨੇ ਨਿੱਕੀ ਉਮਰੇ ਹੀ ਇਸਲਾਮ ਕਬੂਲਣ ਨਾਲੋਂ ਸ਼ਹੀਦ ਹੋਣ ਨੂੰ ਤਰਜੀਹ ਦਿੱਤੀ। ਅੰਮ੍ਰਿਤ ਦੀ ਦਾਤ ਮਾਤਾ ਜੀਤੋ ਜੀ (ਕਈਆਂ ਅਨੁਸਾਰ ਮਾਤਾ ਸਾਹਿਬ ਦੇਵਾਂ) ਵੱਲੋਂ ਪਤਾਸੇ ਪਾ ਦੇਣ ਨਾਲ ਸੰਪੂਰਨ ਹੁੰਦੀ ਹੈ। ਇਹ ਹੀ ਨਹੀਂ, ਬੇਦਾਵਾ ਦੇ ਕੇ ਘਰਾਂ ਨੂੰ ਜਾਣ ਵਾਲੇ 40 ਸਿੰਘਾਂ ਨੂੰ ਮੋੜ ਕੇ ਮੈਦਾਨੇ ਜੰਗ ਵਿਚ ਮਾਈ ਭਾਗੋ ਵਾਪਸ ਲੈ ਕੇ ਆਉਂਦੀ ਹੈ ਅਤੇ ਜਥੇ ਦੀ ਅਗਵਾਈ ਕਰਦੀ ਹੈ। ਮਾਈ ਭਾਗੋ ਕਾਰਨ ਉਹ ਦਸਮ ਪਿਤਾ ਤੋਂ ਬੇਦਾਵਾ ਪੜਵਾ ਕੇ 40 ਮੁਕਤਿਆਂ ਦੇ ਰੁਤਬੇ ਦੇ ਹੱਕਦਾਰ ਬਣਦੇ ਹਨ। ਮਾਈ ਭਾਗੋ ਗੁਰੂ ਗੋਬਿੰਦ ਸਿੰਘ ਜੀ ਦੀ ਅੰਗ-ਰਖਿਅਕ ਦਾ ਫਰਜ਼ ਨਿਭਾਉਂਦਿਆਂ ਉਨ੍ਹਾਂ ਨਾਲ ਦੱਖਣ ਵਿਚ ਜਾਂਦੀ ਹੈ। ਦਸਮ ਪਾਤਿਸ਼ਾਹ ਨੇ ਨੌਵੇਂ ਗੁਰੂ ਦੀ ਬਾਣੀ ਦਰਜ ਕਰਕੇ ਆਪਣੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰਗੱਦੀ ਗੁਰੂ ਗ੍ਰੰਥ ਸਾਹਿਬ ਨੂੰ ਬਾਕਾਇਦਾ ਪਰੰਪਰਾ ਅਨੁਸਾਰ ਦੇ ਕੇ ਸਦੀਵ ਸਮਿਆਂ ਲਈ ਸਿੱਖ ਪੰਥ ਨੂੰ ਸ਼ਬਦ ਗੁਰੂ ਦੇ ਲੜ ਲਾ ਦਿੱਤਾ ਅਤੇ ਸਦਾ ਸਦਾ ਲਈ ਸ਼ਬਦ ਗੁਰੂ ਤੋਂ ਅਗਵਾਈ ਲੈਣ ਦਾ ਹੁਕਮ ਕਰ ਦਿੱਤਾ।

ਇਹ ਗੱਲ ਅਹਿਮ ਅਤੇ ਯਾਦ ਰੱਖਣ ਵਾਲੀ ਵੀ ਹੈ ਕਿ 'ਗੁਰਗੱਦੀ' ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦਿੱਤੀ ਅਤੇ ਪੰਥਕ ਫੈਸਲੇ ਕਰਨ ਦਾ ਹੱਕ ਖਾਲਸੇ ਨੂੰ ਸ਼ਬਦ ਗੁਰੂ ਦੀ ਅਗਵਾਈ 'ਚ ਗੁਰੂ ਦੇ ਸਿਧਾਂਤਾਂ ਅਨੁਸਾਰ ਹੀ ਕਰਨ ਦਾ ਦਿੱਤਾ। ਦਸਮ ਪਾਤਿਸ਼ਾਹ ਹਜ਼ੂਰ ਬਾਰੇ ਭਾਈ ਨੰਦ ਲਾਲ ਗੋਯਾ ਦੀ ਲਿਖਤ 'ਗੰਜ ਨਾਮਾ', ਜਿਸ ਦਾ ਅਨੁਵਾਦ ਡਾ. ਗੰਡਾ ਸਿੰਘ ਨੇ ਕੀਤਾ ਹੈ, ਵਿਚੋਂ ਕੁੱਝ ਪੰਕਤੀਆਂ ਹਨ:

ਨਾਸਿਰੋ ਮਨਸੂਰ ਗੁਰ ਗੋਬਿੰਦ ਸਿੰਘ
ਈਜ਼ਦਿ ਮਨਜ਼ੂਰ ਗੁਰ ਗੋਬਿੰਦ ਸਿੰਘ
ਹੱਕ ਰਾ ਗੰਜੂਰ ਗੁਰ ਗੋਬਿੰਦ ਸਿੰਘ
ਜੁਮਲਾ ਫੈਜਿ ਨੂਰ ਗੁਰ ਗੋਬਿੰਦ ਸਿੰਘ
(ਗਰੀਬਾਂ ਦਾ ਰਾਖਾ) ਗੁਰੂ ਗੋਬਿੰਦ ਸਿੰਘ
ਰੱਬ ਦੀ ਰੱਖਿਆ ਵਿਚ ਗੁਰੂ ਗੋਬਿੰਦ ਸਿੰਘ
ਰੱਬ ਵੱਲੋਂ ਪਰਵਾਣ ਗੁਰੂ ਗੋਬਿੰਦ ਸਿੰਘ
ਗੁਰੂ ਗੋਬਿੰਦ ਸਿੰਘ ਸੱਚ ਦਾ ਖਜ਼ਾਨਾ ਹੈ
ਗੁਰੂ ਗੋਬਿੰਦ ਸਿੰਘ ਸਮੂਹ ਨੂਰ ਦੀ ਮਿਹਰ ਹੈ।

## ਖਾਲਸਾ

ਅਸਮਾਨਾਂ ਦੀ ਬੁਲੰਦੀ,
ਦਰਿਆਵਾਂ ਦੀ ਤੇਜ਼ ਵਗਦੀ
ਰਵਾਨੀ ਹੈ ਖਾਲਸਾ।
ਝਰਨੇ ਦੇ ਗੀਤਾਂ ਤੋਂ ਮਿੱਠੀ
ਬਾਦੇਸਬਾ ਦੀ ਮਹਿਕ,
ਪਹਾੜਾਂ ਦੀ ਅਡੋਲ ਤਬਅ
ਦਾ ਸਾਨੀ ਹੈ ਖਾਲਸਾ।
ਜ਼ੁਹਦ ਇਬਾਦਤ, ਵਹਿਦਤ
ਦਾ ਸੱਚਾ ਮੁਜੱਸਮਾ,
ਅਹਿਲੇ ਕਰਮ ਦੀ ਨਜ਼ਰ-ਏ
ਰਬਾਨੀ ਹੈ ਖਾਲਸਾ।
ਸ਼ਹਿਨਸ਼ਾਹਾਂ-ਏ-ਸ਼ਾਹ,
ਬਾ ਦਰਵੇਸ਼ਾਂ-ਏ-ਦਰਵੇਸ਼,
ਸਾਅਦਤ, ਗਫੂਰ, ਕਾਦਰੇ
ਰਜ਼ਾਨੀ ਹੈ ਖਾਲਸਾ।
ਜਨਮ ਤੋਂ ਰੋਜ਼-ਏ-ਹਸ਼ਰ ਤੱਕ
ਦਾ ਅਣਥੱਕ ਪਾਂਧੀ,
ਬੀਰ ਮੁਜਾਹਿਦਾਂ ਦਾ ਕਾਫਲਾ
ਆਹਾਨੀ ਹੈ ਖਾਲਸਾ।
ਬੇਕਸਾਂ, ਦੀਨਾਂ, ਹਕੀਰਾਂ ਦਾ
ਹਮਨਸ਼ੀਂ, ਗਮਖਾਰ,
ਅਦੁਤੀ ਕੈਫੀਅਤ ਦਾ ਮਾਲਕ
ਲਾਸਾਨੀ ਹੈ ਖਾਲਸਾ।
ਭਾਈਚਾਰੇ, ਸਾਂਝੀਵਾਲਤਾ
ਬਰਾਬਰੀ ਦਾ ਮੁੱਦਈ,
ਦਾਸਤਾਂ-ਏ-ਪਾਕ ਦਾਮਨ ਦੀ
ਕਹਾਣੀ ਹੈ ਖਾਲਸਾ।
ਗੁਰੂ ਦੇ ਬਚਨਾਂ ਦਾ ਮੁੱਦਈ
ਅਮਲ ਭਰੀ ਜ਼ਿੰਦਗੀ,
ਗੁਰ ਅਕੀਦਤ ਦੇ ਫੁੱਲਾਂ ਦੀ
ਬਾਗਬਾਨੀ ਹੈ ਖਾਲਸਾ।

ਹਰ ਦੌਰ-ਏ ਜ਼ਬਰ-ਓ-ਜ਼ੁਲਮ ਦਾ
ਏ ਪਸਤਗੀਰ ਵੱਡਾ,
ਸਿਰਾਂ ਨੂੰ ਭੇਟਣ ਵਾਲਾ ਮਹਾਨ
ਤੂੰ ਦਾਨੀ ਹੈ ਖਾਲਸਾ।
ਤੇਰੇ ਜਾਹੋ-ਜਲਾਲ, ਤੇਰੀ ਤੇਗ
ਤੇਰੀ ਜਾਂਬਾਜ਼ੀ ਸਾਹਵੇਂ,
ਅੜਿਆ ਨੀਂ ਕੋਈ ਅਬਦਾਲੀ
ਦੁਰਾਨੀ ਹੈ ਖਾਲਸਾ।
ਤੂੰ ਸੇਵਾ, ਸਿਮਰਨ, ਦਇਆ,
ਸਬਰ, ਸੰਤੋਖ ਦੀਆਂ,
ਪਵਿਤਰ ਲੜੀਆਂ ਦੀ ਪਰੋਈ
ਗਾਨੀ ਹੈ ਖਾਲਸਾ।
ਦਸਮ ਪਿਤਾ ਦੀ ਰਹਿਮਤ ਦਾ
ਵਰਸੋਇਆ ਇੱਕ,
ਅਨਵਿਧ ਨਾਯਾਬ ਸੁੱਚਾ ਮੋਤੀ
ਨੂਰਾਨੀ ਹੈ ਖਾਲਸਾ।
ਤੂੰ ਚੇਲਾ, ਤੂੰ ਗੁਰੂ, ਤੂੰ ਏ ਸੰਤ,
ਤੂੰ ਸਿਪਾਹੀ ਬਣਿਆ,
ਖਲਕੋਂ, ਜੁਦਾਅ ਤੇਰੀ ਅਜਬ
ਕਹਾਣੀ ਹੈ ਖਾਲਸਾ।
ਗੂੰਜਦੇ ਜੈਕਾਰੇ ਵੱਜਦੇ ਨਗਾਰੇ,
ਸਦਾ ਝੂਲਦੇ ਨਿਸ਼ਾਨ,
ਚੜ੍ਹਦੀ ਕਲਾ, ਤੇਰੀ ਬਹਾਦਰੀ ਦੀ
ਨਿਸ਼ਾਨੀ ਹੈ ਖਾਲਸਾ।

-ਚੰਨ
ਫੋਨ: 908-788-8427

# ਸਿੱਖ ਧਰਮ ਵਿਚ ਵਿਸਾਖੀ ਦੀ ਮਹੱਤਤਾ

ਸਿੱਖ ਧਰਮ ਵਿਚ ਵਿਸਾਖੀ ਸਿਧਾਂਤਕ ਅਤੇ ਇਤਿਹਾਸਕ ਮਹੱਤਤਾ ਵਾਲਾ ਗੌਰਵਮਈ ਤਿਉਹਾਰ ਹੈ। ਸਿੱਖ ਧਰਮ ਵਿਚ ਇਸ ਦਾ ਸਥਾਨ ਮੌਸਮੀ ਅਤੇ ਭਾਰਤੀ ਤਿਉਹਾਰ ਵਜੋਂ ਨਾ ਹੋ ਕੇ ਖ਼ਾਲਸਾ ਪੰਥ ਦੀ ਸਿਰਜਣਾ ਦੇ ਦਿਵਸ ਵਜੋਂ ਮਹੱਤਵਪੂਰਨ ਹੈ। ਵਿਸਾਖੀ ਦੇ ਤਿਉਹਾਰ ਨੂੰ ਗੁਰਦਰਸ਼ਨ ਲਈ ਇਕੱਤਰ ਹੋਣ ਦੀ ਰਵਾਇਤ, ਭਾਵ ਵਿਸਾਖੀ ਦਾ ਮੇਲਾ ਸਭ ਤੋਂ ਪਹਿਲਾਂ ਡੱਲਾ ਨਿਵਾਸੀ ਭਾਈ ਪਾਰੋ ਪਰਮਹੰਸ ਨੇ ਗੁਰੂ ਅਮਰਦਾਸ ਦੀ ਆਗਿਆ ਨਾਲ ਮਨਾਇਆ ਸੀ।

1699 ਦੀ ਵਿਸਾਖੀ ਨੇ ਇਸ ਤਿਉਹਾਰ ਨੂੰ ਸਿਖਰਲਾ ਰੂਪ ਮੁਹੱਈਆ ਕੀਤਾ। ਇਸ ਦਿਨ

**ਗੁਰਤੇਜ ਸਿੰਘ ਠੀਕਰੀਵਾਲਾ**
**ਫੋਨ: 94638-61316**

ਦਸਮ ਗੁਰੂ ਗੋਬਿੰਦ ਸਿੰਘ ਨੇ ਗੁਰੂ ਨਾਨਕ ਦੇਵ ਦੁਆਰਾ ਸਥਾਪਿਤ ਨਿਰਮਲ ਪੰਥ ਨੂੰ ਖ਼ਾਲਸਾ ਪੰਥ ਦਾ ਅੰਤਿਮ ਤੇ ਮੁਕੰਮਲ ਸਰੂਪ ਦੇ ਕੇ ਜਿਥੇ ਸਿਖ ਧਰਮ ਵਿਚ 'ਗੁਰੂ ਗ੍ਰੰਥ ਤੇ ਪੰਥ' ਦਾ ਅਨੂਠਾ ਸਿਧਾਂਤ ਸਿਰਜਿਆ, ਖ਼ਾਲਸਈ ਪਛਾਣ ਤੇ ਸਰੂਪ ਨਿਸ਼ਚਿਤ ਕੀਤਾ, ਸੰਤ-ਸਿਪਾਹੀ ਦੇ ਸੁਮੇਲ 'ਤੇ ਆਧਾਰਿਤ ਧਰਮ ਤੇ ਰਾਜਨੀਤੀ ਨੂੰ ਇਕੱਠਿਆਂ ਕੀਤਾ, ਉਥੇ ਮਨੁੱਖੀ ਏਕਤਾ ਦੇ ਲਾਸਾਨੀ ਆਦਰਸ਼ ਨੂੰ ਐਲਾਨੀਆ ਤੌਰ 'ਤੇ ਰੂਪਮਾਨ ਕੀਤਾ। ਖ਼ਾਲਸਾ ਪੰਥ ਦੀ ਸਾਜਨਾ ਗੁਰੂ ਨਾਨਕ ਦੁਆਰਾ ਭੇਦ-ਭਾਵ, ਊਚ-ਨੀਚ ਦੀ ਕੰਧ ਤੋੜਨ ਹਿਤ ਸਥਾਪਿਤ ਸਿੱਖ ਸਿਧਾਂਤ ਦੀ ਸਿਖ਼ਰ ਸੀ। ਇਸ ਮੌਕੇ ਇਕੋ ਪੰਗਤ ਵਿਚ ਵੰਡ ਛਕਣ ਤੋਂ ਵੀ ਅੱਗੇ ਇਕੋ ਬਾਟੇ (ਬਰਤਨ) ਵਿਚ ਖੰਡੇ ਦੀ ਪਾਹੁਲ ਛਕਾਈ ਗਈ। ਦੁਨੀਆਂ ਵਿਚ ਅਜਿਹੀ ਮਿਸਾਲ ਹੋਰ ਕਿਧਰੇ ਨਹੀਂ ਮਿਲਦੀ। ਪ੍ਰੋ. ਪੂਰਨ ਸਿੰਘ ਅਨੁਸਾਰ ਗੁਰੂ ਸਾਹਿਬ ਨੇ ਪੰਜਾਂ ਪਿਆਰਿਆਂ ਨੂੰ ਇਕੋ ਲੋਹ ਬਾਟੇ ਵਿਚੋਂ ਅੰਮ੍ਰਿਤ ਛਕਣ ਲਈ ਕਿਹਾ ਤਾਂ ਜੋ ਡੂੰਘੇ ਘੁੱਟਾਂ ਰਾਹੀਂ ਉਹ ਭਰਾਤਰੀਅਤ ਦਾ ਪ੍ਰੇਮ ਪੀ ਸਕਨ।

ਵਿਸਾਖੀ ਵਾਲੇ ਦਿਨ ਆਨੰਦਪੁਰ ਸਾਹਿਬ ਵਿਚ ਖ਼ਾਲਸਾ ਸਿਰਜਣਾ ਇਤਿਹਾਸ ਦੀ ਲਾਮਿਸਾਲ ਘਟਨਾ ਹੈ। ਧਾਰਮਿਕ ਜਗਤ ਵਿਚ ਪਹਿਲੀ ਵਾਰ 'ਆਪੇ ਗੁਰ ਚੇਲਾ' ਦੇ ਸਿਧਾਂਤ 'ਤੇ ਅਮਲ ਦਾ ਵਰਤਾਰਾ, ਗੁਰੂ ਸਾਹਿਬ ਦੁਆਰਾ ਪੰਜਾਂ ਪਿਆਰਿਆਂ ਨੂੰ ਖੰਡੇ ਦੀ ਪਾਹੁਲ ਛਕਾ ਕੇ ਫਿਰ ਆਪ ਉਨ੍ਹਾਂ ਕੋਲੋਂ ਖੰਡੇ ਦੀ ਪਾਹੁਲ ਪ੍ਰਾਪਤ ਕਰਨ ਨਾਲ ਵਰਤਿਆ।

ਅਜੋਕੇ ਦੌਰ ਵਿਚ ਵਿਸ਼ਵੀਕਰਨ ਦੀ ਧਾਰਨਾ ਦਾ ਮੁਖ ਵਾਸਤਾ ਇਹ ਹੈ ਕਿ ਵੱਖ ਵੱਖ ਧਰਮਾਂ, ਜਾਤਾਂ, ਸਭਿਆਚਾਰਾਂ, ਰਾਸ਼ਟਰਾਂ ਤੇ ਸਮਾਜਾਂ ਦੀ ਪਕੜ ਢਿੱਲੀ ਕਰ ਕੇ ਵਿਸ਼ਵ ਦੇ ਏਕੀਕਰਨ ਦੀ ਪ੍ਰਕਿਰਿਆ ਨੂੰ ਉਤਸ਼ਾਹਿਤ ਕੀਤਾ ਜਾਵੇ। ਏਕੀਕਰਨ ਦੀ ਇਸ ਪ੍ਰਕਿਰਿਆ ਦੇ ਮੂਲ ਆਧਾਰ ਤਾਰਕਿਕ, ਵਿਗਿਆਨਕ ਜ਼ਿਆਦਾ ਤੇ ਧਾਰਮਿਕ ਘੱਟ ਹਨ। ਇਸ ਪ੍ਰਸੰਗ ਵਿਚ ਦੋ ਗੱਲਾਂ ਮਹੱਤਵਪੂਰਨ ਹਨ। ਇਕ ਤਾਂ ਇਹ ਕਿ ਘੱਟ ਗਿਣਤੀ ਦੇ ਧਰਮਾਂ, ਜਾਤਾਂ ਤੇ ਵਿਕਾਸਸ਼ੀਲ ਰਾਸ਼ਟਰਾਂ ਦਾ ਵਿਸ਼ਵੀਕਰਨ ਦੀ ਧਾਰਨਾ ਤੇ ਇਸ ਦੇ ਸਰੂਪ ਨੂੰ ਨਿਰਧਾਰਿਤ ਤੇ ਪ੍ਰਭਾਵਿਤ ਕਰਨ ਵਿਚ ਕੋਈ ਵਿਸ਼ੇਸ਼ ਯੋਗਦਾਨ ਨਹੀਂ। ਇਥੇ ਵੀ 'ਤਕੜੇ ਦਾ ਸੱਤੀਂ ਵੀਹੀਂ ਸੌ' ਦੀ ਕਹਾਵਤ ਢੁਕਦੀ ਹੈ। ਦੂਜੀ ਗੱਲ ਇਹ ਕਿ ਸਮੁੱਚੇ ਵਿਸ਼ਵ ਨੂੰ ਇਕ ਇਕਾਈ ਦੇ ਰੂਪ ਵਿਚ ਬੰਨ੍ਹਣ ਦੇ ਇਨ੍ਹਾਂ ਤਾਰਕਿਕ ਯਤਨਾਂ ਵਿਚੋਂ ਧਾਰਮਿਕ ਤੇ ਸਭਿਆਚਾਰਕ ਵਖਰੇਵਿਆਂ ਤੇ ਪਛਾਣਾਂ ਦੀ ਅਣਦੇਖੀ ਹੋਣ ਦੀ ਸੰਭਾਵਨਾ ਲਗਾਤਾਰ ਬਣੀ ਰਹਿੰਦੀ ਹੈ।

ਕੁਦਰਤ ਦਾ ਨਿਯਮ ਏਕਤਾ ਹੈ, ਇਕਮਿਕਤਾ ਨਹੀਂ; ਇਕਸੁਰਤਾ ਹੈ, ਇਕਸਾਰਤਾ ਨਹੀਂ। ਇਸ ਨਿਯਮ ਅਨੁਸਾਰ ਸਿੱਖ ਧਰਮ ਬਹੁਮੁਖੀ ਕੇਂਦਰਵਾਦ ਦਾ ਧਾਰਨੀ ਹੈ। ਇਸ ਦਾ ਉਦੇਸ਼ ਏਕਤਾ ਹੈ ਨਾ ਕਿ ਇਕਮਿਕਤਾ; ਇਹ ਸਾਂਝੀਵਾਲਤਾ ਤੇ ਵਿਸ਼ਵ ਭਾਈਚਾਰੇ ਦਾ ਸੁਨੇਹਾ ਦਿੰਦਾ ਹੈ, ਨਾ ਕਿ ਸਾਂਝ ਖ਼ਤਮ ਕਰ ਕੇ ਸੁਆਰਥਮਈ ਏਕੀਕਰਨ ਦਾ ਮੁੱਦਈ ਹੈ। ਗੁਰੂ ਸਾਹਿਬਾਨ ਅਨੁਸਾਰ ਧਰਮਾਂ, ਸਭਿਆਚਾਰਾਂ, ਸਭਿਆਤਾਵਾਂ ਤੇ ਰਾਸ਼ਟਰਾਂ ਦੀ ਵਿਲੱਖਣ ਪਛਾਣ ਸਹਿਹੋਂਦ ਤੇ ਵਿਸ਼ਵ ਭਾਈਚਾਰੇ ਲਈ ਕੋਈ ਰੁਕਾਵਟ ਨਹੀਂ ਹੈ। ਸੱਚਾ ਮੁਸਲਮਾਨ, ਸੱਚਾ ਹਿੰਦੂ ਤੇ ਧੁਰ ਆਪੇ ਨਾਲ ਜੁੜਿਆ ਯੋਗੀ ਗੁਰੂ ਸਾਹਿਬ ਲਈ ਉਨ੍ਹਾਂ ਦੀ ਬਾਹਰੀ ਰਹਿਤ ਦੇ ਵਖਰੇਵੇਂ ਸਹਿਤ ਵੀ ਪ੍ਰਵਾਨ ਹਨ। ਇਹ ਮਨੋਰਤ



ਧਾਰਮਿਕ ਸਹਿਹੋਂਦ ਤੇ ਮਨੁੱਖੀ ਭਾਈਚਾਰੇ ਲਈ ਬੇਹੱਦ ਮਹੱਤਵ ਰੱਖਦੀ ਹੈ।

ਖ਼ਾਲਸਾ ਪੰਥ ਦੇ ਰਹਿਬਰਾਂ ਦੁਆਰਾ ਜਾਰੀ 'ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ' ਦਾ ਨਾਅਰਾ ਅਜੋਕੀ ਵਿਸ਼ਵ ਏਕੀਕਰਨ ਦੀ ਧਾਰਨਾ ਦੇ ਪ੍ਰਸੰਗ ਵਿਚ ਵਧੇਰੇ ਧਿਆਨ ਦੀ ਮੰਗ ਕਰਦਾ ਹੈ। ਗੁਰੂ ਸਾਹਿਬਾਨ ਦੁਆਰਾ ਸੁਝਾਏ ਗਏ ਏਕਤਾ ਦੇ ਇਸ ਸੰਦੇਸ਼ ਪਿੱਛੇ ਧਾਰਮਿਕ ਤੇ ਰਾਜਨੀਤਕ ਸੱਤਾ ਦੁਆਰਾ ਲਤਾੜੇ ਤੇ ਪਛਾੜੇ ਲੋਕਾਂ ਨੂੰ ਸਮਾਨਤਾ ਦਿਵਾਉਣ ਦੀ ਭਾਵਨਾ ਵਿਦਮਾਨ ਹੈ। ਵਰਤਮਾਨ ਸਮੇਂ ਘੱਟ ਗਿਣਤੀ ਧਰਮਾਂ, ਸਮਾਜਾਂ ਤੇ ਵਰਗਾਂ ਨੂੰ ਇਸ ਸ਼੍ਰੇਣੀ ਵਿਚ ਰੱਖ ਸਕਦੇ ਹਾਂ। ਧਰਮ-ਦਰਸ਼ਨ ਦੇ ਖੇਤਰ ਵਿਚ ਸਿੱਖ ਧਰਮ ਦੀ ਵਿਲੱਖਣ ਵਿਸ਼ੇਸ਼ਤਾ 'ਰੱਬ ਦੀ ਏਕਤਾ' ਦੇ ਸੰਕਲਪ ਦੀ ਹੈ।

ਇਥੇ ਵਿਸ਼ਾ 'ਏਕ ਓਂਕਾਰ ਦਰਸ਼ਨ' ਦੇ ਧਾਰਨੀ ਖ਼ਾਲਸਾ ਪੰਥ ਦੀ ਮਾਨਵੀ ਏਕਤਾ ਦੇ ਆਦਰਸ਼ ਸਬੰਧੀ ਅਦਾ ਕੀਤੀ ਭੂਮਿਕਾ ਬਾਰੇ ਹੈ। ਪਹਿਲਾਂ ਇਹ ਵਿਚਾਰ ਜ਼ਰੂਰੀ ਹੈ ਕਿ ਏਕਤਾ ਤੇ ਇਕਸੁਰਤਾ, ਇਕਮਿਕਤਾ ਤੇ ਇਕਸਾਰਤਾ ਦੇ ਉਲਟ ਕੁਦਰਤ ਦਾ ਨਿਯਮ ਹੈ। ਪੂਰਵ ਸਿੱਖ ਧਰਮ ਮਨੁੱਖੀ ਸਭਿਆਚਾਰ ਵਿਚ ਇਸ ਨਿਯਮ ਬਾਰੇ ਖੁੱਲ੍ਹ ਕੇ ਸਿਧਾਂਤਕ ਚਰਚਾ ਨਹੀਂ ਹੋਈ ਅਤੇ ਨਾ ਹੀ ਇਸ ਨੂੰ ਰੂਪਮਾਨ ਕਰਦਾ ਕੋਈ ਵਿਹਾਰਕ ਪੈਂਤੜਾ ਅਪਣਾਇਆ ਗਿਆ, ਸਗੋਂ ਬਹੁ-ਪੱਖੀ ਇਕਮਿਕਤਾ ਤੇ ਮਜ਼ਹਬੀ ਇਕਸਾਰਤਾ ਕਰਨ ਦੇ ਕੁਝ ਦੋਸ਼ਪੂਰਨ ਯਤਨ ਜ਼ਰੂਰ ਹੋਏ। ਸਿੱਟੇ ਵਜੋਂ ਵੱਖ ਵੱਖ ਸਮਾਜਾਂ ਦੀ ਸਮਾਜਿਕ ਏਕਤਾ ਤੇ ਰਾਜਸੀ ਇਕਸਾਰਤਾ ਦਾ ਕੋਈ ਠੋਸ ਬਾਨ੍ਹਣੂੰ ਸੁਲਝਾਉਂਦਾ ਵਿਚਾਰ ਨਾਕਾਫ਼ੀ ਰਿਹਾ। ਗੁਰੂ ਨਾਨਕ ਦੇ ਆਗਮਨ ਵੇਲੇ ਸਿਖਰ ਨੂੰ ਪੁੱਜੀ ਸਮਾਜਿਕ, ਧਾਰਮਿਕ ਅਸਮਾਨਤਾ ਤੇ ਤਤਕਾਲੀ ਸ਼ਾਸਕਾਂ ਵੱਲੋਂ ਭਾਰਤੀ ਲੋਕਾਂ ਨਾਲ ਧੱਕੇਸ਼ਾਹੀ ਦਾ ਮੁਕੰਮਲ ਦੌਰ ਚੱਲ ਰਿਹਾ ਸੀ। ਗੁਰੂ ਸਾਹਿਬਾਨ ਧਾਰਮਿਕ ਅਨੇਕਤਾ ਤੇ ਬਹੁਕੇਂਦ੍ਰਿਤ ਸਮਾਜ ਦੇ ਪੱਕੇ ਸਮਰਥਕ ਸਨ। ਮਹਾਂਕਵੀ ਭਾਈ ਸੰਤੋਖ ਸਿੰਘ ਨੇ ਧਾਰਮਿਕ ਏਕੀਕਰਨ ਦੇ ਪ੍ਰਸੰਗ ਵਿਚ ਗੁਰੂ ਗੋਬਿੰਦ ਸਿੰਘ ਦੇ ਯੋਗਦਾਨ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਉਨ੍ਹਾਂ ਦੀ ਗੈਰਹਾਜ਼ਰੀ ਵਿਚ ਧਾਰਮਿਕ ਅਨੇਕਤਾ ਖ਼ਤਮ ਹੋ ਜਾਣੀ ਸੀ। ਇਸ ਪ੍ਰਸੰਗ ਵਿਚ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਦਾ ਦੂਜਾ ਪਹਿਲੂ ਸਮਾਜਿਕ ਏਕਤਾ ਤੇ ਭਾਈਚਾਰਾ ਸਥਾਪਿਤ ਕਰਨਾ ਸੀ।

ਗੁਰੂ ਸਾਹਿਬਾਨ ਸਾਹਮਣੇ ਸਮਾਜਿਕ ਤੇ ਮਨੁੱਖੀ ਏਕਤਾ ਦੇ ਆਦਰਸ਼ ਦੀ ਸਥਾਪਤੀ ਹਿੱਤ ਵਰਣ ਆਸ਼ਰਮ 'ਤੇ ਆਧਾਰਿਤ ਜਾਤੀ-ਪਾਤੀ ਪ੍ਰਬੰਧ ਨੂੰ ਵੰਗਾਰਨਾ ਤੇ ਖਦੇੜਨਾ ਮੁੱਖ ਕਾਰਜ ਸੀ। ਖ਼ਾਲਸੇ ਦੀ ਸਾਜਨਾ ਜਾਤੀਵਾਦੀ ਸਮਾਜ ਨਾਲੋਂ ਮੁਕੰਮਲ ਤੋੜ-ਵਿਛੋੜਾ ਸਾਬਤ ਹੋਈ। ਜਾਤ-ਪਾਤ ਵਿਚ ਵਿਸ਼ਵਾਸ ਨਾ ਰੱਖਣ ਦਾ ਨਿਯਮ ਖ਼ਾਲਸਈ ਵਿਧਾਨ ਦਾ ਮੁੱਖ ਹਿੱਸਾ ਬਣਿਆ। ਗੁਰੂ ਨਾਨਕ ਨੇ ਮਨੁੱਖੀ ਏਕਤਾ ਦੇ ਇਸ ਕਾਰਜ ਲਈ ਲੰਗਰ ਪ੍ਰਥਾ ਦਾ ਆਰੰਭ ਕਰ ਕੇ ਸਿੱਖ ਧਰਮ ਦੇ ਬੁਨਿਆਦੀ ਅਸੂਲ 'ਵੰਡ ਛਕੋ' ਨੂੰ ਅਮਲੀ ਜਾਮਾ ਪਹਿਨਾਇਆ। ਗੁਰੂ ਅਮਰਦਾਸ ਨੇ ਇਸੇ ਅਸੂਲ ਤਹਿਤ ਮਨੁੱਖੀ ਨਾ ਬਰਾਬਰੀ ਤੋੜਨ ਦਾ ਹੋਕਾ ਦੇ ਕੇ 'ਸੰਗਤ ਤੇ ਪੰਗਤ' ਦੀ ਸੁਮੇਲਤਾ ਦਿੰਦਿਆਂ ਆਪਣੇ ਹਰ ਦਰਸ਼ਨ ਅਭਿਲਾਸ਼ੀ ਨੂੰ 'ਪਹਿਲਾਂ ਪੰਗਤ ਪਾਛੈ ਸੰਗਤ' ਕਰਨ ਦਾ ਹੁਕਮ ਜਾਰੀ ਕੀਤਾ। ਭੇਦ-ਭਾਵ ਤੇ ਉਚ-ਨੀਚ ਦੀ ਕੰਧ ਤੋੜਨ ਦਾ ਇਹ ਅਭਿਆਸ ਖ਼ਾਲਸਾ ਪੰਥ ਦੀ ਸਾਜਨਾ ਵੇਲੇ ਸਿਖਰ 'ਤੇ ਪੁੱਜ ਗਿਆ ਜਦੋਂ 'ਇਕੋ ਪੰਗਤ ਵਿਚ ਵੰਡ ਛਕਣ' ਤੋਂ ਵੀ ਅੱਗੇ 'ਇਕੋ ਬਾਟੇ' (ਬਰਤਨ) ਵਿਚ ਖੰਡੇ ਦੀ ਪਾਹੁਲ ਛਕਾਈ ਗਈ।

ਖ਼ਾਲਸਾ ਪੰਥ ਦੇ ਮਨੁੱਖੀ ਏਕਤਾ ਵਾਲੇ ਅਮਲ ਦੇ ਖ਼ਾਲਸਈ ਬੋਲਿਆਂ, ਨਾਅਰਿਆਂ ਵਿਚੋਂ ਵੀ ਦਰਸ਼ਨ ਹੁੰਦੇ ਹਨ। 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਦੇ ਸਮੇਂ ਤੇ ਸਥਾਨ ਤੋਂ ਪਰ੍ਹੇ ਬ੍ਰਹਿਮੰਡੀ ਬੋਲੇ ਦਾ ਮਤਲਬ ਹੈ ਖ਼ਾਲਸਾ ਵਾਹਿਗੁਰੂ ਦਾ ਹੈ ਤੇ ਫ਼ਤਹਿ ਵੀ ਵਾਹਿਗੁਰੂ ਦੀ ਹੈ। ਜਦੋਂ ਗੁਰੂ ਗੋਬਿੰਦ ਸਿੰਘ ਨੇ ਪੰਥ ਦੀ ਅਗਵਾਈ ਖ਼ਾਲਸੇ ਨੂੰ ਸੌਂਪੀ ਤਾਂ ਆਪਣੇ ਭਾਸ਼ਣ ਦੇ ਅਖ਼ੀਰ ਵਿਚ ਇਹ ਸ਼ਬਦ ਵਰਤੇ ਸਨ ਜੋ ਖ਼ਾਲਸੇ ਦਾ ਨਾਅਰਾ ਬਣ ਗਏ। ਵਿਹਾਰਕ ਦ੍ਰਿਸ਼ਟੀ ਤੋਂ ਰੋਜ਼ਾਨਾ ਦੇ ਜੀਵਨ ਵਿਚ ਵਰਤਿਆ ਜਾਂਦਾ ਇਹ ਬੋਲਾ ਖ਼ਾਲਸੇ ਦੇ ਮਨੁੱਖੀ ਏਕਤਾ ਦੇ ਆਦਰਸ਼ ਨੂੰ ਮਾਨਸਿਕ ਤੌਰ 'ਤੇ ਡੂੰਘਾ ਉਕਾਰਦਾ ਹੈ। ਖ਼ਾਲਸਾ ਪੰਥ ਦੀ ਸਾਜਨਾ ਦੀ ਲਾਸਾਨੀ ਘਟਨਾ ਕਾਰਨ ਵਿਸਾਖੀ ਦੇ ਤਿਉਹਾਰ ਦੀ ਪ੍ਰਾਸੰਗਿਕਤਾ ਬਹੁਭਾਂਤੀ ਤੇ ਬਹੁਪਾਸਾਰੀ ਹੈ। ਇਹ ਮਨੁੱਖੀ ਸਮਾਨਤਾ ਤੇ ਸੁਤੰਤਰਤਾ ਦੇ ਬ੍ਰਹਿਮੰਡੀ ਸਰੋਕਾਰਾਂ ਨੂੰ ਧਰਤੀ 'ਤੇ ਅਮਲ ਵਿਚ ਲਿਆਉਣ ਦਾ ਸ਼ੁਭ ਦਿਹਾੜਾ ਹੈ।

# ਲੋਕ ਜੀਵਨ ਦਾ ਨਿਵੇਕਲਾ ਰੰਗ ਵਿਸਾਖੀ

ਹਰ ਦੇਸ਼ ਦੇ ਤਿਉਹਾਰ ਤੇ ਮੇਲੇ ਉਸ ਦੀ ਸਭਿਆਚਾਰਕ ਪਛਾਣ ਦੇ ਪ੍ਰਤੀਕ ਹੁੰਦੇ ਹਨ। ਵਿਸਾਖੀ ਪੰਜਾਬੀਆਂ ਵਾਸਤੇ ਉਨ੍ਹਾਂ ਦੇ ਲੋਕ ਜੀਵਨ ਨਾਲ ਜੁੜਿਆ ਨੇੜਵਾਂ ਸੱਚ ਤੇ ਪਛਾਣ ਹੈ। ਇਹ ਸਦੀਆਂ ਪੁਰਾਣੀ ਰੀਤ ਹੈ, ਸਾਂਝ ਭਰੇ ਜੀਵਨ ਦੀ ਝਲਕ, ਮੋਹ-ਮੁਹੱਬਤ ਦਾ ਪ੍ਰਤੀਕ ਤੇ ਪੰਜਾਬੀਆਂ ਦੀ ਜੀਵਨ-ਜਾਚ ਦਾ ਮੁਹਾਂਦਰਾ ਵੀ ਹੈ। ਇਹ ਸਾਨੂੰ

**ਕੇਹਰ ਸ਼ਰੀਫ਼**

ਆਪਣੇ ਅੰਦਰ ਝਾਤੀ ਮਾਰਨ ਵਾਲੀ ਨਵੀਂ ਜੀਵਨ ਜਾਚ ਬਖ਼ਸ਼ਦਾ ਅਜਿਹਾ ਸੱਚ ਹੈ ਜਿਸ ਨਾਲ ਮਨੁੱਖੀ ਜ਼ਿੰਦਗੀ ਮੁੱਲਵਾਨ ਵੀ ਹੁੰਦੀ ਹੈ ਤੇ ਮੋਹ-ਵਾਨ ਵੀ। ਇਸ ਦੇ ਸਿੱਟੇ ਵਜੋਂ ਮਨੁੱਖੀ ਮਨ ਵਿਚ ਨਿਮਰਤਾ ਤੇ ਨਿਰਮਾਣਤਾ ਦਾ ਵਿਕਾਸ ਹੁੰਦਾ ਹੈ। ਇਹੋ ਸਮਾਜਿਕ ਸਥਿਤੀਆਂ ਵਿਚ ਤਬਦੀਲੀਆਂ ਦੀ ਸੂਚਕ ਤੇ ਆਪਸੀ ਭਾਈਚਾਰਕ ਸਾਂਝ ਦਾ ਸਭ ਤੋਂ ਵੱਡਾ ਸੁਨੇਹਾ ਬਣ ਜਾਂਦੀ ਹੈ।

ਜਦੋਂ ਕੋਰੇ-ਕੱਕਰਾਂ ਦੇ ਭੰਨੇ ਲੋਕ ਖੁੱਲ੍ਹੇ ਮੌਸਮ ਵਿਚ ਪੁੱਜਦੇ ਹਨ ਤਾਂ ਵਿਸਾਖੀ ਦਾ ਤਿਉਹਾਰ ਖ਼ੁਸ਼ੀ ਵਜੋਂ ਮਨਾਇਆ ਜਾਂਦਾ ਹੈ। ਪੁਰਾਤਨ ਸਮਿਆਂ ਵਿਚ ਵਿਸਾਖੀ ਦੇ ਦਿਨ ਪੇਂਡੂ ਖੇਡਾਂ ਹੁੰਦੀਆਂ। ਉਦੋਂ ਗੱਭਰੂਆਂ ਦੇ ਘੋਲ (ਕੁਸ਼ਤੀਆਂ) ਹੀ ਮੁੱਖ ਸਨ ਜਾਂ ਗੱਭਰੂਆਂ ਦੇ ਸਰੀਰਾਂ ਨੂੰ ਪਰਖਣ ਵਾਸਤੇ ਮੁੰਗਲੀ ਫੇਰਨ, ਭਾਰ ਚੁੱਕਣ, ਦੌੜ ਆਦਿ ਦੇ ਮੁਕਾਬਲੇ ਹੁੰਦੇ। ਮਗਰੋਂ ਕਬੱਡੀ ਵਿਚ ਗੱਭਰੂਆਂ ਦੀ ਜ਼ੋਰ ਅਜ਼ਮਾਈ ਹੋਣ ਲੱਗੀ। ਮੇਲੇ ਜੁੜਦੇ, ਮਨ ਪ੍ਰਚਾਵੇ ਲਈ ਬੋਲੀਆਂ ਪਾ ਕੇ ਨੱਚਿਆ ਜਾਂਦਾ। ਅੱਜ ਦਾ ਭੰਗੜਾ ਬੁਨਿਆਦੀ ਤੌਰ 'ਤੇ ਇਨ੍ਹਾਂ ਹੀ ਨਾਚਾਂ ਦਾ ਰੂਪ ਹੈ। ਇਸੇ ਤਰ੍ਹਾਂ ਪਸ਼ੂਆਂ ਦੀ ਜਾਨ ਪਰਖੀ ਜਾਂਦੀ ਤੇ ਬਲਦ ਗੱਡੀਆਂ ਦੀਆਂ ਦੌੜਾਂ ਹੁੰਦੀਆਂ। ਬਲਦ ਗੱਡੀਆਂ ਦੀਆਂ ਦੌੜਾਂ ਵਿਚ ਹਿੱਸਾ ਲੈਣ ਦੇ ਚਾਹਵਾਨ ਲੰਮਾ ਸਮਾਂ ਪਹਿਲਾਂ ਤਿਆਰੀ ਕਰਦੇ।

ਉਨ੍ਹਾਂ ਸਮਿਆਂ ਵਿਚ ਕੁੜੀਆਂ ਦਾ ਖੇਡਾਂ ਵਿਚ ਹਿੱਸਾ ਲੈਣਾ ਬੁਰਾ ਸਮਝਿਆ ਜਾਂਦਾ ਸੀ, ਇਸੇ ਕਰ ਕੇ ਕੁੜੀਆਂ ਦੀਆਂ ਖੇਡਾਂ ਬਾਰੇ ਜਾਣਕਾਰੀ ਨਹੀਂ ਮਿਲਦੀ। ਖ਼ੁਸ਼ੀ ਮੌਕੇ ਕੁੜੀਆਂ ਸਮਾਜਿਕ ਗੀਤਾਂ ਦੀ ਤਾਲ ਨਾਲ ਨੱਚਦੀਆਂ ਜ਼ਰੂਰ ਸਨ, ਪਰ ਗਿੱਧੇ ਦੇ ਰੂਪ ਵਿਚ। ਕਿੱਕਲੀ ਤੇ ਸਮੂਹ ਗਾਣ ਉਸ ਸਮੇਂ ਦੀ ਹੀ ਪੈਦਾਵਾਰ ਹੈ।

ਵਿਸਾਖੀ ਸਦੀਆਂ ਪੁਰਾਣਾ ਤਿਉਹਾਰ ਹੈ। ਪਹਿਲਾਂ-ਪਹਿਲ ਪੇਂਡੂ ਜੀਵਨ ਖੇਤੀਬਾੜੀ 'ਤੇ ਨਿਰਭਰ ਕਰਦਾ ਸੀ। ਇਸ ਕਰ ਕੇ ਫ਼ਸਲ ਬਹੁਤ ਮਹੱਤਵਪੂਰਨ ਸੀ। ਜਦੋਂ ਕਣਕਾਂ ਨਿੱਸਰਦੀਆਂ, ਪੱਕਦੀਆਂ ਤਾਂ ਸੁਨਹਿਰੀ ਸਿੱਟਿਆਂ ਨੂੰ ਦੇਖ ਕੇ ਮਨੁੱਖੀ ਮਨ ਖ਼ੁਸ਼ੀ ਨਾਲ ਖਿੜ ਉਠਦਾ। ਫ਼ਸਲ ਘਰ ਆਉਣ ਉਤੇ ਹੀ ਸਾਰੇ ਕਾਰਜ ਕਰਨੇ ਹੁੰਦੇ ਸਨ, ਖੇਤੀਬਾੜੀ ਸਾਡੀ ਆਰਥਿਕਤਾ ਦਾ ਮੁੱਖ ਸ੍ਰੋਤ ਸੀ। ਜਦੋਂ ਕਣਕਾਂ ਵੱਢਣ ਲਈ ਦਾਤਰੀ ਪੈਂਦੀ ਤਾਂ ਲੋਕ ਮਨ ਝੂਮ ਉਠਦਾ, ਨੱਚ ਪੈਂਦਾ। ਇਸ ਤਰ੍ਹਾਂ ਲੋਕ ਇਕੱਠੇ ਹੋਣੇ ਸ਼ੁਰੂ ਹੋ ਗਏ ਜੋ ਮੇਲੇ ਬਣ ਗਏ। ਇਨ੍ਹਾਂ ਮੇਲਿਆਂ ਵਿਚ ਨੱਚਦੇ-ਗਾਉਂਦੇ ਲੋਕ ਜ਼ਿੰਦਗੀ ਨੂੰ ਅਸਲ ਮਾਅਨਿਆਂ ਵਿਚ ਮਾਨਣ ਲੱਗੇ। ਵਿਸਾਖ ਮਹੀਨੇ ਕਣਕਾਂ ਦੀ ਵਾਢੀ ਸ਼ੁਰੂ ਹੁੰਦੀ ਜਿਸ ਦਾ ਆਰੰਭ ਜਸ਼ਨਾਂ ਨਾਲ ਕੀਤਾ ਜਾਂਦਾ। ਵਿਸਾਖੀ ਸਾਡੇ ਸਮਾਜਿਕ ਰਿਸ਼ਤਿਆਂ ਵਿਚਲੇ ਮੋਹ ਦਾ ਪ੍ਰਗਟਾਵਾ ਕਰਦੀ ਹੈ। ਕਣਕ ਦੀਆਂ ਵਾਢੀਆਂ ਵੇਲੇ ਆਮ ਹੀ ਆਥ੍ਹਤਾਂ (ਕਿਸੇ ਦੂਜੇ ਦੇ ਕੰਮ ਵਿਚ ਬਿਨਾਂ ਪੈਸਿਆਂ ਦੇ ਮਦਦ ਕਰਨੀ) ਪੈਂਦੀਆਂ। ਲੋਕ ਇਕੱਠੇ ਹੋ ਕੇ ਇਕ-ਦੂਜੇ ਦਾ ਕਾਰਜ ਪੂਰਾ ਕਰਦੇ। ਇਸ ਤਰ੍ਹਾਂ ਸਾਂਝ ਵੀ ਵਧਦੀ ਤੇ ਕੰਮ ਵੀ ਨਿਬੜ ਜਾਂਦਾ। ਵਾਢੀਆਂ ਵੇਲੇ ਆਥ੍ਹਤੀਆਂ ਦੀ ਸੇਵਾ ਆਮ ਕਰ ਕੇ ਸ਼ੱਕਰ ਘਿਉ ਨਾਲ ਹੁੰਦੀ ਸੀ। ਵਾਢੀਆਂ ਤੋਂ ਬਾਅਦ ਫ਼ਲ੍ਹਿਆਂ ਨਾਲ (ਫ਼ਲ੍ਹੇ ਫਲਾਹੀ ਦੇ ਛਾਪਿਆਂ ਨੂੰ ਇਕੱਠੇ ਕਰ ਕੇ ਬਣਾਏ ਜਾਂਦੇ ਸਨ) ਕਣਕਾਂ ਗਾਹੀਆਂ ਜਾਂਦੀਆਂ, ਧੜਾਂ



ਲਗਦੀਆਂ, ਕਣਕ ਤੇ ਤੂੜੀ ਵੱਖ ਕੀਤੇ ਜਾਂਦੇ। ਇਸ ਤਰ੍ਹਾਂ ਫ਼ਸਲ ਬਰਸਾਤ ਸ਼ੁਰੂ ਹੋਣ ਤੋਂ ਪਹਿਲਾਂ ਹੀ ਘਰ ਆ ਜਾਂਦੀ।

ਨਵੇਂ ਮਨੁੱਖ ਦੀ ਸਿਰਜਣਾ ਲਈ ਸਿੱਖ ਲਹਿਰ ਵਿਚ ਸਿਫ਼ਤੀ ਤਬਦੀਲੀ ਗੁਰੂ ਗੋਬਿੰਦ ਸਿੰਘ ਨੇ ਅਪਰੈਲ 1699 ਨੂੰ ਖ਼ਾਲਸੇ ਦੀ ਸਿਰਜਣਾ ਨਾਲ ਕੀਤੀ। ਇਹ ਵਿਸਾਖ ਦੀ ਸੰਗਰਾਂਦ ਦੇ ਦਿਨ ਆਨੰਦਪੁਰ ਵਿਚ ਇਕੱਠ ਵਿਚ ਸਿੱਖਾਂ ਦੇ ਸਮਰਪਣ ਦੀ ਭਾਵਨਾ ਦਾ ਜਲਵਾ ਸੀ। ਇਥੇ ਹੋਏ ਇਕੱਠ ਵਿਚ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਦੀ ਪਰਖ ਕਰਨ ਦਾ ਅਨੋਖਾ ਢੰਗ ਅਪਨਾਇਆ। ਉਨ੍ਹਾਂ ਇਕੱਠ ਵਿਚ ਜੁੜੇ ਲੋਕਾਂ ਤੋਂ ਸਿਰਾਂ ਦੀ ਮੰਗ ਕੀਤੀ। ਇਹ ਸੁਣਦਿਆਂ ਹੀ ਸਮਾਜ ਵਿਚ ਆਪਣੇ ਆਪ ਨੂੰ ਵੱਡਾ ਅਖਵਾਉਣ ਵਾਲੇ ਵੱਡੀਆਂ ਜਾਇਦਾਦਾਂ, ਜਗੀਰਾਂ ਦੇ ਮਾਲਕ ਤੇਜ਼ੀ ਨਾਲ ਉਥੋਂ ਖਿਸਕ ਗਏ। ਸਿਰ ਪੇਸ਼ ਕਰਨ ਵਾਲੇ ਕਿਰਤੀਆਂ ਵਿਚ ਭਾਈ ਦਇਆ ਰਾਮ (ਲਾਹੌਰ), ਭਾਈ ਧਰਮ ਦਾਸ (ਦਿੱਲੀ), ਭਾਈ ਮੋਹਕਮ ਚੰਦ (ਦਵਾਰਕਾ), ਭਾਈ ਸਾਹਿਬ ਚੰਦ (ਬਿਦਰ) ਤੇ ਭਾਈ ਹਿੰਮਤ ਰਾਏ (ਜਗਨ ਨਾਥ ਪੁਰੀ) ਤੋਂ ਸ਼ਾਮਲ ਸਨ। ਗੁਰੂ ਸਾਹਿਬ ਨੇ ਇਨ੍ਹਾਂ ਨੂੰ ਆਪਣੇ ਪੰਜ ਪਿਆਰੇ ਕਿਹਾ ਤੇ ਅੰਮ੍ਰਿਤ ਛਕਾ ਕੇ ਸਿੰਘ ਸਾਜਿਆ। ਫਿਰ ਗੁਰੂ ਸਾਹਿਬ ਨੇ ਇਨ੍ਹਾਂ ਪੰਜ ਪਿਆਰਿਆਂ ਤੋਂ ਆਪ ਅੰਮ੍ਰਿਤ ਛਕਿਆ ਤੇ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣੇ।

1919 ਦੀ ਵਿਸਾਖੀ ਵੇਲੇ ਜੱਲ੍ਹਿਆਂ ਵਾਲੇ ਬਾਗ਼ ਅੰਮ੍ਰਿਤਸਰ ਵਿਚ ਆਜ਼ਾਦੀ ਲਈ ਆਵਾਜ਼ ਉਚੀ ਕਰ ਰਹੇ ਨਿਹੱਥੇ ਦੇਸ਼ ਭਗਤਾਂ 'ਤੇ ਜਨਰਲ ਓ'ਡਵਾਇਰ ਨੇ ਜੋ ਕਹਿਰ ਕੀਤਾ, ਉਸ ਨਾਲ ਸਾਰੇ ਦੇਸ਼ ਵਾਸੀਆਂ ਦੀ ਰੂਹ ਝੰਜੋੜੀ ਗਈ। ਜਲ੍ਹਿਆਂਵਾਲਾ ਬਾਗ਼ ਮੁਲਕ ਦੀ ਆਜ਼ਾਦੀ ਦੀ ਲਹਿਰ ਵਿਚ ਸ਼ਹੀਦ ਹੋਏ ਪੰਜਾਬੀਆਂ ਦਾ ਯਾਦਗਾਰੀ ਸਥਾਨ ਹੈ, ਜਿਥੇ ਹਰ ਦਿਨ ਲੋਕ ਸ਼ਹੀਦਾਂ ਨੂੰ ਸਿਜਦਾ ਕਰਨ ਆਉਂਦੇ ਹਨ।

ਵਿਸਾਖੀ ਦੇ ਅਰਥ ਬਹੁਤ ਵੱਡੇ ਤੇ ਵਿਸ਼ਾਲ ਹਨ। ਆਪਸੀ ਭਾਈਚਾਰੇ ਦੀ ਮਜ਼ਬੂਤੀ ਦਾ ਹੋਕਾ ਦਿੰਦਿਆਂ ਹਰ ਕਿਸੇ ਲਈ ਸਮਾਨਤਾ, ਬਰਾਬਰੀ ਤੇ ਵੈਰ ਰਹਿਤ, ਅਪਣੱਤ ਭਰੇ ਸਮਾਜ ਦੀ ਸਿਰਜਣਾ ਵੱਲ ਵਧਣਾ ਹੀ ਵਿਸਾਖੀ ਦਾ ਸੰਦੇਸ਼ ਹੋਣਾ ਚਾਹੀਦਾ ਹੈ। ਇਹ ਉਦੋਂ ਹੀ ਹੋ ਸਕਦਾ ਹੈ, ਜੇ ਅਸੀਂ ਹਰ ਕਿਸਮ ਦੀਆਂ ਨਫ਼ਰਤਾਂ ਭਰੀਆਂ ਦੀਵਾਰਾਂ ਢਾਹ ਕੇ ਆਪਣੇ ਵਿਰਸੇ ਤੋਂ ਸਾਂਝੀਵਾਲਤਾ ਦੀ ਸਿੱਖਿਆ ਲੈਂਦੇ ਹੋਏ ਵਰਤਮਾਨ ਦੀਆਂ ਨਵੀਆਂ ਜੁਗਤਾਂ, ਨਵੀਂ ਜੀਵਨ ਜਾਚ ਅਪਣਾਉਂਦੇ ਹੋਏ 'ਨੀਚਾਂ ਅੰਦਰ ਨੀਚ ਜਾਤ...' ਵਾਲੀ ਭਾਵਨਾ ਲੈ ਕੇ ਤੁਰੀਏ।

ਵਿਚਾਰ-ਚਰਚਾ

# ਮੁੱਦਾ ਸਿੱਖਾਂ ਦੀ ਰਾਜਸੀ ਅਕਾਂਖਿਆ ਦਾ

*'ਪੰਜਾਬ ਟਾਈਮਜ਼' ਵਿਚ ਨੇਸ਼ਨ ਸਟੇਟ ਬਾਰੇ ਹਾਲ ਹੀ 'ਚ ਚੱਲੀ ਬਹਿਸ ਦੇ ਸਿਲਸਿਲੇ ਵਿਚ ਉਘੇ ਵਿਦਵਾਨ ਪ੍ਰਿੰਸੀਪਲ ਅਮਰਜੀਤ ਸਿੰਘ ਪਰਾਗ ਦਾ ਲੇਖ 'ਮੁੱਦਾ ਸਿੱਖਾਂ ਦੀ ਰਾਜਸੀ ਅਕਾਂਖਿਆ ਦਾ' ਸਾਨੂੰ ਜਰਾ ਪਛੜ ਕੇ ਮਿਲਿਆ ਹੈ। ਪਰ ਇਸ ਲੇਖ ਵਿਚ ਉਨ੍ਹਾਂ ਇਸ ਮਸਲੇ ਬਾਰੇ ਮੁੱਢ ਤੋਂ ਗੱਲਬਾਤ ਕੀਤੀ ਹੈ। ਲੇਖ ਨੂੰ ਇਸ ਬਹਿਸ ਵਿਚ ਪ੍ਰਸੰਗਿਕ ਜਾਣ ਕੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਇਹ ਇਕ ਲਿਹਾਜ਼ ਨਾਲ ਸਮੁੱਚੀ ਬਹਿਸ ਬਾਰੇ ਟਿੱਪਣੀ ਹੀ ਹੈ। -ਸੰਪਾਦਕ*

ਸੰਸਾਰ ਭਰ ਦੇ ਕੌਮ-ਕਬੀਲਿਆਂ ਦਾ ਹਰ ਬੰਦਾ ਚਾਹੁੰਦਾ ਹੈ ਕਿ ਉਨ੍ਹਾਂ ਦਾ ਆਪਣਾ ਰਾਜ ਹੋਵੇ। ਝੰਡੇ ਝੂਲਦੇ ਹੋਣ। ਗੂੰਜਾਂ ਪੈਂਦੀਆਂ ਹੋਣ। ਸਿੱਖ ਵੀ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਅਜਿਹਾ ਦੇਸ਼ ਕਾਲ ਮਿਲੇ, ਜਿੱਥੇ ਉਹ ਗੁਰੂ ਅਮਲ ਅਤੇ ਗੁਰੂਬਾਣੀ ਤੋਂ ਪ੍ਰਾਪਤ ਵਿਸ਼ਵ-ਦ੍ਰਿਸ਼ਟੀ ਅਨੁਸਾਰ ਇਤਿਹਾਸ ਵਿਚ ਆਪਣੀ ਬਣਦੀ ਭੂਮਿਕਾ ਬੇਰੋਕ ਨਿਭਾ ਸਕਣ।

ਇਤਿਹਾਸਕ ਹਾਦਸਿਆਂ, ਜੁਗ ਗਰਦੀਆਂ, ਕੁਦਰਤੀ ਆਫਤਾਂ, ਜੰਗੀ ਤਬਾਹੀਆਂ ਜਾਂ ਸਮੇਂ ਦੀ ਕਿਸੇ ਮੁੱਖ ਸਮੱਸਿਆ ਨਿਪਟਾਉਣ ਵਿਚ ਅਸਫਲਤਾ ਕਾਰਨ ਸਲਤਨਤਾਂ, ਸੱਭਿਅਤਾਵਾਂ ਅਤੇ ਕੌਮਾਂ ਦਾ ਉਥਾਨ-ਪਤਨ ਹੁੰਦਾ ਰਹਿੰਦਾ ਹੈ। ਕਾਲ ਚੱਕਰ ਦੇ ਅਜਿਹੇ ਬਿੰਦੂਆਂ ਉਪਰ ਸ਼ਕਤੀਆਂ ਦੇ ਸਾਜ਼ਗਾਰ ਸਮੀਕਰਨਾਂ, ਸਮਰੱਥ ਆਗੂਆਂ ਅਤੇ

**ਅਮਰਜੀਤ ਪਰਾਗ**
ਫੋਨ: +91-98155-02833


ਲੋੜੀਂਦੇ ਪਦਾਰਥਕ ਸਾਧਨਾਂ ਵਾਲੀਆਂ ਕੌਮਾਂ ਸਿੱਕਦਾਰੀ ਜਿੱਤ ਲੈਂਦੀਆਂ ਹਨ, ਪ੍ਰੰਤੂ ਅੰਨੇ ਜੋਸ਼, 'ਦਾਨੇ' ਦੋਸਤਾਂ ਦੀ ਹੱਲਾਸ਼ੇਰੀ, ਸ਼ਰੀਕਾਂ ਵੱਲੋਂ ਉਕਸਾਹਟ ਅਤੇ ਵਕਤ ਦੇ ਸਮੀਕਰਨਾਂ ਬਾਰੇ ਭਰਮ ਭੁਲੇਖੇ ਕਾਰਨ ਖੰਡਾ ਖੜਕਾਉਣ ਵਾਲੀਆਂ ਕੌਮਾਂ ਉਪਰ ਉਠਣ ਦੀ ਬਜਾਏ ਫਾਡੀ ਰਹਿ ਜਾਂਦੀਆਂ ਹਨ। ਸਿੱਖ ਚਿੰਤਕਾਂ ਅੱਗੇ ਚੈਲੰਜ ਇਹ ਹੈ ਕਿ ਤੇਜੀ ਨਾਲ ਬਦਲ ਰਹੇ ਅਜੋਕੇ ਸੰਸਾਰ ਅੰਦਰ ਉਨ੍ਹਾਂ ਨੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਅੱਗੇ ਆਦਰਸ਼ ਕਿਸ ਕਿਸਮ ਦੇ ਰੱਖਣੇ ਹਨ ਕਿ ਉਹ ਆਪਣੀ ਵਿਲੱਖਣ ਹਸਤੀ ਵੀ ਕਾਇਮ ਰੱਖਣ ਅਤੇ ਆਪਣੇ ਪੁਰਖਿਆਂ ਦੇ ਆਸ਼ਿਆਂ ਅਨੁਸਾਰ ਸਰਬ ਸਾਂਝੀ ਕਾਇਨਾਤ ਉਸਾਰੀ 'ਚ ਬਣਦੀ ਭੂਮਿਕਾ ਨਿਭਾਉਣ ਦੀ ਉਨ੍ਹਾਂ ਦੀ ਰੀਝ ਵਿਚ ਵੀ ਕੋਈ ਰੁਕਾਵਟ ਨਾ ਆਵੇ।

ਮੁਗਲ ਬਾਦਸ਼ਾਹਤ ਦੇ ਪਤਨ ਪਿੱਛੋਂ ਸਿੱਖਾਂ ਨੂੰ ਇੱਕ ਇਤਿਹਾਸਕ ਮੌਕਾ ਮਿਲਿਆ ਸੀ, ਪਰ ਸਿੱਖ ਉਸ ਤੋਂ ਲਾਭ ਉਠਾਉਣ ਦੇ ਸਮਰੱਥ ਸਾਬਤ ਨਾ ਹੋਏ, ਜਿਸ ਕਰਕੇ ਉਹ ਦਿੱਲੀ ਉਪਰ ਕਬਜ਼ਾ ਕਰਕੇ ਵੀ ਰਾਜ ਨਾ ਸਥਾਪਤ ਕਰ ਸਕੇ। ਮਹਾਰਾਜਾ ਰਣਜੀਤ ਸਿੰਘ ਨੇ ਸ਼ਕਤੀਸ਼ਾਲੀ ਸਿੱਖ ਰਾਜ ਦੀ ਸਥਾਪਨਾ ਕੀਤੀ, ਜੋ ਉਸ ਦੀ ਮੌਤ ਉਪਰੰਤ ਭਰਾ ਮਾਰੂ ਜੰਗ ਅਤੇ ਬੁਰਛਾਗਰਦੀ ਦੀ ਭੇਟ ਚੜ੍ਹ ਗਿਆ। ਛੇਤੀ ਹੀ ਅਸੀਂ ਅੰਗਰੇਜ਼ਾਂ ਦੀ ਗੁਲਾਮੀ ਨੂੰ ਵਰਦਾਨ ਵਾਂਗ ਕਬੂਲ ਕਰ ਲਿਆ ਅਤੇ ਹਰ ਫਰੰਟ ਉਤੇ ਅੰਗਰੇਜ਼ ਸਾਮਰਾਜ ਲਈ ਜਾਨਾਂ ਵਾਰੀਆਂ।

ਸੁਤੰਤਰਤਾ ਸੰਗਰਾਮ ਵਿਚ ਸਿੱਖ ਸਭ ਤੋਂ ਅੱਗੇ ਹੋ ਕੇ ਲੜੇ। ਦੇਸ਼ ਦੀ ਵੰਡ ਸਮੇਂ ਅਸੀਂ ਆਪਣੇ ਲਈ ਕਿਸੇ ਕਿਸਮ ਦੀ ਵੱਖਰੀ ਵਿਵਸਥਾ ਦੀ ਮੰਗ ਨਾ ਕੀਤੀ। ਕੇਵਲ ਪਾਕਿਸਤਾਨ ਬਣਨ ਤੋਂ ਰੋਕਣ ਲਈ ਸਿੱਖ ਸਟੇਟ ਦਾ ਮਤਾ ਬੇਮਨੇ ਜਿਹੇ ਢੰਗ ਨਾਲ ਪਾਸ ਕੀਤਾ। ਇਸ ਮੰਗ ਨੂੰ ਮਨਵਾਉਣ ਲਈ ਕੋਈ ਗੰਭੀਰ ਉਪਰਾਲਾ ਨਹੀਂ ਕੀਤਾ।

ਪਾਕਿਸਤਾਨ ਬਣਾਏ ਜਾਣ ਦੇ ਵਿਰੋਧ ਵਿਚ ਹਿੰਦੂ ਮਹਾਂ ਸਭਾ ਨਾਲ ਮਿਲ ਕੇ ਰੋਸ ਪ੍ਰਗਟ ਕਰਦੇ ਸਮੇਂ ਸਾਡੇ ਸੁਪਰੀਮ ਨੇਤਾ ਮਾਸਟਰ ਤਾਰਾ ਸਿੰਘ ਹੋਰਾਂ ਨੇ ਜਜ਼ਬਾਤੀ ਉਬਾਲ ਅਧੀਨ ਕਿਰਪਾਨ ਨਾਲ ਪਾਕਿਸਤਾਨ ਦਾ ਝੰਡਾ ਪਾੜ ਦਿੱਤਾ। ਇਸ 'ਤੇ ਲੀਗੀਆਂ ਵੱਲੋਂ ਤੁਰੰਤ ਫਿਰਕੂ ਦੰਗੇ ਸ਼ੁਰੂ ਕਰ ਦਿੱਤੇ ਗਏ। ਇਨ੍ਹਾਂ ਦੰਗਿਆਂ ਵਿਚ ਸਿੱਖਾਂ ਦੇ ਅੱਜ ਤੱਕ ਦੇ ਇਤਿਹਾਸ ਦੀ ਸਭ ਤੋਂ ਵੱਡੀ ਤਬਾਹੀ ਤੇ ਬਰਬਾਦੀ ਹੋਈ। ਦੂਜੇ ਬੰਨੇ ਆਪਣੇ ਹਮਸਾਏ ਅਤੇ ਘਰ ਘਾਟ ਤੋਂ ਉਜੜ ਕੇ ਜਾ ਰਹੇ ਮੁਸਲਮਾਨਾਂ ਦੇ ਕਾਫਲਿਆਂ ਨੂੰ ਘੇਰ-ਘੇਰ ਕੇ ਲੀਗੀਆਂ ਦੇ ਬਰਾਬਰ ਹੀ ਅਤਿਘ੍ਰਿਣਤ ਲੁੱਟ-ਖੋਹ, ਕਤਲ ਅਤੇ ਬੇਪੱਤੀ ਦੇ ਕਾਰੇ ਕੀਤੇ। ਦੁੱਧ ਚੁੰਘਦੇ ਹੀ ਨਹੀਂ ਕੁੱਖਾਂ ਵਿਚ ਪਲਦੇ ਮਾਸੂਮਾਂ ਨੂੰ ਵੀ ਬੇਕਿਰਕ ਹਿੰਸਾ ਦਾ ਨਿਸ਼ਾਨਾ ਬਣਾਇਆ। ਇਸ ਸਮੇਂ ਅਸੀਂ ਗੁਰੂ ਪੁੱਤਰਾਂ ਦੀਆਂ ਸ਼ਹੀਦੀਆਂ ਦੇ ਦਰਦ ਅਤੇ ਗੁਰੂ ਸਾਹਿਬਾਨ ਦਾ ਮਾਨਵ ਏਕਤਾ, ਸਾਂਝੀਵਾਲਤਾ ਅਤੇ ਦਇਆ ਦਾ ਉਪਦੇਸ਼ ਵੀ ਭੁੱਲ ਗਏ। ਅੱਜ ਤੱਕ ਸੰਗਤੀ ਰੂਪ ਵਿਚ ਆਪਣੇ ਇਨ੍ਹਾਂ ਪਾਪਾਂ ਲਈ ਕਦੇ ਪਸ਼ਚਾਤਾਪ ਦੀ ਲੋੜ ਵੀ ਅਨੁਭਵ ਨਹੀਂ ਕੀਤੀ। ਅਜਿਹੇ ਕਲੰਕ ਖੱਟ ਕੇ ਅਸੀਂ ਆਪਣੇ ਆਪ ਨੂੰ 'ਹਲੀਮੀ ਰਾਜ' ਦੇ ਵਾਰਸ ਹੋਣ ਦਾ ਦਾਅਵਾ ਕਿਵੇਂ ਕਰ ਸਕਦੇ ਹਾਂ?

ਦੇਸ਼ ਵੰਡ ਸਮੇਂ ਸਿੱਖਾਂ ਨੇ ਆਪਣੀ ਹੋਣੀ ਖੁਦ ਭਾਰਤ ਨਾਲ ਜੋੜੀ। ਪੂਰਬੀ ਅਤੇ ਪੱਛਮੀ ਪਾਕਿਸਤਾਨ ਵਿਚ ਗਏ ਇਲਾਕਿਆਂ ਵਿਚੋਂ ਉਜੜ ਕੇ ਆਉਣ ਸਮੇਂ ਸਿੱਖ ਅਸਾਮ ਤੋਂ ਪੰਜਾਬ ਤੱਕ ਸਾਰੀ ਸਰਹੱਦ ਨੇੜੇ ਪੈਂਦੇ ਭਾਰਤ ਦੇ ਵੱਖ-ਵੱਖ ਭਾਗਾਂ ਨੂੰ ਆਪਣੀ ਮਾਤ ਭੂਮੀ ਮੰਨ ਕੇ ਆ ਵਸੇ। ਇਨ੍ਹਾਂ ਸਿੱਖ ਸ਼ਰਨਾਰਥੀਆਂ ਨਾਲ ਕਿਸੇ ਥਾਂ ਕਿਸੇ ਹਿੰਦੂਤਵੀ ਸੰਗਠਨ ਵੱਲੋਂ ਸਿੱਖਾਂ ਦਾ ਵਿਰੋਧ ਜਾਂ ਉਨ੍ਹਾਂ ਨੂੰ ਪੀੜਿਤ ਕਰਨ ਦੀਆਂ ਘਟਨਾਵਾਂ ਬਾਰੇ ਕਦੇ ਕੋਈ ਗੱਲ ਨਹੀਂ ਪੜ੍ਹੀ-ਸੁਣੀ। ਦੰਗਿਆਂ ਦੇ ਅਰੰਭ ਵਿਚ ਬੰਗਾਲ ਦੇ ਹਿੰਦੂਆਂ ਨੂੰ ਲੀਗੀਆਂ ਵੱਲੋਂ ਹਿੰਸਾ ਦਾ ਸ਼ਿਕਾਰ ਬਣਾਉਣ ਪਿੱਛੋਂ ਸਿੱਖਾਂ ਨੇ ਦੂਜੇ ਹੀ ਦਿਨ ਲੀਗੀਆਂ ਤੋਂ ਇਨ੍ਹਾਂ ਦਾ ਬਦਲਾ ਲਿਆ ਸੀ। ਇਸ ਦਾ ਸਿੱਧਾ ਮਤਲਬ ਇਹੀ ਹੈ ਕਿ



*ਮਾਸਟਰ ਤਾਰਾ ਸਿੰਘ*

ਯਹੂਦੀ ਅਤੇ ਈਸਾਈ ਧਰਮਾਂ ਦੀ ਹਜ਼ਾਰਾਂ ਸਾਲ ਚੱਲੀ ਤੁਅਸਬੀ ਦੇ ਉਲਟ ਸਿੱਖਾਂ ਅਤੇ ਹਿੰਦੂਆਂ ਦੀ ਸਾਂਝ ਬਹੁਪਰਤੀ ਅਤੇ ਪੀਡੀ ਹੈ ਕਿ ਇਹ ਇੱਕ-ਦੂਜੇ ਨੂੰ ਘਰ ਦੇ ਜੀਅ ਹੀ ਸਮਝਦੇ ਹਨ। ਇਹੀ ਕਾਰਨ ਹੈ ਕਿ ਬਲੂ ਸਟਾਰ ਅਤੇ ਦਿੱਲੀ ਦੀ ਸਿੱਖ ਵਿਰੋਧੀ ਹਿੰਸਾ ਤੋਂ ਪੈਦਾ ਹੋਈ ਸਾਰੀ ਕੜਵਾਹਟ ਅਤੇ ਗਮ-ਗੁੱਸੇ ਦੇ ਬਾਵਜੂਦ ਪੰਜਾਬ ਵਿਚ ਫਿਰਕੂ ਦੰਗੇ ਨਹੀਂ ਭੜਕਾਏ ਜਾ ਸਕੇ।

ਪੰਜਾਬ ਵਿਚ ਸਾਲਾਂ ਬੱਧੀ ਹੁੰਦੇ ਰਹੇ ਹਿੰਦੂਆਂ ਦੇ ਇੱਕਤਰਫਾ ਕਤਲ ਅਤੇ ਸ੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ ਕਾਰਨ ਪੈਦਾ ਹੋਏ ਰੋਸ ਨੂੰ ਵਰਤ ਕੇ ਹੁਕਮਰਾਨ ਪਾਰਟੀ ਕਾਂਗਰਸ ਦੇ ਕੁੱਝ ਲੀਡਰ ਦਿੱਲੀ ਵਿਚ ਸਿੱਖ ਵਿਰੋਧੀ ਹਿੰਸਕ ਦੰਗੇ ਭੜਕਾਉਣ ਵਿਚ ਕਾਮਯਾਬ ਹੋਏ। ਪ੍ਰੰਤੂ ਇੱਥੇ ਇਹ ਤੱਥ ਵੀ ਅੱਖੋਂ ਪਰੋਖੇ ਕਰਨ ਵਾਲਾ ਨਹੀਂ ਕਿ ਨਹਿਸ਼ ਕਿਸਮ ਦੇ ਕੁਝ ਕਾਂਗਰਸੀ ਨੇਤਾਵਾਂ ਨੇ ਆਪਣੇ ਸੌੜੇ ਰਾਜਸੀ ਮੰਤਵਾਂ ਦੀ ਸਿੱਧੀ ਲਈ ਦਿੱਲੀ ਤੇ ਕੁਝ ਹੋਰ ਸ਼ਹਿਰਾਂ ਅੰਦਰ ਜੇ ਕਰ ਨਿਹੱਥੇ, ਨਿਰਦੋਸ਼ ਸਿੱਖਾਂ ਉਪਰ ਕਹਿਰੀ ਹਿੰਸਾ ਭੜਕਾਈ ਤਾਂ ਉਨੀਆਂ ਹੀ ਕਹਾਣੀਆਂ ਦਿੱਲੀ ਦੇ ਹਿੰਦੂਆਂ ਵੱਲੋਂ ਸਿੱਖਾਂ ਦੀ ਸਹਾਇਤਾ ਕਰਨ ਦੀਆਂ ਵੀ ਮਿਲਦੀਆਂ ਹਨ। ਹਿੰਦੂ ਦਾਨਿਸ਼ਵਰਾਂ ਨੇ ਹੀ ਦੰਗਿਆਂ ਦੇ ਸੱਚ ਨੂੰ ਸਭ ਤੋਂ ਪਹਿਲਾਂ ਦੁਨੀਆਂ ਦੇ ਸਾਹਮਣੇ ਲਿਆਂਦਾ ਸੀ। ਅੱਜ ਤੱਕ ਸਾਰਾ ਭਾਰਤੀ ਮੀਡੀਆ ਸਿੱਖ ਦੰਗਾ ਪੀੜਿਤਾਂ ਲਈ ਇਨਸਾਫ ਅਤੇ ਸਹਾਇਤਾ ਦੀ ਜ਼ੋਰਦਾਰ ਮੰਗ ਕਰਦਾ ਆ ਰਿਹਾ ਹੈ। ਦੰਗਿਆਂ ਕਾਰਨ ਦਿੱਲੀ ਤੋਂ ਉਠ ਕੇ ਪੰਜਾਬ ਆਏ ਲਗਭਗ ਸਾਰੇ ਸਿੱਖ ਹੀ ਮੁੜ ਦਿੱਲੀ ਜਾ ਵਸੇ। ਕੀ ਇਹ ਉਨ੍ਹਾਂ ਦੇ ਹਿੰਦੂਆਂ ਨਾਲ ਭਾਈਚਾਰਕ ਏਕਤਾ ਵਿਚ ਯਕੀਨ ਦੀ ਗਵਾਹੀ ਨਹੀਂ ਹੈ। ਇਸ ਦੇ ਉਲਟ ਬੰਗਲਾ ਦੇਸ਼ ਵਿਚ ਹਿੰਦੂ ਭਾਈਚਾਰੇ ਦੀ ਲਗਾਤਾਰ ਹੋ ਰਹੀ ਬਰਬਾਦੀ ਦੇ ਕਿੱਸੇ ਸਾਰਿਆਂ ਦੇ ਸਾਹਮਣੇ ਹਨ। ਇੰਟਰਨੈਟ ਤੇ ਲੂੰ-ਕੰਡੇ ਖੜੇ ਕਰਨ ਵਾਲੀ ਜਾਣਕਾਰੀ ਭਰੀ ਪਈ ਹੈ। ਸ਼ਾਇਦ ਇਹੋ ਕਾਰਨ ਹੈ ਕਿ ਭਾਰਤ ਵਿਚ ਰਹਿਣ ਨੂੰ ਸਿੱਖਾਂ ਵੱਲੋਂ ਹਿੰਦੂਆਂ ਦੀ ਗੁਲਾਮੀ ਭੋਗਣ ਵਾਲੀ ਦਲੀਲ ਖੁਦ ਸਿੱਖਾਂ ਨੂੰ ਕਾਇਲ ਨਹੀਂ ਕਰ ਸਕੀ ਅਤੇ ਸ਼ਾਇਦ ਇਸੇ ਕਰਕੇ 'ਹਿੰਦੂ ਭਾਰਤ' ਵਿਰੁਧ ਸਿੱਖਾਂ ਵੱਲੋਂ ਆਜ਼ਾਦੀ ਦੀ ਜੰਗ ਛੇੜਨ ਦੇ ਜਤਨਾਂ ਨੂੰ ਕੋਈ ਪ੍ਰਭਾਵਸ਼ਾਲੀ ਹੁੰਗਾਰਾ ਨਹੀਂ ਮਿਲ ਸਕਿਆ। ਹਾਂ ਸੰਘ ਪਰਿਵਾਰ ਪਿਛਲੇ ਕੁੱਝ ਸਮੇਂ ਤੋਂ ਜੋ ਕਰ ਰਿਹਾ ਹੈ-ਉਹ ਨਿਰਸੰਦੇਹ ਚਿੰਤਾਜਨਕ ਹੈ ਅਤੇ ਸੰਭਵ ਹੈ, ਸਿੱਖਾਂ ਸਣੇ ਸਭ ਘੱਟ ਗਿਣਤੀ ਅਤੇ ਦਲਿਤ ਭਾਈਚਾਰਿਆਂ ਨੂੰ ਉਸ ਰੁਝਾਨ ਵਿਰੁਧ ਡਟ ਕੇ ਖੜੇ ਹੋਣਾ ਪੈ ਜਾਵੇ।

19ਵੀਂ ਸਦੀ ਦੇ ਆਖਰੀ ਦਹਾਕਿਆਂ ਵਿਚ ਸਿੰਘ ਸਭਾ ਲਹਿਰ ਦੇ ਯਤਨਾਂ ਨਾਲ ਸਿੱਖਾਂ ਵਿਚ ਪੁਨਰ ਜਾਗ੍ਰਤੀ ਦੀ ਲਹਿਰ ਪੈਦਾ ਹੋਈ। ਇਸ ਦੇ ਪ੍ਰਭਾਵ ਹੇਠ ਗੁਰਦੁਆਰਾ ਸੁਧਾਰ ਲਹਿਰ ਚੱਲੀ। ਇਸ ਲਹਿਰ ਦੀ ਖਾਸ ਪਛਾਣ ਇਹ ਸੀ ਕਿ ਅੰਗਰੇਜ਼ ਸਰਕਾਰ ਦੇ ਸਾਰੇ ਤਸ਼ੱਦਦ ਦਾ ਸਿੱਖਾਂ ਨੇ ਪੂਰਨ ਸ਼ਾਂਤਮਈ ਢੰਗ ਨਾਲ ਸਾਹਮਣਾ ਕੀਤਾ। ਇਸ ਵਰਤਾਰੇ ਦੀ ਸਾਰੀ ਦੁਨੀਆਂ ਵਿਚ ਪ੍ਰਸ਼ੰਸਾ ਹੋਈ। ਅਖੀਰ ਉਸ ਸਮੇਂ ਦੀ ਮਹਾਂਸ਼ਕਤੀ ਨੂੰ ਸਿੱਖਾਂ ਦੀਆਂ ਮੰਗਾਂ ਮੰਨਣੀਆਂ ਪਈਆਂ। ਇਸ ਨਾਲ ਜਿੱਥੇ ਸੁਤੰਤਰਤਾ ਸੰਗਰਾਮ ਨੂੰ ਬਲ ਮਿਲਿਆ, ਉਥੇ ਸਿੱਖ ਸੰਘਰਸ਼ ਵਿਚ ਕੌਮੀ ਨੇਤਾਵਾਂ ਦਾ ਸਮਰਥਨ ਵੀ ਸਿੱਖਾਂ ਨੂੰ ਮਿਲਿਆ। ਮਿਸਾਲੀ ਸ਼ਾਂਤਮਈ ਅੰਦੋਲਨ ਬਾਰੇ ਜੈਤੋ ਦੇ ਮੋਰਚੇ ਦੌਰਾਨ ਪੰਜਵੇਂ ਸ਼ਹੀਦੀ ਜੱਥੇ ਵਿਚ ਗ੍ਰਿਫਤਾਰ ਹੋ ਕੇ ਤਸ਼ੱਦਦ ਝੱਲ ਚੁੱਕੇ ਮੇਰੇ ਬਾਪੂ ਜੀ ਦੱਸਦੇ ਸਨ ਕਿ ਸਿੱਖ ਵਾਲੰਟੀਅਰਾਂ ਨੂੰ ਇਹ ਸਖਤ ਹਦਾਇਤ ਸੀ ਕਿ ਸਰਕਾਰ ਦੇ ਕਿਸੇ ਵੀ ਤਸ਼ੱਦਦ ਵਿਰੁਧ ਹੱਥ ਨਹੀਂ ਚੁੱਕਣਾ। ਚਾਰ-ਚਾਰ ਦੀਆਂ ਟੋਲੀਆਂ ਵਿਚ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੇ ਹੋਏ ਜਾਣਾ ਹੈ। ਨਾਅਰਾ ਕੇਵਲ 'ਪੰਥ ਕੀ ਜੀਤ' ਦਾ ਹੀ ਲਾਉਣਾ ਹੈ। ਗੁਰਦੁਆਰਾ ਸੁਧਾਰ ਸਮੇਂ ਲਾਏ ਗਏ ਸਾਰੇ ਮੋਰਚਿਆਂ ਵਿਚ ਇਹੀ ਸੰਪੂਰਨ ਸ਼ਾਂਤਮਈ ਸੰਘਰਸ਼ ਦੀ ਪ੍ਰਥਾ ਕਾਇਮ ਰਹੀ। 20ਵੀਂ ਸਦੀ ਦੇ ਸਿੱਖ ਸੰਘਰਸ਼ ਲਈ ਇਹੀ ਪ੍ਰਥਾ ਪੰਥ ਪ੍ਰਵਾਣਤ ਨੀਤੀ ਬਣ ਗਈ। ਪੰਜਾਬੀ ਸੂਬੇ ਦੀ ਮੰਗ ਉਪਰ ਪਾਬੰਦੀ ਲਾਏ ਜਾਣ ਦੇ ਵਿਰੋਧ ਵਿਚ ਲਾਏ ਗਏ 1955 ਦੇ ਮੋਰਚੇ ਸਮੇਂ ਮੈਂ ਸੱਤਵੀਂ ਜਮਾਤ ਵਿਚ ਪੜ੍ਹਦਾ ਸਾਂ। ਅਸੀਂ ਪੰਜ ਜਣੇ ਘਰਦਿਆਂ ਤੋਂ ਚੋਰੀ ਰਾਤ ਦੀ ਗੱਡੀ ਚੜ੍ਹ ਕੇ ਅੰਮ੍ਰਿਤਸਰ ਜਾ ਕੇ ਜਥੇਦਾਰ ਪ੍ਰੀਤਮ ਸਿੰਘ ਮੋਫਰ ਦੇ ਜੱਥੇ ਨਾਲ ਗ੍ਰਿਫਤਾਰ ਹੋਏ। ਅਕਾਲ ਤਖਤ ਸਾਹਿਬ ਤੋਂ ਤੋਰਨ ਸਮੇਂ ਸਾਨੂੰ ਇਹੋ ਕਿਹਾ ਗਿਆ ਸੀ ਕਿ ਚਾਰ-ਚਾਰ ਦੇ ਗਰੁੱਪਾਂ ਵਿਚ 'ਪੰਜਾਬੀ ਸੂਬਾ ਜਿੰਦਾਬਾਦ' 'ਹਿੰਦੂ-ਸਿੱਖ ਏਕਤਾ



*ਸੰਤ ਜਰਨੈਲ ਸਿੰਘ ਭਿੰਡਰਾਂਵਾਲੇ*

ਜਿੰਦਾਬਾਦ' ਅਤੇ 'ਪੰਥ ਕੀ ਜੀਤ' ਦੇ ਜੈਕਾਰੇ ਹੀ ਲਾਉਣੇ ਹਨ। ਪੰਜਾਬੀ ਸੂਬੇ ਦੇ ਦੂਜੇ ਮੋਰਚੇ ਅਤੇ ਐਮਰਜੈਂਸੀ ਵਿਰੁੱਧ ਮੋਰਚੇ ਦੌਰਾਨ ਵੀ ਇਹੋ ਸ਼ਾਂਤਮਈ ਨੀਤੀ ਦੀ ਪਾਲਣਾ ਕੀਤੀ ਗਈ।

'ਧਰਮਯੁੱਧ' ਮੋਰਚਾ ਵੀ ਪਹਿਲੇ ਮੋਰਚਿਆਂ ਵਾਲੀ ਪੰਥ ਪ੍ਰਵਾਣਤ ਪਰੰਪਰਾ ਅਨੁਸਾਰ ਹੀ ਚੱਲਦਾ ਰਿਹਾ। ਸੰਤ ਹਰਚੰਦ ਸਿੰਘ ਲੌਂਗੋਵਾਲ ਸਰਬ ਸੰਮਤੀ ਨਾਲ ਮੋਰਚੇ ਦੇ ਡਿਕਟੇਟਰ ਥਾਪੇ ਗਏ। ਇੰਨੀ ਵੱਡੀ ਗਿਣਤੀ ਵਿਚ ਅਕਾਲੀ ਵਾਲੰਟੀਅਰ ਗ੍ਰਿਫਤਾਰੀ ਲਈ ਆਉਂਦੇ ਰਹੇ ਕਿ ਜੇਲ੍ਹਾਂ ਵਿਚ ਥਾਉਂ ਨਾ ਰਿਹਾ, ਪਰ ਛੇਤੀ ਹੀ ਦੋਵਾਂ ਸੰਤਾਂ ਵਿਚ ਮਤਭੇਦ ਪੈਦਾ ਕਰਨ ਦੇ ਯਤਨ ਭੀ ਰੰਗ ਲਿਆਉਣ ਲੱਗੇ। ਖਾਲਿਸਤਾਨ ਸ਼ਬਦ ਦੀ ਸੁਗਬੁਗਾਹਟ ਹੋਣ ਲੱਗੀ। ਜਦੋਂ ਕਿ ਧਰਮਯੁੱਧ ਮੋਰਚੇ ਦੀਆਂ ਤਿੰਨ ਦਰਜਨ ਮੰਗਾਂ ਵਿਚ ਖਾਲਿਸਤਾਨ ਵਰਗੀ ਕੋਈ ਮੰਗ ਸ਼ਾਮਿਲ ਹੀ ਨਹੀਂ ਸੀ। ਨਾ ਇਹ ਮੰਗ ਕਦੇ ਸ਼੍ਰੋਮਣੀ ਅਕਾਲੀ ਦਲ ਦੇ ਏਜੰਡੇ ਵਿਚ ਸ਼ਾਮਿਲ ਰਹੀ ਸੀ। ਫਿਰ 'ਅਚਿੰਤੇ ਬਾਜ਼ ਪਏ' ਵਾਂਗ 25 ਅਪਰੈਲ 1983 ਨੂੰ ਬੜੀ ਹੀ ਮੰਦਭਾਗੀ ਘਟਨਾ ਵਾਪਰੀ। ਕਿਸੇ ਨੌਜਵਾਨ ਨੇ ਘੰਟਾ ਘਰ ਵੱਲੋਂ ਪਵਿੱਤਰ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਮੁਖ ਦੁਆਰ ਤੇ ਅੰਦਰ ਮੱਥਾ ਟੇਕ ਕੇ ਆ ਰਹੇ ਡੀ. ਆਈ. ਜੀ. ਏ. ਐਸ. ਅਟਵਾਲ ਦੀ ਹੱਤਿਆ ਕੀਤੀ ਅਤੇ ਕਾਰਾ ਕਰ ਕੇ ਕੰਪਲੈਕਸ ਅੰਦਰ ਜਾ ਛੁਪਿਆ। 6 ਅਕਤੂਬਰ ਨੂੰ ਕੁੱਝ ਨੌਜਵਾਨਾਂ ਨੇ ਢਿੱਲਵਾਂ ਵਿਖੇ ਚੰਡੀਗੜ੍ਹ ਨੂੰ ਜਾ ਰਹੀ ਬੱਸ ਵਿਚੋਂ ਕੱਢ ਕੇ 6 ਹਿੰਦੂ ਮੁਸਾਫਰਾਂ ਨੂੰ ਮਾਰਿਆ ਅਤੇ ਉਸ ਤੋਂ ਬਾਅਦ ਇਸ ਕਿਸਮ ਦੀਆਂ ਹਿੰਸਕ ਵਾਰਦਾਤਾਂ ਦੀ ਲੜੀ ਸ਼ੁਰੂ ਹੋ ਗਈ। ਸਿੱਖਾਂ ਨੂੰ ਯਕੀਨ ਹੀ ਨਾ ਆਵੇ ਕਿ ਨਿਰਦੋਸ਼ ਹਮਸਾਇਆਂ ਨੂੰ ਕਤਲ ਕਰਨ ਵਾਲੇ ਸਿੱਖ ਨੌਜਵਾਨ ਵੀ ਹੋ ਸਕਦੇ ਹਨ? ਅਜਿਹੇ ਕਤਲ ਸਿੱਖੀ ਦੇ ਅਸੂਲਾਂ ਅਤੇ ਸਿੱਖ ਚਰਨ ਦੀ ਘੋਰ ਉਲੰਘਣਾ ਸਨ।

ਸਾਡੇ ਖਿਆਲ ਵਿਚ ਇਹੀ ਉਹ ਮੋੜ ਸੀ ਜਿੱਥੇ ਆ ਕੇ ਸਾਰੀ ਸਿੱਖ ਲੀਡਰਸ਼ਿਪ-ਸਣੇ ਦੋਵਾਂ ਸੰਤਾਂ, ਤਖਤਾਂ ਦੇ ਜੱਥੇਦਾਰਾਂ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਗੁਰਚਰਨ ਸਿੰਘ ਟੌਹੜਾ, ਸਿੱਖ ਪੰਥ ਨੂੰ ਸੇਧ ਦੇਣ ਵਿਚ ਫੇਲ੍ਹ ਹੋਈ। ਇੰਦਰਾ ਗਾਂਧੀ ਨੇ ਤਾਂ ਇਸ ਘਟਨਾ ਉਪਰੰਤ ਦਰਬਾਰਾ ਸਿੰਘ ਦੀ ਸਰਕਾਰ ਨੂੰ ਭੰਗ ਕਰਕੇ ਇਸ ਹਿੰਸਕ ਵਾਰਦਾਤ ਵਿਰੁਧ ਆਪਣੀ ਕਾਰਵਾਈ ਪਾ ਦਿੱਤੀ। ਪ੍ਰੰਤੂ ਉਸ ਸਮੇਂ ਤੱਕ ਭਾਰੂ ਹੋ ਚੁਕੀ ਸਿੱਖ ਲੀਡਰਸ਼ਿਪ ਵੱਲੋਂ ਘਟਨਾ ਦੀ ਖੁਲ੍ਹ ਕੇ ਨਿਖੇਧੀ ਵੀ ਨਾ ਕੀਤੀ ਗਈ। ਜਦੋਂ ਕਿ ਇਸ ਸਮੇਂ ਮੋਰਚਾ ਸਸਪੈਂਡ ਕਰਨਾ ਸਭ ਤੋਂ ਸਹੀ ਗੱਲ ਹੋਣੀ ਸੀ। ਅੰਗਰੇਜ਼ਾਂ ਵਿਰੁਧ ਸ਼ਾਂਤਮਈ ਨਾਮਿਲਵਰਤਣ ਲਹਿਰ ਸਮੇਂ ਇੱਕ ਹਿੰਸਕ ਘਟਨਾ ਹੋਣ 'ਤੇ ਮਹਾਤਮਾ ਗਾਂਧੀ ਵੱਲੋਂ ਜੋਬਨ ਤੇ ਆਈ ਲਹਿਰ ਬੰਦ ਕਰ ਦੇਣ ਦੀ ਉਦਾਹਰਣ ਉਨ੍ਹਾਂ ਦੇ ਸਾਹਮਣੇ ਸੀ। ਇਸ ਮੋੜ 'ਤੇ ਦੋ ਟੁੱਕ ਫੈਸਲਾ ਹੋ ਜਾਣਾ ਚਾਹੀਦਾ ਸੀ ਕਿ ਮੋਰਚੇ ਨੂੰ ਅਗਵਾਈ ਕਿਸ ਧਿਰ ਵਲੋਂ ਦਿਤੀ ਜਾਣੀ ਹੈ।

ਸਾਕਾ ਬਲਿਊ ਸਟਾਰ ਨਾਲ ਸੰਸਾਰ ਭਰ ਦੇ ਸਿੱਖਾਂ ਅੰਦਰ ਵਿਆਪਕ ਰੰਜ ਦੀ ਲਹਿਰ ਫੈਲ ਗਈ। ਆਹਤ ਸਿਦਕੀ ਸਿੱਖ ਨੌਜੁਆਨ ਕੁੱਝ ਵੀ ਕਰ ਗੁਜਰਨ ਉਪਰ ਉਤਾਰੂ ਸਨ। ਇਸ ਸਿਰਲੱਥ ਜਜ਼ਬੇ ਨੂੰ ਪੰਥ ਹਿਤਕਾਰੀ ਦਿਸ਼ਾ ਦੇਣ ਦੀ ਸਮਰੱਥਾ ਵਾਲੀ ਸਿੱਖ ਲੀਡਰਸ਼ਿਪ ਨਦਾਰਦ ਸੀ। ਸਿੱਖ ਦਰਦ ਦਾ ਸ਼ੋਸ਼ਣ ਕਰਨ ਲਈ ਦੇਸ਼ੀ-ਵਿਦੇਸ਼ੀ ਏਜੰਸੀਆਂ ਸਰਗਰਮ ਹੋ ਗਈਆਂ। ਕੁੱਝ ਮੌਕਾਪ੍ਰਸਤ ਜਾਂ ਗੁੱਝੇ ਹਿੱਤਾਂ ਨਾਲ ਜੁੜੇ ਸਿੱਖ ਲੀਡਰ ਵੀ ਅੱਗੇ ਆਏ। ਡਾ. ਜਗਜੀਤ ਸਿੰਘ ਚੌਹਾਨ ਨੇ ਕਿਸੇ ਟਾਪੂ ਵਿਚ ਖਾਲਿਸਤਾਨ ਬਣਾ ਲੈਣ ਅਤੇ ਖੁਦ ਨੂੰ ਉਸ ਦਾ ਰਾਸ਼ਟਰਪਤੀ ਐਲਾਨ ਕਰਦੇ ਹੋਏ 'ਇੰਦਰਾ ਨੂੰ ਮਾਰੋ' ਦਾ ਤੱਤਾ ਨਾਅਰਾ ਦਿੱਤਾ। ਅੱਗੋਂ ਚੱਲ ਕੇ ਜਿਸ ਕਿਸਮ ਦੀਆਂ ਖਾੜਕੂ ਕਾਰਵਾਈਆਂ ਦਾ ਵਰਤਾਰਾ ਸ਼ੁਰੂ ਹੋਇਆ, ਉਸ ਦੀ ਤਫਸੀਲ ਵਿਚ ਜਾਣ ਦੀ ਇਥੇ ਜ਼ਰੂਰਤ ਨਹੀਂ।

ਸ਼ਾਂਤਮਈ ਸਿੱਖ ਅੰਦੋਲਨ ਵਿਚ ਇਹ ਹਿੰਸਕ ਕਾਰਵਾਈ ਕਿਸੇ ਨਾਸਮਝ ਦੋਸਤ ਜਾਂ ਮੱਕਾਰ ਦੁਸ਼ਮਣ ਦੀ ਛਾਤਰ ਚਾਲ ਸੀ। ਕੀ ਇਹ ਕੁੱਝ ਪੱਲੇ ਨਾ ਪੈਂਦਾ ਵੇਖ ਕੇ ਸਿੱਖ ਨੌਜਵਾਨਾਂ ਵੱਲੋਂ ਬੇਸਬਰੀ ਅਤੇ ਕਾਹਲ ਦਾ ਨਤੀਜਾ ਸੀ? ਜਾਂ ਇਹ ਨਕਸਲਾਈਟ ਤੱਤਾਂ ਵੱਲੋਂ ਭਾਰਤ ਵਿਚ 'ਜਮਾਤੀ ਘੋਲ' ਦੀਆਂ ਸੰਭਾਵਨਾਵਾਂ ਪੈਦਾ ਹੁੰਦੀਆਂ ਨਾ ਦਿਖਦੀਆਂ ਹੋਣ ਕਰ ਕੇ ਕੌਮੀਅਤਾਂ ਦੇ ਸਵਾਲ ਨੂੰ ਲੈ ਕੇ ਸਿੱਖਾਂ ਨੂੰ ਭਾਰਤੀ ਸਟੇਟ ਵਿਰੁਧ ਲਾਮਬੰਦ ਕਰਨ ਦੇ ਪੈਂਤੜੇ ਦਾ ਹਿੱਸਾ ਸੀ? ਅੱਜ ਤੱਕ ਇਸ 'ਬੇਮੁਹਾਰੀ ਸੂਰਮਗਤੀ' ਦੀਆਂ ਜੜਾਂ ਨੰਗੀਆਂ ਨਹੀਂ ਹੋ ਸਕੀਆਂ। ਇਸ ਦੁੱਖਭਰੀ ਹੈਰਾਨੀ ਨੂੰ ਹੀ ਕਵੀ 'ਮਿੰਦਰ' ਨੇ ਇਨ੍ਹਾਂ ਸ਼ਬਦਾਂ ਵਿਚ ਜ਼ਾਹਰ ਕੀਤਾ ਸੀ:

ਮੈਂ ਸੁੱਤਾ ਵੀ ਨਹੀਂ
ਕਿਧਰੇ ਗਿਆ ਵੀ ਨਹੀਂ
ਫਿਰ ਮੇਰੇ ਹੱਥ ਵਿਚ ਬੰਦੂਕ
ਅਤੇ ਮੇਰੇ ਮੋਢੇ ਉਪਰ
ਲਾਸ਼ ਕੌਣ ਧਰ ਗਿਆ ਹੈ?

ਅਜੋਕੇ ਸਮਿਆਂ ਵਿਚ 'ਸਿੱਖ ਸ਼ਿਕਵੇ' ਦੀ ਇਤਿਹਾਸਕਾਰੀ ਕਰਨ ਵਾਲੇ ਸ. ਅਜਮੇਰ ਸਿੰਘ ਅਤੇ ਸ. ਕਰਮਜੀਤ ਸਿੰਘ ਜੇ ਉਪਰੋਕਤ ਸਵਾਲਾਂ ਬਾਰੇ ਸਟੀਕ ਜਾਣਕਾਰੀ ਸਿੱਖ ਸੰਗਤਾਂ ਨੂੰ ਦੇ ਸਕਣ ਤਾਂ ਇਹ ਉਨ੍ਹਾਂ ਦਾ ਪਰਉਪਕਾਰ ਹੋਵੇਗਾ। ਖਾਲਿਸਤਾਨੀ ਅਨਸਰਾਂ ਬਾਰੇ ਸ. ਅਜਮੇਰ ਸਿੰਘ ਦੀਆਂ ਬੇਬਾਕ ਟਿੱਪਣੀਆਂ ਉਨ੍ਹਾਂ ਦੀ ਜੁਰਅਤ ਨੂੰ ਦਰਸਾਉਂਦੀਆਂ ਹਨ। ਉਨ੍ਹਾਂ ਵੱਲੋਂ ਖਾਲਿਸਤਾਨੀਆਂ ਲਈ ਵਰਤੇ ਗਏ ਸ਼ਬਦ ਡਿਸਗਸਟਿੰਗ (ਕਾਣਤ) ਬਾਰੇ ਕਈ ਇਤਰਾਜ਼ ਉਠਾਏ ਗਏ ਹਨ, ਪਰ ਅਸੀਂ ਸਮਝਦੇ ਹਾਂ ਕਿ ਉਨ੍ਹਾਂ ਸੱਜਣਾਂ ਦੇ ਇਤਰਾਜ਼ ਸਹੀ ਨਹੀਂ ਹਨ।

ਨੇਸ਼ਨ ਸਟੇਟ ਦੇ ਮਾਡਲ ਦੀਆਂ ਸੀਮਾਵਾਂ ਅਤੇ ਖਰਾਬੀਆਂ ਜੱਗ ਜ਼ਾਹਰ ਹੋ ਚੁੱਕੀਆਂ ਹਨ। ਖਾਲਿਸਤਾਨ ਦਾ 'ਨੇਸ਼ਨ ਸਟੇਟ' ਜਾਂ ਅਜੋਕੇ ਪਾਕਿਸਤਾਨ-ਇਜ਼ਰਾਈਲ ਵਰਗਾ ਹੀ ਕੁੱਝ ਬਣ ਜਾਣ ਦੇ ਖਦਸ਼ੇ ਨੂੰ ਮੁੱਖ ਰੱਖ ਕੇ ਜਸਪਾਲ ਸਿੰਘ ਸਿੱਧੂ ਵਰਗੇ ਸਿੱਖ ਚਿੰਤਕ ਇਸ ਤੋਂ ਪਾਸਾ ਵੱਟ ਰਹੇ ਹਨ। ਪਾਕਿਸਤਾਨ-ਇਜ਼ਰਾਈਲ ਵਰਗਾ 'ਖਾਲਿਸਤਾਨ ਨਹੀਂ ਬਣਨਾ ਚਾਹੀਦਾ' ਅਤੇ ਖਾਲਿਸਤਾਨੀਆਂ ਨੂੰ 'ਡਿਸਗਸਟਿੰਗ' ਕਹਿਣ ਨਾਲ ਅਜਮੇਰ ਸਿੰਘ ਦੇ ਮਾਸੂਮ ਪ੍ਰਸ਼ੰਸਕਾਂ,



*ਸੰਤ ਹਰਚੰਦ ਸਿੰਘ ਲੌਂਗੋਵਾਲ*

ਸਹਾਇਕਾਂ ਅਤੇ ਸ਼ਰਧਾਲੂਆਂ ਦੇ ਮਨਾਂ ਨੂੰ ਠੇਸ ਲੱਗਣੀ ਸੁਭਾਵਿਕ ਹੈ। ਭਾਵੇਂ ਸ. ਜਸਜੀਤ ਸਿੰਘ ਨੇ ਇਸੇ ਸ਼ਬਦ ਨੂੰ ਹੀ ਢੁੱਕਵਾਂ ਮੰਨਿਆ ਹੈ।

ਅਜਮੇਰ ਸਿੰਘ ਨੇ ਬਹੁਤ ਹੀ ਮਿਹਨਤ ਕੀਤੀ ਹੈ ਪ੍ਰੰਤੂ ਗੁੱਸੇ ਨਾਲ ਤਿਆਰ ਕੀਤੀ ਆਪਣੀ ਪੁਸਤਕ ਲੜੀ ਦੀ ਸਾਰੀ ਪਿੱਠ-ਭੂਮੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਨੂੰ ਖਤਮ ਕਰਨ ਜਾਂ ਪਵਿੱਤਰ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ 'ਤੇ ਫੌਜੀ ਹਮਲੇ ਵਿਰੁਧ ਰੋਸ ਵਜੋਂ ਹੀ ਬੱਧੀ ਹੈ। ਇਹ ਹਮਲਾ ਮਾੜੀ ਗੱਲ ਸੀ, ਇਸ ਦੀ ਨਿਖੇਧੀ ਹੋਣੀ ਚਾਹੀਦੀ ਹੈ। ਹਰ ਸਿੱਖ ਹਿਤੈਸ਼ੀ ਦੇ ਮਨ ਅੰਦਰ ਇਸ ਕਾਰਵਾਈ ਪ੍ਰਤੀ ਰੋਸ ਹੈ।

ਅਜਮੇਰ ਸਿੰਘ ਨੂੰ ਯਾਦ ਹੋਵੇਗਾ ਕਿ ਇਹ ਰੋਸ ਸੰਤ ਭਿੰਡਰਾਂਵਾਲੇ ਦੇ ਸਭ ਤੋਂ ਵੱਡੇ ਆਲੋਚਕ ਸ. ਖੁਸ਼ਵੰਤ ਸਿੰਘ ਦੇ ਮਨ ਅੰਦਰ ਵੀ ਅਜਮੇਰ ਸਿੰਘ ਨਾਲੋਂ ਘੱਟ ਨਹੀਂ ਸੀ। ਉਸ ਦੀ ਪੁਸਤਕ 'ਮਾਈ ਬਲੀਡਿੰਗ ਪੰਜਾਬ' ਵਿਚ ਅਟਵਾਲ ਹੱਤਿਆ ਕਾਂਡ ਤੋਂ ਤੁਰਤ ਪਿਛੋਂ, 28 ਅਪਰੈਲ ਨੂੰ ਰਾਜ ਸਭਾ ਵਿਚ ਦਿਤੀ ਉਹ ਲੰਮੀ ਸਪੀਚ ਪੂਰੀ ਦਰਜ਼ ਹੈ ਜਿਸ ਵਿਚ ਉਸ ਨੇ ਸਿੱਖਾਂ ਦੀਆਂ ਜਾਇਜ਼ ਮੰਗਾਂ ਲਈ ਗੁਹਾਰ ਲਾਈ ਅਤੇ ਕਿਸੇ ਵੀ ਸੂਰਤ ਵਿਚ ਕੰਪਲੈਕਸ ਅੰਦਰ ਫੌਜ ਜਾਂ ਪੁਲਿਸ ਭੇਜਣ ਵਿਰੁੱਧ ਸਖਤ ਚਿਤਾਵਨੀ ਦਿਤੀ ਹੋਈ ਹੈ। ਕੰਪਲੈਕਸ ਵਿਚ ਪਨਾਹ ਲਈ ਬੈਠੇ ਨੌਜਵਾਨਾਂ ਦੀਆਂ ਕਾਰਵਾਈਆਂ ਵਧਦੀਆਂ ਜਾਣ ਦੇ ਬਾਵਜੂਦ ਇਸੇ ਕਿਤਾਬ ਵਿਚ 3 ਮਾਰਚ 1984 ਨੂੰ ਲਿਖੇ ਉਸ ਦੇ ਚਰਚਿਤ 'ਨਾ ਕਾਹੂੰ ਸੇ ਦੋਸਤੀ' ਸਿਰਲੇਖ ਹੇਠਲੇ ਕਾਲਮ ਦੀਆਂ ਸਤਰਾਂ ਦਰਜ ਹਨ: ਪ੍ਰੰਤੂ (ਜੋ ਵੀ ਹੋਵੇ) ਇਸ ਘੜੀ ਸ੍ਰੀ ਹਰਿਮੰਦਰ ਸਾਹਿਬ ਵਿਚ ਫੌਜ ਭੇਜਣ

*(ਬਾਕੀ ਅਗਲੇ ਸਫੇ 'ਤੇ)*

# ਸਿਮਰਨ ਬਨਾਮ ਭੋਰਾ

*ਪੰਜਾਬ ਟਾਈਮਜ਼ ਨਾਲ ਜੁੜੇ ਲੇਖਕ ਮਝੈਲ ਸਿੰਘ ਸਰਾਂ ਹਰ ਵਾਰ ਵਾਂਗ ਐਤਕੀਂ ਵੀ ਇਕ ਖਾਸ ਮੁੱਦਾ ਲੈ ਕੇ ਹਾਜ਼ਰ ਹਨ। ਆਪਣੀਆਂ ਦਲੀਲ ਸਹਿਤ ਗੱਲਾਂ ਪਹਿਲੀਆਂ ਲਿਖਤਾਂ ਵਾਂਗ ਆਪਣੀ ਇਸ ਰਚਨਾ 'ਸਿਮਰਨ ਬਨਾਮ ਭੋਰਾ' ਵਿਚ ਵੀ ਉਨ੍ਹਾਂ ਬਿਪਰ ਕੀ ਰੀਤ ਦੀ ਨਿਸ਼ਾਨਦੇਹੀ ਕਰਦਿਆਂ ਕੀਤੀਆਂ ਹਨ। ਸਿੱਖ ਜਿਊੜਿਆਂ ਨੂੰ ਬਿਪਰ ਕੀ ਰੀਤ ਬਾਰੇ ਚੇਤੰਨ ਕਰਦਿਆਂ ਉਨ੍ਹਾਂ ਸਿੱਖੀ ਦੀ ਰੂਹ ਦੀ ਚਰਚਾ ਵੀ ਨਾਲੋ-ਨਾਲ ਕੀਤੀ ਹੈ। -ਸੰਪਾਦਕ*

ਸਿੱਖ ਧਰਮ ਜਿੰਨਾ ਸਰਲ ਤੇ ਸਪਸ਼ਟ ਹੈ, ਉਨਾ ਹੀ ਗੁਰੂ ਸਾਹਿਬਾਨ ਦਾ ਜੀਵਨ ਚਿੱਟੇ ਦਿਨ ਵਰਗਾ ਸਾਫ ਤੇ ਰੂਹਾਨੀਅਤ ਨਾਲ ਲਬਾ-ਲਬ ਤੇ ਕੁਲ ਲੋਕਾਈ ਨੂੰ ਸੇਧ ਦੇਣ ਵਾਲਾ ਹੈ। ਕਿਤੇ ਕੋਈ ਗੁੰਝਲ ਨਹੀਂ। ਇਨਸਾਨ ਤੇ ਰੱਬ ਵਿਚਕਾਰ ਕੋਈ ਵਿਚੋਲਾ ਰੱਖਿਆ ਹੀ ਨਹੀਂ। ਕਿਰਤ ਕਰਨੀ, ਵੰਡ ਛਕਣਾ ਤੇ ਨਾਮ ਜਪਣਾ-ਸਿੱਧਾ ਜਿਹਾ ਸਿਧਾਂਤ ਦਿੱਤਾ ਜਿਹੜਾ ਹਰ ਇਕ ਦੀ ਸਮਝ ਵਿਚ ਆ ਗਿਆ। ਫਜ਼ੂਲ ਮਨੌਤਾਂ ਨੂੰ ਕੋਈ ਮਾਨਤਾ ਨਹੀਂ। ਸ਼ਾਇਦ ਇਹੀ ਇਹਦੀ ਵਿਲੱਖਣਤਾ ਅਤੇ ਵਡੱਪਣ ਹੈ ਕਿ ਇਹ ਧਰਮ ਕਿਸੇ ਹਕੂਮਤ ਦੀ ਮਦਦ ਬਗੈਰ ਦੁਨੀਆਂ ਦੇ ਵੱਡੇ ਧਰਮਾਂ ਵਿਚ ਸ਼ੁਮਾਰ ਹੋ ਗਿਆ।

ਗੁਰੂ ਸਾਹਿਬਾਨ ਵਲੋਂ ਪ੍ਰਚਲਿਤ ਬਿਪਰ ਦੀਆਂ ਧਾਰਮਿਕ ਮਨੌਤਾਂ ਨੂੰ ਦਿੱਤੀ ਚੁਣੌਤੀ ਨੇ ਸਦਾ ਹੀ ਗੁਰੂ ਘਰ ਨਾਲ ਵੈਰ ਪਾ ਲਿਆ ਜਿਹੜਾ

**ਮਝੈਲ ਸਿੰਘ ਸਰਾਂ**
singh.majhail@gmail.com

ਅੱਜ ਵੀ ਬਾਦਸਤੂਰ ਜਾਰੀ ਹੈ। ਬਿਪਰ ਕੋਈ ਨਾ ਕੋਈ ਬਹਾਨਾ ਲੱਭਦਾ ਰਹਿੰਦਾ ਅਤੇ ਡੰਗ ਮਾਰਨ ਲੱਗਾ ਕਦੇ ਵੀ ਲਿਹਾਜ਼ ਨਹੀਂ ਕਰਦਾ। ਅੱਜ ਕੱਲ੍ਹ ਇਹਨੇ ਡੰਗ ਮਾਰਨ ਲਈ ਸਿੱਖ ਹੀ ਪਾਲੇ ਹੋਏ ਹਨ ਤੇ ਗੁਰੂ ਸਾਹਿਬਾਨ ਦੀਆਂ ਜੀਵਨੀਆਂ ਨੂੰ ਆਪਣੇ ਮੁਤਾਬਿਕ ਇਤਿਹਾਸਕ ਬਣਾ ਕੇ ਪੇਸ਼ ਕਰ ਕੇ, ਇਸ ਤਰ੍ਹਾਂ ਡੰਗ ਮਾਰਨ ਦੀ ਤਾਕ ਵਿਚ ਰਹਿੰਦੇ ਹਨ ਕਿ ਸਿੱਖ, ਸਿੱਖ ਦਾ ਹੀ ਦੁਸ਼ਮਣ ਬਣ ਜਾਵੇ। ਨਿਤ ਨਵੇਂ ਦਿਨ ਸਿੱਖਾਂ ਵਿਚ ਕੋਈ ਨਾ ਕੋਈ ਵਿਵਾਦ ਐਸਾ ਖੜ੍ਹਾ ਕਰ ਦਿੱਤਾ ਜਾਂਦਾ ਹੈ ਜਿਸ ਦਾ ਨਾ ਕੋਈ ਸਿਰ ਹੁੰਦਾ, ਨਾ ਪੈਰ। ਬਸ, ਸਿੱਖਾਂ ਨੂੰ ਦੁਫੇੜ ਕਰਨ ਲਈ ਫਲੂਹਾ ਸੁੱਟ ਦਿੱਤਾ ਜਾਂਦਾ ਹੈ।

ਹੁਣ ਗੁਰੂ ਤੇਗ ਬਹਾਦਰ ਜੀ ਦੇ ਬਾਬਾ ਬਕਾਲੇ ਵਿਚ ਭੋਰੇ ਸਬੰਧੀ ਹਾਸੋ-ਹੀਣੀ ਬਹਿਸ ਛੇੜ ਦਿੱਤੀ ਗਈ। ਇਕ ਧਿਰ ਇਸ ਨੂੰ ਇਤਿਹਾਸਕ ਕਤਲ ਕਹਿ ਕੇ ਦੂਜੀ ਧਿਰ ਨੂੰ ਮੁਆਫੀ ਮੰਗਣ ਲਈ ਦਬਾਅ ਪਾਉਣ ਲੱਗ ਪਈ, ਤੇ ਦਬਾਅ ਦਾ ਤਰੀਕਾ ਸੰਵਾਦ ਜਾਂ ਭਰਾਵਾਂ ਵਾਂਗ ਗੁਰਮਤਿ ਦੀ ਰੌਸ਼ਨੀ ਵਾਲਾ ਨਹੀਂ, ਧੌਂਸ ਦੇ ਨਾਲ ਨਾਲ ਧਮਕੀ ਵਾਲੀ ਬੋਲੀ ਬੋਲ ਕੇ ਗੁਰਮਤਿ ਤੋਂ ਕੋਹਾਂ ਦੂਰ ਮੰਦਾ ਬੋਲ ਕੇ ਸਦਾ ਲਈ ਚੁੱਪ ਕਰਾਉਣ ਦੀਆਂ ਗੱਲਾਂ ਕੀਤੀਆਂ ਗਈਆਂ। ਸੁੰਹਦਾ ਨਹੀਂ ਗੁਰਸਿੱਖਾਂ ਨੂੰ ਇਹੋ ਜਿਹਾ ਵਿਹਾਰ। ਸਿੱਖ ਇੰਦਾਂ ਕਰ ਹੀ ਨਹੀਂ ਸਕਦਾ, ਜੇ ਉਹਨੂੰ ਕੋਈ ਬਾਹਰੋਂ ਸ਼ਹਿ ਨਾ ਹੋਵੇ ਤਾਂ!

ਥੋੜ੍ਹੀ ਜਿਹੀ ਜਾਣਕਾਰੀ ਭੋਰੇ ਬਾਰੇ ਵੀ ਕਰ ਲਈਏ... ਭੋਰਾ ਵੀ ਘਰ ਦਾ ਹਿੱਸਾ ਹੀ ਹੁੰਦਾ। ਇਹ ਕਿਉਂ ਬਣਾਇਆ ਜਾਂਦਾ, ਇਹ ਜਾਣਨਾ ਜ਼ਰੂਰੀ ਹੈ। ਭਾਰਤ ਵਿਚ ਭੋਰੇ ਬਣਾਉਣ ਦਾ ਰੁਝਾਨ ਅਰਬਾਂ ਵਲੋਂ ਕੀਤੇ ਹਮਲਿਆਂ ਤੋਂ ਬਾਅਦ ਸ਼ੁਰੂ ਹੋਇਆ। ਉਨ੍ਹਾਂ ਮੁਲਕਾਂ ਵਿਚ ਗਰਮੀ ਬਹੁਤ ਪੈਂਦੀ ਅਤੇ ਲੋਕ ਸੂਰਜ ਦੀ ਤਪਸ਼ ਤੋਂ ਬਚਣ ਲਈ ਆਪਣੇ ਘਰਾਂ ਵਿਚ ਭੋਰੇ ਬਣਾ ਲੈਂਦੇ। ਜਦੋਂ ਉਹ ਭਾਰਤ ਪੁੱਜੇ ਤਾਂ ਇਥੇ ਵੀ ਗਰਮੀ ਸੀ ਅਤੇ ਇਸ ਤੋਂ ਬਚਣ ਤੇ ਆਰਾਮ ਲਈ ਉਨ੍ਹਾਂ ਭੋਰੇ ਬਣਾਏ। ਉਨ੍ਹਾਂ ਤੋਂ ਸਿੱਖ ਕੇ ਹੀ ਇਥੋਂ ਦੇ ਬਾਸ਼ਿੰਦਿਆਂ ਨੇ ਗਰਮੀ ਤੋਂ ਬਚਾਅ ਲਈ ਘਰਾਂ ਵਿਚ ਭੋਰੇ ਬਣਾ ਲਏ। ਭੋਰੇ ਦਾ ਮਕਸਦ ਆਰਾਮ ਲਈ ਸੀ। ਜੇ ਕੋਈ ਧਰਮੀ ਬੰਦਾ ਆਪਣੇ ਘਰ ਵਿਚ ਆਰਾਮ ਵਾਲੀ ਜਗ੍ਹਾ, ਭਾਵੇਂ ਭੋਰਾ ਹੀ ਕਿਉਂ ਨਾ ਹੋਵੇ, ਉਥੇ ਰੱਬ ਦਾ ਨਾਂ ਲੈ ਲਵੇ, ਤਾਂ ਕਿਹੜਾ ਹਰਜ ਹੋ ਜਾਣਾ! ਭੋਰਾ ਘਰ ਵਿਚ ਨਿਰੋਲ ਇਬਾਦਤ, ਤਪੱਸਿਆ ਜਾਂ ਸਿਮਰਨ ਲਈ ਨਹੀਂ ਸੀ ਬਣਾਇਆ ਜਾਂਦਾ। ਬਾਬਾ ਬਕਾਲੇ ਵਿਚ ਵੀ ਹੋਰ ਘਰਾਂ ਵਾਂਗ ਗੁਰੂ ਤੇਗ ਬਹਾਦਰ ਜੀ ਦੇ ਘਰ ਵਿਚ ਵੀ ਭੋਰਾ ਹੋਣਾ, ਇਸ ਤੋਂ ਕੋਈ ਮੁਨਕਰ ਥੋੜ੍ਹਾ; ਪਰ ਇਹਦਾ ਮਤਲਬ ਇਹ ਤਾਂ ਨਹੀਂ ਕਿ ਗੁਰੂ ਜੀ ਸਾਲਾਂ ਬੱਧੀ ਉਸੇ ਭੋਰੇ ਵਿਚ ਹੀ ਵੜੇ ਸਿਮਰਨ ਵਿਚ ਲੀਨ ਰਹੇ, ਕੋਈ ਕਿਰਤ ਨਹੀਂ ਕੀਤੀ ਆਪਣੇ ਟੱਬਰ ਨੂੰ ਪਾਲਣ ਦੀ। ਗੁਰੂ ਤੇਗ ਬਹਾਦਰ ਜੀ ਨੂੰ ਇਨ੍ਹਾਂ ਸਾਲਾਂ ਵਿਚ ਸ੍ਰੀ ਆਦਿ ਗ੍ਰੰਥ ਦੀ ਬਾਣੀ ਕਿਹੜੀ ਵਿਸਰੀ ਰਹੀ ਹੋਣੀ! ਉਨ੍ਹਾਂ ਨੂੰ ਕਿਹੜਾ ਬਾਬੇ ਨਾਨਕ ਦੀ ਸਿੱਧ ਗੋਸ਼ਟਿ ਭੁਲੀ ਹੋਈ ਸੀ ਜਿਸ ਵਿਚ ਬਾਬੇ ਨੇ ਸਿਧਾਂ ਨੂੰ ਗੁਫਾਵਾਂ ਵਿਚੋਂ ਬਾਹਰ ਨਿਕਲ ਕੇ ਖਲਕਤ ਦੀ ਸੇਵਾ ਲਈ ਪ੍ਰੇਰਿਆ।

ਭੋਰੇ ਤੇ ਸਿਮਰਨ ਦਾ ਕੋਈ ਤਰਕ ਹੀ ਨਹੀਂ ਗੁਰਬਾਣੀ ਵਿਚ, ਨਾਲੇ ਗੁਰਬਾਣੀ ਤਾਂ ਸਰੀਰਕ ਨਾਲੋਂ ਆਤਮਿਕ ਸਿਮਰਨ ਦੀ ਗੱਲ ਕਰਦੀ ਹੈ ਤੇ ਉਹ ਸਿਮਰਨ ਹਲ ਦੀ ਹੱਥੀ ਫੜ ਕੇ ਖੇਤ ਵਾਹੁੰਦੇ ਵਕਤ ਵੀ ਹੁੰਦਾ ਰਿਹਾ, ਮਰੇ ਪਸ਼ੂ ਦੀ ਖੱਲ ਲਾਹੁੰਦੇ ਵਕਤ ਵੀ ਹੁੰਦਾ ਰਿਹਾ, ਖੱਡੀ ਲਾ ਕੇ ਖੱਦਰ ਬੁਣਨ ਵਕਤ ਵੀ ਹੁੰਦਾ ਰਿਹਾ। ਕਿਹੜੇ ਭਗਤ ਨੇ ਭੋਰੇ 'ਚ ਵੜ ਕੇ ਸਾਲਾਂ ਬੱਧੀ ਭਗਤੀ ਕੀਤੀ ਜਿਨ੍ਹਾਂ ਦੀ ਬਾਣੀ ਗੁਰੂ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੀ? ਸਾਰੇ ਭਗਤ ਕਿਰਤੀ ਹੀ ਤਾਂ ਸਨ।

ਸਾਰੇ ਵਿਦਵਾਨ ਇਸ ਗੱਲ 'ਤੇ ਸਹਿਮਤ ਹਨ ਕਿ ਗੁਰੂ ਤੇਗ ਬਹਾਦਰ ਜੀ ਸੱਤਵੇਂ ਅਤੇ ਅੱਠਵੇਂ ਗੁਰੂ ਸਾਹਿਬਾਨ ਦੇ ਸਮੇਂ ਵੀ ਬਹੁਤਾ ਵਕਤ ਪੰਥ ਦੇ ਪ੍ਰਚਾਰ 'ਤੇ ਦੇਸ਼ ਦੇ ਦੂਰ ਦੁਰਾਡੇ ਇਲਾਕਿਆਂ ਵਿਚ ਜਾਂਦੇ ਰਹੇ ਅਤੇ ਵਾਪਸ ਆਪਣੇ ਘਰ ਬਾਬਾ ਬਕਾਲੇ ਆ ਜਾਂਦੇ। ਗੁਰੂ ਨਾਨਕ ਜੀ ਵੀ ਤਾਂ ਉਦਾਸੀਆਂ ਵਿਚ ਇਸੇ ਤਰ੍ਹਾਂ ਕਰਦੇ ਰਹੇ। ਚਲੋ, ਜੇ ਇਹ ਮੰਨ ਵੀ ਲਈਏ ਕਿ ਗੁਰੂ ਤੇਗ ਬਹਾਦਰ ਜੀ ਟਕਸਾਲੀਆਂ ਦੇ ਕਹਿਣ ਮੁਤਾਬਿਕ 26-27 ਸਾਲ ਭੋਰੇ ਵਿਚ ਸਿਮਰਨ ਵਿਚ ਹੀ ਰਹੇ, ਤਾਂ ਇਹਦੇ ਨਾਲ ਉਹ ਗੁਰੂ ਸਾਹਿਬ ਜੀ ਦੀ ਕਿਹੜੀ ਵਡਿਆਈ ਕਰਨੀ ਚਾਹੁੰਦੇ ਹਨ ਜਿਹੜੀ ਉਨ੍ਹਾਂ ਵਲੋਂ ਪੰਥ ਦੇ ਪ੍ਰਚਾਰ ਕਰਨ ਕਰ ਕੇ ਨਹੀਂ ਹੋਈ? ਕੀ ਉਹ ਵਕਤ ਭੋਰੇ ਵਿਚ ਵੜਨ ਦਾ ਸੀ ਜਦੋਂ ਪੰਥ ਨੂੰ ਗੁਰੂਡੰਮ ਤੋਂ ਵੱਡਾ ਖਤਰਾ ਪੈ ਚੁਕਾ ਸੀ, ਜਾਂ ਪੰਥ ਪ੍ਰਚਾਰ ਕਰ ਕੇ ਸਿੱਖ ਸੰਗਤ ਵਿਚ ਜਾਗ੍ਰਿਤੀ ਲਿਆਉਣ ਦਾ ਸੀ ਤਾਂ ਜੋ ਬਾਬੇ ਨਾਨਕ ਨੇ ਜਿਹੜਾ ਨਿਰਮਲ ਪੰਥ ਚਲਾਇਆ ਤੇ ਜਿਸ ਦੀ ਕਾਇਮੀ ਲਈ ਉਨ੍ਹਾਂ ਦੇ ਬਾਬਾ ਜੀ, ਪੰਜਵੇਂ ਪਾਤਿਸ਼ਾਹ ਨੇ ਸ਼ਹੀਦੀ ਦਿੱਤੀ ਤੇ ਪਿਤਾ ਜੀ, ਛੇਵੇਂ ਪਾਤਿਸ਼ਾਹ ਨੇ ਹਕੂਮਤ ਨਾਲ ਟੱਕਰ ਲਈ, ਤੇ ਤੇਗ ਬਹਾਦਰ ਜੀ ਨੇ ਦੂਜਾ ਰਸਤਾ ਅਖਤਿਆਰ ਕੀਤਾ ਤਾਂ ਕਿ ਉਸ ਦਾ ਤਾਅ ਕਿਤੇ ਮੱਠਾ ਨਾ ਪੈ ਜਾਵੇ। (ਗੁਰੂ) ਤੇਗ ਬਹਾਦਰ ਜੀ ਦੀ ਮਹਾਨਤਾ ਇਸ ਵਿਚ ਵੀ ਹੈ ਕਿ ਜਦੋਂ ਗੁਰਿਆਈ ਉਨ੍ਹਾਂ ਨੂੰ ਦੇਣ ਦੀ ਬਜਾਏ ਉਨ੍ਹਾਂ ਦੇ ਭਤੀਜੇ ਸ੍ਰੀ ਹਰਿ ਰਾਏ ਜੀ ਨੂੰ ਦਿੱਤੀ ਗਈ ਤਾਂ ਉਨ੍ਹਾਂ ਬਾਕੀ ਗੁਰੂ ਪਰਿਵਾਰਾਂ ਦੇ ਮੈਂਬਰਾਂ ਵਾਂਗ ਖੁਣਸ ਨਹੀਂ ਖਾਧੀ, ਤੇ ਨਾ ਹੀ ਬਾਕੀਆਂ ਵਾਂਗ ਗੁਰੂਡੰਮ ਦੀ, ਬਰਾਬਰ ਗੱਦੀ ਲਾ ਕੇ ਬੈਠੇ, ਸਗੋਂ ਗੁਰਗੱਦੀ ਨੂੰ ਮਾਨਤਾ ਦੇ ਕੇ ਖੁਦ ਉਹਦੇ ਪ੍ਰਚਾਰ 'ਤੇ ਨਿਕਲੇ।

ਕਿੰਨਾ ਵਡੱਪਣ ਹੈ (ਗੁਰੂ) ਤੇਗ ਬਹਾਦਰ ਜੀ ਵਿਚ! ਕੀ ਭੋਰੇ ਵਿਚ ਵੜ ਕੇ ਸਭ ਪਾਸੇ ਤੋਂ ਬੇਖਬਰ ਹੋ ਕੇ ਰਹਿਣ ਨਾਲ ਉਨ੍ਹਾਂ ਦੀ ਰੂਹਾਨੀ ਸ਼ਖਸੀਅਤ ਵਿਚ ਜ਼ਿਆਦਾ ਵਾਧਾ ਹੁੰਦਾ, ਜਾਂ ਗੁਰਬਾਣੀ ਦਾ ਸੰਗਤਾਂ ਵਿਚ ਪ੍ਰਚਾਰ ਕਰ ਕੇ ਜ਼ਿੰਦਗੀ ਨੂੰ ਸਹੀ ਅਰਥਾਂ ਵਿਚ ਜੀਵਨ ਜਾਚ ਸਮਝਾਉਣ ਨਾਲ! ਕੀ ਉਨ੍ਹਾਂ ਦੀ ਜ਼ੁਲਮ ਵਿਰੁਧ ਦਿੱਤੀ ਸ਼ਹਾਦਤ ਭੋਰੇ ਕਰ ਕੇ ਵਿਲੱਖਣ ਹੈ ਜਾਂ ਸੱਚ ਦੇ ਨਿਰਭਉ ਤੇ ਨਿਰਵੈਰ ਸਿਧਾਂਤ ਦੇ ਪ੍ਰਚਾਰ ਕਰ ਕੇ ਹੈ? ਕਸ਼ਮੀਰੀ ਪੰਡਿਤਾਂ ਨੂੰ ਗੁਰੂ ਤੇਗ ਬਹਾਦਰ ਜੀ ਦਾ ਪਤਾ ਉਨ੍ਹਾਂ ਦੇ ਭੋਰੇ ਵਿਚ ਵੜੇ ਰਹਿਣ ਕਰ ਕੇ ਨਹੀਂ ਹੋਇਆ ਹੋਣਾ, ਬਲਕਿ ਉਨ੍ਹਾਂ ਵਲੋਂ ਕੀਤੇ ਜਾਂਦੇ ਗੁਰਮਤਿ ਦੇ ਉਸ ਪ੍ਰਚਾਰ ਕਰ ਕੇ ਹੋਇਆ ਹੋਣਾ, ਜਿਹੜਾ ਜ਼ੁਲਮ ਕਰਨ ਅਤੇ ਜ਼ੁਲਮ ਸਹਿਣ ਨੂੰ ਵੀ ਬਰਾਬਰ ਦਾ ਗੁਨਾਹਗਾਰ ਦੱਸਦਾ ਸੀ। ਹੁਣ ਹਾਲਾਤ ਤਾਂ ਐਦਾਂ ਦੇ ਆ ਕਿ ਜੇ ਖੁਦ ਗੁਰੂ ਤੇਗ ਬਹਾਦਰ ਜੀ ਵੀ ਅੱਜ ਆ ਕੇ ਕਹਿਣ ਕਿ ਮੈਂ ਤਾਂ ਭਾਈ ਭੋਰੇ ਵਿਚ ਵੜਿਆ ਹੀ ਨਹੀਂ, ਤਾਂ ਸਾਡੇ ਤਿੰਨ ਫੁੱਟੀਆਂ ਕਿਰਪਾਨਾਂ ਵਾਲੇ ਮਹਾਂਪੁਰਖ ਉਨ੍ਹਾਂ ਦੇ ਵੀ ਗਲ ਪੈ ਜਾਣ, ਤੇ ਜੇ ਵਸ ਚਲੇ ਤਾਂ ਹੁਣ ਜ਼ਰੂਰ ਭੋਰੇ 'ਚ ਬੰਦ ਕਰ ਦੇਣਗੇ!

ਕੁਝ ਸਿੱਖ ਸੰਸਥਾਵਾਂ ਅਤੇ ਡੇਰੇਦਾਰ ਸੰਤ, ਭੋਰੇ ਨੂੰ ਐਨੀ ਵੱਡੀ ਮਹੱਤਤਾ ਕਿਉਂ ਦੇਣ ਲੱਗੇ ਹੋਏ ਹਨ? ਇਹਦੇ 'ਚ ਭਲਾ ਕਿਹੜੀ ਇਤਿਹਾਸਕ ਉਕਾਈ ਕੀਤੀ ਜਾ ਰਹੀ ਹੈ? ਅਸਲ ਵਿਚ ਬਿਨਾ ਕਿਸੇ ਕਾਰਨ ਸਿੱਖਾਂ ਵਿਚ ਭੰਬਲਭੂਸਾ ਪਾ ਕੇ ਦੁਫੇੜ ਕਰਨ ਦੀ ਚਾਲ ਚੱਲੀ ਜਾ ਰਹੀ ਹੈ। ਜੇ ਭੋਰੇ ਸਚਮੁਚ ਹੀ ਸਿਮਰਨ ਲਈ ਵਰਤੇ ਜਾਂਦੇ ਹਨ ਤਾਂ ਸੌਦੇ ਵਾਲੇ ਸਾਧ ਦੇ ਡੇਰੇ ਵਿਚ ਤਾਂ ਕਈ ਭੋਰੇ ਸੁਣੀਂਦੇ ਹਨ ਤੇ ਜਿਹੜਾ ਸਿਮਰਨ ਉਨ੍ਹਾਂ ਭੋਰਿਆਂ ਵਿਚ ਸਾਧ ਕਰਦਾ ਰਿਹਾ, ਉਹਦੀ ਚਰਚਾ ਹੁਣ ਕੋਰਟਾਂ-ਕਚਹਿਰੀਆਂ 'ਚ ਹੋ ਰਹੀ ਹੈ। ਫਿਰ ਕਰੋ ਪੂਜਾ ਉਨ੍ਹਾਂ ਭੋਰਿਆਂ ਦੀ ਹੁਣ! ਪਹਿਲੇ ਜ਼ਮਾਨੇ ਵਿਚ ਲੋਕ ਘਰਾਂ 'ਚ ਗਰਮੀ ਤੋਂ ਬਚਣ ਲਈ ਭੋਰੇ ਬਣਾਉਂਦੇ ਸੀ, ਤੇ ਜਦੋਂ ਦੀ ਹੁਣ ਬਿਜਲੀ ਆ ਗਈ, ਤਾਂ ਬਣਾਉਣ ਤੋਂ ਹਟ ਗਏ, ਪਰ ਕਈ ਸੰਤਾਂ ਦੇ ਡੇਰਿਆਂ 'ਤੇ ਕਿਉਂ ਅਜੇ ਵੀ ਭੋਰੇ ਬਣੀ ਜਾਂਦੇ ਹਨ? ਉਨ੍ਹਾਂ ਦੇ ਡੇਰੇ ਤਾਂ ਹੈ ਈ ਸਾਰੇ ਏਅਰ-ਕੰਡੀਸ਼ੰਡ।

ਕੁਝ ਡੇਰੇਦਾਰਾਂ ਨੇ ਆਪਣੇ ਕੁਲੱਛਣਾਂ ਕਰ ਕੇ ਭੋਰੇ ਬਦਨਾਮ ਕਰ ਦਿੱਤੇ। ਬਸ, ਆਪਣੀ ਇਸ ਬਦਨਾਮੀ 'ਤੇ ਪਰਦਾ ਪਾ ਰਹੇ ਹਨ, ਗੁਰੂ ਸਾਹਿਬਾਨ ਦੇ ਨਾਵਾਂ ਨਾਲ ਭੋਰਿਆਂ ਨੂੰ ਇਤਿਹਾਸਿਕ ਤੇ ਸਿਮਰਨ ਨਾਲ ਜੋੜ ਕੇ। ਸਿੱਖ ਇਸ ਗੱਲ ਦਾ ਧਿਆਨ ਰੱਖਣ, ਪਈ ਜਿਹੜਾ ਜ਼ਿਆਦਾ ਤੱਤਾ ਹੁੰਦਾ ਨਾ ਭੋਰੇ ਦੇ ਨਾਮ 'ਤੇ, ਸਮਝੋ ਦਾਲ 'ਚ ਕੁਝ ਕਾਲਾ ਹੈ।

ਸਿੱਖ ਧਰਮ ਵਿਚ ਟਕਸਾਲਾਂ ਦੀ ਬੜੀ ਮਾਨਤਾ ਹੈ ਕਿਉਂਕਿ ਇਨ੍ਹਾਂ ਹੀ ਟਕਸਾਲਾਂ ਵਿਚੋਂ ਨਿਕਲੇ ਗੁਰ ਸ਼ਬਦ ਨਾਲ ਗੜੂੰਦ ਟਕਸਾਲੀਆਂ ਨੇ ਸਿੱਖੀ ਦੇ ਪ੍ਰਚਾਰ ਵਿਚ ਮੋਹਰੀ ਹੋ ਕੇ ਲੋਕਾਂ ਨੂੰ ਸਿੱਖ ਧਰਮ ਨਾਲ ਜੋੜਿਆ, ਐਨ ਉਸੇ ਤਰ੍ਹਾਂ ਜਿਵੇਂ ਗੁਰੂ ਕਾਲ ਵਿਚ ਮੰਜੀਦਾਰਾਂ ਤੇ ਮਸੰਦਾਂ ਨੇ ਕੀਤਾ ਸੀ; ਪਰ ਜਿਉਂ ਹੀ ਉਨ੍ਹਾਂ ਵਿਚ ਖੋਟ ਆਇਆ ਤਾਂ ਗੁਰੂ ਸਾਹਿਬਾਨ ਨੇ ਆਪ ਆਪਣੇ ਹੱਥੀਂ ਬਣਾਈਆਂ ਇਹ ਪ੍ਰਚਾਰ ਸੰਸਥਾਵਾਂ ਬੰਦ ਕਰ ਦਿੱਤੀਆਂ। ਟਕਸਾਲ ਦਾ ਸ਼ਬਦੀ ਅਰਥ ਹੈ ਜਿਥੇ ਧਾਤ ਦੇ ਸਿੱਕੇ ਢਾਲੇ ਜਾਂਦੇ ਹਨ, ਮਤਲਬ ਪੈਸੇ ਜਿਨ੍ਹਾਂ ਦਾ ਮੁੱਲ ਧਾਤ ਨਾਲੋਂ ਕਈ ਗੁਣਾਂ ਜ਼ਿਆਦਾ ਹੁੰਦਾ ਹੈ ਤੇ ਹਰ ਜਗ੍ਹਾ ਉਸ ਸਿੱਕੇ ਦੀ ਮਾਨਤਾ ਹੁੰਦੀ ਹੈ, ਪਰ ਕਈ ਵਾਰ ਕਿਸੇ ਗਲਤੀ ਕਰ ਕੇ ਉਸੇ ਟਕਸਾਲ ਵਿਚੋਂ ਖੋਟੇ ਸਿੱਕੇ ਵੀ ਨਿਕਲ ਜਾਂਦੇ ਹਨ ਜਿਹੜੇ ਦੇਖਣ-ਪਾਖਣ ਨੂੰ ਖਰੇ ਸਿੱਕਿਆਂ ਤੋਂ ਵੀ ਵੱਧ ਚਮਕ ਰੱਖਦੇ ਹਨ। ਪਾਰਖੂ ਲੋਕ ਉਸ ਖੋਟੇ ਸਿੱਕੇ ਦੀ ਪਛਾਣ ਉਹਦੀ ਆਵਾਜ਼ ਦੀ ਟੁਣਕਾਰ ਤੋਂ ਪਰਖ ਲੈਂਦੇ ਸੀ ਅਤੇ ਇਹ ਸਿੱਕੇ ਫਿਰ ਢੇਰ 'ਤੇ ਹੀ ਸੁੱਟੇ ਜਾਂਦੇ ਸੀ। ਬਸ, ਇਸੇ ਤਰ੍ਹਾਂ ਸਿੱਖ ਟਕਸਾਲਾਂ ਵਿਚੋਂ ਵੀ ਕੁਝ ਖੋਟੇ ਟਕਸਾਲੀ ਨਿਕਲ ਆਏ ਹਨ ਜਿਨ੍ਹਾਂ ਦੀ ਪਛਾਣ ਵੀ ਉਨ੍ਹਾਂ ਦੀ ਬੋਲੀ ਤੇ ਵਿਹਾਰ ਤੋਂ ਹੀ ਹੁੰਦੀ ਹੈ। ਇਹੋ ਜਿਹੇ ਹੀ ਫੁੱਟ ਦਾ ਬੀਅ ਬੀਜਦੇ ਹਨ। ਸੋ, ਸਭ ਦਾ ਫਰਜ਼ ਬਣਦਾ ਕਿ ਜਦੋਂ ਇਨ੍ਹਾਂ ਖੋਟਿਆਂ ਦੀ ਪਛਾਣ ਹੋ ਗਈ ਤਾਂ ਕਿਉਂ ਨਾ ਇਨ੍ਹਾਂ ਨੂੰ ਕੂੜੇ ਦੇ ਢੇਰ 'ਤੇ ਸੁੱਟ ਕੇ ਕੇ ਬਾਬੇ ਨਾਨਕ ਦੇ ਨਿਰਮਲ ਪੰਥ ਨੂੰ ਗੰਧਲਾ ਹੋਣ ਤੋਂ ਬਚਾਈਏ।

ਖੋਟ ਇਕੱਲਾ ਟਕਸਾਲਾਂ ਵਿਚੋਂ ਨਹੀਂ ਨਿਕਲਦਾ, ਤੇ ਜੇ ਇਹਦਾ ਇਲਾਜ ਨਾ ਕੀਤਾ ਤਾਂ ਇਹਦੀ ਲਾਗ ਮਿਸ਼ਨਰੀ ਕਹਾਉਣ ਵਾਲਿਆਂ ਵੱਲ ਵੀ ਜਾਣੀ ਸ਼ੁਰੂ ਹੋ ਗਈ ਸਮਝੋ। ਇਹ ਬਿਪਰ ਸਿੱਖਾਂ ਨੂੰ ਪੰਥ ਨਾਲੋਂ ਤੋੜ ਕੇ ਸੰਸਥਾਵਾਂ ਵਿਚ ਵੰਡਣ ਦੀ ਤਾਕ ਵਿਚ ਹੈ ਅਤੇ ਇਸ ਵੰਡ ਦਾ ਰਸਤਾ ਗੁਲਾਮੀ ਵੱਲ ਹੀ ਜਾਂਦੈ। ਭੋਰੇ ਨੂੰ ਸਿਮਰਨ ਨਾਲ ਜੋੜਨਾ ਵੀ ਇਹਦੀ ਹੀ ਕੜੀ ਹੈ।

#

# ਮੁੱਦਾ ਸਿੱਖਾਂ ਦੀ ਰਾਜਸੀ ਅਕਾਂਖਿਆ ਦਾ

*(ਪਿਛਲੇ ਸਫੇ ਦੀ ਬਾਕੀ)*

ਦੀ ਗੁਸਤਾਖੀ ਨਾ ਕੀਤੀ ਜਾਵੇ। ਅਜਿਹੀ ਹਿਮਾਕਤ ਕਰਨ ਦੀ ਸੂਰਤ ਵਿਚ ਖੂਨ ਖਰਾਬੇ ਦਾ ਮੁਢ ਬਝੇਗਾ; ਸਮੁੱਚਾ ਸਿੱਖ ਭਾਈਚਾਰਾ ਬਦਜ਼ਨ ਹੋਵੇਗਾ ਅਤੇ ਦੇਸ਼ ਦਾ ਬੇੜਾ ਗਰਕ ਹੋ ਜਾਵੇਗਾ। ਲੇਖ ਵਿਚ ਅਗੇ ਖੁਸ਼ਵੰਤ ਸਿੰਘ ਨੇ ਉਨ੍ਹੀਂ ਦਿਨੀਂ ਸੁਮੀਤ ਸਿੰਘ 'ਪ੍ਰੀਤਲੜੀ' ਅਤੇ ਕਈ ਹੋਰ ਲੋਕਾਂ ਦੀਆਂ ਹੱਤਿਆਵਾਂ ਦੀ ਆਲੋਚਨਾ ਕੀਤੀ ਹੋਈ ਹੈ। ਅਜਮੇਰ ਸਿੰਘ ਦਾ ਫਰਜ਼ ਇਹ ਬਣਦਾ ਹੈ ਕਿ ਉਹ ਬਹੁਗਿਣਤੀ ਸਿੱਖ ਭਾਈਚਾਰੇ ਨੂੰ ਜਚਣਯੋਗ ਤਰੀਕੇ ਨਾਲ ਇਹ ਦਸੇ ਕਿ ਸ਼੍ਰੋਮਣੀ ਅਕਾਲੀ ਦਲ ਦੇ ਸ਼ਾਂਤਮਈ ਧਰਮ ਯੁੱਧ ਮੋਰਚੇ ਦੇ ਨਾਲ ਹੀ ਕੰਪਲੈਕਸ ਵਿਚੋਂ ਹਿੰਸਕ ਕਾਰਵਾਈਆਂ ਨੂੰ ਪ੍ਰੇਰਨਾ ਕਿਵੇਂ ਠੀਕ ਸੀ?

ਅਜਮੇਰ ਸਿੰਘ ਨੂੰ ਪਤਾ ਹੋਵੇਗਾ ਕਿ ਪੂਰੇ ਜੋਸ਼ ਨਾਲ ਕੌਮੀ ਪਹਿਚਾਣ ਦੀ ਰਾਜਨੀਤੀ ਕਰ ਰਹੇ ਐਲ. ਕੇ. ਅਡਵਾਨੀ, ਸਾਧਵੀ ਰਿਤੰਭਰਾ ਅਤੇ ਉਮਾ ਭਾਰਤੀ ਵਰਗੇ ਤੱਤੇ ਰਾਜਨੀਤਕਾਂ ਦੀ ਸਿੱਧੀ ਭੜਕਾਹਟ 'ਤੇ 6 ਦਸੰਬਰ 1992 ਨੂੰ ਬਾਬਰੀ ਮਸਜਿਦ ਢਾਹੀ ਗਈ ਤਾਂ ਅਗਲੇ ਸਾਲ ਅਡਵਾਨੀ ਵਿਰੁਧ ਇਖ਼ਲਾਕੀ ਜੁਰਅਤ ਅਤੇ ਬੇਖੌਫ ਅੰਦਾਜ਼ ਵਿਚ ਗਵਾਹੀ ਉਸ ਦੇ ਸੁਰੱਖਿਆ ਅਮਲੇ ਦੀ ਮੁਖੀ ਵਜੋਂ ਤਾਇਨਾਤ ਨੌਜਵਾਨ ਪੁਲਿਸ ਅਧਿਕਾਰੀ ਬੀਬੀ ਅੰਜੂ ਗੁਪਤਾ ਵਲੋਂ ਦਿਤੀ ਗਈ ਸੀ। ਉਸੇ ਗਵਾਹੀ 'ਤੇ ਉਹ ਅਜੇ ਤਕ 84 ਦੇ ਗੇੜ ਵਿਚ ਫਸੇ ਹੋਏ ਹਨ। ਕੇਵਲ ਇਨਾ ਹੀ ਨਹੀਂ, ਹਰ ਤਰ੍ਹਾਂ ਦੇ ਰਾਜਸੀ ਉਤਾਰ-ਚੜ੍ਹਾਵਾਂ ਤੇ ਦਬਾਵਾਂ ਦੇ ਬਾਵਜੂਦ ਪੂਰੇ 18 ਵਰ੍ਹੇ ਉਹ ਬੀਬੀ ਆਪਣੇ ਅਕੀਦੇ 'ਤੇ ਦ੍ਰਿੜ ਰਹੀ ਅਤੇ ਮਾਰਚ 2010 'ਚ ਆਪਣੀ ਗਵਾਹੀ ਜਦੋਂ ਹੋਰ ਵੀ ਦ੍ਰਿੜਤਾ ਨਾਲ ਦੁਹਰਾ ਦਿਤੀ ਤਾਂ ਇਹ ਕੋਈ ਹੋਰ ਨਹੀਂ ਬਲਕਿ ਖੁਸ਼ਵੰਤ ਸਿੰਘ ਹੀ ਸੀ ਜਿਸ ਨੇ ਅਡਵਾਨੀ ਨਾਲ ਪਰਿਵਾਰਕ ਮਿੱਤਰਤਾ ਦੇ ਬਾਵਜੂਦ ਉਸ ਨਾਮੁਆਫ ਕਰਨ ਯੋਗ ਕਾਰੇ ਲਈ ਅੰਜੂ ਦੀ ਗਵਾਹੀ ਦੇ ਆਧਾਰ 'ਤੇ ਉਸ ਨੂੰ ਗੁੰਡਿਆਂ ਦਾ ਸਰਦਾਰ ਕਿਹਾ ਸੀ ਅਤੇ ਉਸ ਲਈ ਅਤੇ ਦੋਵਾਂ ਸਾਧਵੀਆਂ ਲਈ ਸਖਤ ਸਜਾਵਾਂ ਦੀ ਮੰਗ ਕੀਤੀ ਸੀ। ਇਸ ਪ੍ਰਥਾਏ ਸ. ਅਜਮੇਰ ਸਿੰਘ ਨੂੰ ਬੇਨਤੀ ਹੈ ਕਿ ਉਹ ਰੋਜ਼ਾਨਾ 'ਅਜੀਤ' ਅਖ਼ਬਾਰ ਵਿਚ 10 ਅਪਰੈਲ 2010 ਨੂੰ 'ਨਾ ਕਾਹੂੰ ਸੇ ਦੋਸਤੀ ਨਾ ਕਾਹੂੰ ਸੇ ਵੈਰ' ਹੇਠ ਉਸ ਦਾ "ਇਹੀ ਹੈ ਬਾਬਰੀ ਮਸਜਿਦ ਨੂੰ ਢਾਹੁਣ ਵਾਲਿਆਂ ਨੂੰ ਸਜਾ ਦੇਣ ਦਾ ਢੁਕਵਾਂ ਸਮਾਂ" ਸਿਰਲੇਖ ਹੇਠਲਾ ਉਸਦਾ ਕਾਲਮ ਜ਼ਰੂਰ ਹੀ ਪੜ੍ਹੇ। ਅਜਮੇਰ ਸਿੰਘ ਅਨੇਕਾਂ ਵਾਰ ਸੱਚ ਬੋਲਣ ਦੀ ਕਸਮ ਦਾ ਦਾਅਵਾ ਕਰ ਚੁੱਕਾ ਹੈ। ਇਸ ਕਾਲਮ ਦੀ ਪੜ੍ਹਤ ਉਸ ਨੂੰ ਹੋਰ ਵੀ ਵਧੇਰੇ ਬਲ ਬਖਸ਼ੇਗੀ। ਰਹੀ ਗੱਲ ਕਰਮਜੀਤ ਸਿੰਘ ਦੀ-ਮੇਰੀ ਸੋਝੀ ਅਨੁਸਾਰ ਉਸ ਨੂੰ ਜਸਜੀਤ ਸਿੰਘ ਨੇ ਤਿੰਨ-ਚਾਰ ਬਹੁਤ ਹੀ ਪਤੇ ਦੇ ਸਵਾਲ ਪੁੱਛੇ ਹੋਏ ਹਨ, ਜੋ ਕਿ ਬਿਲਕੁਲ ਵਾਜਬ ਹਨ।

ਕਰਮਜੀਤ ਸਿੰਘ ਵੱਲੋਂ ਅਜਮੇਰ ਸਿੰਘ ਦੇ ਨਵੇਂ ਪੈਂਤੜੇ ਨੂੰ ਬੜੀ ਹੀ ਗੈਰਜ਼ਿੰਮੇਵਾਰੀ ਨਾਲ 'ਪਲਾਇਣ' ਕਿਹਾ ਗਿਆ ਹੈ। ਇਤਿਹਾਸ ਦੀਆਂ 'ਅਦ੍ਰਿਸ਼ਟ ਗਤੀਆਂ' ਦੇ ਰਾਜ਼ਦਾਨ ਹੋਣ ਦਾ ਭਰਮ ਪਾਲਣ ਵਾਲੇ ਕਰਮਜੀਤ ਸਿੰਘ ਕਹਿੰਦੇ ਹਨ ਕਿ ਉਨ੍ਹਾਂ ਨੂੰ ਅਜਮੇਰ ਸਿੰਘ ਵੱਲੋਂ ਅਜਿਹਾ ਕੁੱਝ ਕਰਨ ਬਾਰੇ ਪਹਿਲਾਂ ਹੀ ਪਤਾ ਸੀ। ਜਦੋਂ ਕਿ ਬਰੈਂਪਟਨ ਰਹਿੰਦੇ ਹਜ਼ਾਰਾ ਸਿੰਘ ਨਾਂ ਦੇ ਸੱਜਣ ਨੇ ਨਿਜੀ ਜਾਣਕਾਰੀ ਅਤੇ ਤੱਥਾਂ ਦੇ ਅਧਾਰ 'ਤੇ ਦੱਸਿਆ ਹੈ ਕਿ ਅਜਮੇਰ ਸਿੰਘ ਦੇ ਤਾਂ ਕਈ ਸਾਲ ਪਹਿਲਾਂ ਵੀ ਇਹੀ ਵਿਚਾਰ ਸਨ। ਤੱਥ ਅਤੇ ਮਿੱਥ ਦਾ ਇਹ ਸੰਜੋਗ ਕਾਫੀ ਦਿਲਚਸਪ ਹੈ। ਖੁਦ ਕਰਮਜੀਤ ਸਿੰਘ ਨੇਸ਼ਨ ਸਟੇਟ ਦੇ ਦਸ ਬਾਰਾਂ ਨਾਮ ਗਿਣਾ ਕੇ ਹੀ ਇਹ ਪ੍ਰਭਾਵ ਦਿੰਦੇ ਹਨ ਜਿਵੇਂ ਉਨ੍ਹਾਂ ਨੂੰ ਇਸ ਵਰਤਾਰੇ ਦਾ ਸਟੀਕ ਗਿਆਨ ਹੈ। ਉਨ੍ਹਾਂ ਵਰਗੇ ਸੀਨੀਅਰ ਪੱਤਰਕਾਰ ਅਤੇ ਪੰਥ ਦੀ ਚੜ੍ਹਦੀ ਕਲਾ ਨੂੰ ਸਮਰਪਿਤ ਸੱਜਣ ਵੱਲੋਂ ਇੰਟਰਨੈਟ ਤੋਂ ਪੋਟਿਆਂ ਰਾਹੀਂ ਚੁਗੀ ਜਾਣਕਾਰੀ ਨੂੰ ਗਿਆਨ ਵੱਜੋਂ ਪਰੋਸਣਾ ਜਾਇਜ਼ ਨਹੀਂ।

ਅਜਮੇਰ ਸਿੰਘ ਵੱਲੋਂ ਸਿੱਖਾਂ ਦਾ ਭਾਰਤ ਵਿਚ ਹਿੰਦੂਆਂ ਨਾਲ ਹਮਸਾਇਆਂ ਵਾਂਗ ਰਹਿਣ ਨੂੰ 'ਦੂਜੀ ਗੁਲਾਮੀ' ਮੰਨਣ ਦੇ ਵਿਚਾਰ ਨਾਲ ਖੁਦ ਸਿੱਖ ਸਮਾਜ ਵੀ ਸਹਿਮਤ ਨਹੀਂ ਹੈ। ਕੂਟਨੀਤਿਕ, ਪ੍ਰਬੰਧਕੀ, ਨਿਆਇਕ, ਸੈਨਿਕ ਅਤੇ ਰਾਜਨੀਤਿਕ ਖੇਤਰ ਵਿਚ ਕੋਈ ਵੀ ਅਜਿਹੀ ਪਦਵੀ ਨਹੀਂ ਜਿਸ ਉਪਰ ਸਿੱਖਾਂ ਨੂੰ ਆਪਣੀ ਵਸੋਂ ਦੇ ਅਨੁਪਾਤ ਨਾਲੋਂ ਵੱਧ ਨੁਮਾਇੰਦਗੀ ਨਾ ਮਿਲਦੀ ਰਹੀ ਹੋਵੇ। ਪ੍ਰਧਾਨ ਮੰਤਰੀ, ਸੈਨਾਪਤੀ, ਚੀਫ ਜਸਟਿਸ, ਗਵਰਨਰ, ਅੰਬੈਸਡਰ, ਗੁਪਤ ਏਜੰਸੀਆਂ ਦੇ ਮੁਖੀ, ਯੋਜਨਾ ਬੋਰਡ ਦੇ ਮੁਖੀ ਅਤੇ ਰਿਜ਼ਰਵ ਬੈਂਕ ਦੇ ਗਵਰਨਰ ਵਰਗੇ ਅਹੁਦਿਆਂ ਉਪਰ ਆਪਣੀ ਯੋਗਤਾ ਨਾਲ ਪਹੁੰਚਣ ਵਾਲੇ ਸਿੱਖਾਂ ਨੂੰ ਹਿੰਦੂਆਂ ਦੀਆਂ ਕਠਪੁਤਲੀਆਂ ਕਹਿਣ ਵਾਲੇ ਡਾ. ਸੰਦੀਪ ਸਿੰਘ ਵਰਗੇ ਵਿਦਵਾਨ ਖੁਦ ਪ੍ਰਤਿਭਾਵਾਨ ਸਿੱਖਾਂ ਦਾ ਨਿਰਾਦਰ ਕਰਨ ਦੇ ਦੋਸ਼ੀ ਹਨ। ਅਜਿਹੇ ਸੱਜਣਾਂ ਨੂੰ ਮੁੱਖ ਰੱਖ ਕੇ ਹੀ ਕਮਲਜੀਤ ਸਿੰਘ ਫਰੀਮਾਂਟ ਨੇ ਖਾਲਿਸਤਾਨੀ ਸਰਗਰਮੀਆਂ ਨੂੰ 'ਧੰਦਾ' ਬਣ ਜਾਣਾ ਕਿਹਾ ਹੈ। ਪੰਜਾਬ ਖਾੜਕੂਵਾਦ ਦੇ ਦੌਰ ਦੇ ਦੁੱਖਦਾਈ ਨਤੀਜੇ ਭੁਗਤ ਰਿਹਾ ਹੈ। ਇਸ ਨੂੰ ਹਮਦਰਦੀ ਦੀ ਲੋੜ ਹੈ, ਭੜਕਾਹਟ ਦੀ ਨਹੀਂ।

ਇਸ ਬਹਿਸ ਵਿਚ ਸ. ਹਾਕਮ ਸਿੰਘ ਦੀ ਸ਼ਮੂਲੀਅਤ ਵੀ ਬੜੀ ਮਾਅਨੀਖੇਜ਼ ਹੈ। ਪ੍ਰੰਤੂ ਅਜਮੇਰ ਸਿੰਘ ਦੇ ਪੁਰਾਣੇ ਸਾਥੀ ਗੁਰਬਚਨ ਸਿੰਘ ਦੇ ਕਿੰਤੂ ਵੀ ਵਿਚਾਰਨਯੋਗ ਹਨ। ਉਸ ਦੀ 'ਸੰਤ ਭਿੰਡਰਾਂਵਾਲਾ ਅਤੇ ਖਾਲਿਸਤਾਨੀ ਲਹਿਰ' ਨਾਂ ਵਾਲੀ ਪੁਸਤਕ ਦਾ ਜ਼ਿਕਰ ਵੀ ਇਥੇ ਕੁਥਾਂ ਨਹੀਂ ਹੈ। ਅਜਮੇਰ ਸਿੰਘ ਨੂੰ ਆਪਣੇ ਉਸ ਸਾਥੀ ਦੀ ਇਹ ਕਿਤਾਬ ਵੀ ਜ਼ਰੂਰ ਪੜ੍ਹਨੀ ਚਾਹੀਦੀ ਹੈ। ਉਸ ਦਾ ਅਤੇ ਸਿੱਖ ਕੌਮ, ਜਿਸ ਦਾ ਉਹ ਆਪਣੇ ਆਪ ਨੂੰ ਰਾਹ ਦਸੇਰਾ ਮੰਨਦਾ ਹੈ; ਦੋਵਾਂ ਦਾ ਹੀ ਭਲਾ ਹੋਵੇਗਾ।

ਗੁਰਬਚਨ ਸਿੰਘ ਦੀਆਂ ਇਹ ਗੱਲਾਂ ਸੋਲਾਂ ਆਨੇ ਸੱਚੀਆਂ ਹਨ ਕਿ ਅੱਜ ਦੇ ਸਮੇਂ ਵਿਚ ਵਾਤਾਵਰਨ ਵਿਚ ਖਤਰਨਾਕ ਤਬਦੀਲੀਆਂ ਹੋ ਰਹੀਆਂ ਹਨ। ਜੂਡੀਓ-ਕ੍ਰਿਸਚੀਅਨ ਅਤੇ ਇਸਲਾਮਿਕ ਸੱਭਿਆਤਾਵਾਂ ਵਿਚਕਾਰ ਹਿੰਸਕ ਟਕਰਾਉ ਚੱਲ ਰਿਹਾ ਹੈ। ਦਰਜਨਾਂ ਦੇਸ਼ਾਂ ਕੋਲ ਪਰਮਾਣੂ ਹਥਿਆਰ ਹਨ ਜਿਨ੍ਹਾਂ ਵਿਚੋਂ ਕਈ ਦੇਸ਼ ਗੈਰ-ਜ਼ਿੰਮੇਵਾਰ ਵੀ ਹਨ। ਅਜਿਹੇ ਸਮਿਆਂ ਵਿਚ ਸਿੱਖ ਪੰਥ ਗੁਰਬਾਣੀ ਅਤੇ ਗੁਰੂ ਅਮਲ ਉਪਰ ਅਧਾਰਿਤ ਦਇਆ, ਸਾਂਝੀਵਾਲਤਾ, ਸੇਵਾ, ਸਿਮਰਨ ਅਤੇ ਮਾਨਸ ਕੀ ਜਾਤ ਸਭ ਏਕੋ ਪਹਿਚਾਨਬੋ ਦੇ ਉਪਦੇਸ਼ ਦੀ ਭਾਰੀ ਸਾਰਥਿਕਤਾ ਹੈ। ਸਾਨੂੰ ਬੀਤ ਚੁੱਕੇ ਸਮਿਆਂ ਦੇ ਗਿਲੇ-ਸ਼ਿਕਵਿਆਂ ਨੂੰ ਹਵਾ ਦੇਣ ਦੀ ਥਾਂ ਆਪਣਾ ਸਿੱਖੀ ਸਰੂਪ ਦੁਨੀਆਂ ਅੰਦਰ ਪੂਰੀ ਯੋਗਤਾ ਨਾਲ ਪ੍ਰਗਟ ਕਰਨਾ ਚਾਹੀਦਾ ਹੈ। ਕੁਦਰਤੀ ਆਫਤਾਂ ਅਤੇ ਹੋਰ ਦੁਰਘਟਨਾਵਾਂ ਸਮੇਂ ਸਿੱਖਾਂ ਵੱਲੋਂ ਜੋ ਵੀ ਨਿਸ਼ਕਾਮ ਅਤੇ ਵਿਤਕਰੇ ਰਹਿਤ ਸੇਵਾ ਅਮਰੀਕਾ, ਕੈਨੇਡਾ, ਭਾਰਤ ਅਤੇ ਹੋਰ ਕਿਸੇ ਵੀ ਥਾਂ ਕੀਤੀ ਗਈ ਹੈ ਉਸ ਦੀ ਸੰਸਾਰ ਭਰ ਵਿਚ ਪ੍ਰਸ਼ੰਸਾ ਹੋਈ ਹੈ। ਏਦਾਂ ਹੀ ਸ਼ਰਨਾਰਥੀਆਂ, ਘੱਟ ਗਿਣਤੀਆਂ, ਭਿਆਨਕ ਰੋਗਾਂ ਤੋਂ ਪੀੜਿਤ ਰੋਗੀਆਂ, ਯਤੀਮਾਂ, ਵਿਧਵਾਵਾਂ ਦੀ ਭਿੰਨ ਭੇਦ ਰਹਿਤ ਸੇਵਾ 'ਨਾਨਕ ਨਿਰਮਲ ਪੰਥ' ਅਤੇ ਖਾਲਸੇ ਦੇ ਨਿਆਰੇਪਣ ਦਾ ਸੰਦੇਸ਼ ਅਮਲੀ ਰੂਪ ਵਿਚ 'ਜਗਤ ਜਲੰਦੇ' ਨੂੰ ਜ਼ਰੂਰ ਪ੍ਰਭਾਵਿਤ ਕਰੇਗਾ। ਨਹੀਂ ਤਾਂ ਹਿੰਸਾ ਅਤੇ ਵੱਖਵਾਦ ਦੇ ਰਾਹ 'ਤੇ ਚੱਲ ਕੇ ਇਜ਼ਰਾਈਲ ਜਾਂ ਪਾਕਿਸਤਾਨ ਵਰਗੀ ਕਿਸੇ ਸਿੱਖ ਸਟੇਟ ਦੀ ਸਥਾਪਤੀ ਲਈ ਖੰਡਾ ਖੜਕਾਉਣਾ ਦੁਨੀਆਂ ਦੇ ਵਿਹੜੇ ਵਿਚ 'ਸੇਹ ਦਾ ਤੱਕਲਾ' ਗੱਡਣ ਵਾਂਗ ਘਾਤਕ ਵਰਤਾਰਾ ਹੀ ਸਾਬਤ ਹੋਵੇਗਾ।

ਭਾਵੇਂ ਉਦਾਰ ਜਨਤੰਤਰਿਕ ਵਿਵਸਥਾ ਦਾ ਕਾਰਗਰ ਬਦਲ ਅਜੇ ਤੱਕ ਸਾਹਮਣੇ ਨਹੀਂ ਆ ਸਕਿਆ। ਪ੍ਰੰਤੂ ਇਸ ਵਰਤਾਰੇ ਨੂੰ ਇਤਿਹਾਸ ਦਾ ਅੰਤਮ ਪੜਾਅ ਮੰਨਣ ਵਾਲਾ ਸਿਧਾਂਤ ਵੀ ਖੋਖਲਾ ਸਾਬਤ ਹੋ ਚੁੱਕਾ ਹੈ। ਇਰਾਨੀ, ਇਜ਼ਰਾਇਲੀ, ਪੱਛਮੀ-ਅਮਰੀਕੀ ਜਾਂ ਭਾਰਤੀ ਕੋਈ ਵੀ ਵਿਵਸਥਾ ਸਦੀਵੀ ਨਹੀਂ ਹੈ। ਵੱਡੇ ਤੋਂ ਵੱਡਾ ਸਿਤਾਰਾ ਵੀ ਹਾਦਸਿਆਂ ਦੀ ਜ਼ੱਦ ਤੋਂ ਬਾਹਰ ਨਹੀਂ ਹੁੰਦਾ। ਲੋੜ ਤਾਂ ਸਿੱਖਾਂ ਨੂੰ ਗੁਰੂ ਅਮਲ, ਗੁਰੂ ਉਪਦੇਸ਼ ਅਤੇ ਸਿੱਖ ਇਤਿਹਾਸ ਦੀ 'ਲੰਮੀ ਨਜਰ' 'ਸਰਬ ਚਿੰਤ' 'ਸੱਭੋ ਸਾਂਝੀਵਾਲਤਾ' ਵਾਲੀ ਜੀਵਨ-ਜਾਚ 'ਤੇ ਚੱਲਦਿਆਂ ਅਧਿਆਤਮਕ, ਬੌਧਿਕ ਤੇ ਰਾਜਨੀਤਿਕ ਸੂਝ-ਸਮਰੱਥਾ ਵਿਕਸਿਤ ਕਰਨ ਦੀ ਹੈ ਤਾਂ ਕਿ ਕਿਸੇ ਵੀ ਸੰਭਾਵੀ ਜੁਗ ਗਰਦੀ ਨਾਲ ਜੇਤੂ ਦਸਤਪੰਜਾ ਲੈ ਸਕਣ ਦੀ ਯੋਗਤਾ ਪੰਥ ਕੋਲ ਹੋਵੇ।

# ਸਾਥ ਲੋੜੀਏ ਕੇਹਾ...

## ਜ਼ਿੰਦਗੀ ਦਾ ਨਾਦ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਦੇ ਸ਼ੁਦਾਈ ਵੀ ਹੋਏ ਹਨ। ਡਾ. ਭੰਡਾਲ ਇਸ ਕਾਲਮ ਹੇਠ ਘਰ ਦੀਆਂ ਨਿਆਮਤਾਂ ਦੀ ਵਾਰਤਾ ਸੁਣਾ ਚੁਕੇ ਹਨ ਕਿ ਘਰ ਦਾ ਕੇਂਦਰ ਮਾਂ ਹੁੰਦੀ ਹੈ, ਬੁਢਾਪਾ ਉਹ ਅਵਸਥਾ ਏ ਜਦੋਂ ਜ਼ਿੰਦਗੀ, ਸਰੀਰਕ ਸਮਰੱਥਾ ਤੋਂ ਆਤਮਿਕ ਸੰਤੁਸ਼ਟੀ ਅਤੇ ਸਕੂਨ ਦੇ ਸਫਰ ਦੀ ਹਮਰਾਜ਼ ਬਣਦੀ ਏ। ਧੀਆਂ ਨੂੰ ਬੋਝ ਸਮਝਣ ਵਾਲਿਆਂ ਨੂੰ ਡਾ. ਭੰਡਾਲ ਨੇ ਸਵਾਲ ਕੀਤਾ ਸੀ ਕਿ ਜੇ ਧੀਆਂ ਨਾ ਹੁੰਦੀਆਂ ਤਾਂ ਕੀ ਮਨੁੱਖ ਦੀ ਹੋਂਦ ਸੰਭਵ ਹੁੰਦੀ? ਉਨ੍ਹਾਂ ਪਿੰਡਾਂ ਵਿਚ ਜੰਮੇ-ਪਲੇ ਪਾਠਕਾਂ ਨੂੰ ਪਿੰਡ ਦੀਆਂ ਨਿਆਮਤਾਂ ਚੇਤੇ ਕਰਵਾਈਆਂ ਸਨ ਕਿ ਖੂਹ ਦੇ ਔਲੂ 'ਚ ਕੋਸੇ ਪਾਣੀਆਂ ਵਿਚ ਲਾਈਆਂ ਡੁਬਕੀਆਂ ਦਾ ਕਿਵੇਂ ਘਰਾਂ ਦੀਆਂ ਟੂਟੀਆਂ 'ਚੋਂ ਟਪਕਦੇ ਪਾਣੀ ਸੰਗ ਇਸ਼ਨਾਨ ਦਾ ਮੁਕਾਬਲਾ ਕਰਦਾ ਹੋਵੇਗਾ? ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਆਸ ਦੀ ਗੱਲ ਕਰਦਿਆਂ ਦੱਸਿਆ ਹੈ ਕਿ ਆਸ ਵਿਹੂਣੇ ਮਨੁੱਖ, ਤਿੜਕੀ ਜ਼ਿੰਦਗੀ ਦੇ ਮਨਹੂਸ ਖੰਡਰਾਤ ਹੁੰਦੇ ਨੇ, ਜਿਨ੍ਹਾਂ ਲਈ ਜੀਵਨ, ਸੁੱਕਣੇ ਪਏ ਸਾਹਾਂ ਦੀ ਹਟਕੋਰੇ ਭਰਦੀ ਲੋਅ ਹੁੰਦਾ ਏ। ਹਥਲੇ ਲੇਖ ਵਿਚ ਉਨ੍ਹਾਂ ਜ਼ਿੰਦਗੀ ਦੇ ਸਾਥ ਦੀ ਗੱਲ ਕਰਦਿਆਂ ਨਸੀਹਤ ਦਿੱਤੀ ਹੈ ਕਿ ਸੰਦਲੀ ਰੁੱਤ ਦੀ ਦਹਿਲੀਜ਼ 'ਤੇ ਪੈਰ ਧਰਨ ਵਾਲਿਓ, ਇਸ ਰਿਸ਼ਤੇ 'ਚ ਬੱਝਣ ਵੇਲੇ, ਮਖੌਟੇ ਉਤਾਰ ਦੇਵੋ, ਮਨ ਦੀਆਂ ਕਾਲਖੀ ਪਰਤਾਂ ਨੂੰ ਚਾਨਣ ਸੰਗ ਧੋਵੋ, ਇਕ ਦੂਜੇ ਦੇ ਸਾਹਾਂ ਦੀ ਮਹਿਕ ਦੇ ਸਿਰਨਾਵਾਂ ਬਣੋ, ਇਕ ਦੂਜੇ ਦੇ ਕਦਮਾਂ ਦੀ ਪੈੜ-ਚਾਲ ਨੂੰ ਨਿਹਾਰੋ। -ਸੰਪਾਦਕ*

ਪਿੰਡ ਦੀ ਸੜਕ 'ਤੇ ਕਾਰ ਵਿਚ ਜਾ ਰਿਹਾ ਜੋੜਾ। ਦੋਹਾਂ ਦੇ ਮੁਖੜਿਆਂ 'ਤੇ ਉਕਰੀ ਹੋਈ ਤਲਖੀ। ਕਾਰ ਵਿਚ ਮਾਤਮੀ ਚੁੱਪ ਦਾ ਪਹਿਰਾ। ਇਕ ਦੂਜੇ ਨੂੰ ਘੂਰਦੀਆਂ ਨਜ਼ਰਾਂ। ਮਨਾਂ 'ਚ ਡੂੰਘੀ ਉਤਰ ਚੁੱਕੀ ਨਫਰਤ। ਨੇੜੇ-ਨੇੜੇ ਹੁੰਦਿਆਂ, ਦੂਰੀਆਂ ਦਾ ਫੈਲਿਆ ਰੇਗਿਸਤਾਨ, ਬੋਲਾਂ ਦਾ ਕਬਰਿਸਤਾਨ ਅਤੇ ਉਸ 'ਚੋਂ ਸਹਿਹੋਂਦ ਦੇ ਨਿਸ਼ਾਨ ਭਾਲਦੇ, ਬੁੱਤਾਂ ਵਰਗੇ ਦੋ ਇਨਸਾਨ। ਸਾਹਮਣਿਓਂ ਆ ਰਿਹਾ ਸਾਈਕਲ ਸਵਾਰ। ਸਾਈਕਲ ਚਲਾ ਰਿਹਾ ਘਰਵਾਲਾ ਅਤੇ ਕਾਠੀ ਵਿਹੂਣੇ ਸਾਈਕਲ ਦੇ ਮੂਹਰੇ ਬੈਠੀ ਹੋਈ ਘਰਵਾਲੀ। ਨਿੱਕੇ-ਨਿੱਕੇ ਹਾਸਿਆਂ 'ਚ ਲਪੇਟੀਆਂ ਗੱਲਾਂ ਦਾ ਨਿਰੰਤਰ ਪ੍ਰਵਾਹ, ਆਪਸੀ ਮੋਹ 'ਚ ਭਿੱਜੀਆਂ ਹੋਈਆਂ ਦੋ ਰੂਹਾਂ ਨੂੰ, ਖੁਦ ਦੀ ਵੀ ਨਾ ਪ੍ਰਵਾਹ। ਪਤੀ ਦੇ ਸਾਹਾਂ ਦੇ ਸੇਕ 'ਚ ਪਿਘਲ ਰਹੀ ਪਤਨੀ। ਜ਼ਿੰਦਗੀ ਦੇ ਅਰਥਾਂ ਦੀ ਸੱਚੀ ਸੁੱਚੀ ਇਬਾਦਤ



ਡਾ. ਗੁਰਬਖ਼ਸ਼ ਸਿੰਘ ਭੰਡਾਲ
ਫੋਨ: 216-556-2080

ਕਰਦਾ ਖੂਬਸੂਰਤ ਜੋੜਾ। ਕਾਰ ਦੀ ਸਵਾਰੀ, ਉਨ੍ਹਾਂ ਲਈ ਅਰਥਹੀਣ। ਹੌਲੀ-ਹੌਲੀ ਮੰਜ਼ਿਲ ਵੰਨੀਂ ਵਧ ਰਹੇ ਜੋੜੇ ਲਈ, ਕਾਹਲ ਦੇ ਅਰਥ ਬੇ-ਮਾਅਨੇ। ਸਹਿਜ 'ਚ ਰਹਿੰਦਿਆਂ, ਨਿਰਛਲ ਤੇ ਮਾਸੂਮ ਜਿੰਦਾਂ ਦਾ ਅਨੂਠਾ ਸੰਗਮ। ਜ਼ਿੰਦਗੀ ਦੀ ਤਰਤੀਬਤਾ ਦਾ ਸਿਰਲੇਖ।

ਇਕੱਲਾ ਬੰਦਾ ਕਦੇ ਸੰਪੂਰਨ ਨਹੀਂ ਹੁੰਦਾ। ਜੀਵਨ-ਸਾਥੀ ਹੀ ਜੀਵਨ ਨੂੰ ਸੰਪੂਰਨਤਾ ਬਖਸ਼ਦਾ ਏ। ਇਕੱਲਾ ਪਰਿੰਦਾ ਆਲ੍ਹਣਾ ਪਾਉਣ ਤੋਂ ਝਿਜਕਦਾ ਏ ਜਾਂ ਅਸਮਰਥ ਹੁੰਦਾ ਏ ਅਤੇ ਜੇ ਆਲ੍ਹਣਾ ਪਾ ਵੀ ਲਵੇ ਤਾਂ ਉਸ ਦੀ ਪਹਿਲੀ ਲੋੜ ਹੁੰਦੀ ਹੈ ਕਿ ਕੋਈ ਆ ਕੇ ਆਲ੍ਹਣੇ ਨੂੰ ਘਰ ਦੇ ਅਰਥ ਦੇਵੇ।

'ਕੱਲਾ ਮਨੁੱਖ ਕਿਵੇਂ ਘਰ ਵਸਾਏਗਾ, ਕਿਵੇਂ ਪਰਿਵਾਰ ਸਿਰਜੇਗਾ ਅਤੇ ਕਿਸ ਨੂੰ ਸਮਾਜ ਦਾ ਭਵਿੱਖੀ ਅੰਗ ਬਣਾਏਗਾ? ਭਾਵੇਂ ਇਕ ਮੈਂਬਰੀ ਪਰਿਵਾਰ ਪੱਛਮੀ ਦੇਸ਼ਾਂ 'ਚ ਹੋਂਦ 'ਚ ਆ ਰਹੇ ਨੇ, ਪਰ ਮਾਨਸਿਕ ਭਟਕਣਾ 'ਚ ਗ੍ਰਸੇ ਉਹ ਲੋਕ ਮਾਨਸਿਕ ਸੰਤੁਸ਼ਟੀ ਲਈ ਪੂਰਬ ਵੱਲ ਨੂੰ ਭੱਜ ਰਹੇ ਨੇ। ਪਰਿਵਾਰ ਦਾ ਟੁੱਟਿਆ ਸੰਕਲਪ ਚਿਰ ਸਥਾਈ ਸਮਾਜ ਸਿਰਜਣ ਤੋਂ ਅਸਮਰਥ ਹੁੰਦਾ ਏ। ਜੀਵਨ ਸਾਥੀ ਤੋਂ ਬਗੈਰ ਅਸੀਂ ਅਧੂਰੇ ਹੁੰਦੇ ਹਾਂ, ਸਾਡੀਆਂ ਲੋੜਾਂ ਤੇ ਥੋੜਾਂ ਕੌਣ ਪੂਰੀਆਂ ਕਰੇਗਾ? ਕੌਣ ਸਾਡੇ ਨਾਵੇਂ ਮਾਨਸਿਕ ਸੁੱਖਾਂ ਦਾ ਸੰਸਾਰ ਕਰੇਗਾ? ਕਿਹੜਾ ਸਾਡਾ ਸਰਬਮੁਖੀ ਖਿਆਲ ਕਰੇਗਾ ਅਤੇ ਕੌਣ ਸਾਡੀਆਂ ਸੋਚਾਂ 'ਚ, ਜੀਵਨ ਵਿਚਲੇ ਸਵਰਗ ਦੀ ਅਰਾਧਨਾ ਕਰੇਗਾ?

ਦੋ ਜਿਸਮ, ਇਕ ਰੂਹ ਦੀ ਆਰਤੀ ਉਤਾਰਦੇ ਵਕਤ ਦੇ ਸਫੇ 'ਤੇ ਸੂਹੇ ਹਸਤਾਖਰ ਹੁੰਦੇ ਨੇ ਜਿਸ ਦੇ ਨਿੱਘ 'ਚ ਰਿਸ਼ਤਿਆਂ ਦੀ ਪ੍ਰਫੁੱਲਤਾ ਮੌਲਦੀ ਏ ਅਤੇ ਉਸ ਦੇ ਚਾਨਣ 'ਚ ਮੰਜ਼ਿਲਾਂ ਦੀ ਨਿਸ਼ਾਨਦੇਹੀ ਹੁੰਦੀ ਏ। ਫੁੱਲ ਕਰਕੇ ਹੀ ਭੌਰੇ ਦੀ ਮਾਨਤਾ ਹੁੰਦੀ ਏ। ਫੁੱਲ ਦੀ ਅਣਹੋਂਦ 'ਚ ਭੌਰੇ ਦੀ ਭਟਕਣਾ ਦਾ ਕੋਈ ਅਰਥ ਨਹੀਂ ਹੁੰਦਾ।

ਰੁਜ਼ਗਾਰ ਜਾਂ ਵਧੇਰੇ ਪੈਸਾ ਕਮਾਉਣ ਦੀ ਲਾਲਸਾ ਵਿਚ ਜਦੋਂ ਇਕ ਸਾਥੀ ਦੂਰ ਤੁਰ ਜਾਂਦਾ ਏ ਤਾਂ ਵਿਛੋੜੇ ਦੇ ਸਾਹੀਂ ਜਿਉਂਦੇ ਸਾਥੀ ਦੇ ਸਾਹ ਸਰਾਪੇ ਜਾਂਦੇ ਨੇ। ਸੰਦਲੀ ਰੁੱਤ ਉਦਾਸ ਹੋ ਜਾਂਦੀ ਏ। ਜੀਵਨ ਬਹਾਰਾਂ ਪੱਤਝੜਾਂ ਦਾ ਲਿਬਾਸ ਪਹਿਨਦੀਆਂ ਨੇ। ਬੇਹੀਆਂ ਹੋ ਜਾਂਦੀਆਂ ਨੇ ਮਹਿਕਾਂ। ਸੂਹੇ ਰੰਗਾਂ 'ਤੇ ਪੱਤਝੜਾਂ ਦਾ ਪਹਿਰਾ ਛਾ ਜਾਂਦਾ ਏ। ਨੈਣਾਂ 'ਚ ਉਡੀਕ ਦੇ ਦੀਵੇ ਕਦੇ ਬੁੱਝਦੇ, ਕਦੇ ਜਗਦੇ ਨੇ। ਰਾਤਾਂ ਨੂੰ ਲੰਮਿਆਉਣ ਦੀ ਰੀਝ ਰਾਤ ਦੇ ਜਲਦੀ ਖਤਮ ਹੋਣ ਦੀ ਕਾਮਨਾ 'ਚ ਬਦਲ ਜਾਂਦੀ ਏ। ਇਕਲਾਪਾ ਹਾਸਿਆਂ ਨੂੰ ਨਿਗਲ ਜਾਂਦਾ ਏ ਅਤੇ ਸਮਾਂ ਉਮਰ ਦੀ ਵਹੀ 'ਤੇ ਸਾਲ ਉਲੀਕਦਿਆਂ ਵੀ ਤੁਰਨ ਤੋਂ ਆਕੀ ਹੁੰਦਾ ਏ।

ਬੜਾ ਔਖਾ ਹੁੰਦਾ ਏ ਜੀਵਨ-ਗੱਡੀ ਨੂੰ



ਇਕੱਲਿਆਂ ਹੀ ਤੋਰੀ ਰੱਖਣਾ। ਇਸ ਦੀ ਸੁਚਾਰੂ ਤੇ ਉਸਾਰੂ ਭੂਮਿਕਾ ਲਈ ਯਤਨਸ਼ੀਲ ਰਹਿਣਾ, ਸਾਵੇਂਪਣ ਨੂੰ ਕਾਇਮ ਰੱਖਣਾ, ਤੋਰ ਨੂੰ ਰਵਾਨੀ ਬਖਸ਼ਣੀ ਅਤੇ ਇਸ ਦੀ ਸਦੀਵਤਾ ਲਈ ਸਮਰਪਿਤ ਰਹਿਣਾ।

ਸਾਹਾਂ ਦੇ ਸੰਗੀ ਤੋਂ ਬਗੈਰ ਘਰ ਖਾਣ ਨੂੰ ਆਉਂਦਾ ਏ, ਹਰ ਕਮਰਾ ਤਲੀ 'ਤੇ ਬੇਮੁੱਖਤਾ ਟਿਕਾਉਂਦਾ ਏ, ਹਰ ਵਸਤ ਡਰਾਉਂਦੀ ਏ ਅਤੇ ਕੰਧਾਂ ਦੀ ਚੁੱਪ ਵੱਢ ਵੱਢ ਖਾਂਦੀ ਏ। ਤੁਸੀਂ ਆਪਣੇ ਘਰ 'ਚ ਹੀ ਗਵਾਚ ਜਾਂਦੇ ਹੋ, ਬੇਗਾਨੇ ਹੋ ਜਾਂਦੇ ਹੋ। ਤੁਸੀਂ ਭੁਲਭਲੱਈਆਂ 'ਚ ਉਲਝੇ ਘਰ ਦੀ ਸਮੁੱਚੀ ਤਰਤੀਬ ਨੂੰ ਨਸ਼ਟ ਕਰਦੇ ਬੇਤਰਤੀਬੀ ਦਾ ਖਿਲਾਰਾ ਪਾ ਬਹਿੰਦੇ ਹੋ। ਭਟਕਣਾ ਤੋਂ ਬਗੈਰ ਤੁਹਾਡੇ ਪੱਲੇ ਕੁਝ ਵੀ ਨਹੀਂ ਪੈਂਦਾ।

ਘਰ ਕਬਰਾਂ ਵਰਗੀ ਚੁੱਪ ਹੰਢਾਉਣ ਲਈ ਮਜ਼ਬੂਰ ਹੁੰਦਾ ਏ ਜਦੋਂ ਜੋੜੀ ਵਿਚੋਂ ਇਕ ਦੂਰ ਉਡਾਰੀ ਮਾਰ ਜਾਵੇ ਜਿਥੋਂ ਕਦੀ ਕੋਈ ਪਰਤਦਾ ਨਹੀਂ। ਜੀਵਨ ਦੀ ਬਦਲੀ ਪਰਿਭਾਸ਼ਾ ਅਣਹੋਏ ਵਕਤਾਂ ਦੀ ਮਰਨ ਮਿੱਟੀ ਢੋਣ ਲਈ ਮਜ਼ਬੂਰ ਕਰਦੀ ਏ। ਸਿਰਫ ਮਰਿਆਂ ਨਾਲ ਮਰ ਹੀ ਨਹੀਂ ਹੁੰਦਾ, ਪਰ ਜਿਉਣ ਦਾ ਕੋਈ ਚਾਅ ਨਹੀਂ ਰਹਿੰਦਾ।

ਦੋ ਖੜਕਦੇ ਭਾਂਡੇ ਹੀ ਵਸਦੇ-ਰਸਦੇ ਘਰ ਦੀ ਨਿਸ਼ਾਨਦੇਹੀ ਕਰਦੇ ਨੇ। ਦੋ ਜਿਉਂਦੇ-ਜਾਗਦੇ ਵਿਚਾਰਾਂ ਦਾ ਵਣਜ ਕਰਦੇ ਉਹ ਵਿਅਕਤੀ ਹੁੰਦੇ ਨੇ ਜਿਹੜੇ ਜੀਵਨ ਨੂੰ ਆਪੋ-ਆਪਣੇ ਢੰਗਾਂ ਨਾਲ ਪਰਿਭਾਸ਼ਤ ਕਰਦਿਆਂ ਵੀ, ਦੋ ਜਿਸਮ ਇਕ ਜਾਨ ਹੁੰਦੇ ਨੇ।

ਜ਼ਿੰਦਗੀ ਜਿਉਣ ਦਾ ਅਦਬ ਤਾਂ ਆਪਣਿਆਂ ਨਾਲ ਹੀ ਹੁੰਦਾ ਏ। ਆਪਣਾ ਜੋ ਤੁਹਾਡੀ ਹਰ ਅਣਕਹੀ ਗੱਲ ਦਾ ਹੁੰਗਾਰਾ ਏ, ਤੁਹਾਡੀ ਭਵਿੱਖੀ ਕਾਮਨਾ ਦਾ ਤਾਰਾ ਏ, ਲੜਖੜਾਉਂਦੀ ਤੋਰ ਲਈ ਮੋਢੇ ਦਾ ਸਹਾਰਾ ਏ ਅਤੇ ਜੀਵਨ ਦੇ ਬਿਖੜੇ ਪੈਂਡਿਆਂ ਵਿਚੋਂ ਰਾਹ ਬਣਾਉਂਦਾ ਸਿਦਕੀ ਉਜਿਆਰਾ ਏ।

ਆਪਣੇ ਹੀ ਆਪਣਿਆਂ ਦੀ ਪ੍ਰਾਪਤੀ ਦਾ ਜਸ਼ਨ ਮਨਾਉਂਦੇ ਨੇ। ਆਪਣਿਆਂ ਦੇ ਚਾਵਾਂ ਦਾ ਅਰਗ ਉਤਾਰਦੇ ਨੇ, ਨੈਣਾਂ ਦਿਆਂ ਪਲਕਾਂ 'ਤੇ ਮੋਹ ਦੇ ਦੀਵੇ ਜਗਾਉਂਦੇ ਨੇ ਜਿਸ ਦੀ ਚਾਨਣੀ 'ਚ ਮਨ ਦੇ ਜਜ਼ਬੇ ਪੀਡੀ ਗਲਵੱਕੜੀ ਪਾਉਂਦੇ ਨੇ।

ਜਦੋਂ ਇਕ ਦੀ ਅੱਖ ਨਮ ਹੋਵੇ, ਹਰ ਬੋਲ 'ਤੇ ਖੁਣਿਆ ਗਮ ਹੋਵੇ ਅਤੇ ਉਸ ਗਮ 'ਚ ਡੁੱਬਿਆ ਤੁਹਾਡੇ ਅਜ਼ੀਜ਼ ਦਾ ਮਨ ਹੋਵੇ ਤਾਂ 'ਤੈਨੂੰ ਤਾਪ ਚੜ੍ਹੇ ਮੈਂ ਹੂੰਗਾਂ' ਦੀ ਭਾਵਨਾ ਪੈਦਾ ਕਰਨ ਵਾਲੀਆਂ ਰੂਹਾਂ ਹੀ ਜੀਵਨ-ਸ਼ੈਲੀ ਦਾ ਸਮਰਪਣ ਬਣਦੀਆਂ ਨੇ।

ਬਲਦਾ ਚਿਰਾਗ ਜਦੋਂ ਚੌਗਿਰਦੇ 'ਚ ਰੌਸ਼ਨੀ ਦੀ ਸੱਦ ਲਾਵੇ ਤਾਂ ਉਸ ਦੇ ਮੁਖੜੇ ਤੋਂ ਟਪਕਦੇ ਸਕੂਨ ਨੂੰ ਆਪਣੇ ਮਸਤਕ ਵਿਚ ਜ਼ਰੂਰ ਉਤਾਰਿਓ।

ਜੀ.ਟੀ. ਰੋਡ 'ਤੇ ਬੱਸ ਤੋਂ ਉਤਰ ਪਿੰਡ ਵੰਨੀਂ ਜਾਂਦੀ ਸੜਕ 'ਤੇ ਤੁਰੇ ਜਾਂਦੇ ਮੀਆਂ-ਬੀਵੀ ਤੇ ਦੋ ਕੁ ਸਾਲ ਦਾ ਬੱਚਾ। ਆਰਥਿਕ ਤੰਗੀ ਕਾਰਨ ਰਿਕਸ਼ੇ ਦਾ ਕਿਰਾਇਆ ਦੇਣ ਤੋਂ ਅਸਮਰਥ। ਪੰਜ ਕਿਲੋਮੀਟਰ ਦਾ ਪੈਂਡਾ ਪੈਦਲ ਹੀ ਤੈਅ ਕਰਨ ਦੀ ਮਜ਼ਬੂਰੀ। ਕਦੇ ਬੱਚਾ ਪਿਓ ਦੀ ਕਨ੍ਹੇੜੀ, ਕਦੇ ਮਾਂ ਦੀ ਗੋਦ ਤੇ ਕਦੇ ਮਾਂ-ਪਿਓ ਵਲੋਂ, ਦੋਹਾਂ ਪਾਸਿਆਂ ਤੋਂ ਬਾਹਾਂ ਫੜ ਕੇ ਝੂਟੇ ਦੇਣ ਦੇ ਆਹਰ 'ਚ ਤੁਰਨ ਦਾ ਵਿਸਮਾਦ। ਸਮਾਜਿਕ ਬੇਇਨਸਾਫੀ ਤੇ ਤੰਗੀਆਂ ਤੁਰਸ਼ੀਆਂ ਦੀ ਸ਼ਿਕਨ ਦੋਹਾਂ ਦੇ ਮੁਖੜੇ ਤੋਂ ਗਾਇਬ। ਜ਼ਿੰਦਗੀ ਨੂੰ ਸਾਂਝੇ ਸੰਦਲੀ ਸਾਹਾਂ ਸੰਗ ਜਿਉਣ ਦੀ ਤਮੰਨਾ ਭਾਰੂ ਅਤੇ ਹਾਰ ਨਾ ਮੰਨਦਿਆਂ ਜੀਵਨ ਨੂੰ ਆਪਣੇ ਨਜ਼ਰੀਏ ਤੋਂ ਪਰਿਭਾਸ਼ਤ ਕਰਨ ਦਾ ਸਿਰੜ। ਇਕ ਦੂਜੇ ਦਾ ਹੌਸਲਾ ਤੇ ਸਹਾਰਾ ਬਣਨ ਦੀ ਤਮੰਨਾ, ਜੀਵਨ-ਅਭਿਲਾਸ਼ਾ ਜ਼ਿੰਦਗੀ ਨੂੰ ਇਸ ਰੂਪ 'ਚ ਮਾਣਦਿਆਂ ਉਹ ਬਹੁਤਿਆਂ ਲਈ ਰਸ਼ਕ ਦਾ ਕਾਰਨ। ਜਦੋਂ ਹਰ ਮੁਸ਼ਕਲ ਨੂੰ ਸਾਹਮਣੇ ਹੋ ਕੇ ਟੱਕਰੀਏ ਤਾਂ ਤੁਸੀਂ ਚਾਨਣ ਦੀਆਂ ਰਿਸ਼ਮਾਂ ਦਾ ਵਣਜ ਕਰਦੇ ਹੋ।

ਜਗਦੀ ਜੋਤ ਵਰਗਾ ਜੀਵਨ ਸਾਥੀ ਤੁਹਾਡੀ ਸੋਚ 'ਚ ਸੂਰਜਾਂ ਦਾ ਜਾਗ ਲਾਉਂਦਾ ਏ। ਤੁਹਾਡੀਆਂ ਰਾਹਾਂ ਰੁਸ਼ਨਾਉਂਦਾ ਏ, ਤੁਹਾਡੇ ਮਸਤਕ 'ਚ ਉਚੇਰੇ ਦਿਸਹੱਦਿਆਂ ਦਾ ਸੁਪਨਾ ਟਿਕਾਉਂਦਾ ਏ ਤੇ ਉਸ ਸੁਪਨੇ ਦੀ ਸੰਪੂਰਨਤਾ ਲਈ ਆਪਾ ਵਾਰੂ ਭਾਵਨਾਵਾਂ ਉਪਜਾਉਂਦਾ ਏ। ਸਾਹਾਂ ਵਿਚ ਨਿੱਘ ਅਤੇ ਰਿਸ਼ਤਿਆਂ 'ਚ ਅਪਣੱਤ ਦੀ ਸੱਦ ਲਾਉਂਦਾ ਏ ਤੇ ਜਿਉਣ ਜੋਗਿਆਂ ਵਾਲੀ ਭੂਮਿਕਾ ਨਿਭਾਉਂਦਾ ਏ।

ਆਪਸੀ ਸਾਂਝ ਦੀ ਤੰਦੀ 'ਤੇ ਮੋਹ ਦੀਆਂ ਲੰਮੀਆਂ ਤੰਦਾਂ, ਉਪਰੋਂ ਵਡੇਰੀਆਂ ਆਸਾਂ ਤੇ ਅਸੀਸਾਂ ਦੀ ਆਧਾਰਸ਼ਿਲਾ ਬਣਦੀਆਂ ਵਕਤ ਨੂੰ ਆਪਣੇ ਅਨੁਸਾਰ ਢਾਲਣ ਦੀ ਸਮਰੱਥਾ ਰੱਖਦੀਆਂ ਨੇ। ਇਨ੍ਹਾਂ ਕੱਚੀਆਂ ਤੰਦਾਂ ਦੇ ਆਸਰੇ ਹੀ ਚਿਰ ਸਥਾਈ ਰਿਸ਼ਤਿਆਂ ਦੀਆਂ ਨੀਂਹਾਂ, ਪਰਪੱਕਤਾ ਅਖਤਿਆਰ ਕਰਦੀਆਂ ਨੇ ਅਤੇ ਸਮਾਜ ਦਾ ਅਰੋਗ ਅੰਗ ਬਣਦੀਆਂ ਨੇ

'ਤੰਦ ਤੇਰੀਆਂ ਦੁੱਖਾਂ ਦੀ ਪਾਵਾਂ, ਚਰਖਾ ਮੈਂ ਆਪਣਾ ਕੱਤਾਂ' ਵਰਗੀ ਸੰਵੇਦਨਾ, ਜਦੋਂ ਹਰ ਸਾਹ ਦਾ ਨਸੀਬ ਬਣਦੀ ਏ ਤਾਂ ਜ਼ਿੰਦਗੀ ਦੇ ਅਰਥ ਵੱਟਣਾ ਮੌਲਦੇ ਨੇ। ਜਿਉਣਾ, ਇਕ ਅਭਿਲਾਸ਼ਾ ਬਣਦਾ ਏ ਅਤੇ ਅਸੀਂ ਉਸ ਅਭਿਲਾਸ਼ਾ 'ਚੋਂ ਸੁੱਚੀ ਅਰਾਧਨਾ ਦੀ ਆਰਤੀ ਉਤਾਰਦੇ ਹਾਂ।

ਸਵੇਰ ਦਾ ਵਕਤ। ਸ਼ਹਿਰ ਦੀ ਠੰਡੀ ਸੜਕ 'ਤੇ ਸੈਰ ਕਰ ਰਹੇ ਲੋਕ। ਮਾਨਸਿਕ ਤੇ ਸਰੀਰਕ ਤੰਦਰੁਸਤੀ ਦੀ ਫਿਕਰਮੰਦੀ 'ਚੋਂ ਉਪਜੀ ਸਵੇਰ ਦੀ ਸੈਰ। ਪੰਛੀਆਂ ਦਾ ਚਹਿਚਹਾਉਣਾ, ਖੁਸ਼ਗਵਾਰ ਦਿਨ ਦੀ ਸ਼ੁਰੂਆਤ ਦਾ ਸੁਨੇਹਾ। ਸੜਕ ਕਿਨਾਰੇ ਬੈਂਚ 'ਤੇ ਬੈਠਾ ਇਕ ਬਜ਼ੁਰਗ ਜੋੜਾ। ਮੁਖੜਿਆਂ 'ਤੇ ਪੁਰ-ਸਕੂਨ ਅਹਿਸਾਸ ਭਾਰੂ। ਜੀਵਨ ਦੀ ਸੰਪੂਰਨਤਾ ਦਾ ਜਲੌਅ ਸਰੀਰਕ ਤੰਦਰੁਸਤੀ ਤੇ ਮਾਨਸਿਕ ਸੋਚ ਵਿਚ ਝਲਕਦਾ। ਇਕ ਦੂਜੇ ਦੇ ਲਈ ਜਿਉਣ ਦਾ ਪ੍ਰਤੱਖ ਮੁਜੱਸਮਾ। ਜੀਵਨ ਦੀ ਉਤਰੀ ਸ਼ਾਮ 'ਚ ਇਕ ਦੂਜੇ ਉਪਰ ਵਧੀ ਨਿਰਭਰਤਾ ਤੇ ਆਸਥਾ 'ਚੋਂ ਉਪਜਿਆ ਇਲਾਹੀ ਵਿਸਮਾਦ। ਜਦੋਂ ਬੱਚੇ ਵੱਡੇ ਹੋ ਕੇ ਆਪੋ-ਆਪਣੇ ਆਲ੍ਹਣਿਆਂ ਵੰਨੀਂ ਉਡਾਣ ਭਰਦੇ ਨੇ ਤਾਂ ਜੀਵਨ ਦਾ ਸਮੁੱਚਾ ਲੇਖਾ-ਜੋਖਾ ਕਰਦਿਆਂ, ਆਪਣਿਆਂ ਸੰਗ ਹੀ ਜੀਵਨ ਦੀਆਂ ਮਿੱਠੀਆਂ ਤੇ ਕੁਸੈਲੀਆਂ ਯਾਦਾਂ ਦਾ ਇਤਿਹਾਸ ਫਰੋਲਿਆ ਜਾ ਸਕਦਾ ਏ, ਨਿੱਘੇ ਤੇ ਠਰੇ ਹੋਏ ਪਲਾਂ ਨੂੰ ਚਿਤਰਿਆ ਜਾ ਸਕਦਾ ਏ। ਹੁਸੀਨ ਤੇ ਉਦਾਸ ਵਕਤ ਦੀ ਨਿਸ਼ਾਨਦੇਹੀ ਕਰਨ ਲਈ ਮਨ ਦੇ ਘੋੜੇ ਦੀਆਂ ਲਗਾਮਾਂ ਪਿੱਛਲਖੁਰੀ ਮੋੜਨੀਆਂ ਪੈਂਦੀਆਂ ਨੇ। ਜੀਵਨ 'ਚ ਆਈਆਂ ਔਕੜਾਂ ਅਤੇ ਉਨ੍ਹਾਂ ਲਈ ਕੀਤੀ ਜਦੋ-ਜਹਿਦ ਦਾ ਸਮੁੱਚਾ ਚਿਤਰਣ ਕੀਤਾ ਜਾ ਸਕਦਾ ਏ। ਹੱਥਾਂ 'ਤੇ ਖੁਣੀਆਂ ਨਰਮ-ਰੇਖਾਵਾਂ ਦੀ ਤਫਸੀਲ ਨੂੰ ਪੜ੍ਹਿਆ ਜਾ ਸਕਦਾ ਏ। ਆਪਣਿਆਂ ਦੇ ਸਾਥ 'ਚ ਜੀਵਨ ਦੀ ਸਾਰਥਿਕਤਾ ਨੂੰ ਸੂਹੇ ਫੁੱਲ ਲੱਗਦੇ ਨੇ। ਕੇਸਰ ਕਿਆਰੀ ਮੌਲਦੀ ਏ ਅਤੇ ਫਿਜ਼ਾ ਵੀ ਧੰਨ-ਭਾਗੀ ਹੋਣ ਦਾ ਵਰ ਮਾਣਦੀ ਏ।

ਵਕਤ ਬਦਲਦਾ ਏ ਤਾਂ ਬਦਲਦੀਆਂ ਨੇ ਸਾਂਝਾਂ, ਤਬਦੀਲ ਹੁੰਦੇ ਨੇ ਨਿਜੀ ਮੁਫਾਦ ਅਤੇ ਸਥਾਪਤ ਦੋਸਤੀਆਂ; ਤਿੜਕ ਜਾਂਦੇ ਨੇ ਵਿਸ਼ਵਾਸ, ਬਿਆਸ ਹੋ ਜਾਂਦੀ ਏ ਆਸ, ਠਰ ਜਾਂਦਾ ਏ ਰਿਸ਼ਤਿਆਂ ਦਾ ਨਿੱਘ, ਦਫਨ ਹੋ ਜਾਂਦਾ ਏ ਮਿੱਤਰਾਂ ਦਾ ਮਾਣ, ਆਂਦਰਾਂ ਵੀ ਹੋ ਜਾਂਦੀਆਂ ਨੇ ਬੇਵਫਾ, ਆਲ੍ਹਣੇ ਦੇ ਤੀਲੇ ਵੀ ਹਵਾ ਹੋ ਜਾਂਦੇ ਨੇ, ਪਰ ਜੀਵਨ ਸਾਥੀ ਦਾ ਰਿਸ਼ਤਾ ਸਦੀਵ ਏ। ਇਸ ਦੇ ਰੰਗ ਸਮੇਂ ਦੀਆਂ ਤਲਖ ਧੁੱਪਾਂ ਨਾਲ ਫਿੱਕੇ ਨਹੀਂ ਪੈਂਦੇ, ਸਗੋਂ ਗੂੜ੍ਹੇ ਹੋ ਜਾਂਦੇ ਨੇ। ਇਸ ਵਿਚਲੀ ਮਜੀਠੀ ਰੰਗਤ, ਇਸ਼ਕ-ਹਕੀਕੀ ਦਾ ਰੂਪ ਧਾਰ ਇਲਾਹੀ ਮਰਤਬੇ ਦਾ ਮਾਣ ਬਣਦੀ ਏ।

ਕਦੇ ਕਦੇ ਬਜ਼ੁਰਗ ਨੂੰ ਬੋਤੇ 'ਤੇ ਲਿਆਂਦੇ ਮੁਕਲਾਵੇ ਬਾਰੇ ਪੁੱਛਿਓ। ਘੋੜੀ 'ਤੇ ਆਪਣੀ ਘਰਵਾਲੀ ਨਾਲ ਸਹੁਰੇ ਜਾਣ ਦਾ ਹਾਲ ਜਾਣਿਓ, ਤੁਰ ਕੇ ਮੇਲੇ ਜਾਂ ਮੱਸਿਆ ਜਾਣ ਦੀ ਰੌਚਕ ਵਿਥਿਆ ਜ਼ਰੂਰ ਸੁਣਿਓ। ਤੁਹਾਨੂੰ ਜਦੋਂ ਮੋਹ, ਅਪਣੱਤ ਤੇ ਸਾਹੀਂ-ਸਾਂਝ ਦੀ ਸੰਵੇਦਨਾ ਦੇ ਦਰਸ਼ਨ ਹੋਣਗੇ ਤਾਂ ਤੁਸੀਂ ਉਨ੍ਹਾਂ ਪਲਾਂ ਨੂੰ ਜ਼ਰੂਰ ਨਮਸਕਾਰੋਗੇ।

ਸੰਦਲੀ ਰੁੱਤ ਦੀ ਦਹਿਲੀਜ਼ 'ਤੇ ਪੈਰ ਧਰਨ ਵਾਲਿਓ, ਇਸ ਰਿਸ਼ਤੇ 'ਚ ਬੱਝਣ ਵੇਲੇ, ਮਖੌਟੇ ਉਤਾਰ ਦੇਵੋ, ਮਨ ਦੀਆਂ ਕਾਲਖੀ ਪਰਤਾਂ ਨੂੰ ਚਾਨਣ ਸੰਗ ਧੋਵੋ, ਇਕ ਦੂਜੇ ਦੇ ਸਾਹਾਂ ਦੀ ਮਹਿਕ ਦਾ ਸਿਰਨਾਵਾਂ ਬਣੋ, ਇਕ ਦੂਜੇ ਦੇ ਕਦਮਾਂ ਦੀ ਪੈੜ-ਚਾਲ ਨੂੰ ਨਿਹਾਰੋ। ਮਾਨਵੀ ਕਦਰਾਂ-ਕੀਮਤਾਂ ਦੀ ਧਰਤ 'ਤੇ ਉਸਰੀਆਂ ਸਾਂਝਾਂ ਅਤੇ ਪ੍ਰਵਾਨ ਚੜ੍ਹੇ ਰਿਸ਼ਤੇ ਹੀ, ਚੰਗੇ ਵਕਤਾਂ ਦੇ ਤਰਜਮਾਨ ਬਣਦੇ ਨੇ। ਅਜਿਹੇ ਰਿਸ਼ਤਿਆਂ ਦੇ ਵਿਹੜੇ ਹੀ ਜੀਵਨ ਮੌਲਦਾ ਏ, ਮਨ ਉਚੇਰੀਆਂ ਉਡਾਣਾਂ ਭਰਦਿਆਂ ਗਗਨ-ਚੁੰਭੀਆਂ ਲਾਉਂਦਾ ਏ ਅਤੇ ਵਕਤ ਦੀ ਤਲੀ 'ਤੇ ਸ਼ੁਭ-ਸ਼ਗਨਾਂ ਦਾ ਨਿਉਂਦਾ ਧਰਦਾ ਏ। ਸਮਾਂ ਤਾਂ ਹਾਣ ਭਾਲਦਾ ਏ, ਇਕ ਦੂਜੇ ਦੇ ਦੀਦਿਆਂ ਦੀ ਇਬਾਦਤ ਪੜ੍ਹਦੇ ਦੋ ਅੰਬਰੀ ਪਰਿੰਦਿਆਂ ਦਾ, ਜਿਨ੍ਹਾਂ ਦੀ ਸੋਚ 'ਤੇ ਦੋ ਜਿੰਦ ਇਕ ਜਾਨ ਦਾ ਸੰਕਲਪ ਉਕਰਿਆ ਹੋਵੇ। ਸਮੇਂ ਨੂੰ ਨਿਰਾਸ਼ ਨਾ ਕਰਿਓ ਕਿਉਂਕਿ ਸਮਾਂ, ਸਾਂਝੇ ਸੰਦਲੀ ਸਾਹਾਂ ਦੀ ਸਰਗਮ

*ਜੀ.ਟੀ. ਰੋਡ 'ਤੇ ਬੱਸ ਤੋਂ ਉਤਰ ਪਿੰਡ ਵੰਨੀਂ ਜਾਂਦੀ ਸੜਕ 'ਤੇ ਤੁਰੇ ਜਾਂਦੇ ਮੀਆਂ-ਬੀਵੀ ਤੇ ਦੋ ਕੁ ਸਾਲ ਦਾ ਬੱਚਾ। ਆਰਥਿਕ ਤੰਗੀ ਕਾਰਨ ਰਿਕਸ਼ੇ ਦਾ ਕਿਰਾਇਆ ਦੇਣ ਤੋਂ ਅਸਮਰਥ। ਪੰਜ ਕਿਲੋਮੀਟਰ ਦਾ ਪੈਂਡਾ ਪੈਦਲ ਹੀ ਤੈਅ ਕਰਨ ਦੀ ਮਜ਼ਬੂਰੀ। ਕਦੇ ਬੱਚਾ ਪਿਓ ਦੀ ਕਨ੍ਹੇੜੀ, ਕਦੇ ਮਾਂ ਦੀ ਗੋਦ ਤੇ ਕਦੇ ਮਾਂ-ਪਿਓ ਵਲੋਂ, ਦੋਹਾਂ ਪਾਸਿਆਂ ਤੋਂ ਬਾਹਾਂ ਫੜ ਕੇ ਝੂਟੇ ਦੇਣ ਦੇ ਆਹਰ 'ਚ ਤੁਰਨ ਦਾ ਵਿਸਮਾਦ। ਸਮਾਜਿਕ ਬੇਇਨਸਾਫੀ ਤੇ ਤੰਗੀਆਂ ਤੁਰਸ਼ੀਆਂ ਦੀ ਸ਼ਿਕਨ ਦੋਹਾਂ ਦੇ ਮੁਖੜੇ ਤੋਂ ਗਾਇਬ। ਜ਼ਿੰਦਗੀ ਨੂੰ ਸਾਂਝੇ ਸੰਦਲੀ ਸਾਹਾਂ ਸੰਗ ਜਿਉਣ ਦੀ ਤਮੰਨਾ ਭਾਰੂ ਅਤੇ ਹਾਰ ਨਾ ਮੰਨਦਿਆਂ ਜੀਵਨ ਨੂੰ ਆਪਣੇ ਨਜ਼ਰੀਏ ਤੋਂ ਪਰਿਭਾਸ਼ਤ ਕਰਨ ਦਾ ਸਿਰੜ। ਇਕ ਦੂਜੇ ਦਾ ਹੌਸਲਾ ਤੇ ਸਹਾਰਾ ਬਣਨ ਦੀ ਤਮੰਨਾ, ਜੀਵਨ-ਅਭਿਲਾਸ਼ਾ ਜ਼ਿੰਦਗੀ ਨੂੰ ਇਸ ਰੂਪ 'ਚ ਮਾਣਦਿਆਂ ਉਹ ਬਹੁਤਿਆਂ ਲਈ ਰਸ਼ਕ ਦਾ ਕਾਰਨ।*



# ਦੁਕਾਨਦਾਰ

**ਕਹਾਣੀ**

***ਕੈਨੇਡਾ ਵਸਦੇ ਲਿਖਾਰੀ ਸਾਧੂ ਬਿਨਿੰਗ ਦੀ ਇਹ ਕਹਾਣੀ 'ਦੁਕਾਨਦਾਰ' ਮਸ਼ੀਨ ਹੋ ਗਏ ਮਨੁੱਖ ਦੀ ਬਾਤ ਪਾਉਂਦੀ ਹੈ। ਇਸ ਬਾਤ ਵਿਚ ਪਲ ਪਲ ਭੁਰ-ਜੁੜ ਰਿਹਾ ਮਨੁੱਖ ਨੁਮਾਇਆ ਰੂਪ ਵਿਚ ਪੇਸ਼ ਹੋਇਆ ਹੈ। ਇਸ ਪੇਸ਼ਕਾਰੀ ਵਿਚ ਮਨੁੱਖ ਦੀ ਫਿਤਰਤ ਵੀ ਖੂਬ ਉਘੜ ਕੇ ਸਾਹਮਣੇ ਆਈ ਹੈ। ਲਿਖਾਰੀ ਨੇ ਬਹੁਤ ਸਹਿਜ ਅਤੇ ਸਾਧਾਰਨ ਢੰਗ ਨਾਲ ਅਸਾਧਾਰਨ ਸੁਨੇਹਾ ਇਸ ਕਹਾਣੀ ਰਾਹੀਂ ਦਿੱਤਾ ਹੈ। -ਸੰਪਾਦਕ***



**ਸਾਧੂ ਬਿਨਿੰਗ, ਕੈਨੇਡਾ**

ਉਹਦੀਆਂ ਅੱਖਾਂ ਉਨੀਂਦਰੇ ਕਰ ਕੇ ਲਾਲ ਸਨ। ਉਹ ਬਹੁਤ ਥੱਕਿਆ ਹੋਇਆ ਨਜ਼ਰ ਆ ਰਿਹਾ ਸੀ। ਸਟੋਰ ਖੋਲ੍ਹ ਕੇ ਉਹਨੇ ਇਧਰ ਉਧਰ ਨਿਰਾਸ਼ ਜਿਹੀ ਨਜ਼ਰ ਦੌੜਾਈ। ਹਥਲਾ ਸਾਮਾਨ ਰੱਖ ਕੇ ਬੱਤੀਆਂ ਜਗਾਈਆਂ। ਗੁਰੂ ਨਾਨਕ ਦੇਵ ਦੀ ਵੱਡੀ ਤਸਵੀਰ ਅੱਗੇ ਸਿਰ ਨਿਵ ਕੇ ਮੱਥਾ ਟੇਕਿਆ, ਤੇ ਨਾਲ ਹੀ ਰਾਮ ਚੰਦਰ ਤੇ ਸੀਤਾ ਵਾਲੇ ਕਲੰਡਰ ਵੱਲ ਦੂਰੋਂ ਹੀ ਸਿਰ ਨਿਵਾਉਣ ਦਾ ਇਸ਼ਾਰਾ ਜਿਹਾ ਕੀਤਾ। ਕੋਲ ਲਿਆਂਦੇ ਝੋਲੇ ਵਿਚੋਂ ਭਾਨ ਦੀਆਂ ਦੋ ਤਿੰਨ ਗੁੱਛੀਆਂ ਉਹਨੇ ਕੈਸ਼ ਰਜਿਸਟਰ ਵਿਚ ਰੱਖੀਆਂ। ਰੰਗ ਬਰੰਗੇ ਖੰਭਾਂ ਦਾ ਬੁਰਸ਼ ਲੈ ਕੇ ਹੌਲੀ ਹੌਲੀ ਸਫਾਈ ਕਰਨ ਲੱਗ ਪਿਆ।

ਉਹਦੀ ਇਹ ਸਟੋਰ ਪਿੱਛੇ ਜਿਹੇ ਕਾਫੀ ਚੱਲ ਨਿਕਲੀ ਸੀ। ਕੰਮ ਤੁਰਿਆ ਦੇਖ ਕੇ ਸਟੋਰ ਨੂੰ ਵਧਾ ਲਿਆ। ਸਟੋਰ ਦੇ ਨਾਲ ਲਗਦੀ ਥਾਂ ਵੀ ਕਿਰਾਏ 'ਤੇ ਲੈ ਲਈ। ਆਟਾ, ਦਾਲਾਂ, ਆਚਾਰ, ਮਿਰਚ-ਮਸਾਲਾ, ਹਿੰਦੀ ਪੰਜਾਬੀ ਦੇ ਰੀਕਾਰਡ, ਕਿਤਾਬਾਂ ਤੇ ਰਸਾਲੇ ਆਦਿ ਪਹਿਲਾਂ ਨਾਲੋਂ ਵੱਡੀ ਮਾਤਰਾ ਵਿਚ ਰੱਖਣੇ ਸ਼ੁਰੂ ਕਰ ਦਿੱਤੇ। ਕੁਝ ਦੇਰ ਸਟੋਰ ਖੂਬ ਚੱਲੀ ਤੇ ਉਹਨੇ ਆਪਣੀ ਨੌਕਰੀ ਛੱਡਣ ਬਾਰੇ ਵੀ ਸੋਚਿਆ, ਪਰ ਫੇਰ ਜ਼ਰਾ ਹੋਰ 'ਪੱਕੇ ਪੈਰੀਂ' ਹੋਣ ਦੇ ਖਿਆਲ ਨਾਲ ਉਹਨੇ ਨੌਕਰੀ ਨਾ ਛੱਡੀ। ਨੌਕਰੀ ਉਹਨੂੰ ਸੋਹਣੀ ਮਿਲੀ ਹੋਈ ਸੀ। ਪੱਕਾ ਰਾਤ ਦਾ ਤੇ ਹਲਕਾ ਕੰਮ। ਰਾਤ ਨੂੰ ਨੌਕਰੀ ਤੇ ਦਿਨੇ ਸਟੋਰ। ਸਟੋਰ ਵਿਚ ਬਾਹਲਾ ਸਮਾਂ ਤਾਂ ਉਹਦੇ ਘਰ ਵਾਲੀ ਸੈਂਡੀ - ਸੁਰਿੰਦਰ ਕੌਰ - ਹੀ ਰਹਿੰਦੀ ਸੀ। ਤੇ ਆਪ ਉਹ ਹੋਰ ਉਪਰਲੇ ਕੰਮ ਕਰਦਾ। ਕਦੀ ਕਿਤਿਓਂ ਸਮਾਨ ਖਰੀਦ ਕੇ ਲਿਆਉਂਦਾ, ਕਦੀ ਪੈਸੇ ਦੇ ਹਿਸਾਬ ਕਿਤਾਬ ਦੇ ਚੱਕਰ 'ਚ ਭੱਜਾ ਫਿਰਦਾ। ਦੁਪਹਿਰੋਂ ਬਾਅਦ ਘਰ ਜਾ ਕੇ ਸੌਂ ਜਾਂਦਾ। ਇਸ ਤਰ੍ਹਾਂ ਉਨ੍ਹਾਂ ਦਾ ਵਾਹਵਾ ਕੰਮ ਤੁਰਿਆ ਜਾਂਦਾ ਸੀ।

ਪਰ ਹੁਣ ਜਦੋਂ ਦੀਆਂ ਇਸੇ ਇਲਾਕੇ ਵਿਚ ਦੋ ਹੋਰ ਸਟੋਰਾਂ ਆਪਣੇ ਹੀ ਬੰਦਿਆ ਨੇ ਖੋਲ੍ਹ ਲਈਆਂ ਤਾਂ ਉਨ੍ਹਾਂ ਦਾ ਕੰਮ ਬਹੁਤ ਮੱਠਾ ਪੈ ਗਿਆ। ਉਹਨੇ ਬੁਰਸ਼ ਮਾਰਦੇ ਨੇ ਦੇਖਿਆ, ਕਈ ਥਾਈਂ ਕਿੰਨੀ ਕਿੰਨੀ ਮਿੱਟੀ ਚੜ੍ਹੀ ਪਈ ਸੀ। ਕਈਆਂ ਸ਼ੈਲਫਾਂ ਤੋਂ ਕੋਈ ਵੀ ਡੱਬਾ ਕਈ ਦਿਨਾਂ ਦਾ ਨਹੀਂ ਸੀ ਵਿਕਿਆ। ਤਾਜ਼ੀਆਂ ਸਬਜ਼ੀਆਂ ਤਾਂ ਹੁਣ ਉਨ੍ਹਾਂ ਨੇ ਰੱਖਣੀਆਂ ਹੀ ਛੱਡ ਦਿੱਤੀਆਂ ਸਨ। ਅੱਜ ਕੱਲ੍ਹ ਉਹ ਦੋਵੇਂ ਤੀਵੀਂ ਆਦਮੀ ਕਾਫੀ ਖਿਝੇ ਖਿਝੇ ਰਹਿੰਦੇ। ਦਿਹਾੜੀ ਵਿਚ ਜਿਹੜਾ ਥੋੜ੍ਹਾ ਜਿਹਾ ਸਮਾਂ ਉਹ ਸਟੋਰ ਵਿਚ ਇਕੱਠੇ ਹੁੰਦੇ, ਉਹਦੇ ਵਿਚ ਵੀ ਇਕ ਦੂਜੇ ਨੂੰ ਨਿੱਕੀ ਨਿੱਕੀ ਗੱਲੇ ਝਈਆਂ ਲੈ ਕੇ ਪੈਂਦੇ। ਬੇਦਿਲੀ ਜਿਹੀ ਨਾਲ ਬੁਰਸ਼ ਮਾਰਦਾ ਉਹ ਕਾਊਂਟਰ ਵਲ ਆ ਗਿਆ ਤੇ ਕੁਝ ਦੇਰ ਬਾਹਰਲੇ ਬੂਹੇ ਵਲ ਨਿਗਾਹ ਟਿਕਾ ਕੇ ਖੜ੍ਹਾ ਰਿਹਾ। ਗਾਹਕ ਤਾਂ ਇੰਨੀ ਸਵੇਰੇ ਅੱਗੇ ਵੀ ਕੋਈ ਘੱਟ ਹੀ ਅਉਂਦਾ ਸੀ, ਫੇਰ ਵੀ ਉਹ ਆਸ ਜਿਹੀ ਨਾਲ ਦਰਵਾਜ਼ੇ ਵਲ ਦੇਖ ਰਿਹਾ ਸੀ।

ਕੁਝ ਦੇਰ ਖੜ੍ਹਾ ਰਹਿਣ ਪਿੱਛੋਂ ਉਹ ਕਾਊਂਟਰ ਪਿੱਛੇ ਪਏ ਸਟੂਲ 'ਤੇ ਬੈਠ ਗਿਆ। ਸਟੋਰ ਅੰਦਰ ਚੁੱਪ ਛਾਈ ਹੋਈ ਸੀ। ਕਦੀ ਕਦੀ ਵੱਡੇ ਫਰਿੱਜ ਦੇ ਘੜੱਕ ਦੇਣੀ ਚਲਣ ਦੀ ਆਵਾਜ਼ ਆਉਂਦੀ ਤੇ ਫੇਰ ਉਹ ਫਰਿੱਜ ਵੀ ਦੂਜੀਆਂ ਵਾਂਗ ਹੀ ਲਗਾਤਾਰ ਬਰੀਕ ਜਿਹੀ ਸਾਂ ਸਾਂ ਕਰਨ ਲੱਗ ਪੈਂਦੀ, ਪਰ ਉਹਦੇ ਆਪਣੇ ਅੰਦਰ ਏਨੀ ਚੁੱਪ ਨਹੀਂ ਸੀ। ਬਾਹਰ ਸੜਕ 'ਤੇ ਲੰਘਦੀਆਂ ਤੇਜ਼ ਕਾਰਾਂ ਵਲ ਦੇਖਦਾ ਉਹ ਉਨ੍ਹਾਂ ਜਿੰਨਾ ਹੀ ਤੇਜ਼ ਸੋਚ ਰਿਹਾ ਸੀ। ਸਟੋਰ ਨੂੰ ਦੁਬਾਰਾ ਕਾਮਯਾਬ ਬਣਾਉਣ ਬਾਰੇ ਉਹ ਸਕੀਮਾਂ ਬਣਾ ਰਿਹਾ ਸੀ, ਪਰ ਉਹਨੂੰ ਸਮਝ ਨਹੀਂ ਸੀ ਆ ਰਹੀ ਕਿ ਕੀ ਕੀਤਾ ਜਾਵੇ। ਆਪਣੀ ਵਲੋਂ ਉਹ ਪੂਰੀ ਕੋਸ਼ਿਸ਼ ਕਰ ਰਹੇ ਸਨ। ਕਮਿਊਨਿਟੀ 'ਚੋਂ ਨਿਕਲਦੇ ਹਰ ਅਖਬਾਰ ਵਿਚ ਤੇ ਰੇਡੀਓ ਉਤੇ ਉਹਨੇ ਇਸ਼ਤਿਹਾਰ ਦੇ ਰੱਖੇ ਸਨ, ਫੇਰ ਵੀ ਪਤਾ ਨਹੀਂ ਕਿਉਂ, ਉਨ੍ਹਾਂ ਦੀ ਗਾਹਕੀ ਇੰਨੀ ਘੱਟ ਗਈ ਸੀ।

ਇਕ ਸੋਚ ਜਿਹੜੀ ਘੜੀ ਮੁੜੀ ਉਹਦੇ ਦਿਮਾਗ ਵਿਚ ਸਮੁੰਦਰ ਦੀ ਵੱਡੀ ਛੱਲ ਵਾਂਗ ਟੱਕਰ ਮਾਰਦੀ, ਉਹਨੂੰ ਉਹ ਬਿਲਕੁਲ ਹੀ ਵਿਚਾਰਨ ਤੋਂ ਨਾਂਹ ਕਰ ਰਿਹਾ ਸੀ। ਉਹਦੇ ਤਜਰਬੇ ਨੇ ਇਕ ਗੱਲ ਪੂਰੀ ਤਰ੍ਹਾਂ ਸਾਬਤ ਕਰ ਦਿੱਤੀ ਸੀ ਕਿ ਕਿਸੇ ਵੀ ਤਰ੍ਹਾਂ ਦਾ ਕੰਮ ਚਲਾਉਣ ਲਈ ਸਭ ਤੋਂ ਵਧੀਆ ਤਰੀਕਾ ਸੀ: ਬੰਦਾ ਲੋਕਾਂ ਦੀਆਂ ਨਜ਼ਰਾਂ 'ਚ ਆਮ ਆਉਂਦਾ ਹੋਵੇ; ਕਮਿਊਨਿਟੀ ਦੇ ਸਾਂਝੇ ਕੰਮਾਂ ਵਿਚ, ਗੁਰਦੁਆਰਿਆਂ ਵਿਚ ਉਹਦਾ ਨਾਂ ਵਾਰ ਵਾਰ ਆਉਂਦਾ ਹੋਵੇ; ਬੰਦਾ ਕਿਸੇ ਸਭਾ ਦਾ ਪ੍ਰਧਾਨ, ਕਿਸੇ ਦਾ ਸੈਕਟਰੀ ਤੇ ਜਿੰਨੀਆਂ ਵੀ ਵੱਧ ਤੋਂ ਵੱਧ ਸਭਾਵਾਂ ਦਾ ਮੈਂਬਰ ਹੋਵੇ, ਵਧੀਆ ਹੈ। ਇਸ ਤਰ੍ਹਾਂ ਵੱਧ ਤੋਂ ਵੱਧ ਲੋਕਾਂ ਨਾਲ ਮਿਲਣ ਦੇ ਮੌਕੇ ਹੱਥ ਲੱਗਦੇ ਰਹਿੰਦੇ ਹਨ ਅਤੇ ਫੇਰ ਮੂੰਹ ਮੱਥੇ ਲੱਗਦੇ ਸਾਰੇ ਬੰਦੇ ਹੀ ਸਟੋਰ 'ਚ ਆਉਂਦੇ ਹਨ, ਪਰ ਹੁਣ ਉਹ ਲਾਜਵਾਬ ਜਿਹਾ ਹੋਇਆ ਪਿਆ ਸੀ। ਗੁਰਦੁਆਰਿਆਂ ਦੇ ਚੱਕਰ ਵਿਚ ਉਹ ਕਾਫੀ ਰਿਹਾ ਸੀ, ਪਰ ਉਥੇ ਤਾਂ ਹੁਣ ਸਾਨ੍ਹਾਂ ਦੇ ਭੇੜ ਹੁੰਦੇ ਸਨ ਤੇ ਉਹ ਖਾਹਮਖਾਹ ਆਪਣੀ ਜਾਨ ਖਤਰੇ ਵਿਚ ਨਹੀਂ ਸੀ ਪਾਉਣੀ ਚਾਹੁੰਦਾ। ਹੋਰ ਵੀ ਕਈ ਕਿਸਮ ਦੀਆਂ ਸਭਾਵਾਂ ਕਮੇਟੀਆਂ ਵਿਚ ਉਹਨੇ ਕੋਸ਼ਿਸ਼ ਕਰ ਦੇਖੀ ਸੀ, ਪਰ ਉਹਦਾ ਕਿਤੇ ਵੀ ਸੂਤ ਜਿਹਾ ਨਹੀਂ ਸੀ ਆਇਆ। ਗੋਰਿਆਂ ਵਲੋਂ ਹੁੰਦੇ ਨਸਲਵਾਦ ਵਿਰੁਧ ਬਣੀਆਂ ਕਮੇਟੀਆਂ ਵਿਚ ਵੀ ਉਹਦੇ ਪੈਰ ਨਹੀਂ ਸੀ ਜੰਮ ਸਕੇ। ਇਕ ਤਾਂ ਉਹਦੇ ਕੋਲ ਸਮਾਂ ਬਾਹਲਾ ਨਹੀਂ ਸੀ ਹੁੰਦਾ ਤੇ ਦੂਜਾ ਲੋਕ ਚਾਹੁੰਦੇ ਸਨ ਕਿ ਕੁਝ ਕਰਨ ਵਾਲਾ ਹੀ ਮੋਹਰੇ ਹੋਵੇ, ਫੋਕੇ ਲੈਕਚਰ ਈ ਨਾ ਝਾੜੇ, ਪਰ ਉਹਦੇ ਕੋਲ ਇੱਦਾਂ ਦੀ ਵਿਹਲ ਕਿਥੇ ਸੀ, ਪਈ ਉਹ ਰੋਜ਼ ਲੋਕਾਂ ਦੇ ਭੱਜਦੇ ਸ਼ੀਸ਼ਿਆਂ ਦੀ ਨਿਗਰਾਨੀ ਕਰਦਾ ਫਿਰੇ। ਨਾਲੇ ਇਸ ਕੰਮ ਵਿਚ ਕਈ ਖਤਰੇ ਵੀ ਸਨ। ਸੈਂਡੀ ਤਾਂ ਕਾਫੀ ਨਾਰਾਜ਼ ਵੀ ਰਹੀ ਸੀ ਉਹਦੇ ਨਾਲ, ਜਿੰਨੇ ਦਿਨ ਉਹ ਨਸਲਵਾਦ ਦੇ ਮੁਕਾਬਲੇ ਦਾ ਨਾਹਰਾ ਦਿੰਦਾ ਰਿਹਾ ਸੀ। ਕਮਿਊਨਿਟੀ ਦੇ ਸਭਿਆਚਾਰਕ ਕੰਮਾਂ ਵਿਚ ਤਾਂ ਉਹ ਦੋਵੇਂ ਵਧ ਚੜ੍ਹ ਕੇ ਹਿੱਸਾ ਲੈਂਦੇ ਹੀ ਰਹਿੰਦੇ ਸਨ, ਪਰ ਉਥੋਂ ਉਨ੍ਹਾਂ ਨੂੰ ਕੰਮ ਦੇ ਗਾਹਕ ਘੱਟ ਹੀ ਮਿਲਦੇ। ਸਭਿਆਚਾਰਕ ਕੰਮਾਂ ਵਿਚ ਹਿੱਸਾ ਲੈਣ ਵਾਲੇ ਕਈ ਤਾਂ ਨੰਗ ਮਲੰਗ ਈ ਮਿਲਦੇ ਜਿਹੜੇ ਸਗੋਂ ਉਧਾਰ ਕਰ ਕੇ ਉਨ੍ਹਾਂ ਨੂੰ ਹੀ ਰਗੜਾ ਲਾ ਜਾਂਦੇ।

ਸਟੋਰ ਦੇ ਦਰਵਾਜ਼ੇ ਨਾਲ ਬੰਨ੍ਹੀ ਹੋਈ ਟੱਲੀ ਨੇ ਉਹਦੀ ਸੋਚਾਂ ਦੀ ਲੜੀ ਤੋੜ ਦਿੱਤੀ। ਦੋ ਛੋਟੇ ਛੋਟੇ ਬੱਚੇ ਅੰਦਰ ਆਏ। ਉਨ੍ਹਾਂ ਵੱਲ ਦੇਖ ਕੇ ਉਹਨੇ ਮੁਸਕਰਾਉਣ ਦੀ ਕੋਸ਼ਿਸ਼ ਕੀਤੀ। ਬੱਚਿਆਂ ਨੇ ਹੱਥਾਂ 'ਚ ਫੜੀਆਂ ਦਸੀਆਂ ਕਾਊਂਟਰ 'ਤੇ ਰੱਖ ਦਿੱਤੀਆਂ ਤੇ ਕੋਲ ਹੀ ਪਾਲਾਂ 'ਚ ਟਿਕਾਏ ਹੋਏ ਗੰਮ ਤੇ ਕੈਂਡੀਆਂ ਵੱਲ ਦੇਖਣ ਲੱਗ ਪਏ। ਕਦੀ ਇਕ ਚੁਕਦੇ ਫੇਰ ਰੱਖ ਕੇ ਦੂਜੀ। ਕਿੰਨੇ ਚਿਰ ਬਾਅਦ ਉਨ੍ਹਾਂ ਨੇ ਆਪਣੀ ਪਸੰਦ ਦੀਆਂ ਕੈਂਡੀਆਂ ਖਰੀਦੀਆਂ ਤੇ ਉਹਦੇ ਬੁਰੇ ਜਿਹੇ ਕੀਤੇ ਮੂੰਹ ਵਲ ਦੇਖਦੇ ਬਾਹਰ ਨੂੰ ਤੁਰ ਪਏ। ਉਨ੍ਹਾਂ ਵਿਚੋਂ ਇਕ ਨੇ ਦਰਵਾਜ਼ੇ ਕੋਲ ਜਾ ਕੇ ਫਿਰ ਪਿਛਾਂਹ ਨੂੰ ਦੇਖਿਆ ਤੇ ਮੁਸਕਰਾਉਂਦੇ ਨੇ ਹੱਥ ਹਿਲਾ ਕੇ ਉਹਨੂੰ ਬਾਏ ਕਿਹਾ। ਬੱਚੇ ਦੀ ਮੁਸਕਰਾਹਟ ਨੇ ਇਕ ਪਲ ਲਈ ਉਹਦੇ ਅੰਦਰ ਨਿੱਘ ਜਿਹਾ ਭਰ ਦਿੱਤਾ ਤੇ ਉਹਦੇ ਚਿਹਰੇ 'ਤੇ ਵੀ ਆਪ ਮੁਹਾਰੇ ਮੁਸਕਰਾਹਟ ਖਿਲਰ ਗਈ। ਉਹਨੇ ਵੀ ਬੱਚੇ ਵਲ ਹੱਥ ਹਿਲਾਇਆ। ਨਿਆਣਿਆਂ ਦੇ ਜਾਣ ਬਾਅਦ ਉਹਨੇ ਹੋਰ ਵੀ ਖਾਲੀ ਖਾਲੀ ਮਹਿਸੂਸ ਕੀਤਾ। ਉਹਨੂੰ ਸੈਂਡੀ ਦਾ ਖਿਆਲ ਆਇਆ। ਸੈਂਡੀ ਨਾਲ ਹੋਈ ਬੱਚਿਆਂ ਬਾਰੇ ਗੱਲਬਾਤ ਵੀ ਚੇਤੇ ਆਈ। ਸੈਂਡੀ ਉਹਨੂੰ ਕਈਆਂ ਚਿਰਾਂ ਦੀ ਕਹਿੰਦੀ ਆ ਰਹੀ ਸੀ ਕਿ ਉਹ ਹੁਣ ਮਾਂ ਬਣਨਾ ਚਾਹੁੰਦੀ ਸੀ, ਪਰ ਉਹ ਅਜੇ ਉਹਨੂੰ ਗੋਲੀਆਂ ਖਾਣ 'ਤੇ ਮਜਬੂਰ ਕਰ ਰਿਹਾ ਸੀ। ਉਹਨੂੰ ਯਾਦ ਆਇਆ, ਕਿਵੇਂ ਉਹਨੇ ਸਾਰੀ ਦੀ ਸਾਰੀ ਸੈਂਡੀ ਨੂੰ ਆਪਣੀਆਂ ਬਾਹਾਂ 'ਚ ਘੁਟਦਿਆਂ ਤੇ ਚੁੰਮਦਿਆਂ ਕਿਹਾ ਸੀ, "ਬਸ ਇਕ ਵਾਰੀ ਸਟੋਰ ਜ਼ਰਾ ਚੱਲ ਪਵੇ, ਮੈਂ ਨੌਕਰੀ ਛੱਡ ਦੇਣੀ ਆ ਤੇ ਫੇਰ ਭਾਵੇਂ ਤੂੰ ਇਕ ਵਾਰੀ ਛੱਡ ਕੇ ਦਸ ਵਾਰੀ ਮਾਂ ਬਣੀ"। ਸੈਂਡੀ ਨੇ ਵੀ ਉਹਦੇ ਨਾਲ ਹੋਰ ਘੁੱਟ ਕੇ ਲੱਗਦਿਆਂ ਪਿਆਰ ਭਰੇ ਹਾਸੇ ਨਾਲ ਕਿਹਾ ਸੀ, "ਨਾ ਬਾਬਾ ਦਸ ਵਾਰੀ ਨਹੀਂ, ਇਕ ਦੋ ਵਾਰ ਹੀ ਠੀਕ ਆ।" ਇਸ ਯਾਦ ਨੇ ਉਹਨੂੰ ਥੋੜ੍ਹੇ ਚਿਰ ਲਈ ਸੁਆਦ ਸੁਆਦ ਕਰ ਦਿੱਤਾ। ਉਹਦਾ ਦਿਲ ਕੀਤਾ, ਉਹ ਸਟੋਰ ਬੰਦ ਕਰ ਕੇ ਘਰ ਨੂੰ ਚਲਾ ਜਾਵੇ।

ਘਰ ਜਾਣ ਦੀ ਖਾਹਿਸ਼ ਨੂੰ ਅੰਦਰੇ ਨੱਪ ਕੇ ਉਹ ਫੇਰ ਪਹਿਲਾਂ ਵਾਲੀਆਂ ਤਾਣੀਆਂ ਬੁਣਨ ਲੱਗਾ। ਕੋਲ ਪਿਆ ਰੇਡੀਓ ਲਾ ਲਿਆ। ਰੇਡੀਓ 'ਤੇ ਬੜਾ ਤੇਜ਼ ਸੰਗੀਤ ਵੱਜ ਰਿਹਾ ਸੀ। ਉਹਨੇ ਆਵਾਜ਼ ਹੌਲੀ ਕਰ ਦਿੱਤੀ। ਆਪ ਉਹ ਉਠ ਕੇ ਸਟੋਰ 'ਚ ਐਵੀਂ ਇਧਰ ਉਧਰ ਸਮਾਨ ਚੈੱਕ ਕਰਨ ਲੱਗਾ। ਕਮਿਊਨਿਟੀ ਵਿਚ ਨਾਂ ਬਣਾਉਣ ਦੀਆਂ ਸਕੀਮਾਂ ਘੜਦਾ ਉਹ ਸ਼ੈਲਫਾਂ 'ਤੇ ਪਏ ਡੱਬਿਆਂ ਉਪਰੋਂ ਮਿੱਟੀ ਝਾੜ ਰਿਹਾ ਸੀ। ਉਹਨੇ ਕਈਆਂ ਕੋਨਿਆਂ ਤੋਂ ਸੋਚਿਆ ਤੇ ਉਹ ਹਰ ਵਾਰ ਇਸੇ ਸਿੱਟੇ 'ਤੇ ਪਹੁੰਚਾ ਕਿ ਕੋਈ ਇਹੋ ਜਿਹਾ ਮਸਲਾ ਹੋਵੇ ਜਿਹਦੇ ਨਾਲ ਉਹਦਾ ਨਾਂ ਜੁੜ ਜਾਵੇ ਤੇ ਉਹ ਬਾਲੀਵੁੱਡ ਦੇ ਕਿਸੇ ਸਿਤਾਰੇ ਵਾਂਗ ਇਕ ਦਮ ਲੋਕਾਂ ਦੀਆਂ ਨਜ਼ਰਾਂ ਵਿਚ ਆ ਜਾਵੇ।

ਉਹਨੇ ਘੜੀ ਵਲ ਦੇਖਿਆ। ਹੁਣ ਤਾਂ ਇਕ ਵੱਜਣ ਵਾਲਾ ਸੀ। ਸੈਂਡੀ ਨੂੰ ਹੁਣ ਤੱਕ ਆ ਜਾਣਾ ਚਾਹੀਦਾ ਸੀ, ਉਹਨੇ ਸੋਚਿਆ। ਉਹਨੇ ਇਕ ਵੱਡੀ ਸਾਰੀ ਉਬਾਸੀ ਲਈ ਤੇ ਨੀਂਦ ਮਹਿਸੂਸ ਕੀਤੀ। ਉਹਦਾ ਦਿਲ ਕੀਤਾ ਕਿ ਪਿਛਲੇ ਲੰਚ-ਰੂਮ 'ਚ ਪਏ ਸੋਫੇ 'ਤੇ ਦੋ ਪਲ ਲੱਤਾਂ ਸਿੱਧੀਆਂ ਕਰ ਲਵੇ, ਪਰ ਸਟੋਰ ਸੁੰਨੀ ਛੱਡ ਕੇ ਉਹ ਕਿਵੇਂ ਜਾ ਸਕਦਾ ਸੀ? ਉਸ ਨੂੰ ਇਕ ਪਲ ਲਈ ਆਪਣੇ ਹਾਲਾਤ ਉਤੇ ਤਰਸ ਤੇ ਖਿਝ ਜਿਹੀ ਆਈ। ਨਾਲ ਹੀ ਉਹਨੂੰ ਕਈਆਂ ਵਾਕਿਫ ਗਾਹਕਾਂ 'ਤੇ ਵੀ ਖਿਝ ਆਈ ਜਿਹੜੇ ਸਟੋਰ 'ਚ ਆਏ ਐਵੀਂ ਉਹਨੂੰ ਕਹਿੰਦੇ ਰਹਿਣਗੇ, ਪਈ ਜੀਣਾ ਤਾਂ ਸਰਦਾਰ ਜੀ ਤੁਹਾਡਾ - ਆਪਣਾ ਕੰਮ, ਨਾ ਕਿਸੇ ਫੋਰਮੈਨ ਦਾ ਡਰ ਨਾ ਕੁਝ ਹੋਰ - ਮਿੱਲ 'ਚ ਹੋਵੇਂ ਤਾਂ ਪਤਾ ਲੱਗੇ, ਕਿਸ ਭਾਅ ਵਿਕਦੀ ਆ। ਉਹ ਮਨ ਵਿਚ ਜਿਵੇਂ ਉਨ੍ਹਾਂ ਗਾਹਕਾਂ ਦੀ ਸਾਂਗ ਲਾਉਂਦਿਆਂ ਸੋਚ ਗਿਆ। ਉਹਨੇ ਆਪਣਾ ਮੁਕਾਬਲਾ ਉਨ੍ਹਾਂ ਨਾਲ ਕੀਤਾ ਤਾਂ ਉਹਨੂੰ ਆਪਣੀ ਹਾਲਤ ਬੜੀ ਹਲਕੀ ਲੱਗੀ। ਉਹਨੂੰ ਇਕ ਦੋ ਹੋਰ ਉਬਾਸੀਆਂ ਆਈਆਂ ਤਾਂ ਉਹਨੂੰ ਲੱਗਾ ਜਿਵੇਂ ਉਹਦਾ ਅੰਗ ਅੰਗ ਥਕਾਵਟ ਨਾਲ ਦੁੱਖ ਰਿਹਾ ਹੋਵੇ। ਕਾਊਂਟਰ 'ਤੇ ਪਿਆ ਪੇਪਰ



ਚੁੱਕ ਕੇ ਫੋਲਣ ਲੱਗ ਪਿਆ। ਉਸ ਵਿਚ ਆਪਣੇ ਇਸ਼ਤਿਹਾਰ ਵਿਚ ਲੱਗੀ ਆਪਣੀ ਤਸਵੀਰ ਵਲ ਦੇਖਣ ਲੱਗ ਪਿਆ। ਤਸਵੀਰ ਵਿਚ ਕਈ ਨੁਕਸ ਜਾਪਦੇ ਸਨ। 'ਅਗਲੀ ਵਾਰ ਨਵੀਂ ਤਸਵੀਰ ਖਿਚਵਾ ਕੇ ਦੇਵਾਂਗਾ', ਉਹਨੇ ਪੇਪਰ ਪਰ੍ਹੇ ਸੁੱਟਦੇ ਨੇ ਸੋਚਿਆ।

ਉਹਨੂੰ ਫੇਰ ਸੈਂਡੀ ਦਾ ਖਿਆਲ ਆਇਆ ਤੇ ਲੇਟ ਹੋਣ 'ਤੇ ਖਿਝ ਜਿਹੀ ਵੀ। 'ਫੈਸ਼ਨ ਕਰਦੀ ਦੋ ਵਜਾ ਦਿੰਦੀ ਆ - ਅਗਲੇ ਦਾ ਇਹਨੂੰ ਰਤਾ ਖਿਆਲ ਨਹੀਂ, ਪਈ ਭੁੱਖਾ ਹੋਊ ਜਾਂ ਥੱਕਿਆ ਹੋਊ, ਸਾਰੀ ਰਾਤ ਕੰਮ ਕਰਦਾ ਰਿਹਾ - ਬਸ ਆਪਣੇ ਹੀ ਚੋਹਲਾਂ 'ਚ ਰੁਝੀ ਰਹਿੰਦੀ ਆ - ਆ ਲੈਣ ਦੇ ਜ਼ਰਾ ਅੱਜ ਸੁਣਾਊਂਗਾ ਕਰਾਰੀਆਂ ਕਰਾਰੀਆਂ ਦੋ ਕੁ', ਸੋਚਦਾ ਉਹ ਕਾਫੀ ਖਿਝ ਗਿਆ ਲੱਗਦਾ ਸੀ। ਬਾਹਰਲੇ ਦਰਵਾਜ਼ੇ ਦੀ ਟੱਲੀ ਨੇ ਉਹਦਾ ਧਿਆਨ ਫੇਰ ਖਿੱਚ ਲਿਆ। ਕੋਈ ਗਾਹਕ ਆਇਆ ਸੀ।

ਉਹ ਗਾਹਕ ਨੂੰ ਭੁਗਤਾ ਰਿਹਾ ਸੀ, ਨਾਲੇ ਗਾਹਕ ਦੀਆਂ ਗੱਲਾਂ ਦਾ ਹੁੰਗਾਰਾ ਭਰ ਰਿਹਾ ਸੀ ਜਦ ਉਹਨੇ ਪਿਛਲੇ ਪਾਸੇ ਕਾਰ ਦੀ ਆਵਾਜ਼ ਸੁਣੀ। ਉਹਨੇ ਫੇਰ ਘੜੀ ਵੱਲ ਦੇਖਿਆ ਤਾਂ ਦੋ ਵੱਜਣ ਵਾਲੇ ਸਨ। ਉਹਦੀਆਂ ਅੱਖਾਂ 'ਚ ਨੀਂਦ ਰੜਕਣ ਲੱਗ ਪਈ ਸੀ। ਗਾਹਕ ਦੇ ਜਾਣ ਬਾਅਦ ਉਹ ਸੈਂਡੀ ਦੀ ਉਡੀਕ ਵਿਚ ਪਿਛਲੇ ਦਰਵਾਜ਼ੇ ਵਲ ਦੇਖਣ ਲੱਗਾ।

ਸੈਂਡੀ ਨੇ ਅੰਦਰ ਆ ਕੇ ਫੁਰਤੀ ਨਾਲ ਆਪਣਾ ਕੋਟ ਲਾਹ ਕੇ ਟੰਗਿਆ ਤੇ ਕੂੜੇ ਵਾਲੀ ਬਾਲਟੀ ਬੈਗ ਵਿਚ ਉਲਟਾਈ ਤੇ ਹੋਰ ਨਿੱਕੇ ਮੋਟੇ ਕੰਮ ਕਾਹਲੀ ਕਾਹਲੀ ਕਰਨ ਲੱਗੀ। ਇਸ ਤੋਂ ਪਹਿਲਾਂ ਕਿ ਉਹ ਸੈਂਡੀ ਨੂੰ ਕੁਝ ਕਹਿੰਦਾ, ਸੈਂਡੀ ਉਹਨੂੰ ਆਪਣੇ ਲੇਟ ਹੋਣ ਦੇ ਕਾਰਨ ਬਾਰੇ ਦੱਸਣ ਲੱਗ ਪਈ, "ਮੈਂ ਤਾਂ ਕਦੋਂ ਦੀ ਆ ਜਾਣਾ ਸੀ, ਪਰ ਤੁਰਨ ਲੱਗੀ ਨੂੰ ਅਮਰਜੀਤ ਦਾ ਫੋਨ ਆ ਗਿਆ ਤੇ ਉਹ ਕਈ ਚਿਰ ਗੱਲਾਂ ਕਰਦੀ ਰਹੀ।"

ਸੈਂਡੀ ਉਹਦੇ ਨਾਲ ਗੱਲਾਂ ਕਰਦੀ ਇਧਰ ਉਧਰ ਚੀਜ਼ਾਂ ਵੀ ਠੀਕ ਕਰ ਰਹੀ ਸੀ। ਉਹਦੇ ਕੋਲ ਆ ਕੇ ਸੈਂਡੀ ਨੇ ਬੜੀ ਦਰਦਨਾਕ ਆਵਾਜ਼ ਵਿਚ ਪੁੱਛਿਆ, "ਸੱਚ ਜੀ ਤੁਸੀਂ ਰੇਡੀਓ 'ਤੇ ਕੋਈ ਖਬਰ ਵੀ ਸੁਣੀ ਆ? ਕਹਿੰਦੇ ਆ ਇੰਡੀਆ ਵਿਚ ਤਾਂ ਬਹੁਤ ਜ਼ਬਰਦਸਤ ਭੂਚਾਲ ਅਇਆ ਤੇ ਲੋਕਾਂ ਦੀ ਜਾਨ ਮਾਲ ਦੀ ਬਹੁਤ ਤਬਾਹੀ ਹੋਈ ਆ। ਮੈਨੂੰ ਤਾਂ ਅਮਰਜੀਤ ਨੇ ਈ ਦੱਸਿਆ, ਪਈ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ।"

ਸੈਂਡੀ ਅਜੇ ਗੱਲ ਕਰ ਹੀ ਰਹੀ ਸੀ ਕਿ ਗਾਹਕ ਆ ਗਿਆ, ਤੇ ਉਹ ਵੀ ਉਨ੍ਹਾਂ ਨਾਲ ਭੂਚਾਲ ਦੀਆਂ ਗੱਲਾਂ ਕਰਨ ਲੱਗ ਪਿਆ। ਨਵਾਂ ਆਇਆ ਗਾਹਕ ਤੇ ਸੈਂਡੀ ਉਸ ਨੂੰ ਭੂਚਾਲ ਬਾਰੇ ਵਿਸਥਾਰ ਵਿਚ ਦੱਸਦੇ ਰਹੇ ਤੇ ਉਹ ਤਿੰਨੋਂ, ਸਾਂਝੇ ਦੁੱਖ ਵਿਚ ਸ਼ਰੀਕ ਖੜ੍ਹੇ ਸਨ। ਸੈਂਡੀ ਤਾਂ ਰੋਣ ਨੂੰ ਤਿਆਰ ਸੀ ਤੇ ਆਪਣਾ ਦੁਖ ਜ਼ਾਹਰ ਕਰਨ ਲਈ ਉਹ ਕੋਈ ਨਾ ਕੋਈ ਗੱਲ ਕਰੀ ਜਾ ਰਹੀ ਸੀ। ਡੂੰਘਾ ਸਾਹ ਲੈ ਕੇ ਉਹਨੇ ਕਿਹਾ, "ਖਬਰੇ ਵਿਚਾਰਿਆਂ ਦੀ ਮਦਦ ਲਈ ਕੋਈ ਬਹੁੜਿਆ ਹੋਊਗਾ ਵੀ ਕਿ ਨਹੀਂ?"

"ਗਰੀਬ ਮੁਲਕ ਦੀ ਸਰਕਾਰ ਮਦਦ ਵੀ ਕਿੰਨੀ ਕੁ ਕਰ ਸਕਦੀ ਆ", ਗਾਹਕ ਦਾ ਜਵਾਬ ਸੀ।

"ਮੈਂ ਤਾਂ ਕਹਿੰਦੀ ਆਂ, ਪਈ ਇਥੋਂ ਆਪਣੇ ਲੋਕਾਂ ਵਿਚੋਂ 'ਕੱਠੀ ਕਰ ਕੇ ਭੇਜਣੀ ਚਾਹੀਦੀ ਆ - ਜੇ ਅਜਿਹੀ ਭੀੜ ਦੇ ਮੌਕੇ ਅਸੀਂ ਕਿਸੇ ਦੇ ਕੰਮ ਨਹੀਂ ਆਉਂਦੇ ਤਾਂ ਸਾਡਾ ਇਥੇ ਕਮਾਈਆਂ ਕਰਨ ਦਾ ਕੀ ਫੈਦਾ ਆ।" ਸੈਂਡੀ ਦੇ ਹਰ ਲਫਜ਼ ਵਿਚ ਦਰਦ ਕਰਾਹ ਰਿਹਾ ਸੀ।

ਸੈਂਡੀ ਤੇ ਗਾਹਕ ਦੀਆਂ ਗੱਲਾਂ ਸੁਣਦਾ ਉਹ ਆਪ ਕੁਝ ਨਹੀਂ ਸੀ ਬੋਲਿਆ। ਦੁੱਖ ਤਾਂ ਉਸ ਨੂੰ ਵੀ ਬਹੁਤ ਹੋਇਆ ਸੀ, ਪਰ ਉਹਨੂੰ ਤਾਂ ਨੀਂਦ ਤੇ ਥਕਾਵਟ ਨੇ ਇੰਨਾ ਭੰਨ੍ਹਿਆ ਹੋਇਆ ਸੀ ਕਿ ਉਹ ਤਾਂ ਬਸ, ਜਾ ਕੇ ਮੰਜੇ 'ਤੇ ਡਿੱਗਣਾ ਚਾਹੁੰਦਾ ਸੀ। ਸੋਲਾਂ ਘੰਟੇ ਹੋ ਗਏ ਸਨ ਉਹਨੂੰ ਕੰਮ ਕਰਦੇ ਨੂੰ। ਰਾਤ ਨੂੰ ਫੇਰ ਕੰਮ 'ਤੇ ਜਾਣਾ ਸੀ। ਗਾਹਕ ਨੂੰ ਤੋਰ ਕੇ ਉਹ ਆਪ ਵੀ ਸੈਂਡੀ ਨਾਲ ਇਕ ਦੋ ਗੱਲਾਂ ਕਰ ਕੇ ਪਿਛਲੇ ਕਮਰੇ ਵਲ ਤੁਰ ਪਿਆ। ਥੱਕੇ ਹੋਏ ਕਦਮੀਂ ਤੁਰਦਾ ਉਹ ਅਚਾਨਕ ਕੁਝ ਯਾਦ ਆਉਣ 'ਤੇ ਝਟਕੇ ਜਿਹੇ ਨਾਲ ਰੁਕ ਗਿਆ; ਜਿਵੇਂ ਮੱਛੀਆਂ ਫੜਨ ਵਾਲਾ ਡੋਰ ਦੇ ਸਿਰੇ 'ਤੇ ਪੈਂਦੀ ਖਿੱਚ ਮਹਿਸੂਸ ਕਰ ਕੇ ਮੱਛੀ ਦੇ ਫਸਣ ਦੀ ਆਸ ਵਿਚ ਤਣ ਜਾਂਦਾ ਹੈ, ਤੇ ਫੇਰ ਉਹਦੇ ਚਿਹਰੇ ਦੇ ਭਾਵ ਉਸ ਮਛੇਰੇ ਦੇ ਚਿਹਰੇ ਵਾਂਗ ਬਦਲਣੇ ਸ਼ੁਰੂ ਹੋ ਗਏ ਜਿਹਨੂੰ ਕਈ ਘੰਟੇ ਧੁੱਪੇ ਬੈਠੇ ਰਹਿਣ ਮਗਰੋਂ ਵੱਡੀ ਸਾਰੀ ਮੱਛੀ ਹੱਥ ਲੱਗੀ ਹੋਵੇ। ਉਹਦੀਆਂ ਅੱਖਾਂ ਵਿਚੋਂ ਨੀਂਦ ਪਤਾ ਨਹੀਂ ਕਿਥੇ ਭੱਜ ਗਈ। ਉਹਦੇ ਸਰੀਰ ਵਿਚ ਪਹਿਲਾਂ ਵਾਲੀ ਸੁਸਤੀ ਨਹੀਂ ਸੀ, ਸਗੋਂ ਅੱਥਰੇ ਘੋੜੇ ਵਰਗੀ ਚੁਸਤੀ ਸੀ। ਚਾਅ ਜਿਹਾ ਚੜ੍ਹ ਗਿਆ ਸੀ ਉਸ ਨੂੰ। ਉਹਦਾ ਦਿਲ ਕੀਤਾ ਕਿ ਜਾ ਕੇ ਸੈਂਡੀ ਨੂੰ ਬਾਹਾਂ 'ਚ ਚੁੱਕ ਲਵੇ। ਲੱਗਦਾ ਸੀ, ਜਿਵੇਂ ਸੈਂਡੀ ਨੇ ਦੇਸ਼ ਆਏ ਭੂਚਾਲ ਨਾਲ ਹੋਈ ਤਬਾਹੀ ਦੀ ਖਬਰ ਨਾ ਦਿੱਤੀ ਹੋਵੇ, ਸਗੋਂ ਲਾਟਰੀ ਵਿਚ ਮਿਲੀਅਨ ਡਾਲਰ ਜਿੱਤਣ ਦੀ ਖਬਰ ਦਿੱਤੀ ਹੋਵੇ।

ਉਹਦੇ ਵਿਚ ਲੋਹੜੇ ਦੀ ਫੁਰਤੀ ਆ ਗਈ। ਪਿਛਲੇ ਕਮਰੇ ਵਿਚ ਜਾ ਕੇ ਉਹਨੇ ਫੋਨਾਂ ਵਾਲੀ ਨਿੱਕੀ ਜਿਹੀ ਕਾਪੀ ਖੋਲ੍ਹੀ ਤੇ ਨੰਬਰ ਘੁਮਾਉਣ ਲੱਗਾ। ਇਕ ਦੋ ਸਰਸਰੀ ਗੱਲਾਂ ਕਰਨ ਤੋਂ ਬਾਅਦ ਉਹ ਕਹਿ ਰਿਹਾ ਸੀ, "ਦੇਖੋ ਪ੍ਰਧਾਨ ਸਾਹਿਬ! ਸਾਡਾ ਇਥੇ ਸੁੱਖਾਂ 'ਚ ਬੈਠਿਆਂ ਦਾ ਇਹ ਧਰਮ ਬਣ ਜਾਂਦਾ ਆ, ਪਈ ਅਸੀਂ ਆਪਣੇ ਭਰਾਵਾਂ ਦੀ ਅਜਿਹੇ ਮੌਕੇ ਮਦਦ ਕਰੀਏ।"

"ਗੱਲ ਤਾਂ ਤੇਰੀ ਠੀਕ ਆ, ਪਰ ਏਡੇ ਵੱਡੇ ਕੰਮ ਨੂੰ ਹੱਥ ਕੌਣ ਪਾਊ - ਫੰਡ ਇਕੱਠੇ ਕਰਨੇ ਕੋਈ ਖੇਲ ਥੋਹੜੇ ਪਈ ਆ", ਪ੍ਰਧਾਨ ਦਾ ਜਵਾਬ ਸੀ।

"ਪ੍ਰਧਾਨ ਜੀ ਤੁਸੀਂ ਇਸ ਕੰਮ ਦੀ ਜ਼ਿੰਮੇਵਾਰੀ ਮੇਰੇ 'ਤੇ ਛੱਡੋ, ਤੇ ਅੱਜ ਹੀ ਮੀਟਿੰਗ ਸੱਦ ਕੇ ਭੂਚਾਲ ਫੰਡ ਕਮੇਟੀ ਬਣਾਓ, ਤੇ ਮੈਂ ਆਪਣਾ ਪੂਰਾ ਤਾਣ ਲਾਵਾਂਗਾ, ਉਸ ਕਮੇਟੀ ਦੀਆਂ ਜ਼ਿੰਮੇਵਾਰੀਆਂ ਸਾਂਭਣ ਲਈ।"

ਫੋਨ ਰੱਖ ਕੇ ਉਹਨੇ ਗੁਰੂ ਨਾਨਕ ਦੇਵ ਦੀ ਵੱਡੀ ਤਸਵੀਰ ਵਲ ਸ਼ੁਕਰਾਨੇ ਵਜੋਂ ਦੇਖਿਆ। ਕਾਊਂਟਰ 'ਤੇ ਖੜ੍ਹੀ ਸੈਂਡੀ ਕੋਲ ਜਾ ਕੇ ਉਹ ਆਪਣੀ ਸਕੀਮ ਦੱਸਣ ਲੱਗਾ, "ਇਹ ਸਾਰੀ ਕਮਿਊਨਿਟੀ ਦਾ ਇੰਨਾ ਨਾਜ਼ੁਕ ਮਸਲਾ ਹੈ ਕਿ ਹਰ ਬੰਦਾ ਇਸ ਦਰਦ ਵਿਚ ਭਾਈਵਾਲ ਹੋਵੇਗਾ ਤੇ ਫੰਡ ਇਕੱਠਾ ਕਰਨ ਵਾਲੇ ਮੋਹਰੀ ਦਾ ਨਾਂ ਹਰ ਅਖਬਾਰ ਤੇ ਰੇਡੀਓ ਉਤੇ ਹੋਵੇਗਾ। ਹੁਣ ਦੇਖੀਂ ਤੂੰ ਕਿਸਮਤ ਚਮਕਦੀ"। ਗੱਲਾਂ ਕਰਦਿਆਂ ਉਹਦੀਆਂ ਅੱਖਾਂ ਵਿਚ ਕੋਈ ਦੁਖ ਜਾਂ ਨਿਰਾਸ਼ਾ ਨਹੀਂ ਸੀ, ਤੇ ਨਾ ਹੀ ਨੀਂਦ ਤੇ ਥਕਾਵਟ, ਸਗੋਂ ਚਾਅ ਤੇ ਚਮਕ ਸੀ।

***ਸੈਂਡੀ ਤੇ ਗਾਹਕ ਦੀਆਂ ਗੱਲਾਂ ਸੁਣਦਾ ਉਹ ਆਪ ਕੁਝ ਨਹੀਂ ਸੀ ਬੋਲਿਆ। ਦੁੱਖ ਤਾਂ ਉਸ ਨੂੰ ਵੀ ਬਹੁਤ ਹੋਇਆ ਸੀ, ਪਰ ਉਹਨੂੰ ਤਾਂ ਨੀਂਦ ਤੇ ਥਕਾਵਟ ਨੇ ਇੰਨਾ ਭੰਨ੍ਹਿਆ ਹੋਇਆ ਸੀ ਕਿ ਉਹ ਤਾਂ ਬਸ, ਜਾ ਕੇ ਮੰਜੇ 'ਤੇ ਡਿੱਗਣਾ ਚਾਹੁੰਦਾ ਸੀ। ਸੋਲਾਂ ਘੰਟੇ ਹੋ ਗਏ ਸਨ ਉਹਨੂੰ ਕੰਮ ਕਰਦੇ ਨੂੰ। ਰਾਤ ਨੂੰ ਫੇਰ ਕੰਮ 'ਤੇ ਜਾਣਾ ਸੀ। ਗਾਹਕ ਨੂੰ ਤੋਰ ਕੇ ਉਹ ਆਪ ਵੀ ਸੈਂਡੀ ਨਾਲ ਇਕ ਦੋ ਗੱਲਾਂ ਕਰ ਕੇ ਪਿਛਲੇ ਕਮਰੇ ਵਲ ਤੁਰ ਪਿਆ। ਥੱਕੇ ਹੋਏ ਕਦਮੀਂ ਤੁਰਦਾ ਉਹ ਅਚਾਨਕ ਕੁਝ ਯਾਦ ਆਉਣ 'ਤੇ ਝਟਕੇ ਜਿਹੇ ਨਾਲ ਰੁਕ ਗਿਆ; ਜਿਵੇਂ ਮੱਛੀਆਂ ਫੜਨ ਵਾਲਾ ਡੋਰ ਦੇ ਸਿਰੇ 'ਤੇ ਪੈਂਦੀ ਖਿੱਚ ਮਹਿਸੂਸ ਕਰ ਕੇ ਮੱਛੀ ਦੇ ਫਸਣ ਦੀ ਆਸ ਵਿਚ ਤਣ ਜਾਂਦਾ ਹੈ, ਤੇ ਫੇਰ ਉਹਦੇ ਚਿਹਰੇ ਦੇ ਭਾਵ ਉਸ ਮਛੇਰੇ ਦੇ ਚਿਹਰੇ ਵਾਂਗ ਬਦਲਣੇ ਸ਼ੁਰੂ ਹੋ ਗਏ ਜਿਹਨੂੰ ਕਈ ਘੰਟੇ ਧੁੱਪੇ ਬੈਠੇ ਰਹਿਣ ਮਗਰੋਂ ਵੱਡੀ ਸਾਰੀ ਮੱਛੀ ਹੱਥ ਲੱਗੀ ਹੋਵੇ।***



## ਪਹਿਲੀ ਵਾਰ

# ਪ੍ਰਾਜੈਕਟ ਪੇਸ਼ਾਵਰ

ਆਮਨਾ ਸਿੰਘ

ਫਿਲਮ 'ਪ੍ਰਾਜੈਕਟ ਪੇਸ਼ਾਵਰ' ਨਾਲ ਕਿਸੇ ਵੇਲੇ ਫਿਲਮੀ ਦੁਨੀਆ ਲਈ ਪ੍ਰਸਿਧ ਸ਼ਹਿਰ ਪੇਸ਼ਾਵਰ (ਪਾਕਿਸਤਾਨ) ਵਿਚ ਫਿਲਮ ਸਨਅਤ ਨੂੰ ਇਕ ਵਾਰ ਫਿਰ ਲੀਹ 'ਤੇ ਲਿਆਉਣ ਲਈ ਯਤਨ ਕੀਤੇ ਜਾ ਰਹੇ ਹਨ। ਯਾਦ ਰਹੇ ਕਿ ਪੇਸ਼ਾਵਰ ਜੋ ਖੈਬਰ ਪਖਤੂਨਖਵਾ (ਇਸ ਦਾ ਪਹਿਲਾ ਨਾਂ ਸਰਹੱਦੀ ਸੂਬਾ ਸੀ) ਅਤਿਵਾਦ ਦੀ ਮਾਰ ਹੇਠ ਆਉਣ ਕਰ ਕੇ ਇਥੇ ਫਿਲਮੀ ਦੁਨੀਆ ਇਕ ਲਿਹਾਜ਼ ਨਾਲ ਉਜੜ-ਪੁਜੜ ਗਈ ਸੀ। ਹੁਣ ਫਿਲਮਸਾਜ਼ ਇਰਸ਼ੂ ਬੰਗਸ਼ ਨੇ 'ਪ੍ਰਾਜੈਕਟ ਪੇਸ਼ਾਵਰ' ਫਿਲਮ ਇਸ ਸ਼ਹਿਰ ਵਿਚ ਰਿਲੀਜ਼ ਕਰਨ ਦਾ ਇਰਾਦਾ ਕੀਤਾ ਹੈ। ਇਹ ਫਿਲਮ ਪਾਕਿਸਤਾਨ ਦੇ ਨਾਲ ਨਾਲ ਅਮਰੀਕਾ, ਇੰਗਲੈਂਡ, ਕੈਨੇਡਾ ਅਤੇ ਹਾਲੈਂਡ ਵਿਚ ਵੀ ਰਿਲੀਜ਼ ਕੀਤੀ ਜਾਵੇਗੀ।



ਫਿਲਮ 'ਪ੍ਰੋਜੈਕਟ ਪੇਸ਼ਾਵਰ' ਦੇ ਇਕ ਦ੍ਰਿਸ਼ ਵਿਚ ਇਕ ਮੁਟਿਆਰ।

ਇਸ ਫਿਲਮ ਦੀ ਕਹਾਣੀ ਵੀ ਬੜੀ ਦਿਲਚਸਪ ਹੈ। ਫਿਲਮ ਦਾ ਮੁੱਖ ਪਾਤਰ ਇੰਗਲੈਂਡ ਵਿਚ ਵਸਦਾ ਹੈ ਜੋ ਇੰਟਰਨੈਟ 'ਤੇ ਗਪ-ਸ਼ਪ ਦੌਰਾਨ ਪੇਸ਼ਾਵਰ ਦੀ ਕਿਸੇ ਕੁੜੀ ਨਾਲ ਮੁਹੱਬਤ ਕਰ ਬੈਠਦਾ ਹੈ। ਆਪਣੀ ਮੁਹੱਬਤ ਨੂੰ ਪਾਉਣ ਲਈ ਉਹ ਇਕ ਦਿਨ ਲੰਡਨ ਤੋਂ ਪੇਸ਼ਾਵਰ ਪਹੁੰਚਦਾ ਹੈ, ਪਰ ਉਥੇ ਉਸ ਨੂੰ ਅਗਵਾ ਕਰ ਲਿਆ ਜਾਂਦਾ ਹੈ। ਅਸਲ ਵਿਚ ਉਸ ਨੂੰ ਅਗਵਾ ਕਰਨ ਲਈ ਹੀ ਮੁਹੱਬਤ ਵਾਲਾ ਪੇਚਾ ਪਾਇਆ ਗਿਆ ਸੀ।

ਇਰਸ਼ੂ ਬੰਗਸ ਨੇ ਆਸ ਪ੍ਰਗਟਾਈ ਕਿ ਇਸ ਫਿਲਮ ਨਾਲ ਪੇਸ਼ਾਵਰ ਵਿਚ ਫਿਲਮੀ ਰੌਣਕਾਂ ਮੁੜ ਆਉਣਗੀਆਂ। ਉਸ ਦੀ ਇਹ ਫਿਲਮ ਅੰਗਰੇਜ਼ੀ ਤੋਂ ਇਲਾਵਾ ਡੱਚ, ਉਰਦੂ ਅਤੇ ਪਸ਼ਤੋ ਵਿਚ ਵੀ ਰਿਲੀਜ਼ ਕੀਤੀ ਜਾ ਰਹੀ ਹੈ। ਇਸ ਫਿਲਮ ਦੇ ਰਿਲੀਜ਼ ਹੋਣ ਨਾਲ ਇਕ ਪੱਖ ਇਹ ਵੀ ਜੋੜਿਆ ਜਾ ਰਿਹਾ ਹੈ ਕਿ ਪਾਕਿਸਤਾਨ ਸਰਕਾਰ ਪਿਛਲੇ ਦੋ ਸਾਲ ਤੋਂ ਇਹ ਦਾਅਵੇ ਕਰ ਰਹੀ ਹੈ ਕਿ ਖੈਬਰ ਪਖਤੂਨਖਵਾ ਵਿਚ ਹੁਣ ਹਾਲਾਤ ਆਮ ਵਰਗੇ ਬਣ ਰਹੇ ਹਨ, ਤੇ ਇਸ ਦਾਅਵੇ ਨੂੰ ਸਾਬਤ ਕਰਨ ਲਈ ਹੀ ਅਜਿਹੇ ਪ੍ਰਾਜੈਕਟ ਉਚੇਚੇ ਤੌਰ 'ਤੇ ਉਲੀਕੇ ਜਾ ਰਹੇ ਹਨ। ਯਾਦ ਰਹੇ ਕਿ ਦਸੰਬਰ 2014 ਵਿਚ ਤਾਲਿਬਾਨ ਦੇ ਸਭ ਤੋਂ ਭਿਅੰਕਰ ਹਮਲੇ ਵਿਚ ਤਕਰੀਬਨ 150 ਜਾਨਾਂ ਚਲੀਆਂ ਗਈਆਂ ਸਨ। ਇਨ੍ਹਾਂ ਵਿਚੋਂ ਬਹੁਤੇ ਫੌਜੀ ਸਕੂਲ ਵਿਚ ਪੜ੍ਹਦੇ ਨੰਨ੍ਹੇ ਬੱਚੇ ਸਨ।

ਉਧਰ, ਇਰਸ਼ੂ ਬੰਗਸ ਨੂੰ ਆਪਣੀ ਇਸ ਫਿਲਮ ਤੋਂ ਬੜੀਆਂ ਆਸਾਂ ਹਨ। ਉਸ ਦਾ ਕਹਿਣਾ ਹੈ ਕਿ ਆਪਣੀ ਫਿਲਮ ਦੀ ਕਹਾਣੀ, ਉਸ ਨੇ ਲੋਕ ਪੱਖ ਦੇ ਬਹੁਤ ਨੇੜੇ ਹੋ ਕੇ ਬੁਣੀ ਹੈ ਅਤੇ ਇਹ ਲੋਕਾਂ ਨੂੰ ਪਸੰਦ ਆਵੇਗੀ। ਫਿਲਮ ਅਗਲੇ ਦੋ ਮਹੀਨਿਆਂ ਦੌਰਾਨ ਬਣ ਕੇ ਤਿਆਰ ਹੋਵੇਗੀ ਅਤੇ ਸਿਨੇਮਿਆਂ ਵਿਚ ਰਿਲੀਜ਼ ਕਰਨ ਤੋਂ ਪਹਿਲਾਂ ਪਾਕਿਸਤਾਨ ਵਿਚ ਇਸ ਦਾ ਵਿਸ਼ੇਸ਼ ਸ਼ੋਅ ਰੱਖਿਆ ਜਾਵੇਗਾ।

ਖੈਬਰ ਪਖਤੂਨਖਵਾ ਦੀ ਫਿਲਮ ਸਨਅਤ ਤਾਂ ਅਤਿਵਾਦ ਕਰ ਕੇ ਉਜੜੀ ਹੈ, ਪਰ ਪਾਕਿਸਤਾਨ ਵਿਚ ਫਿਲਮ ਸਨਅਤ ਦਾ ਉਂਜ ਵੀ ਮਾੜਾ ਹਾਲ ਹੀ ਹੈ। ਲਾਹੌਰ ਦੀ ਫਿਲਮ ਸਨਅਤ ਅੱਜ ਕੱਲ੍ਹ ਬੇਰੇ ਹਾਲੀਂ ਹੈ। ਲਾਲੌਰ ਦੀ ਇਹ ਸਨਅਤ ਹੌਲੀ ਹੌਲੀ ਕਰ ਕੇ ਸਿੰਧ ਸੂਬੇ ਦੇ ਸ਼ਹਿਰ ਕਰਾਚੀ ਚਲੇ ਗਈ ਸੀ, ਪਰ ਉਥੇ ਵੀ ਨਿੱਤ ਦਿਨ ਹੁੰਦੀਆਂ ਹਿੰਸਕ ਵਾਰਦਾਤਾਂ ਕਾਰਨ ਫਿਲਮ ਸਨਅਤ ਉਤੇ ਮਾੜਾ ਅਸਰ ਪੈ ਰਿਹਾ ਹੈ। ਦਰਅਸਲ ਪਾਕਿਸਤਾਨ ਦੇ ਪਿਛਾਂਹ ਖਿਚੂ ਸਮਾਜ, ਅਤਿਵਾਦ ਅਤੇ ਮੁਲਾਣਿਆਂ ਦੀ ਸਿਆਸਤ ਨੇ ਮੁਲਕ ਦੀ ਫਿਲਮ ਸਨਅਤ ਉਤੇ ਬਹੁਤ ਮਾੜਾ ਅਸਰ ਪਾਇਆ ਹੈ।



ਫਿਲਮ 'ਪ੍ਰੋਜੈਕਟ ਪੇਸ਼ਾਵਰ' ਦਾ ਇਕ ਹੋਰ ਦ੍ਰਿਸ਼।

# ਭਾਰਤੀ ਸਿਨੇਮਾ, ਧਰਮ ਤੇ ਮਹਾਤਮਾ ਬੁੱਧ

ਭਾਰਤੀ ਸਿਨੇਮਾ ਵਿਚ ਧਰਮ ਆਧਾਰਿਤ ਪਟਕਥਾਵਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਸਿਰਫ ਇਕ ਧਰਮ ਦੇ ਮੁੱਲਾਂ ਅਤੇ ਮਾਨਤਾਵਾਂ 'ਤੇ ਨਹੀਂ ਟਿਕੀਆਂ ਹੁੰਦੀਆਂ, ਸਗੋਂ ਆਪਣੀ ਸ਼ੁਰੂਆਤ ਤੋਂ ਹੀ ਇਸ ਨੇ ਹਰ ਅਕੀਦਤ ਨੂੰ ਬਣਦੀ ਸਪੇਸ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਸ ਦਾ ਕਾਰਨ ਇਹ ਵੀ ਹੈ ਕਿ ਭਾਰਤੀ ਸਮਾਜ ਦੀ ਤਰਜ਼ 'ਤੇ ਹੀ ਭਾਰਤੀ ਸਿਨੇਮਾ ਅਜਿਹੇ ਸਾਂਝੇ ਪਲੇਟਫਾਰਮ ਵਾਂਗ ਹੈ ਜਿਸ ਵਿਚ ਹਰ ਧਰਮ, ਜਾਤ, ਖਿੱਤੇ, ਰੰਗ, ਨਸਲ ਤੇ ਲਿੰਗ ਦੇ ਲੋਕਾਂ ਨੇ ਆਪਣੀ ਸਮਰੱਥਾ ਦਾ ਲੋਹਾ ਮਨਵਾਇਆ ਹੈ। ਲੋਹਾ ਮੰਨਵਾਉਣ ਦਾ ਇਹ ਸੰਘਰਸ਼ ਸਭ ਦਾ ਵੱਖਰਾ ਤੇ ਅਨੋਖਾ ਜ਼ਰੂਰ ਹੈ, ਪਰ ਦਿਲਚਸਪ ਤੱਥ ਇਹ ਹੈ ਕਿ ਇਥੇ ਟਿਕ ਉਹੀ ਸਕਿਆ ਹੈ ਜਿਸ ਵਿਚ ਕਲਾ ਲਈ ਮਰ ਮਿਟਣ ਦਾ ਜਜ਼ਬਾ ਹੁੰਦਾ ਹੈ।




ਭਾਰਤ ਵਿਚ ਬਹੁਤੇ ਧਰਮ ਅਵਾਮ ਦੀ ਜੀਵਨ-ਜਾਚ ਨਾਲ ਇਕਮਿਕ ਹੋਏ ਮਿਲਦੇ ਹਨ। ਧਰਮ 'ਤੇ ਆਧਾਰਿਤ ਸਿਨੇਮਾ ਵੀ ਇਸ ਤੱਥ ਨੂੰ ਪਟਕਥਾ ਦਾ ਮੂਲ ਮੰਤਰ ਮੰਨ ਕੇ ਚੱਲਦਾ ਹੈ। ਮਹਾਤਮਾ ਬੁੱਧ ਦੀਆਂ ਸਿਖਿਆਵਾਂ 'ਤੇ ਆਧਾਰਿਤ ਹਿੰਦੀ ਫਿਲਮਾਂ ਦਾ ਜ਼ਿਕਰ ਕਰੀਏ ਤਾਂ ਸਭ ਤੋਂ ਪਹਿਲਾਂ ਭਾਰਤੀ ਸਿਨੇਮਾ ਦੇ ਪਿਤਾਮਾ ਦੇ ਤੌਰ 'ਤੇ ਜਾਣੇ ਜਾਂਦੇ ਦਾਦਾ ਸਹਿਬ ਫਾਲਕੇ ਸਾਹਿਬ ਦਾ ਜ਼ਿਕਰ ਆਉਂਦਾ ਹੈ। ਉਨ੍ਹਾਂ ਨੂੰ ਹਿੰਦੂ ਸਾਧੂ-ਸੰਤਾਂ ਦੀਆਂ ਜੀਵਨੀਆਂ 'ਤੇ ਬਣਾਈਆਂ ਫਿਲਮਾਂ ਲਈ ਜਾਣਿਆ ਜਾਂਦਾ ਹੈ, ਪਰ ਉਨ੍ਹਾਂ ਨੇ 1923 ਵਿਚ ਮਹਾਤਮਾ ਬੁੱਧ ਦੀਆਂ ਸਿਖਿਆਵਾਂ ਨੂੰ ਆਧਾਰ ਬਣਾ ਕੇ ਫਿਲਮ ਬਣਾਈ ਜਿਸ ਦਾ ਨਾਮ ਸੀ- 'ਬੁੱਧਦੇਵ' (ਅੰਗਰੇਜ਼ੀ ਵਿਚ ਲਾਰਡ ਬੁੱਧਾ)। ਇਸ ਤੋਂ ਕੁਝ ਦੇਰ ਬਾਅਦ ਬਣੀ ਫਿਲਮ 'ਦਿ ਲਾਈਟ ਆਫ ਏਸ਼ੀਆ' ਨੂੰ ਹਿੰਦੀ ਵਿਚ 'ਪ੍ਰੇਮ ਸੰਨਿਆਸ' ਦੇ ਨਾਮ ਤਹਿਤ ਰਿਲੀਜ਼ ਕੀਤਾ ਗਿਆ। ਇਸ ਫਿਲਮ ਨੂੰ ਜਰਮਨੀ ਦੇ ਸਹਿਯੋਗ ਨਾਲ ਬਣਾਇਆ ਗਿਆ ਸੀ ਅਤੇ ਇਸ ਦੇ ਨਿਰਮਾਤਾ ਹਿਮਾਸ਼ੂ ਰਾਏ ਤੇ ਫਰਾਂਜ਼ ਔਸਿਟਨ ਸਨ।

ਬੰਗਲਾ ਨਿਰਦੇਸ਼ਕ ਬਿਮਲ ਰਾਏ ਨੇ ਮਹਾਤਮਾ ਬੁੱਧ ਦੀ ਜੀਵਨੀ ਨੂੰ ਆਧਾਰ ਬਣਾ ਕੇ ਦਸਤਾਵੇਜ਼ੀ ਫਿਲਮ ਦਾ ਨਿਰਮਾਣ ਕੀਤਾ ਜਿਸ ਦਾ ਨਾਮ ਸੀ- 'ਗੌਤਮਾ: ਦਿ ਬੁੱਧਾ'। ਇਸ ਫਿਲਮ ਦਾ ਕਾਨਜ਼ ਫਿਲਮ ਮੇਲੇ ਵਿਚ ਖਾਸ ਸ਼ੋਅ ਵੀ ਦਿਖਾਇਆ ਗਿਆ ਸੀ। 1993 ਵਿਚ ਇਟਲੀ, ਫਰਾਂਸ ਅਤੇ ਬਰਤਾਨੀਆ ਦੇ ਨਿਰਦੇਸ਼ਕਾਂ ਦੀ ਸਾਂਝੀ ਫਿਲਮ 'ਲਿਟਲ ਬੁੱਧਾ' ਦਾ ਜ਼ਿਕਰ ਕਰਨਾ ਇਸ ਲਈ ਜ਼ਰੂਰੀ ਹੈ ਕਿਉਂਕਿ ਇਹ ਆਧੁਨਿਕ ਸਮਾਜਾਂ ਦੀ ਮਹਾਤਮਾ ਬੁੱਧ ਨਾਲ ਨਵੇਂ ਸਿਰਿਉਂ ਸਾਂਝ ਪਵਾਉਣ ਦੀ ਕੋਸ਼ਿਸ਼ ਕਰਦੀ ਹੈ। ਇਸ ਫਿਲਮ ਦਾ ਕੇਂਦਰੀ ਨੁਕਤਾ ਮਹਾਤਮਾ ਬੁੱਧ ਦੀ ਨਿਰਵਾਣ ਪ੍ਰਾਪਤ ਕਰਨ ਦੀ ਮਹੱਤਤਾ ਅਤੇ ਮਨੁੱਖੀ ਜ਼ਿੰਦਗੀ ਦੀ ਹੋਂਦ ਦੀ ਸਾਰਥਿਕਤਾ ਨੂੰ ਦਰਸਾਉਣ ਨਾਲ ਜੁੜਿਆ ਹੋਇਆ ਹੈ। ਫਿਲਮ ਤਿੰਨ ਬੱਚਿਆਂ ਦੀ ਕਹਾਣੀ ਰਾਹੀਂ ਮਹਾਤਮਾ ਬਣਨ ਦੇ ਸੰਸਿਆਂ ਅਤੇ ਜ਼ਿੰਮੇਵਾਰੀਆਂ ਦਾ ਚਿਤਰਨ ਕਰਦੀ ਹੈ। ਆਧੁਨਿਕ ਸਮਾਜਾਂ ਵਿਚ ਕਿਵੇਂ ਮਹਾਤਮਾ ਬੁੱਧ ਦੀ ਕਹਿਣੀ ਅਤੇ ਕਰਨੀ ਇਨ੍ਹਾਂ ਦੀ ਆਪਸੀ ਅਤੇ ਅੰਦਰੂਨੀ ਹਿੰਸਾ ਨੂੰ ਖਤਮ ਕਰ ਸਕਦੀ ਹੈ, ਇਸ ਫਿਲਮ ਦੇ ਸੁਨੇਹੇ ਨੂੰ ਪੜ੍ਹ ਕੇ ਸਮਝਿਆ ਜਾ ਸਕਦਾ ਹੈ। ਇਹ ਫਿਲਮ ਜਿਥੇ ਨਿਰਵਾਣ ਨੂੰ ਆਪਣੀ ਪਟਕਥਾ ਦਾ ਆਧਾਰ ਬਣਾਉਂਦੀ ਹੈ, ਉਥੇ ਬਾਬਾ ਅੰਬੇਦਕਰ ਦੀ ਕਿਤਾਬ 'ਦਿ ਬੁੱਧਾ ਐਂਡ ਹਿਜ਼ ਕਾਂਸ਼ੀਅਸ' ਇਸ ਨੂੰ ਜਨ ਕਲਿਆਣ ਨਾਲ ਜੋੜਦੀ ਹੈ।



ਕੁਲਦੀਪ ਕੌਰ
ਫੋਨ: +91-98554-04330






ਬੁੱਧਵਾਦ ਨੂੰ ਆਧਾਰ ਬਣਾ ਕੇ ਬਣਾਈ ਫਿਲਮ 'ਪ੍ਰੇਮ ਸੰਨਿਆਸ' ਦੇ ਦੋ ਭਾਵਪੂਰਤ ਦ੍ਰਿਸ਼ ਅਤੇ (ਸੱਜੇ) ਫਿਲਮ 'ਲਿਟਲ ਬੁੱਧਾ' ਦਾ ਪੋਸਟਰ।

# ਹੈਡਮਾਸਟਰ ਗਿਆਨ ਸਿੰਘ ਸਪੋਰਟਸ ਕਲੱਬ ਜੱਬੋਵਾਲ

## ਖਾਲਸਾ ਸਿਰਜਣਾ ਦਿਹਾੜੇ ਵਿਸਾਖੀ ਦੀ

## ਲੱਖ ਲੱਖ ਵਧਾਈ ਹੋਵੇ



ਸਵਰਗੀ ਗਿਆਨ ਸਿੰਘ

ਵਲੋਂ

**ਇਕਬਾਲ ਸਿੰਘ ਜੱਬੋਵਾਲੀਆ**

ਖੇਡ ਲੇਖਕ ਅਤੇ ਪੱਤਰਕਾਰ

ਫੋਨ: 917-375-6395


ਇਕਬਾਲ ਸਿੰਘ ਜੱਬੋਵਾਲੀਆ

# ਰਾਜਾ ਸਾਹਿਬ ਸਪੋਰਟਸ ਕਲੱਬ ਨਵਾਂ ਸ਼ਹਿਰ ਦੁਆਬਾ-ਨਿਊ ਯਾਰਕ

## ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਖਾਲਸਾ ਸਿਰਜਣਾ ਦਿਹਾੜੇ ਵਿਸਾਖੀ ਦੀ

## ਲੱਖ ਲੱਖ ਵਧਾਈ



ਜਸਵੀਰ ਸਿੰਘ ਪੱਲੀ ਝਿੱਕੀ (ਪ੍ਰਧਾਨ)
ਫੋਨ: 516-384-3941
ਸੁਰਿੰਦਰ ਸਿੰਘ ਗਰਚਾ (ਚੇਅਰਮੈਨ)

ਸ਼ੰਗਾਰਾ ਸਿੰਘ ਰਾਣੂੰ ਐਮਾ ਜੱਟਾਂ (ਕੈਸ਼ੀਅਰ)
ਫੋਨ: 347-840-3614
ਇਕਬਾਲ ਸਿੰਘ ਜੱਬੋਵਾਲੀਆ (ਸਕੱਤਰ)

ਸਰਪ੍ਰਸਤ: ਕੁਲਦੀਪ ਭਗਵਾਨ, ਬਲਦੇਵ ਮਾਨ, ਰਾਜਿੰਦਰ ਸਿੰਘ ਖੱਖ ਮੋਹਣੋਵਾਲ, ਗੁਰਨਾਮ ਸਿੰਘ ਰਸੂਲਪੁਰ, ਜਰਨੈਲ ਸਿੰਘ ਛੋਕਰ, ਮੱਖਣ ਮਾਨ ਬੰਗਾ।


ਜਸਵੀਰ ਸਿੰਘ ਪੱਲੀ ਝਿੱਕੀ (ਪ੍ਰਧਾਨ)

ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ
THE SIKH CULTURAL SOCIETY, INC.
TREAT MANKIND AS ONE

# ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ

## 95-30 118 ਸਟਰੀਟ, ਰਿਚਮੰਡ ਹਿੱਲ, ਨਿਊਯਾਰਕ 11419 ਵਲੋਂ

# 30 ਵੀਂ ਸਿੱਖ - ਡੇਅ ਪਰੇਡ

## ਮਿਤੀ 22 ਅਪ੍ਰੈਲ 2017, ਦਿਨ ਸ਼ਨੀਵਾਰ ਨੂੰ ਦੁਪਹਿਰ 12:00 ਵਜੇ

**ਨਿਊਯਾਰਕ ਸਿਟੀ ਵਿੱਚ** ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੀ ਅਗਵਾਈ ਹੇਠ ਸਮੂਹ ਟਰਾਈ ਸਟੇਟ ਦੇ ਗੁਰਦੁਆਰਾ ਸਾਹਿਬਾਂਨ ਦੀਆਂ ਸੰਗਤਾਂ, ਜਥੇਬੰਦੀਆਂ, ਸੁਸਾਇਟੀਆਂ ਅਤੇ ਸਭਾਵਾਂ ਦੇ ਸਹਿਯੋਗ ਨਾਲ ਸਜਾਈ ਜਾ ਰਹੀ ਹੈ ।

## ਇਹ ਪਰੇਡ ਖਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਿਤ ਹੈ ਜੀ ।

ਆਪ ਸਭ ਨੂੰ ਬੇਨਤੀ ਹੈ ਕਿ ਪਰੇਡ ਵਿੱਚ ਵੀਰ ਸਿਰ ਤੇ ਕੇਸਰੀ ਦਸਤਾਰਾਂ ਤੇ ਭੈਣਾਂ ਕੇਸਰੀ ਦੁਪੱਟੇ ਸਜਾ ਕੇ ਪਰਿਵਾਰਾਂ ਸਮੇਤ ਇਸ ਪਰੇਡ ਵਿੱਚ ਸ਼ਾਮਲ ਹੋਵੋ ਜੀ ਤਾਂ ਜੋ ਸਥਾਨਕ ਭਾਈਚਾਰੇ ਨੂੰ ਸਿੱਖਾਂ ਦੀ ਨਿਵੇਕਲੀ ਪਹਿਚਾਣ ਤੋਂ ਜਾਣੂ ਕਰਵਾ ਸਕੀਏ ।

**ਸੰਗਤ ਨੂੰ ਬੇਨਤੀ ਹੈ ਕਿ ਪਰੇਡ ਦੇ ਰੂਟ ਉਪਰ ਫੁੱਟਪਾਥ ਤੇ ਖੜੇ ਹੋ ਕੇ ਦੇਖਣ ਦੀ ਬਜਾਏ ਪਰੇਡ ਵਿੱਚ ਸ਼ਾਮਲ ਹੋ ਕੇ ਇਸਦੀ ਸ਼ਾਨੋ ਸ਼ੌਕਤ ਨੂੰ ਹੋਰ ਵਧਾਓ ਜੀ ।**

ਪਰੇਡ ਵਿੱਚ ਸਿੱਖ ਪੰਥ ਦੇ ਨਾਮਵਰ ਕੀਰਤਨੀ ਜਥੇ, ਕਥਾਵਾਚਕ, ਰਾਗੀ, ਢਾਡੀ ਸਾਹਿਬਾਨ ਅਤੇ ਉਚੇਚੇ ਤੌਰ ਤੇ ਨਿਊਯਾਰਕ ਸਿਟੀ ਦੇ (Mayor Bill de Blasio), Elected Officials, ਰਾਜਨੀਤਿਕ ਅਤੇ ਹੋਰ ਧਾਰਮਿਕ ਸ਼ਖਸ਼ੀਅਤਾਂ ਪਹੁੰਚ ਰਹੀਆਂ ਹਨ।

### ਗੁਰੂ ਘਰ ਵਿੱਚ ਵਿਸ਼ੇਸ਼ ਪ੍ਰੋਗਰਾਮ

**ਖਾਲਸਾ ਸਾਜਣਾ ਦਿਵਸ**

ਅਪ੍ਰੈਲ 13, 2017 ਦਿਨ ਵੀਰਵਾਰ ਨੂੰ ਖਾਲਸਾ ਸਾਜਣਾ ਦਿਵਸ ਦੇ ਸਾਰਾ ਦਿਨ ਅਤੇ ਸ਼ਾਮ ਨੂੰ 5:00 ਵਜੇ ਤੇ 10:30 ਵਜੇ ਤਕ ਵਿਸ਼ੇਸ਼ ਦੀਵਾਨ ਸਜਣਗੇ ।

**ਅਖੰਡ ਕੀਰਤਨ ਸਮਾਗਮ**

ਅਪ੍ਰੈਲ 8, 2017 ਦਿਨ ਸ਼ਨੀਵਾਰ ਨੂੰ ਸ਼ਾਮ 5:00 ਵਜੇ ਤੋਂ ਰਾਤ 12:00 ਵਜੇ ਤਕ ਅਖੰਡ ਕੀਰਤਨੀ ਜਥੇ ਵਲੋਂ ਰੈਣ ਸਬਾਈ ਕੀਰਤਨ, ਜੋ 13 ਅਪ੍ਰੈਲ 1978 ਦੀ ਵੈਸਾਖੀ ਤੇ ਨਿਰੰਕਾਰੀ ਕਾਂਡ ਵਿੱਚ ਅਖੰਡ ਕੀਰਤਨੀ ਜੱਥੇ ਦੇ 13 ਸਿੰਘਾਂ ਦੀ ਸ਼ਹੀਦੀ ਨੂੰ ਸਮ੍ਰਪਿਤ ਹੋਵੇਗਾ ।

**ਅੰਮ੍ਰਿਤ ਸੰਚਾਰ**

ਅਪ੍ਰੈਲ 23, 2017 ਦਿਨ ਐਤਵਾਰ ਅੰਮ੍ਰਿਤ ਅਭਿਲਾਖੀ ਸਵੇਰੇ 9:00 ਵਜੇ ਕੇਸੀ ਇਸ਼ਨਾਨ ਕਰਕੇ ਗੁਰੂ ਘਰ ਪਹੁੰਚਣ ਦੀ ਕ੍ਰਿਪਾਲਤਾ ਕਰਨ ਜੀ । ਕਕਾਰਾਂ ਦੀ ਸੇਵਾ ਗੁਰੂਘਰ ਵਲੋਂ ਫ੍ਰੀ ਕੀਤੀ ਜਾਏਗੀ






**ਸੰਗਤਾਂ ਦੇ ਧਿਆਨ ਹਿੱਤ :**

ਸੰਗਤਾਂ ਸਵੇਰੇ 10:00 ਵਜੇ ਤੋਂ 12:00 ਵਜੇ ਤੱਕ ਮਨਹਾਟਨ ਦੇ ਮੈਡੀਸਨ ਐਵਨਿਊ ਅਤੇ 37, 38, 39 ਸਟਰੀਟ ਵਿੱਖੇ ਇੱਕਤਰ ਹੋਣਗੀਆਂ, ਠੀਕ ਦੁਪਹਿਰ 12:30 ਵਜੇ ਮੈਡੀਸਨ ਐਵਨਿਊ ਅਤੇ 37 ਸਟਰੀਟ ਤੋ ਸਿੱਖ ਪਰੇਡ ਸ਼ੁਰੂ ਹੋ ਕੇ 26 ਵੀਂ ਸਟਰੀਟ ਮੈਡੀਸਨ ਐਵਨਿਊ ਵਿਖੇ ਖਤਮ ਹੋਵੇਗੀ । ਮੈਡੀਸਨ ਐਵਨਿਊ ਅਤੇ 24ਵੀਂ ਸਟਰੀਟ ਤੇ ਸਟੇਜ ਸਜਾਈ ਜਾਵੇਗੀ ਜਿਥੋਂ ਢਾਡੀ ਜਥੇ, ਸਥਾਨਕ ਪ੍ਰਸ਼ਾਸ਼ਨ ਦੇ ਅਧਿਕਾਰੀ ਅਤੇ ਸਿਆਸਤਕਾਰਾਂ ਤੋਂ ਇਲਾਵਾ ਪੰਥਕ ਬੁਲਾਰੇ ਆਪਣੇ ਵੀਚਾਰ ਸੰਗਤਾਂ ਨਾਲ ਸਾਂਝੇ ਕਰਨਗੇ।

ਸਾਰੇ ਗੁਰੂਘਰ ਤੋਂ ਬੱਸਾਂ ਦੀ ਸੇਵਾ ਉਪਲਬਧ ਹੈ ਸੋ ਪਰੇਡ ਵਿੱਚ ਸ਼ਾਮਲ ਹੋਣ ਲਈ ਆਪਣੇ ਗੁਰੂ ਘਰਾਂ ਦੇ ਪ੍ਰਬੰਧਕਾਂ ਨਾਲ ਸੰਪ੍ਰਕ ਕਰੋ ਜੀ

**ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਤੋਂ ਬੱਸਾਂ ਸਵੇਰੇ 9:30 ਤੋਂ 10:30 ਵਜੇ ਤੱਕ ਚੱਲਣਗੀਆਂ**

### ਬੇਨਤੀ ਕਰਤਾ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ

ਹੈੱਡ ਗ੍ਰੰਥੀ ਗਿਆਨੀ ਭੁਪਿੰਦਰ ਸਿੰਘ 917-353-7265
ਸ. ਗੁਰਦੇਵ ਸਿੰਘ ਕੰਗ (ਕੋਆਰਡੀਨੇਟਰ ਸਿੱਖ-ਡੇ ਪਰੇਡ) 718-974-4827

ਪ੍ਰਧਾਨ ਸ. ਕੁਲਦੀਪ ਸਿੰਘ ਢਿੱਲੋਂ 347-324-2405
ਵਾਈਸ ਪ੍ਰਧਾਨ ਸ. ਬਾਵਾ ਰਜਿੰਦਰ ਸਿੰਘ (ਲਾਲੀ) 917-805-0202
ਚੇਅਰਮੈਨ ਸ. ਸੁਰਜੀਤ ਸਿੰਘ ਮੁਧਲ 646-639-5839
ਕੈਸ਼ੀਅਰ ਸ. ਬੂਟਾ ਸਿੰਘ ਚੀਮਾਂ 917-518-1574

ਜਨਰਲ ਸਕੱਤਰ ਸ. ਭੁਪਿੰਦਰ ਸਿੰਘ ਅਟਵਾਲ 347-837-5615
ਜਨਰਲ ਸਕੱਤਰ ਸ. ਕੁਲਦੀਪ ਸਿੰਘ ਵੜੈਂਚ 917-208-2365
ਚੇਅਰਮੈਨ ਬਿਲਡਿੰਗ ਸ. ਮਹਿੰਦਰ ਸਿੰਘ ਉਪਲ 917-723-4031
ਚੇਅਰਮੈਨ ਪਬਲਿਕ ਰਿਲੇਸ਼ਨ ਸ. ਸੁੱਖਜਿੰਦਰ ਸਿੰਘ ਨਿੱਜਰ 917-476-8888

Print & Designed : Print Linkers 347-475-5555 (Dilpreet Singh)